Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



Ad space available
Please call
Ph: 847-359-0746



Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 26, July 1, 2017 20451 N Plum Grove Rd., Palatine, IL 60074 Ph:847-359-0746, Fax:847-705-9388


## ਆਮ ਆਦਮੀ ਪਾਰਟੀ ਨੇ ਫਿਰ ਖਾਧੀ ਮਾਤ

### ਅਕਾਲੀ ਆਗੂ ਬਣੇ ਘੜੰਮ ਚੌਧਰੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ (ਆਪ) ਦਾ ਅਨਾੜੀਪਣ ਹਾਕਮ ਧਿਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਖੂਬ ਰਾਸ ਆਇਆ। ਦੋਵਾਂ ਸਿਆਸੀ ਧਿਰਾਂ ਨੇ ਇਸ ਪਾਰਟੀ ਦੇ ਗੈਰ ਤਜਰਬੇਕਾਰ ਵਿਧਾਇਕਾਂ ਨੂੰ ਰੱਜ ਕੇ ਵਰਤਿਆ ਤੇ ਆਪਣਾ ਉੱਲੂ ਸਿੱਧਾ ਕਰਨ ਵਿਚ ਸਫਲ ਵੀ ਰਹੀਆਂ।

ਹੁਣ ਸੈਸ਼ਨ ਖਤਮ ਹੋ ਚੁੱਕਿਆ ਹੈ ਤੇ ਵਿਧਾਨ ਸਭਾ ਵਿਚ ਪਹਿਲੀ ਵਾਰ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾ ਰਹੀ 'ਆਪ' ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਇਜਲਾਸ ਦਾ ਆਗਾਜ਼ ਸਦਨ ਵਿਚ ਤਿੰਨ ਧਿਰਾਂ ਦੀ ਮੌਜੂਦਗੀ ਨਾਲ ਹੋਇਆ। ਮੁਢਲਾ ਪ੍ਰਭਾਵ ਹੀ ਦੱਸ ਰਿਹਾ ਸੀ ਕਿ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, 'ਆਪ' ਨੂੰ ਵਿਧਾਨਕ ਕੰਮ-ਕਾਜ ਵਿਚੋਂ ਮਨਫੀ ਕਰਨ ਦੀ ਖੇਡ, ਖੇਡ ਰਹੇ ਹਨ। ਉਨ੍ਹਾਂ ਨੇ 'ਆਪ' ਨੂੰ ਆਪਣੇ ਕਲਾਵੇ ਵਿਚ ਲੈ ਕੇ ਲੜਾਈ ਭਖਾ ਦਿੱਤੀ। ਵਿਧਾਨ ਸਭਾ ਅੰਦਰ ਦਸਤਾਰਾਂ ਲਹਿਣ, ਇਸਤਰੀ ਮੈਂਬਰਾਂ ਦੀ ਧੂਹ-ਧੜੀਸ ਅਤੇ ਸੁਰੱਖਿਆ ਅਮਲੇ ਨਾਲ ਧੌਲ-ਧੱਫੇ ਦੇ ਦ੍ਰਿਸ਼ਾਂ ਤੱਕ ਹੀ ਵਿਰੋਧ ਧਿਰ ਸੀਮਤ ਰਹੀ।

ਮੁੱਖ ਵਿਰੋਧੀ ਧਿਰ ਹੋਣ ਦੇ ਬਾਵਜੂਦ 'ਆਪ'

(ਬਾਕੀ ਸਫਾ 6 'ਤੇ)



### ਬੈਂਸ ਭਰਾਵਾਂ ਵੱਲੋਂ ਹੁਣ ਅਕਾਲੀਆਂ ਦੀ ਸ਼ਿਕਾਇਤ

**ਅੰਮ੍ਰਿਤਸਰ:** ਲੁਧਿਆਣਾ ਤੋਂ ਵਿਧਾਇਕ ਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰ ਕੇ ਮੰਗ ਕੀਤੀ ਕਿ ਇਸ ਵਿਧਾਨ ਸਭਾ ਸੈਸ਼ਨ ਦੌਰਾਨ ਆਮ ਆਦਮੀ ਪਾਰਟੀ ਵਿਧਾਇਕ ਦੀ ਦਸਤਾਰ ਉਤਾਰੇ ਜਾਣ ਦੇ ਮਾਮਲੇ ਦੇ ਨਾਲ-ਨਾਲ ਅਕਾਲੀ ਸਰਕਾਰ ਵੇਲੇ ਉਨ੍ਹਾਂ ਨਾਲ ਵਿਧਾਨ ਸਭਾ ਵਿਚ ਕੀਤੀ ਗਈ ਵਧੀਕੀ ਬਾਰੇ ਵੀ ਵਿਚਾਰ ਕੀਤਾ ਜਾਵੇ। ਬੈਂਸ ਨੇ ਕਿਹਾ ਕਿ 2016 ਵਿਚ ਜਦ ਅਕਾਲੀ ਦਲ ਦੀ ਸਰਕਾਰ ਸੀ, ਉਦੋਂ ਉਨ੍ਹਾਂ ਨੂੰ ਵੀ ਵਿਧਾਨ ਸਭਾ ਵਿਚ ਜ਼ਲੀਲ ਕਰ ਕੇ ਬਾਹਰ ਕੱਢ ਦਿੱਤਾ ਗਿਆ ਸੀ। ਇਸ ਤੋਂ ਬਾਅਦ ਲੁਧਿਆਣਾ ਵਿਚ ਫਾਸਟਵੇਅ ਕੇਬਲ ਖਿਲਾਫ ਕੱਢੇ ਗਏ ਰੋਸ ਪ੍ਰਦਰਸ਼ਨ ਦੌਰਾਨ ਵੀ ਉਨ੍ਹਾਂ ਦੀ ਦਸਤਾਰ ਦੀ ਬੇਅਦਬੀ ਕੀਤੀ ਗਈ ਸੀ।

## ਕੈਨੇਡਾ ਵਿਚ ਪਹਿਲੀ ਦਸਤਾਰਧਾਰੀ ਬੀਬੀ ਸੁਪਰੀਮ ਕੋਰਟ ਦੀ ਜੱਜ ਬਣੀ

**ਨਿਊ ਵੈਸਟਮਿਨਸਟਰ (ਬ੍ਰਿਟਿਸ਼ ਕੋਲੰਬੀਆ):** ਕੈਨੇਡਾ ਵਿਚ ਪਲਬਿੰਦਰ ਕੌਰ ਸ਼ੇਰਗਿੱਲ ਸੁਪਰੀਮ ਕੋਰਟ ਦੀ ਪਹਿਲੀ ਦਸਤਾਰਧਾਰੀ ਜੱਜ ਬਣ ਗਈ ਹੈ। ਪਲਬਿੰਦਰ ਕੌਰ ਸ਼ੇਰਗਿੱਲ ਨੂੰ ਨਿਊ ਵੈਸਟਮਿਨਸਟਰ ਵਿਚ



ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੀ ਜੱਜ ਨਿਯੁਕਤ ਕੀਤਾ ਗਿਆ ਹੈ। ਜਸਟਿਸ ਸ਼ੇਰਗਿੱਲ ਕੈਨੇਡਾ ਦੀ ਨਿਆਂਪਾਲਿਕਾ ਵਿਚ ਨਿਯੁਕਤ ਹੋਣ ਵਾਲੀ ਪਹਿਲੀ ਦਸਤਾਰਧਾਰੀ ਸਿੰਘਣੀ ਹੈ।

ਇਸ ਨਿਯੁਕਤੀ ਦਾ ਐਲਾਨ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨੇ ਕੀਤਾ। ਉਨ੍ਹਾਂ ਨੇ ਸੁਪਰੀਮ ਕੋਰਟ 'ਚ ਨਿਯੁਕਤ ਕੀਤੇ ਗਏ ਤਿੰਨ ਨਵੇਂ ਜੱਜਾਂ ਦੇ ਨਾਂਵਾਂ ਦਾ ਐਲਾਨ ਕੀਤਾ ਜਿਨ੍ਹਾਂ ਵਿਚੋਂ ਇਕ ਪਲਬਿੰਦਰ ਕੌਰ ਸ਼ੇਰਗਿੱਲ ਹਨ। ਪਲਬਿੰਦਰ ਕੌਰ ਨੇ ਵਕੀਲ ਵਜੋਂ ਕੈਨੇਡਾ ਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦੇ ਕਈ ਅਹਿਮ ਕੇਸ ਲੜੇ ਹਨ। ਜਸਟਿਸ ਸ਼ੇਰਗਿੱਲ ਕੈਨੇਡਾ ਵਿਚ ਸਿੱਖ ਭਾਈਚਾਰੇ ਦਾ ਇਕ ਅਹਿਮ ਚਿਹਰਾ ਹਨ।

ਕੈਨੇਡਾ ਵਿਚ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮਨੁੱਖੀ ਹੱਕਾਂ ਬਾਰੇ ਤਕਰੀਰ ਕਰਨ ਲਈ ਹਮੇਸ਼ਾ ਜਸਟਿਸ ਸ਼ੇਰਗਿੱਲ ਨੂੰ ਪਹਿਲੇ ਨੰਬਰ 'ਤੇ ਸੱਦਿਆ ਜਾਂਦਾ ਹੈ। 2012 ਵਿਚ ਪਲਬਿੰਦਰ ਕੌਰ ਕੁਈਨਸ ਕੌਂਸਲ ਚੁਣੀ ਗਈ ਤੇ ਭਾਈਚਾਰੇ ਦੀ ਸੇਵਾ ਕਰ ਕੇ ਉਸ ਨੂੰ ਕੁਈਨਸ ਗੋਲਡਨ ਜੁਬਲੀ ਮੈਡਲ ਨਾਲ ਵੀ ਸਨਮਾਨਤ ਕੀਤਾ ਗਿਆ ਹੈ। ਇਸ ਨਿਯੁਕਤੀ ਤੋਂ ਪਹਿਲਾਂ ਜਸਟਿਸ ਸ਼ੇਰਗਿੱਲ ਵਕੀਲ ਵਜੋਂ ਪ੍ਰੈਕਟਿਸ ਕਰਨ ਦੇ ਨਾਲ ਸ਼ੇਰਗਿੱਲ ਐਂਡ ਕੰਪਨੀ ਲਾਅ ਫਰਮ ਵਿਚ ਵੀ ਸੇਵਾਵਾਂ ਨਿਭਾ ਰਹੇ ਸਨ। ਆਪਣੇ ਪੇਸ਼ੇ ਦੇ ਨਾਲ ਜਸਟਿਸ ਸ਼ੇਰਗਿੱਲ ਸਿੱਖ ਭਾਈਚਾਰੇ ਦੀ ਸੇਵਾ ਲਈ ਸਦਾ ਵਾਲੰਟੀਅਰ ਵਜੋਂ ਸੇਵਾਵਾਂ ਦਿੰਦੀ ਰਹਿੰਦੀ ਹੈ। 2002 ਤੋਂ 2008 ਦੌਰਾਨ ਜਸਟਿਸ ਪਲਬਿੰਦਰ ਕੌਰ ਬੀ.ਸੀ. ਦੇ ਟ੍ਰਾਇਲ ਲਾਇਰ ਐਸੋਸੀਏਸ਼ਨ ਦੇ ਗਵਰਨਰ ਵਜੋਂ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਦੀ ਇਸ ਵੱਡੀ ਪ੍ਰਾਪਤੀ ਨਾਲ ਸਿੱਖ ਭਾਈਚਾਰੇ ਅੰਦਰ ਜਸ਼ਨ ਦਾ ਮਾਹੌਲ ਹੈ।

ਜਸਟਿਸ ਪਲਬਿੰਦਰ ਕੌਰ 'ਵਰਲਡ ਸਿੱਖ ਆਰਗੇਨਾਈਜ਼ੇਸ਼ਨ' ਦੇ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ ਦੀ ਬੇਟੀ ਹੈ ਅਤੇ ਪਰਿਵਾਰ ਲੰਮਾ ਸਮਾਂ ਪਹਿਲਾਂ ਜ਼ਿਲ੍ਹਾ ਜਲੰਧਰ ਦੇ ਮਸ਼ਹੂਰ ਪਿੰਡ ਰੁੜਕਾ ਕਲਾਂ ਤੋਂ ਪਰਵਾਸ ਕਰ ਕੇ ਕੈਨੇਡਾ ਪੁੱਜ ਗਿਆ ਸੀ। ਤਿੰਨ ਬੱਚਿਆਂ ਦੀ ਮਾਂ ਪਲਬਿੰਦਰ ਕੌਰ ਦੇ ਪਤੀ ਡਾ. ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਕੈਨੇਡਾ ਦੇ ਨਾਮਵਰ ਮਨੋ-ਵਿਗਿਆਨੀ ਹਨ ਜੋ ਕੈਨੇਡਾ ਵਸਦੇ ਪੰਜਾਬੀ ਦੇ ਸਰਬਾਂਗੀ ਲੇਖਕ ਰਵਿੰਦਰ ਰਵੀ ਦੇ ਸਪੁੱਤਰ ਹਨ ਅਤੇ ਪੰਜਾਬ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ (ਨਜ਼ਦੀਕ ਮੁਕੰਦਪੁਰ) ਨਾਲ ਸਬੰਧਿਤ ਹਨ। ਬੀਬੀ ਪਲਬਿੰਦਰ ਕੌਰ ਮਿਸ਼ੀਗਨ ਸਟੇਟ ਦੇ

(ਬਾਕੀ ਸਫਾ 6 'ਤੇ)


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਪੰਜਾਬ ਵਿਧਾਨ ਸਭਾ ਵਿਚ ਮਰਿਆਦਾ ਹੋਈ ਲੀਰੋ-ਲੀਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਭਾਵੇਂ ਆਪਣਾ ਪਲੇਠਾ ਬਜਟ ਪਾਸ ਕਰਵਾਉਣ ਤੋਂ ਇਲਾਵਾ ਹੋਰ ਵਿਧਾਨਕ ਕੰਮ-ਕਾਜ ਸਿਰੇ ਚਾੜ੍ਹਨ ਵਿਚ ਕਾਮਯਾਬ ਰਹੀ, ਪਰ ਵਿਧਾਨ ਸਭਾ ਦੇ ਇਤਿਹਾਸ ਵਿਚ ਇਸ ਸੈਸ਼ਨ ਵਰਗਾ ਭਿਆਨਕ ਵਰਤਾਰਾ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲਿਆ, ਜਦੋਂ ਦੋ ਵਿਧਾਇਕਾਂ ਨੂੰ ਸਟਰੇਚਰਾਂ 'ਤੇ ਪਾ ਕੇ ਹਸਪਤਾਲ ਦਾਖਲ ਕਰਵਾਉਣਾ ਪਿਆ। ਕੁਝ ਵਿਧਾਇਕ ਬੁਰੀ ਤਰ੍ਹਾਂ ਘੜੀਸੇ ਗਏ ਤੇ ਉਨ੍ਹਾਂ ਦੀਆਂ ਪੱਗਾਂ ਲਹਿ ਗਈਆਂ। ਵਿਧਾਨ ਸਭਾ ਦੇ ਦਾਖਲੇ ਵਾਲੇ ਗੇਟ ਦੇ ਬਾਹਰ ਜ਼ਬਰਦਸਤ ਰੌਲੇ-ਰੱਪੇ ਤੇ ਚੀਕ-ਚਿਹਾੜੇ ਦਾ ਆਲਮ ਸੀ ਤੇ ਇਕ ਤਰ੍ਹਾਂ ਮੱਛੀ ਮਾਰਕੀਟ ਤੋਂ ਵੀ ਮਾੜੀ ਹਾਲਤ ਬਣੀ ਹੋਈ ਸੀ।

ਇਸ ਦੌਰਾਨ ਚਾਰ-ਪੰਜ ਵਿਧਾਇਕਾਂ ਦੀਆਂ ਪੱਗਾਂ ਲੱਥੀਆਂ। ਮਾਮਲਾ ਉਦੋਂ ਵਿਗੜ ਗਿਆ ਜਦੋਂ 'ਆਪ' ਦੇ ਸੁਖਪਾਲ ਖਹਿਰਾ ਤੇ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਬੈਂਸ ਨੂੰ ਵਿਧਾਨ ਸਭਾ ਦੇ ਕੰਪਲੈਕਸ ਦੇ ਅੰਦਰ ਜਾਣੋਂ ਰੋਕ ਦਿੱਤਾ ਗਿਆ। ਉਹ ਉਥੇ ਹੀ ਧਰਨੇ 'ਤੇ ਬੈਠ ਗਏ। ਇਸ ਮੁੱਦੇ ਉਤੇ ਸਦਨ ਦੇ ਅੰਦਰ ਵੀ ਹੰਗਾਮਾ ਹੋ ਗਿਆ। 'ਆਪ' ਦੇ ਵਿਧਾਇਕਾਂ ਨੂੰ ਮਾਰਸ਼ਲਾਂ ਨੇ ਲੱਤਾਂ-ਬਾਹਾਂ ਤੋਂ ਫੜ ਕੇ ਸਦਨ ਦੇ ਬਾਹਰ ਕੀਤਾ ਤਾਂ ਮਾਰਸ਼ਲਾਂ ਨਾਲ ਝੜਪਾਂ ਕਾਰਨ ਚਾਰ-ਪੰਜ ਵਿਧਾਇਕਾਂ ਦੀਆਂ ਪੱਗਾਂ ਲਹਿ ਗਈਆਂ ਅਤੇ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਸਣੇ ਚਾਰ ਵਿਧਾਇਕ ਜ਼ਖਮੀ ਹੋ ਗਏ।

ਬੀਬੀ ਮਾਣੂੰਕੇ ਤੇ ਮਨਜੀਤ ਸਿੰਘ ਬਿਲਾਸਪੁਰ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਵਿਧਾਨ ਸਭਾ ਦੇ ਦਾਖਲੇ ਵਾਲੇ ਗੇਟ ਸਾਹਮਣੇ ਭਾਰੀ ਰੌਲਾ ਤੇ ਚੀਕ-ਚਿਹਾੜਾ ਪੈ ਰਿਹਾ ਸੀ, ਪਰ ਕੋਈ ਕਿਸੇ ਦੀ ਸੁਣਨ ਵਾਲਾ ਨਹੀਂ ਸੀ। ਗਰਮੀ ਤੇ ਹੁੰਮਸ ਹਾਲਾਤ ਹੋਰ ਵਿਗਾੜੇ ਹੋਏ ਸਨ। ਦੋ ਜ਼ਖਮੀ ਵਿਧਾਇਕ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ, ਜਿਨ੍ਹਾਂ ਨੇ ਪਾਣੀ ਪਿਆਏ ਜਾਣ 'ਤੇ ਕੁਝ ਸੁਰਤ ਸੰਭਾਲੀ।

ਸਦਨ ਵਿਚੋਂ ਕੱਢੇ ਜਾਣ ਉਤੇ 'ਆਪ' ਵਿਧਾਇਕ ਵਿਧਾਨ ਸਭਾ ਅੰਦਰਲੇ ਗੇਟ ਸਾਹਮਣੇ ਲੇਟ ਗਏ ਪਰ ਮਾਰਸ਼ਲ ਉਨ੍ਹਾਂ ਨੂੰ ਕੰਪਲੈਕਸ ਵਿਚੋਂ ਬਾਹਰ ਕੱਢਣ ਲਈ ਖਿੱਚ-ਧੂਹ ਕਰਦੇ ਰਹੇ, ਜਿਸ ਕਾਰਨ ਦੋ-ਤਿੰਨ ਵਿਧਾਇਕਾਂ ਦੀਆਂ ਕਮੀਜ਼ਾਂ ਦੇ ਬਟਨ ਵੀ ਟੁੱਟ ਗਏ। ਮਾਰਸ਼ਲਾਂ ਅਤੇ 'ਆਪ' ਵਿਧਾਇਕਾਂ ਵਿਚਾਲੇ ਅੱਧੇ ਘੰਟੇ ਤੋਂ ਵੱਧ ਸਮਾਂ ਖਿੱਚ-ਧੂਹ ਹੁੰਦੀ ਰਹੀ। 'ਆਪ' ਦੇ ਜੈ ਕਿਸ਼ਨ ਸਿੰਘ ਰੋੜੀ ਅਤੇ ਅਕਾਲੀ ਦਲ ਦੇ ਪਵਨ ਟੀਨੂੰ ਨੇ ਸਦਨ ਵਿਚ ਜਾਣ ਲਈ ਕਈ ਵਾਰ ਗੇਟ ਨੂੰ ਧੱਕੇ ਮਾਰ ਕੇ ਖੋਲ੍ਹਣ ਦਾ ਯਤਨ ਕੀਤਾ ਪਰ ਉਹ ਸਫਲ ਨਾ ਹੋਏ। 'ਆਪ' ਵਿਧਾਇਕਾਂ ਨੇ ਸਪੀਕਰ ਵਿਰੁਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਉਨ੍ਹਾਂ ਨੂੰ 'ਜਮਹੂਰੀਅਤ ਦਾ ਕਾਤਲ' ਦੱਸਿਆ।

ਵਿਰੋਧੀ ਧਿਰ ਦੇ ਨੇਤਾ 'ਆਪ' ਦੇ ਐਚ.ਐਸ. ਫੂਲਕਾ ਅਤੇ ਕੰਵਰ ਸੰਧੂ ਨੇ ਸੁਮੱਚੀ ਸਥਿਤੀ ਨੂੰ ਜਮਹੂਰੀਅਤ ਦੇ ਇਤਿਹਾਸ ਵਿਚ 'ਕਾਲਾ ਦਿਨ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਾਲਾਤ ਐਮਰਜੈਂਸੀ ਤੋਂ ਵੀ ਮਾੜੇ ਹੋ ਗਏ ਹਨ। ਸਪੀਕਰ ਨੇ ਵਿਰੋਧੀ ਆਵਾਜ਼ ਹੀ ਬੰਦ ਕਰ ਦਿੱਤੀ ਹੈ।

ਅਸਲ ਵਿਚ ਕਾਂਗਰਸ ਸਰਕਾਰ ਦਾ ਪਲੇਠਾ ਬਜਟ ਇਜਲਾਸ ਉਸ ਦੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨਾਲ ਸਿਆਸੀ ਖਹਿਬਾਜ਼ੀ ਅਤੇ ਕੁੜੱਤਣ ਦੀ ਭੇਟ ਹੀ ਚੜ੍ਹ ਗਿਆ। ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਦੇ ਦਬਾਅ ਹੇਠ ਸਰਕਾਰ ਵੱਲੋਂ ਇਸ ਪਾਸੇ ਵੱਲ ਕੁਰਕੀ ਅਤੇ ਟਰੱਕ ਯੂਨੀਅਨ ਖਤਮ ਕਰਨ ਤੇ ਬਿਜਲੀ ਦੇ ਭਾੜੇ 5 ਰੁਪਏ ਨਿਸ਼ਚਿਤ ਕਰਨ ਵਰਗੇ ਕੁਝ ਫੈਸਲੇ ਤਾਂ ਜ਼ਰੂਰ ਲਏ, ਪਰ ਕਰਜ਼ਾ ਮੁਆਫੀ ਤੇ ਲੜਕੀਆਂ ਲਈ ਮੁਫਤ ਸਿੱਖਿਆ ਦੇ ਐਲਾਨਾਂ 'ਤੇ ਅਜੇ ਕਿਸੇ ਵੱਲੋਂ ਵੀ ਇਤਬਾਰ ਨਹੀਂ ਕੀਤਾ ਜਾ ਰਿਹਾ।

## ਧੱਕਾ-ਮੁੱਕੀ ਵਿਚ ਲੱਥੀਆਂ ਪੱਗਾਂ, ਕਈ ਵਿਧਾਇਕ ਜ਼ਖ਼ਮੀ



## ਬਰਗਾੜੀ ਕਾਂਡ ਸਮੇਂ ਵੀ ਲੱਥੀਆਂ ਸਨ ਪੱਗਾਂ: ਰਾਣਾ ਗੁਰਜੀਤ

**ਜਲੰਧਰ:** ਪੰਜਾਬ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀਆਂ ਪੱਗਾਂ ਲੱਥਣ ਦੀ ਘਟਨਾ ਨੂੰ ਮੰਦਭਾਗਾ ਦੱਸਦਿਆਂ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਬਰਗਾੜੀ ਕਾਂਡ ਵੇਲੇ ਅਕਾਲੀ-ਭਾਜਪਾ ਦੇ ਰਾਜ ਵਿਚ ਸਿੱਖਾਂ ਦੀਆਂ ਪੱਗਾਂ ਸਿਰਾਂ ਸਮੇਤ ਲੱਥੀਆਂ ਸਨ। ਉਨ੍ਹਾਂ ਸਵਾਲ ਕੀਤਾ ਕਿ ਉਸ ਘਟਨਾ ਦਾ ਅਕਾਲੀ ਦਲ ਤੇ ਭਾਜਪਾ ਵੱਲੋਂ ਜ਼ਿਕਰ ਕਿਉਂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜਿਸ ਦਿਨ ਇਹ ਘਟਨਾ ਵਾਪਰੀ ਉਸ ਦਿਨ ਸੁਖਬੀਰ ਬਾਦਲ ਖੁਦ ਤਾਂ ਚਲਾਕੀ ਵਰਤ ਕੇ ਸਦਨ 'ਚੋਂ ਬਾਹਰ ਨਿਕਲ ਗਏ।

## ਕੈਪਟਨ ਵੱਲੋਂ ਵਿਰੋਧੀ ਧਿਰਾਂ ਦੇ ਰਵੱਈਏ ਦੀ ਆਲੋਚਨਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਰਵੱਈਏ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਸਦਨ ਦੀ ਕੋਈ ਮਰਿਆਦਾ ਹੁੰਦੀ ਹੈ ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਵਿਰੋਧੀ ਧਿਰ ਵੱਲੋਂ ਇਸ ਦੀ ਕੋਈ ਪਰਵਾਹ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ 'ਆਪ' ਦੇ ਵਿਧਾਇਕ ਜੋ ਪਹਿਲੀ ਵਾਰ ਸਦਨ 'ਚ ਆਏ ਹਨ, ਨੂੰ ਸ਼ਾਇਦ ਸਦਨ ਦੀਆਂ ਰਵਾਇਤਾਂ ਦੀ ਸਮਝ ਨਹੀਂ, ਹਾਲਾਂਕਿ ਉਨ੍ਹਾਂ ਵਿਚੋਂ ਕਈ ਸੀਨੀਅਰ ਵਕੀਲ ਤੇ ਸੰਪਾਦਕ ਵੀ ਰਹੇ ਹਨ।



## ਵਿਧਾਇਕਾਂ ਦੀ ਖਿੱਚ-ਧੂਹ ਬੇਹੱਦ ਸ਼ਰਮਨਾਕ ਕਾਰਾ: ਬਾਦਲ

**ਬਠਿੰਡਾ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਵਿਧਾਨ ਸਭਾ ਅੰਦਰ ਸਿੱਖ ਵਿਧਾਇਕਾਂ ਦੀਆਂ ਪੱਗਾਂ ਲੱਥਣਾ, ਵਿਧਾਇਕ ਬੀਬੀਆਂ ਦੀਆਂ ਚੁੰਨੀਆਂ ਰੋਲ ਕੇ ਉਨ੍ਹਾਂ ਨੂੰ ਘਸੀਟ-ਘਸੀਟ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਕੇ ਵਿਧਾਨ ਸਭਾ ਤੋਂ ਬਾਹਰ ਕੱਢਣ ਨਾਲ ਸੱਤਾਧਾਰੀਆਂ ਨੇ ਮਾਣ ਮਰਿਆਦਾ ਦਾ ਹੀ ਘਾਣ ਕਰ ਦਿੱਤਾ ਹੈ।



## ਦਸਤਾਰ ਦੀ ਬੇਅਦਬੀ ਦਾ ਲਿਆ ਸਖਤ ਨੋਟਿਸ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵਿਧਾਨ ਸਭਾ ਵਿਚ ਵਿਧਾਇਕ ਭਾਈ ਪਿਰਮਲ ਸਿੰਘ ਦੀ ਮਾਰਸ਼ਲਾਂ ਵੱਲੋਂ ਕੁਟਮਾਰ ਕਰਨਾ ਤੇ ਦਸਤਾਰ ਦੀ ਬੇਅਦਬੀ ਕਰਨਾ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਵਿਚ ਮਾਰਸ਼ਲਾਂ ਖਿਲਾਫ਼ ਢੁਕਵੀਂ ਕਾਰਵਾਈ ਕਰਨ ਅਤੇ ਸਜ਼ਾ ਦੇਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਘਟਨਾ ਦੀ ਨਿੰਦਾ ਕਰਦਿਆਂ ਆਖਿਆ ਕਿ ਇਸ ਮਸਲੇ 'ਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਤੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

# ਬਡੂੰਗਰ ਵੱਲੋਂ ਜਾਖੜ ਨੂੰ ਨਸੀਹਤ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਨਸੀਹਤ ਦਿੱਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿਚ ਬੇਲੋੜੀ ਦਖਲਅੰਦਾਜ਼ੀ ਨਾ ਕਰਨ ਅਤੇ ਨਾਲ ਹੀ ਆਪਣੀ ਪਾਰਟੀ ਦੇ ਕਾਰਕੁਨਾਂ ਤੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਵਰਜਣ ਕਿ ਉਹ ਸਿੱਖ ਮਾਮਲਿਆਂ ਵਿਚ ਦਖਲ ਨਾ ਦੇਣ। ਸ੍ਰੀ ਬਡੂੰਗਰ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਵਿਰਾਸਤ ਤੇ ਸਭਿਆਚਾਰ ਬਾਰੇ ਜਾਣਕਾਰੀ ਨਹੀਂ ਹੈ।



ਬਡੂੰਗਰ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਪਾਰਟੀ ਪ੍ਰਧਾਨ ਹੋਣ ਨਾਤੇ ਕਾਂਗਰਸ ਨੂੰ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਤੋਂ ਰੋਕਣਾ ਚਾਹੀਦਾ ਹੈ ਅਤੇ ਬਜਟ ਸੈਸ਼ਨ ਦੌਰਾਨ ਦਸਤਾਰਾਂ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਬਿਆਨ ਸਬੰਧੀ ਕਿਹਾ ਕਿ ਕਾਂਗਰਸ ਦਸਤਾਰਾਂ ਦੀ ਬੇਅਦਬੀ ਕਰ ਕੇ ਮਗਰਮੱਛ ਦੇ ਹੰਝੂ ਕੇਰ ਰਹੀ ਹੈ। ਬਿਜਲੀ ਮੰਤਰੀ ਨੇ ਪੱਗਾਂ ਲੱਥਣ ਦੀ ਘਟਨਾ ਮੰਦਭਾਗੀ ਕਰਾਰ ਦਿੱਤੀ ਸੀ।

# ਬਾਦਲਾਂ ਦੀ ਮੁਫਤ ਤੀਰਥ ਯਾਤਰਾ ਸਕੀਮ ਨੂੰ ਕੈਪਟਨ ਨੇ ਲਾਈ ਬ੍ਰੇਕ

**ਚੰਡੀਗੜ੍ਹ:** ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼ੁਰੂ ਕੀਤੀ ਤੀਰਥ ਯਾਤਰਾ ਸਕੀਮ ਉਤੇ 139 ਕਰੋੜ 38 ਲੱਖ ਰੁਪਏ ਤੋਂ ਵੀ ਵੱਧ ਰਕਮ ਖਰਚੀ ਗਈ ਹੈ। ਹੁਣ ਕਾਂਗਰਸ ਸਰਕਾਰ ਇਸ ਸਕੀਮ ਨੂੰ ਜਾਰੀ ਨਹੀਂ ਰੱਖ ਸਕੇਗੀ।



ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਵਿਧਾਨ ਸਭਾ ਵਿਚ ਇਸ ਸਕੀਮ ਨੂੰ ਲੈ ਕੇ ਸਾਬਕਾ ਸਰਕਾਰ 'ਤੇ ਤਿੱਖੇ ਵਿਅੰਗ ਵੀ ਕੀਤੇ। ਉਨ੍ਹਾਂ ਸਦਨ ਨੂੰ ਦੱਸਿਆ ਕਿ ਤੀਰਥ ਯਾਤਰਾ ਸਕੀਮ ਕਾਰਨ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਨੂੰ 6 ਕਰੋੜ ਰੁਪਏ ਅਤੇ ਪੰਜਾਬ ਰੋਡਵੇਜ਼ ਨੂੰ 7 ਕਰੋੜ ਰੁਪਏ ਸਰਕਾਰ ਨੇ ਅਜੇ ਦੇਣੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਦੋਵਾਂ ਟਰਾਂਸਪੋਰਟ ਅਦਾਰਿਆਂ ਨੂੰ ਪੈਸੇ ਦੇਣ ਦਾ ਪ੍ਰਬੰਧ ਬਜਟ ਵਿਚ ਕਰ ਦਿੱਤਾ ਗਿਆ ਹੈ।

# ਮਜੀਠੀਆ ਨਾਲ ਨਰਮੀ ਵਿਰੁਧ ਕਾਂਗਰਸੀ ਵਿਧਾਇਕ ਇਕਜੁੱਟ

**ਚੰਡੀਗੜ੍ਹ:** ਨਸ਼ਾ ਤਸਕਰੀ ਦੇ ਮਾਮਲੇ ਸਬੰਧੀ ਕਾਂਗਰਸੀ ਵਿਧਾਇਕਾਂ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਕਾਰਵਾਈ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਇਹ ਮਾਮਲਾ ਉਠਾਉਣਾ ਸ਼ੁਰੂ ਕਰ ਦਿੱਤਾ ਹੈ।

ਇਸ ਮੁੱਦੇ ਉਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚੁੱਪ ਹਨ। ਉਨ੍ਹਾਂ ਦੀ ਹਾਜ਼ਰੀ ਵਿਚ ਸੀਨੀਅਰ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਰਾਜਪਾਲ ਦੇ ਧੰਨਵਾਦ ਮਤੇ 'ਤੇ ਬਹਿਸ ਦੌਰਾਨ ਸਾਬਕਾ ਅਕਾਲੀ ਮੰਤਰੀ ਵਿਰੁੱਧ ਕਾਰਵਾਈ ਦਾ ਮਸਲਾ ਉਠਾਇਆ ਸੀ।

ਪੰਜਾਬ ਵਿਧਾਨ ਸਭਾ ਵਿਚ ਕੈਬਨਿਟ ਮੰਤਰੀ ਨਵਜੋਤ ਸਿੱਧੂ ਸਮੇਤ ਪ੍ਰੈੱਸ ਗੈਲਰੀ ਵਿਚ ਮੀਡੀਆ ਨਾਲ ਗੱਲਬਾਤ ਕਰਨ ਆਏ ਸ੍ਰੀ ਰੰਧਾਵਾ ਨੇ ਕਿਹਾ ਕਿ ਬਿਕਰਮ ਮਜੀਠੀਆ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਹੈ ਜੇ ਉਸ ਵਿਰੁੱਧ ਕਾਰਵਾਈ ਹੋਵੇ ਤਾਂ ਨਸ਼ਿਆਂ ਦਾ ਅੱਧਾ ਕਾਰੋਬਾਰ ਬੰਦ ਹੋ ਸਕਦਾ ਹੈ। ਜਦੋਂ ਇਹ ਪੁੱਛਿਆ ਗਿਆ ਕਿ ਉਹ ਇਹ ਮਸਲਾ ਮੁੱਖ ਮੰਤਰੀ ਕੋਲ ਕਿਉਂ ਨਹੀਂ ਉਠਾਉਂਦੇ ਤਾਂ ਉਨ੍ਹਾਂ ਕਿਹਾ ਕਿ ਇਹ ਸਵਾਲ ਮੀਡੀਆ ਮੁੱਖ ਮੰਤਰੀ ਕੋਲੋਂ ਖੁਦ ਪੁੱਛੇ ਕਿ ਉਹ ਸਾਬਕਾ ਮੰਤਰੀ ਵਿਰੁੱਧ ਕਾਰਵਾਈ ਕਿਉਂ ਨਹੀਂ ਕਰਦੇ।

ਬਾਅਦ ਵਿਚ ਉਨ੍ਹਾਂ ਕਿਹਾ ਕਿ ਉਹ ਇਹ ਮਸਲਾ ਮੁੱਖ ਮੰਤਰੀ ਕੋਲ ਜ਼ਰੂਰ ਉਠਾਉਣਗੇ। ਵਿਧਾਇਕ ਕੁਲਜੀਤ ਨਾਗਰਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਮਿਲ ਕੇ ਨਸ਼ਿਆਂ ਦੇ ਮਸਲੇ 'ਤੇ ਸਾਬਕਾ ਮੰਤਰੀ ਵਿਰੁੱਧ ਕਾਰਵਾਈ ਦੀ ਮੰਗ ਕਰਨਗੇ।



## ਕਾਂਗਰਸੀ ਅਤੇ ਅਕਾਲੀ ਰਲੇ ਹੋਏ: ਖਹਿਰਾ

**ਚੰਡੀਗੜ੍ਹ:** ਆਪ ਦੇ ਵਿਧਾਇਕ ਸੁਖਪਾਲ ਖਹਿਰਾ ਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਵਾਲੇ ਰਲੇ ਹੋਏ ਹਨ ਤੇ ਦੋਸਤਾਨਾ ਮੈਚ ਖੇਡ ਰਹੇ ਹਨ। ਇਸ ਲਈ ਕੁਝ ਵੀ ਹੋਣ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਰਿੰਦਰ ਪਹਿਲਵਾਨ ਵਰਗੇ ਮੁਲਜ਼ਮਾਂ ਦੀ ਕੀ ਹਿੰਮਤ ਹੈ ਕਿ ਉਹ ਇਕੱਲਾ ਹੀ 1200 ਕਰੋੜ ਰੁਪਏ ਲੁੱਟ ਲਵੇ।



## ਕੈਪਟਨ ਸਰਕਾਰ ਨੇ ਨਸ਼ਿਆਂ ਵਿਰੁਧ ਮੁਹਿੰਮ ਵਿਸਾਰੀ

**ਚੰਡੀਗੜ੍ਹ:** ਆਪਣੇ ਪਲੇਠੇ ਬਜਟ ਵਿਚ ਨਸ਼ਿਆਂ ਖਿਲਾਫ ਮੁਹਿੰਮ ਲਈ ਢੁਕਵੇਂ ਫੰਡ ਅਲਾਟ ਨਾ ਕਰਨ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਉਤੇ ਵਾਅਦਾ ਖਿਲਾਫੀ ਦੇ ਦੋਸ਼ ਲੱਗੇ ਹਨ। ਬਜਟ ਵਿਚ ਚਲੰਤ ਸਾਲ ਦੌਰਾਨ ਡਾਕਟਰੀ ਸਹਾਇਤਾ ਤੇ ਜਨ ਸਿਹਤ ਲਈ 1358 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਹ ਰਕਮ ਪਿਛਲੇ ਮਾਲੀ ਸਾਲ ਲਈ ਨਿਰਧਾਰਤ ਰਕਮ ਨਾਲੋਂ 14.21 ਫੀਸਦੀ ਵੱਧ ਹੈ, ਪਰ ਇਸ ਵਿਚ ਨਸ਼ਿਆਂ ਖਿਲਾਫ਼ ਜੰਗ ਵਾਸਤੇ ਕੋਈ ਠੋਸ ਪ੍ਰਾਵਧਾਨ ਨਹੀਂ ਕੀਤਾ ਗਿਆ। ਜਿਹੜੀ 50 ਕਰੋੜ ਰੁਪਏ ਦੀ ਰਕਮ ਮੁਢਲੇ ਦਿਹਾਤੀ ਪੁਨਰਵਾਸ ਤੇ ਨਸ਼ਾ ਛੁਡਾਊ ਕੇਂਦਰਾਂ ਦੀ ਸਥਾਪਨਾ ਲਈ ਰੱਖੀ ਗਈ ਹੈ, ਉਹ ਨਿਗੂਣੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਨੂੰ ਮੁੱਖ ਮੁੱਦਾ ਬਣਾਇਆ ਸੀ। ਉਨ੍ਹਾਂ ਦਾ ਹੁਣ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਅਰੰਭੀ ਮੁਹਿੰਮ ਸਦਕਾ ਪੰਜਾਬ ਵਿਚ ਸਿੰਥੈਟਿਕ ਨਸ਼ਿਆਂ ਦੀ ਉਪਲਬਧਤਾ ਬਹੁਤ ਘਟ ਗਈ ਹੈ ਅਤੇ ਇਹ ਨਸ਼ੇ ਬਹੁਤ ਮਹਿੰਗੇ ਹੋਣ ਕਾਰਨ ਆਮ ਨਸ਼ੇੜੀਆਂ ਦੇ ਵੱਸ ਦਾ ਰੋਗ ਨਹੀਂ ਰਹੇ। ਦੂਜੇ ਪਾਸੇ, ਨਸ਼ਿਆਂ ਦੇ ਆਦੀ, ਨਸ਼ੇ ਮਹਿੰਗੇ ਹੋਣ ਦੀ ਗੱਲ ਤਾਂ ਮੰਨਦੇ ਹਨ, ਪਰ ਨਾਲ ਹੀ ਇਹ ਵੀ ਕਹਿੰਦੇ ਹਨ ਕਿ ਸਪਲਾਈ ਵਿਚ ਕੋਈ ਕਮੀ ਨਹੀਂ ਆਈ।

## ਕਾਂਗਰਸ ਵਿਚ ਹਿੰਮਤ ਹੈ ਤਾਂ ਜਾਂਚ ਕਰਵਾਏ: ਸੁਖਬੀਰ

**ਚੰਡੀਗੜ੍ਹ:** ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ ਕਿ ਹੁਣ ਤਾਂ ਕਾਂਗਰਸ ਦੀ ਸਰਕਾਰ ਹੈ ਜੇ ਕਾਂਗਰਸ ਵਿਚ ਹਿੰਮਤ ਹੈ ਤਾਂ ਉਹ ਸਾਰੇ ਮਾਮਲਿਆਂ ਦੀ ਜਾਂਚ ਕਰਵਾ ਲਵੇ, ਨਾਲੇ ਸੱਚ ਸਾਹਮਣੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਰ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ ਤੇ ਵਾਰ-ਵਾਰ ਜਾਂਚ ਦੀ ਮੰਗ ਕੀਤੀ ਹੈ।



# ਇੰਸਪੈਕਟਰ ਇੰਦਰਜੀਤ ਸਿੰਘ ਦੇ ਖੁਲਾਸਿਆਂ ਕਾਰਨ ਅਫਸਰਸ਼ਾਹੀ 'ਚ ਬੇਚੈਨੀ

**ਚੰਡੀਗੜ੍ਹ:** ਪੰਜਾਬ ਦੇ ਕੁਝ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਬਰਤਰਫ ਇੰਸਪੈਕਟਰ ਇੰਦਰਜੀਤ ਸਿੰਘ ਦੇ ਮਾਮਲੇ ਵਿਚ ਸ਼ਮੂਲੀਅਤ ਨੇ ਕੈਪਟਨ ਸਰਕਾਰ ਨੂੰ ਬੇਹੱਦ ਕਸੂਤਾ ਫਸਾ ਦਿੱਤਾ ਹੈ। ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਕ ਵਿਸ਼ੇਸ਼ ਮੀਟਿੰਗ ਦੌਰਾਨ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਅਕਸਰ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਪੁਲਿਸ ਦੇ ਇਕ ਆਈ.ਜੀ., ਇਕ ਡੀ.ਆਈ.ਜੀ. ਤੇ ਹੋਰਨਾਂ ਅਫਸਰਾਂ ਸਮੇਤ ਅੱਧੀ ਦਰਜਨ ਤੋਂ ਵੱਧ ਪੁਲਿਸ ਅਧਿਕਾਰੀਆਂ ਵੱਲੋਂ ਇੰਦਰਜੀਤ ਸਿੰਘ ਦੀ ਪੁਸ਼ਤਪਨਾਹੀ ਕਰਨ ਦੇ ਤੱਥ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਹਮਣੇ ਰੱਖ ਦਿੱਤੇ ਹਨ। ਐਸ.ਟੀ.ਐਫ. ਵੱਲੋਂ ਇੰਦਰਜੀਤ ਸਿੰਘ ਦੀ ਤਫਤੀਸ਼ ਦੇ ਅਧਾਰ 'ਤੇ ਕੀਤੇ ਖੁਲਾਸਿਆਂ ਕਾਰਨ ਪੁਲਿਸ 'ਚ ਘਬਰਾਹਟ ਫੈਲੀ ਹੋਈ ਹੈ। ਸ਼ੱਕੀ ਕਿਰਦਾਰ ਵਾਲੇ ਪੁਲਿਸ ਅਫਸਰਾਂ ਵੱਲੋਂ ਆਪਣੀ ਚਮੜੀ ਬਚਾਉਣ ਲਈ ਭੱਜ-ਨੱਠ ਕੀਤੀ ਜਾਣ ਲੱਗੀ ਹੈ। ਐਸ.ਟੀ.ਐਫ. ਦੇ ਅਧਿਕਾਰੀਆਂ ਵੱਲੋਂ ਭਾਵੇਂ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਪਰ ਹੋਰਨਾਂ ਅਧਿਕਾਰੀਆਂ ਵਿਰੁੱਧ ਕਾਰਵਾਈ ਲਈ ਮੁੱਖ ਮੰਤਰੀ ਦੇ ਇਸ਼ਾਰੇ ਦੀ ਉਡੀਕ ਕੀਤੀ ਜਾ ਰਹੀ ਹੈ।

ਸੂਤਰਾਂ ਮੁਤਾਬਕ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਇੰਦਰਜੀਤ ਸਿੰਘ ਅਤੇ ਉਸ ਦੇ ਸਾਥੀ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਮੁੱਖ ਮੰਤਰੀ ਤੱਕ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ। ਇਨ੍ਹਾਂ ਪੁਲਿਸ ਅਧਿਕਾਰੀਆਂ ਨੇ ਕੈਪਟਨ ਅਮਰਿੰਦਰ ਸਿੰਘ ਅੱਗੇ ਦੁਹਾਈ ਪਾਈ ਹੈ ਕਿ ਇੰਦਰਜੀਤ ਸਿੰਘ ਦੇ ਮਾਮਲੇ ਵਿਚ ਜੇਕਰ ਪੁਲਿਸ ਅਫਸਰਾਂ ਦੇ ਕਾਰਿਆਂ ਨੂੰ ਬੇਪਰਦ ਕੀਤਾ ਗਿਆ ਤਾਂ ਸਾਰੀ ਪੁਲਿਸ ਵਿੱਚ ਨਿਰਾਸ਼ਾ ਫੈਲ ਜਾਵੇਗੀ। ਸੂਤਰਾਂ ਅਨੁਸਾਰ ਪੁਲਿਸ ਅਧਿਕਾਰੀਆਂ ਦੇ ਕੇਸ ਦੀ ਪੈਰਵੀ ਕਰਨ ਵਾਲੇ ਅਧਿਕਾਰੀਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਝਾੜ-ਝੰਬ ਵੀ ਕੀਤੀ ਹੈ। ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਇੰਦਰਜੀਤ ਦੇ ਸਾਥੀਆਂ ਦੀ ਹਮਾਇਤ 'ਚ ਉਤਰੇ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਐਸ.ਟੀ.ਐਫ. ਅਧਿਕਾਰੀਆਂ ਵੱਲੋਂ ਠੀਕ ਦਿਸ਼ਾ ਵਿਚ ਕਾਰਵਾਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਐਸ.ਟੀ.ਐਫ. ਦੇ ਅਧਿਕਾਰੀਆਂ ਨੂੰ ਪੁਲਿਸ ਅਫਸਰਾਂ ਦੀ ਸ਼ਮੂਲੀਅਤ ਦੇ ਤੱਥ ਇਕੱਤਰ ਕਰਨ ਲਈ ਤਾਂ ਆਖ ਦਿੱਤਾ ਹੈ ਪਰ ਕਾਰਵਾਈ ਦਾ ਅਧਿਕਾਰ ਆਪਣੇ ਕੋਲ ਰਾਖਵਾਂ ਰੱਖਿਆ ਹੋਇਆ ਹੈ।

ਪੁਲਿਸ ਸੂਤਰਾਂ ਦਾ ਦੱਸਣਾ ਹੈ ਕਿ ਐਸ.ਟੀ.ਐਫ. ਦੀਆਂ ਗਤੀਵਿਧੀਆਂ ਕਾਰਨ ਕਈ ਸੀਨੀਅਰ ਪੁਲਿਸ ਅਧਿਕਾਰੀਆਂ 'ਚ ਬੇਚੈਨੀ ਪਾਈ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਵੱਲੋਂ ਐਸ.ਟੀ.ਐਫ. ਦੀਆਂ ਗਤੀਵਿਧੀਆਂ 'ਚ ਰੁਕਾਵਟ ਖੜ੍ਹੀ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ।

# ਸੁਪਰੀਮ ਕੋਰਟ ਵੱਲੋਂ ਯਾਤਰਾ ਪਾਬੰਦੀ ਵਾਲਾ ਹੁਕਮ ਬਹਾਲ

**ਨਿਊ ਯਾਰਕ:** ਅਮਰੀਕਾ ਦੀ ਸੁਪਰੀਮ ਕੋਰਟ ਨੇ ਛੇ ਮੁਸਲਿਮ ਬਹੁ-ਗਿਣਤੀ ਮੁਲਕਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਡੋਨਲਡ ਟਰੰਪ ਦੇ ਯਾਤਰਾ ਪਾਬੰਦੀ ਵਾਲੇ ਵਿਵਾਦਤ ਫੈਸਲੇ ਨੂੰ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤਾ। ਨਿਆਂ ਵਿਭਾਗ ਨੇ ਫੈਸਲਾ ਸੁਣਾਇਆ ਕਿ ਇਹ ਯਾਤਰਾ ਪਾਬੰਦੀ ਉਨ੍ਹਾਂ ਉਤੇ ਲਾਗੂ ਹੋਵੇਗੀ, ਜਿਨ੍ਹਾਂ ਦਾ ਕੋਈ ਰਿਸ਼ਤੇਦਾਰ ਅਮਰੀਕਾ ਦਾ ਪੱਕਾ ਵਸਨੀਕ ਨਹੀਂ ਹੈ। ਇਹ ਹੁਕਮ ਅਕਤੂਬਰ ਵਿਚ ਇਸ ਕੇਸ ਦੀ ਸੁਣਵਾਈ ਤੱਕ ਲਾਗੂ ਰਹਿਣਗੇ।

ਇਹ ਫੈਸਲਾ ਰਿਪਬਲੀਕਨ ਡੋਨਲਡ ਟਰੰਪ ਲਈ ਜਿੱਤ ਬਰਾਬਰ ਹੈ, ਜਿਹੜੇ ਆਲੋਚਨਾ ਦੇ ਬਾਵਜੂਦ ਇਸ ਪਾਬੰਦੀ ਨੂੰ ਕੌਮੀ ਸੁਰੱਖਿਆ ਲਈ ਲਾਜ਼ਮੀ ਦੱਸ ਰਹੇ ਹਨ। ਫੈਡਰਲ ਅਪੀਲੀ ਅਦਾਲਤਾਂ ਨੇ ਇਸ ਫੈਸਲੇ ਉਤੇ ਰੋਕ ਲਾ ਦਿੱਤੀ ਸੀ। ਇਨ੍ਹਾਂ ਅਦਾਲਤਾਂ ਨੇ ਦਲੀਲ ਦਿੱਤੀ ਸੀ ਕਿ ਰਾਸ਼ਟਰਪਤੀ ਨੇ ਆਪਣੇ ਅਹੁਦੇ ਦੀ ਉਲੰਘਣਾ ਕੀਤੀ ਹੈ ਅਤੇ ਇਹ ਐਗਜ਼ੀਕਿਊਟਿਵ ਆਦੇਸ਼ ਨਾਗਰਿਕਤਾ ਦੇ ਆਧਾਰ ਉਤੇ ਯਾਤਰੀਆਂ ਨਾਲ ਵਿਤਕਰਾ ਕਰਦੇ ਹਨ।



## ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

**5887A Lone Tree Way**
**Antioch, CA 94531**

Better Homes Real Estate | MASON-McDUFFIE


# ਪ੍ਰੋ. ਸਾਈਬਾਬਾ ਦੇ ਹੱਕ 'ਚ ਪਟੀਸ਼ਨ ਦਾਖਲ

**ਸਰੀ:** ਸਰੀ ਨਿਊਟਨ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਰਿਹਾਈ ਦੀ ਮੰਗ ਲਈ ਹਾਊਸ ਆਫ ਕਾਮਨਜ਼ ਵਿਚ ਪਟੀਸ਼ਨ ਦਾਖਲ ਕੀਤੀ ਹੈ। ਰੈਡੀਕਲ ਦੇਸੀ ਪਬਲੀਕੇਸ਼ਨ ਵੱਲੋਂ ਜਾਰੀ ਇਸ ਪਟੀਸ਼ਨ ਉਤੇ ਬ੍ਰਿਟਿਸ਼ ਕੋਲੰਬੀਆ ਦੇ ਪੰਜ ਸੌ ਤੋਂ ਵੱਧ ਵਸਨੀਕਾਂ ਦੇ ਹਸਤਾਖਰ ਹਨ।

ਧਾਲੀਵਾਲ ਹਾਲੇ ਤੱਕ ਇਕਲੌਤੇ ਲਿਬਰਲ ਐਮ.ਪੀ. ਹਨ ਜਿਨ੍ਹਾਂ ਨੇ ਇਸ ਕੇਸ ਵਿਚ ਰੁਚੀ ਦਿਖਾਈ ਹੈ। ਉਨ੍ਹਾਂ ਨੇ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ ਵਾਸਤੇ ਇਕ ਪਟੀਸ਼ਨ ਦਾਖਲ ਕੀਤੀ ਸੀ ਅਤੇ ਉਹ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਲਗਾਤਾਰ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਇਹ ਪਟੀਸ਼ਨ ਵਕੀਲ ਅਮਨਦੀਪ ਸਿੰਘ ਨੇ ਤਿਆਰ ਕੀਤੀ ਹੈ ਅਤੇ ਉਨ੍ਹਾਂ ਨੇ ਕੈਨੇਡੀਅਨ ਸਰਕਾਰ ਨੂੰ ਇਸ ਅਪਾਹਜ ਪ੍ਰੋਫੈਸਰ ਦੀ ਰਿਹਾਈ ਲਈ ਦਖਲ ਦੇਣ ਲਈ ਕਿਹਾ ਹੈ। ਪ੍ਰੋ. ਸਾਈਬਾਬਾ ਨੂੰ ਮਾਓਵਾਦੀਆਂ ਦਾ ਸਮਰਥਕ ਗਰਦਾਨ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਵ੍ਹੀਲਚੇਅਰ ਸਹਾਰੇ ਚੱਲਣ ਵਾਲੇ ਪ੍ਰੋ. ਸਾਈਬਾਬਾ ਵੱਲੋਂ ਭਾਰਤੀ ਸਮਾਜ ਵਿਚ ਹਾਸ਼ੀਏ ਉਤੇ ਧੱਕੇ ਵਰਗਾਂ ਅਤੇ ਕਬਾਇਲੀ ਲੋਕਾਂ ਉਤੇ ਸਰਕਾਰੀ ਜਬਰ ਦਾ ਵਿਰੋਧ ਕੀਤਾ ਜਾਂਦਾ ਸੀ। ਇਸ ਦੌਰਾਨ ਰੈਡੀਕਲ ਦੇਸੀ ਟੀਮ ਨੇ ਅਪਾਹਜਾਂ ਬਾਰੇ ਮੰਤਰੀ ਕਾਰਲਾ ਕਿਓਲਟਰੋਅ ਨੂੰ ਇਕ ਪੱਤਰ ਸੌਂਪਿਆ ਹੈ, ਜਿਸ ਵਿਚ ਉਨ੍ਹਾਂ ਨੂੰ ਮਾਨਵੀ ਆਧਾਰ ਉਤੇ ਇਸ ਕੇਸ ਵਿਚ ਦਖਲ ਦੇਣ ਦੀ ਬੇਨਤੀ ਕੀਤੀ ਹੈ। ਟੀਮ ਨੇ ਦੱਸਿਆ ਕਿ ਮੰਤਰੀ ਦਾ ਸਟਾਫ ਬੇਹੱਦ ਸਹਿਯੋਗੀ ਸੀ ਅਤੇ ਉਨ੍ਹਾਂ ਨੇ ਸਾਈਬਾਬਾ ਕੇਸ ਨੂੰ ਧਿਆਨ ਨਾਲ ਸੁਣਿਆ।

# ਸ਼ਬਨਮ ਹਾਸ਼ਮੀ ਨੇ ਐਵਾਰਡ ਮੋੜਿਆ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਨੇੜੇ ਮੁਸਲਿਮ ਨੌਜਵਾਨ ਦੀ ਹੱਤਿਆ ਦੇ ਰੋਸ ਵਿਚ ਉਘੀ ਸਮਾਜਿਕ ਕਾਰਕੁਨ ਸ਼ਬਨਮ ਹਾਸ਼ਮੀ ਨੇ 'ਨੈਸ਼ਨਲ ਮਾਈਨੌਰਟੀ ਰਾਈਟਸ ਐਵਾਰਡ' ਮੋੜ ਦਿੱਤਾ। ਹਾਸ਼ਮੀ, ਜਿਨ੍ਹਾਂ ਨੂੰ 2008 ਵਿਚ ਇਹ ਪੁਰਸਕਾਰ ਮਿਲਿਆ ਸੀ, ਨੇ ਕਿਹਾ ਕਿ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ, ਜਿਸ ਨੇ ਇਹ ਪੁਰਸਕਾਰ ਦਿੱਤਾ ਸੀ, ਆਪਣੀ ਸਾਰੀ ਭਰੋਸੇਯੋਗਤਾ ਗੁਆ ਚੁੱਕਾ ਹੈ।


## Gill Financial & Insurance Services

31080 Union City Blvd# 201, Union City, CA 94587

## Insurance

*Auto *Home *Business *Life *Health Insurance

*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ

**Save up to 25%**
Get all the discounts.

*Specialize in:*

*Retirement Planning (401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance



Manjit Gill
CA Ins Lic#0B23990

24 years experience

**Call Manjit Gill, Ph: 510-888-1180**

www.Gillfinancial.com



PERSONAL INJURY ATTORNEYS

## LAW OFFICES OF MANPREET S. BAINS
## LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
**$4,000,000 Settlement for Motor Vehicle Accident**
**$10,100,000 Confidential Settlement for Motorcycle/Truck Accident**
**$4,200,000 Judgment for Premises Liability/Assault**
*Past Performance Not a Guarantee of Future Results

Personal Injury matters are time sensitive!

For a free consultation, please call **(510) 474-0028**
E-mail: **BainsWeiss@gmail.com**

Serving the Bay Area and Beyond • Offices in San Francisco and Union City

# ਆਸਟਰੇਲੀਆ 'ਚ ਸਿੱਖਾਂ ਦੀ ਗਿਣਤੀ ਦੁੱਗਣੀ ਹੋਈ

**ਮੈਲਬਰਨ:** ਪਿਛਲੇ ਪੰਜ ਸਾਲਾਂ ਵਿਚ ਆਸਟਰੇਲੀਆ 'ਚ ਸਿੱਖਾਂ ਦੀ ਗਿਣਤੀ ਦੁੱਗਣੀ ਹੋਈ ਹੈ। 2011 ਵਿਚ ਇਹ ਗਿਣਤੀ 72,296 ਸੀ ਅਤੇ ਤਾਜ਼ਾ ਅੰਕੜਿਆਂ ਮੁਤਾਬਕ ਇਹ 1,25,900 ਹੋ ਗਈ ਹੈ। ਈਸਾਈ ਮੱਤ ਤੋਂ ਇਲਾਵਾ ਸਿੱਖ ਧਰਮ ਨਾਲ ਸਬੰਧਤ ਗਿਣਤੀ ਵਿਚੋਂ 74 ਫੀਸਦੀ ਦੀ ਉਮਰ 34 ਸਾਲ ਤੋਂ ਘੱਟ ਹੈ। ਪੰਜ ਸਾਲ ਦੇ ਅਰਸੇ 'ਚ ਬੁੱਧ ਮੱਤ, ਜੈਨ ਧਰਮ ਅਤੇ ਹਿੰਦੂ ਧਰਮ ਦੀ ਗਿਣਤੀ ਵੀ ਵਧੀ ਹੈ।

ਆਸਟਰੇਲੀਆ ਦੇ ਅੰਕੜਾ ਵਿਭਾਗ ਵੱਲੋਂ 2016 ਦੀ ਮਰਦਮਸ਼ੁਮਾਰੀ ਦੇ ਜਾਰੀ ਕੀਤੇ ਅੰਕੜਿਆਂ ਤੋਂ ਇਹ ਇਤਿਹਾਸਕ ਤੱਥ ਸਾਹਮਣੇ ਆਇਆ ਹੈ ਕਿ ਮੁਲਕ ਵਿਚ ਹੁਣ ਯੂਰਪੀਅਨ ਮੂਲ ਦੇ ਲੋਕਾਂ ਦਾ ਨਹੀਂ ਬਲਕਿ ਏਸ਼ੀਅਨਾਂ ਦਾ ਬੋਲਬਾਲਾ ਹੈ। ਭਾਰਤ ਸਮੇਤ ਚੀਨੀ ਮੂਲ ਦੇ ਪਿਛੋਕੜ ਵਾਲਿਆਂ ਦੀ ਗਿਣਤੀ ਪਿਛਲੇ ਪੰਜ ਸਾਲਾਂ 'ਚ ਤੇਜ਼ੀ ਨਾਲ ਵਧੀ ਹੈ। ਹਰ ਪੰਜ ਵਿਅਕਤੀਆਂ ਵਿਚੋਂ ਇਕ ਇਨ੍ਹਾਂ ਦੋ ਮੁਲਕਾਂ ਨਾਲ ਸਬੰਧਤ ਹੈ। ਸੰਸਾਰ ਭਰ ਵਿਚ ਬਹੁ-ਸਭਿਆਚਾਰਕ ਪਛਾਣ ਰੱਖਦੇ ਮੁਲਕਾਂ 'ਚ ਆਸਟਰੇਲੀਆ ਸਿਖਰ 'ਤੇ ਹੈ। ਮੁਲਕ ਵਿਚ 300 ਦੇ ਕਰੀਬ ਭਾਸ਼ਾਵਾਂ ਮੌਜੂਦ ਹਨ ਅਤੇ 100 ਤੋਂ ਉਪਰ ਧਰਮ ਦਰਜ ਹਨ।

ਅੰਕੜਿਆਂ ਮੁਤਾਬਕ ਭਾਵੇਂ ਈਸਾਈ ਮੱਤ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ, ਪਰ ਸਾਲ 1991 ਦੇ ਮੁਕਾਬਲੇ 2016 ਵਿਚ ਇਸ ਨੂੰ ਮੰਨਣ ਵਾਲਿਆਂ ਦੀ ਗਿਣਤੀ 74 ਫੀਸਦੀ ਤੋਂ ਘੱਟ ਕੇ 52 ਫੀਸਦੀ ਰਹਿ ਗਈ ਹੈ। ਮੁਲਕ ਵਿਚ ਬਜ਼ੁਰਗਾਂ ਦੀ ਗਿਣਤੀ 'ਚ ਵੀ ਵਾਧਾ ਹੋਇਆ ਹੈ। ਔਸਤਨ ਉਮਰ 38 ਸਾਲ ਹੈ ਜਦਕਿ 65 ਸਾਲ ਤੋਂ ਉਪਰ ਵਾਲੇ ਹੁਣ 16 ਫੀਸਦੀ ਹੋ ਗਏ ਹਨ।

ਅੰਕੜਿਆਂ ਮੁਤਾਬਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ ਹੈ। ਪਹਿਲਾਂ ਇਹ ਕੁੱਲ ਅਬਾਦੀ ਦਾ 0.3 ਫੀਸਦੀ (71,229) ਸੀ, ਜੋ ਹੁਣ 0.6 (1,32,496) ਫੀਸਦੀ ਹੈ। ਪਿਛਲੇ ਇਕ ਦਹਾਕੇ ਵਿਚ ਪੰਜਾਬ ਤੋਂ ਹੋਏ ਕੱਚੇ-ਪੱਕੇ ਆਵਾਸ ਸਦਕਾ ਪੰਜਾਬੀ ਜ਼ੁਬਾਨ ਬੋਲਣ ਵਾਲਿਆਂ ਦੀ ਗਿਣਤੀ 'ਚ ਵੱਡਾ ਵਾਧਾ ਹੋਇਆ ਹੈ। ਆਸਟਰੇਲੀਅਨ ਘਰਾਂ 'ਚ ਬੋਲੀਆਂ ਜਾਣ ਵਾਲੀਆਂ ਪਹਿਲੀਆਂ ਦਸ ਭਾਸ਼ਾਵਾਂ 'ਚ ਪੰਜਾਬੀ ਵੀ ਸ਼ੁਮਾਰ ਹੈ। ਪੰਜਾਬੀਆਂ ਦੀ ਸਭ ਤੋਂ ਵੱਧ ਗਿਣਤੀ ਵਿਕਟੋਰੀਆ ਸੂਬੇ ਵਿਚ ਹੈ। ਮੈਲਬਰਨ ਸਣੇ ਨੇੜਲੇ ਇਲਾਕਿਆਂ ਅਤੇ ਖੇਤਰੀ ਸ਼ਹਿਰਾਂ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 56,171 ਹੈ।

# ਹਰਿਮੰਦਰ ਸਾਹਿਬ ਵਿਚ ਸੂਰਜੀ ਊਰਜਾ ਨਾਲ ਤਿਆਰ ਹੋਵੇਗਾ ਲੰਗਰ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਹੁਣ ਸੂਰਜੀ ਊਰਜਾ ਨਾਲ ਪੈਦਾ ਕੀਤੀ ਭਾਫ ਰਾਹੀਂ ਲੰਗਰ ਤਿਆਰ ਕਰਨ ਦੀ ਯੋਜਨਾ ਹੈ। ਇਸ ਨਾਲ ਨਾ ਸਿਰਫ ਪ੍ਰਦੂਸ਼ਣ ਘਟੇਗਾ, ਸਗੋਂ ਗੈਸ ਸਿਲੰਡਰਾਂ ਦੀ ਵਰਤੋਂ ਵੀ ਘਟੇਗੀ।

ਪੇਡਾ ਦੇ ਡਾਇਰੈਕਟਰ ਬਲੌਰ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਟੀਮ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ 'ਤੇ ਸੋਲਰ ਊਰਜਾ ਪਲਾਂਟ ਲਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਮੇਟੀ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਇਸ ਪਲਾਂਟ 'ਤੇ ਤਕਰੀਬਨ ਡੇਢ ਕਰੋੜ ਰੁਪਏ ਖਰਚ ਆਵੇਗਾ। ਇਸ ਪ੍ਰਣਾਲੀ ਦੀ ਵਰਤੋਂ ਨਾਲ ਰੋਜ਼ਾਨਾ 55 ਗੈਸ ਸਿਲੰਡਰਾਂ ਦੀ ਬਚਤ ਹੋਵੇਗੀ ਅਤੇ ਪ੍ਰਦੂਸ਼ਣ ਵਿਚ ਵੀ ਕਮੀ ਆਵੇਗੀ। ਪੇਡਾ ਡਾਇਰੈਕਟਰ ਨੇ ਸੋਲਰ ਊਰਜਾ ਸਿਸਟਮ ਲਾਉਣ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸਮੁੱਚੀ ਜਾਣਕਾਰੀ ਦਿੱਤੀ। ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਅਤੇ ਪੇਡਾ ਦੇ ਸਾਬਕਾ ਚੇਅਰਮੈਨ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਛੇਤੀ ਸੋਲਰ ਊਰਜਾ ਸਿਸਟਮ ਸਥਾਪਤ ਕੀਤਾ ਜਾਵੇਗਾ, ਜਿਸ ਰਾਹੀਂ ਪੈਦਾ ਹੋਈ ਭਾਫ ਨਾਲ ਲੰਗਰ ਤਿਆਰ ਹੋਵੇਗਾ। ਇਸ ਤੋਂ ਪਹਿਲਾਂ ਇਥੇ ਲੱਕੜ ਅਤੇ ਐਲ.ਪੀ.ਜੀ. ਗੈਸ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਇਹ ਪਲਾਂਟ ਲੱਗਣ ਤੋਂ ਬਾਅਦ ਘਟ ਜਾਵੇਗੀ ਤੇ ਪ੍ਰਦੂਸ਼ਣ ਵੀ ਘਟੇਗਾ। ਨਵੀਂ ਪ੍ਰਣਾਲੀ ਸ਼ੁਰੂ ਹੋਣ ਨਾਲ ਲੰਗਰ ਤਿਆਰ ਕਰਨ ਲਈ ਪਹਿਲਾਂ ਨਾਲੋਂ ਘੱਟ ਸਮਾਂ ਲੱਗੇਗਾ। ਬੱਦਲਵਾਈ, ਧੁੰਦ ਆਦਿ ਹੋਣ 'ਤੇ ਭਾਫ ਸੂਰਜੀ ਊਰਜਾ ਪਲਾਂਟ ਦੀ ਥਾਂ ਐਲ.ਪੀ.ਜੀ. ਗੈਸ ਅਤੇ ਤੇਲ ਦੀ ਵਰਤੋਂ ਨਾਲ ਤਿਆਰ ਹੋਵੇਗੀ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਵਿਚ ਅਜਿਹਾ ਪਲਾਂਟ ਸਥਾਪਤ ਕੀਤਾ ਜਾ ਚੁੱਕਾ ਹੈ।

# ਯੂ.ਕੇ. ਵਿਚ ਸਿੱਖ ਜੋੜੇ ਨੂੰ ਗੋਰਾ ਬੱਚਾ ਗੋਦ ਦੇਣ ਤੋਂ ਨਾਂਹ

**ਲੰਡਨ:** ਇੰਗਲੈਂਡ ਵਿਚ ਇਕ ਸਿੱਖ ਜੋੜੇ ਨੇ ਦੋਸ਼ ਲਾਇਆ ਹੈ ਕਿ 'ਸਭਿਆਚਾਰਕ ਵਿਰਾਸਤ' ਕਾਰਨ ਉਨ੍ਹਾਂ ਨੂੰ ਗੋਰੇ ਬੱਚੇ ਨੂੰ ਗੋਦ ਲੈਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਭਾਰਤ ਤੋਂ ਬੱਚਾ ਗੋਦ ਲੈਣ ਦਾ ਸੁਝਾਅ ਦਿੱਤਾ ਗਿਆ ਹੈ। ਬ੍ਰਿਟੇਨ ਦੇ ਜੰਮਪਲ ਅਤੇ ਬਰਕਸ਼ਾਇਰ ਦੇ ਰਹਿਣ ਵਾਲੇ ਕਾਰੋਬਾਰੀ ਸੰਦੀਪ ਤੇ ਰੀਮਾ ਮੰਡੇਰ ਦੇ ਹਵਾਲੇ ਨਾਲ 'ਦਿ ਟਾਈਮਜ਼' ਨੇ ਲਿਖਿਆ ਕਿ ਉਨ੍ਹਾਂ ਨੂੰ ਕਿਹਾ ਗਿਆ ਕਿ ਬੱਚਾ ਗੋਦ ਲੈਣ ਲਈ ਉਹ ਅਰਜ਼ੀ ਨਾ ਦੇਣ ਕਿਉਂਕਿ ਬ੍ਰਿਟਿਸ਼ ਗੋਰੇ ਜਾਂ ਯੂਰਪੀ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਬੱਚੇ ਗੋਦ ਦੇਣ ਸਬੰਧੀ ਏਜੰਸੀ 'ਅਡੋਪਟ ਬਰਕਸ਼ਾਇਰ' ਨੂੰ ਇਸ ਜੋੜੇ ਨੇ ਕਿਹਾ ਸੀ ਕਿ ਕਿਸੇ ਵੀ ਮੂਲ ਤੇ ਜਾਤ ਦੇ ਬੱਚੇ ਨੂੰ ਗੋਦ ਲੈ ਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ ਪਰ ਉਨ੍ਹਾਂ ਦੀ ਬੇਨਤੀ ਇਸ ਆਧਾਰ ਉਤੇ ਰੱਦ ਕਰ ਦਿੱਤੀ ਗਈ ਕਿਉਂਕਿ ਸਿਰਫ ਗੋਰੇ ਬੱਚੇ ਹੀ ਉਪਲਬਧ ਸਨ। 30 ਸਾਲਾਂ ਦੇ ਮੰਡੇਰ ਜੋੜੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕਿਹਾ ਗਿਆ ਕਿ ਭਾਰਤ ਤੋਂ ਬੱਚਾ ਗੋਦ ਲਿਆ ਜਾਵੇ।

ਦੱਸਣਯੋਗ ਹੈ ਕਿ ਬੱਚੇ ਗੋਦ ਦੇਣ ਵਾਲੀ ਏਜੰਸੀਆਂ ਨੂੰ ਬੱਚੇ ਦੀ ਨਸਲ ਦੇ ਆਧਾਰ 'ਤੇ ਉਸੇ ਜਾਤੀ ਦੇ ਸੰਭਾਵੀ ਮਾਪਿਆਂ ਨੂੰ ਤਰਜੀਹ ਦੇਣ ਦੀ ਆਗਿਆ ਹੈ ਪਰ ਸਰਕਾਰ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਬੱਚੇ ਦੀ ਜਾਤ ਉਸ ਦੇ ਗੋਦ ਲੈਣ ਵਿਚ ਅੜਿੱਕਾ ਨਹੀਂ ਬਣਨੀ ਚਾਹੀਦੀ। ਇਸ ਜੋੜੇ, ਜਿਨ੍ਹਾਂ ਦਾ ਕੇਸ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਵੀ ਸਥਾਨਕ ਐਮ.ਪੀ. ਵਜੋਂ ਚੁਕਿਆ ਹੈ, ਵੱਲੋਂ ਅਦਾਲਤ ਦਾ ਕੁੰਡਾ ਖੜਕਾਇਆ ਜਾਵੇਗਾ। ਗੋਦ ਲੈਣ ਬਾਰੇ ਨੀਤੀ ਸਬੰਧੀ ਸਪੱਸ਼ਟੀਕਰਨ ਲਈ ਇਸ ਜੋੜੇ ਵੱਲੋਂ ਸਲੋਹ ਕਾਊਂਟੀ ਅਦਾਲਤ ਵਿਚ ਕੇਸ ਦਾਇਰ ਕੀਤਾ ਜਾ ਰਿਹਾ ਹੈ। ਇਨ੍ਹਾਂ ਦੇ ਕੇਸ ਨੂੰ ਬਰਾਬਰੀ ਤੇ ਮਨੁੱਖੀ ਅਧਿਕਾਰ ਕਮਿਸ਼ਨ (ਈ. ਐਚ. ਆਰ. ਸੀ.) ਦਾ ਸਮਰਥਨ ਪ੍ਰਾਪਤ ਹੈ। ਈ. ਐਚ. ਆਰ.ਸੀ. ਦੇ ਚੇਅਰਮੈਨ ਡੇਵਿਡ ਇਸਾਕ ਨੇ ਕਿਹਾ ਕਿ ਕਈ ਬੱਚੇ ਹਨ ਜੋ ਸੰਦੀਪ ਤੇ ਰੀਨਾ ਵਰਗੇ ਸਨੇਹੀ ਪਰਿਵਾਰ ਦੀ ਉਡੀਕ ਵਿਚ ਹਨ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਸੰਵਰ ਸਕੇ। ਇਸ ਨੂੰ ਸਭਿਆਚਾਰਕ ਵਖਰੇਵੇਂ ਕਾਰਨ ਰੱਦ ਕਰਨਾ ਗਲਤ ਹੈ।

## ਚੀਨ ਵੱਲੋਂ ਨੋਬੇਲ ਇਨਾਮ ਜੇਤੂ ਲੇਖਕ ਪੈਰੋਲ 'ਤੇ ਰਿਹਾ

**ਪੇਈਚਿੰਗ:** ਚੀਨੀ ਹਕੂਮਤ ਨੇ ਮੁਲਕ ਵਿਚ ਜਮਹੂਰੀਅਤ ਪੱਖੀ ਆਵਾਜ਼ ਬੁਲੰਦ ਕਰਨ ਦੇ ਦੋਸ਼ਾਂ ਤਹਿਤ ਜੇਲ੍ਹ ਬੰਦ ਨੋਬਲ ਇਨਾਮ ਜੇਤੂ ਲੇਖਕ ਲਿਊ ਸ਼ਿਆਓਬੋ ਨੂੰ ਮੈਡੀਕਲ ਪੈਰੋਲ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਹੈ। ਗੌਰਤਲਬ ਹੈ ਕਿ ਸ੍ਰੀ ਲਿਊ ਨੂੰ ਬੀਤੇ ਮਹੀਨੇ ਟਰਮੀਨਲ ਲਿਵਰ ਕੈਂਸਰ ਹੋਣ ਦਾ ਪਤਾ ਲੱਗਾ ਸੀ। ਇਹ ਜਾਣਕਾਰੀ ਉਨ੍ਹਾਂ ਦੇ ਵਕੀਲ ਨੇ ਉਨ੍ਹਾਂ ਦੇ ਹਮਾਇਤੀਆਂ ਨੂੰ ਦਿੱਤੀ, ਜੋ ਸ੍ਰੀ ਲਿਊ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰ ਰਹੇ ਹਨ।

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ 2 ਜੁਲਾਈ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦਾ ਖੇਡ ਅਤੇ ਸਭਿਆਚਾਰਕ ਮੇਲਾ ਆਉਂਦੀ 2 ਜੁਲਾਈ, ਐਤਵਾਰ ਨੂੰ ਇਥੇ ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ, ਐਲਕ ਗਰੁਵ ਵਿਲੇਜ ਵਿਖੇ ਸਵੇਰੇ 11 ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਟੂਰਨਾਮੈਂਟ ਦੌਰਾਨ ਚੋਟੀ ਦੇ ਕਬੱਡੀ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ।



*ਅਮਰੀਕ ਸਿੰਘ ਸ਼ਿਕਾਗੋ*



*ਬਲਦੇਵ ਸਿੰਘ ਸੱਲ੍ਹਾਂ*

ਕਲੱਬ ਪ੍ਰਧਾਨ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਚੇਅਰਮੈਨ ਸ. ਬਲਦੇਵ ਸਿੰਘ ਸੱਲ੍ਹਾਂ ਵੱਲੋਂ ਜਾਰੀ ਬਿਆਨ ਅਨੁਸਾਰ ਟੂਰਨਾਮੈਂਟ ਦੌਰਾਨ ਵਾਲੀਬਾਲ ਦੇ ਮੈਚ ਵੀ ਹੋਣਗੇ। ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ। ਇਸ ਤੋਂ ਇਲਾਵਾ ਬੀਬੀਆਂ ਤੇ ਬਜ਼ੁਰਗਾਂ ਦੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਮੇਲੇ ਲਈ ਪਾਰਕਿੰਗ ਮੁਫਤ ਹੋਵੇਗੀ। ਮੇਲੀਆਂ ਲਈ ਮੁਫਤ ਰੋਟੀ-ਪਾਣੀ ਤੇ ਠੰਡੇ-ਭੱਤੇ ਅਤੇ ਬੀਬੀਆਂ ਲਈ ਫਰੀ ਮਹਿੰਦੀ ਦਾ ਵੀ ਉਚੇਚਾ ਪ੍ਰਬੰਧ ਹੋਵੇਗਾ।

ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਮਿਲਵਾਕੀ ਤੋਂ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ ਦਿੱਤਾ ਜਾਵੇਗਾ। ਦੂਜੇ ਇਨਾਮ ਦੇ ਸਪਾਂਸਰ ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ (ਇੰਡੀਆਨਾ) ਹੋਣਗੇ। ਮੇਲੇ ਦੇ ਮੁੱਖ ਮਹਿਮਾਨ ਰਾਜ ਗਾਇਕ ਹੰਸ ਰਾਜ ਹੰਸ ਹੋਣਗੇ ਜਦਕਿ ਗੈਸਟ ਆਫ ਆਨਰ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਨੀਤਾ ਭੂਸ਼ਣ, ਸਮਾਜ ਸੇਵੀ ਸ. ਐਸ ਪੀ ਸਿੰਘ ਓਬਰਾਏ, ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਅਤੇ ਸ. ਮਨਜੀਤ ਸਿੰਘ ਰਾਜਪੁਰ ਭਾਈਆਂ ਹੋਣਗੇ।

ਕਬੱਡੀ ਮੈਚਾਂ ਉਪਰੰਤ ਨਾਮੀ ਪੰਜਾਬੀ ਗਾਇਕ ਰੁਪਿੰਦਰ ਹਾਂਡਾ, ਸ਼ੈਰੀ ਮਾਨ ਅਤੇ ਜੈਸਮੀਨ ਸੈਂਡਲਸ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਰੰਗਾ ਰੰਗ ਅਖਾੜਾ ਲਾਉਣਗੇ। ਕਲੱਬ ਨੇ ਸਭਨਾਂ ਨੂੰ ਮੇਲੇ ਲਈ ਸੱਦਾ ਦਿੰਦਿਆਂ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

ਹੋਰ ਜਾਣਕਾਰੀ ਲਈ ਕਲੱਬ ਪ੍ਰਧਾਨ ਅਮਰੀਕ ਸਿੰਘ ਸ਼ਿਕਾਗੋ (773-507-8043), ਜਸਕਰਨ ਸਿੰਘ ਧਾਲੀਵਾਲ (630-290-7993), ਨਰਿੰਦਰ ਸਿੰਘ ਸਰਾਂ (630-205-9264), ਹੈਪੀ ਸਿੰਘ ਹੀਰ (630-398-7052), ਹਰਵਿੰਦਰ ਸਿੰਘ ਬਿੱਲਾ (708-228-8520) ਜਾਂ ਅੰਮ੍ਰਿਤਪਾਲ ਸਿੰਘ ਸੰਘਾ (630-673-9000) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਇਟਲੀ 'ਚ ਸਿੱਖਾਂ ਦੇ ਪਹਿਨਣ ਲਈ ਵਿਸ਼ੇਸ਼ ਕਿਰਪਾਨ ਤਿਆਰ

**ਅੰਮ੍ਰਿਤਸਰ:** ਇਟਲੀ ਸਰਕਾਰ ਨੇ ਦੇਸ਼ ਵਿਚ ਵਸਦੇ ਅੰਮ੍ਰਿਤਧਾਰੀ ਸਿੱਖਾਂ ਨੂੰ ਕੱਕਾਰ ਵਜੋਂ ਵਿਸ਼ੇਸ਼ ਕਿਸਮ ਦੀ ਕਿਰਪਾਨ ਪਹਿਨਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਨਾਲ ਇਤਾਲਵੀ ਸਿੱਖਾਂ ਦੀ ਕਿਰਪਾਨ ਪਹਿਨਣ ਸਬੰਧੀ ਸਮੱਸਿਆ ਹੱਲ ਹੋ ਗਈ ਹੈ। ਇਟਲੀ ਤੋਂ ਅੰਮ੍ਰਿਤਸਰ ਪਹੁੰਚੇ ਸਿੱਖ ਭਾਈਚਾਰੇ ਦੇ ਆਗੂਆਂ ਸੁਖਦੇਵ ਸਿੰਘ ਕੰਗ ਅਤੇ ਕੁਝ ਹੋਰ ਇਤਾਲਵੀ ਨਾਗਰਿਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ।

ਅਕਾਲ ਤਖਤ ਸਾਹਿਬ ਪਹੁੰਚੇ ਇਸ ਵਫਦ ਨੇ ਇਟਲੀ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਕਿਰਪਾਨਾਂ ਦੇ ਮਾਡਲ ਵੀ ਸਿੰਘ ਸਾਹਿਬ ਨੂੰ ਭੇਟ ਕੀਤੇ। ਇਟਲੀ ਵਾਸੀ ਸੁਖਦੇਵ ਸਿੰਘ ਕੰਗ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ, ਉਨ੍ਹਾਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਟਲੀ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਆਪਣੇ ਕੱਕਾਰ ਵਜੋਂ ਕਿਰਪਾਨ ਪਹਿਨਣ ਦੀ ਮੁਸ਼ਕਲ ਪੇਸ਼ ਆ ਰਹੀ ਸੀ। ਸਿੱਖ ਭਾਈਚਾਰੇ ਵੱਲੋਂ ਇਟਲੀ ਸਰਕਾਰ, ਉਥੋਂ ਦੀ ਪੁਲਿਸ ਅਤੇ ਸੁਰੱਖਿਆ ਵਿਭਾਗ ਨੂੰ ਇਸ ਸਬੰਧੀ ਜਾਣੂ ਵੀ ਕਰਵਾਇਆ ਗਿਆ ਸੀ। ਲੰਬੀ ਜੱਦੋ ਜਹਿਦ ਤੋਂ ਬਾਅਦ ਇਟਲੀ ਦੇ ਰੱਖਿਆ ਵਿਭਾਗ ਨੇ ਨਵੀਂ ਕਿਰਪਾਨ ਨੂੰ ਆਜ਼ਾਦੀ ਨਾਲ ਧਾਰਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਵਾਨ ਕੀਤੀ ਸ੍ਰੀ ਸਾਹਿਬ ਨੂੰ ਉਥੋਂ ਦੀ ਕਿਰਪਾਨ ਲੀਗਲ ਵਰਲਡ ਵਾਈਡ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਸ੍ਰੀ ਸਾਹਿਬ ਵੱਖ-ਵੱਖ ਆਕਾਰਾਂ ਵਿਚ ਤਿਆਰ ਕੀਤੀ ਗਈ ਹੈ। ਇਹ ਭਾਵੇਂ ਲੋਹੇ ਦੀ ਹੈ, ਪਰ ਨੁਕਸਾਨਦੇਹ ਨਹੀਂ ਹੈ। ਇਸ ਦਾ ਬਲੇਡ ਤਿੱਖਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਵਾਨਗੀ ਮਗਰੋਂ ਇਸ ਸ੍ਰੀ ਸਾਹਿਬ ਨੂੰ ਗੁਰਦੁਆਰਿਆਂ ਵਿਚ ਵੰਡਿਆ ਗਿਆ ਹੈ ਜਿਥੋਂ ਅੰਮ੍ਰਿਤਧਾਰੀ ਸਿੱਖ ਇਸ ਨੂੰ ਲੈ ਕੇ ਧਾਰਨ ਕਰ ਸਕਦੇ ਹਨ। ਛੋਟੇ ਅਕਾਰ ਦੀ ਕਿਰਪਾਨ ਬੱਚੇ ਸਕੂਲ ਵਿਚ ਵੀ ਪਹਿਨ ਸਕਦੇ ਹਨ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਵਿਚਾਰਿਆ ਜਾਵੇਗਾ ਅਤੇ ਕਿਰਪਾਨ ਦਾ ਮੁਆਇਨਾ ਕਰਨ ਤੇ ਸ਼੍ਰੋਮਣੀ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਕੇ ਇਸ ਸਬੰਧੀ ਅਗਲਾ ਫੈਸਲਾ ਲਿਆ ਜਾਵੇਗਾ।

## ਸ਼੍ਰੋਮਣੀ ਕਮੇਟੀ ਨੇ ਨਾਜਾਇਜ਼ ਕਬਜ਼ਿਆਂ ਦੇ ਮਸਲੇ 'ਤੇ ਸਰਕਾਰ ਨੂੰ ਘੇਰਿਆ

**ਅੰਮ੍ਰਿਤਸਰ:** ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਖਿਲਾਫ਼ ਕਾਰਵਾਈ ਨਾ ਕੀਤੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਨੂੰ ਸਖਤ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕਾਂਗਰਸੀ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਸੁਪਰੀਮ ਕੋਰਟ ਦੇ ਫੈਸਲਿਆਂ ਦੀਆਂ ਧੱਜੀਆਂ ਉਡਾ ਕੇ ਗੁਰਦੁਆਰਿਆਂ ਦੀਆਂ ਜਾਇਦਾਦਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਇਸ ਸਬੰਧੀ ਪੰਜਾਬ ਦੇ ਰਾਜਪਾਲ ਨੂੰ ਮਿਲ ਕੇ ਮੰਗ ਪੱਤਰ ਵੀ ਦਿੱਤਾ ਜਾ ਚੁੱਕਿਆ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਡੀ.ਜੀ.ਪੀ. ਨੂੰ ਵੀ ਚਿੱਠੀ ਰਾਹੀਂ ਸਥਿਤੀ ਸਪਸ਼ਟ ਕੀਤੀ ਜਾ ਚੁੱਕੀ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮਤਾ ਪਾਸ ਕਰਦਿਆਂ ਆਖਰੀ ਵਾਰ ਸਰਕਾਰ ਨੂੰ ਇਹ ਕਬਜ਼ੇ ਛੁਡਾਉਣ ਲਈ ਕਿਹਾ ਗਿਆ ਹੈ, ਜੇ ਫਿਰ ਵੀ ਕਾਰਵਾਈ ਨਾ ਹੋਈ ਤਾਂ ਸ਼੍ਰੋਮਣੀ ਕਮੇਟੀ ਸਖਤ ਕਦਮ ਚੁੱਕਣ ਲਈ ਮਜਬੂਰ ਹੋਵੇਗੀ।

## ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਐਲਾਨ

**ਮਾਲੇਰਕੋਟਲਾ:** ਈਦ-ਉਲ-ਫਿਤਰ ਦੇ ਤਿਉਹਾਰ ਮੌਕੇ ਮਾਲੇਰਕੋਟਲਾ ਵਾਸੀਆਂ ਨੂੰ ਇਕ ਵੱਡਾ ਤੋਹਫਾ ਮਿਲਿਆ ਹੈ। ਮਾਲੇਰਕੋਟਲਾ 'ਚ ਈਦ ਮਨਾਉਣ ਪੁੱਜੇ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਉਨ੍ਹਾਂ ਮਾਲੇਰਕੋਟਲਾ ਲਈ ਇਕ ਕਰੋੜ ਰੁਪਏ ਦੀ ਗ੍ਰਾਂਟ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਛੇਤੀ ਹੀ ਮਾਲੇਰਕੋਟਲਾ 'ਚ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ।

ਦਰਅਸਲ, ਕਾਂਗਰਸ ਦੇ ਚੋਣ ਪ੍ਰਚਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਮਾਲੇਰਕੋਟਲਾ ਜਾ ਕੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਸੂਬੇ 'ਚ ਕਾਂਗਰਸ ਦੀ ਸਰਕਾਰ ਬਣੀ ਤਾਂ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਇਆ ਜਾਵੇਗਾ। ਦੱਸਣਯੋਗ ਹੈ ਕਿ ਕੈਪਟਨ ਦੇ ਪਹਿਲੇ ਰਾਜ ਸਮੇਂ ਮਾਲੇਰਕੋਟਲਾ ਨਾਲ ਲਗਦੇ ਬਰਨਾਲਾ ਨੂੰ ਜ਼ਿਲ੍ਹਾ ਬਣਾਇਆ ਗਿਆ ਸੀ। ਹੁਣ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਇਆ ਗਿਆ ਹੈ।

# ਬਾਦਲ ਸਰਕਾਰ ਵਿਰੁਧ ਝੂਠੇ ਕੇਸ ਦਰਜ ਬਾਰੇ ਸ਼ਿਕਾਇਤਾਂ ਦਾ ਹੜ੍ਹ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਅਕਾਲੀ-ਭਾਜਪਾ ਗੱਠਜੋੜ ਦੇ ਪਿਛਲੇ ਦਸ ਸਾਲਾਂ ਦੇ ਰਾਜ ਵਿਚ ਸਿਆਸੀ ਰੰਜਿਸ਼ ਤਹਿਤ ਦਰਜ ਹੋਏ ਝੂਠੇ ਕੇਸਾਂ ਦੀ ਪੜਤਾਲ ਲਈ ਕਾਇਮ ਕੀਤੇ ਦੋ ਮੈਂਬਰੀ ਜਾਂਚ ਕਮਿਸ਼ਨ ਕੋਲ ਸ਼ਿਕਾਇਤਾਂ ਦਾ ਹੜ੍ਹ ਆ ਗਿਆ ਹੈ। ਕਿਸੇ ਵੀ ਪਾਰਟੀ ਨਾਲ ਸਬੰਧ ਨਾ ਰੱਖਣ ਵਾਲੇ ਲੋਕ ਵੀ ਇਨਸਾਫ ਲਈ ਕਮਿਸ਼ਨ ਕੋਲ ਪਹੁੰਚ ਕਰ ਰਹੇ ਹਨ। ਸੇਵਾ ਮੁਕਤ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਦੇ ਮੁਖੀ ਹਨ ਅਤੇ ਸੀਨੀਅਰ ਜੱਜ (ਰਿਟਾ.) ਬੀ.ਐਸ. ਮਹਿੰਦੀਰੱਤਾ ਕਮਿਸ਼ਨ ਦੇ ਮੈਂਬਰ ਹਨ। ਕੈਪਟਨ ਸਰਕਾਰ ਦੇ ਸੱਤਾ ਵਿਚ ਆਉਣ ਦੇ ਤਿੰਨ ਹਫਤਿਆਂ ਅੰਦਰ ਹੀ ਅਪਰੈਲ ਵਿਚ ਇਹ ਕਮਿਸ਼ਨ ਬਣਾਇਆ ਸੀ। ਕਾਂਗਰਸੀ ਵਰਕਰਾਂ ਨੇ ਅਕਾਲੀ-ਭਾਜਪਾ ਦੇ ਰਾਜ ਸਮੇਂ ਉਨ੍ਹਾਂ ਖਿਲਾਫ਼ ਦਰਜ ਕੀਤੇ ਗਏ ਝੂਠੇ ਕੇਸਾਂ ਦੀ ਜਾਂਚ ਮੰਗੀ ਸੀ।

ਹਾਲ ਹੀ ਵਿਚ ਕੁਝ ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ 'ਤੇ ਅਕਾਲੀ ਆਗੂਆਂ ਤੇ ਉਨ੍ਹਾਂ ਦੇ ਹੱਥ ਠੋਕਿਆਂ ਖਿਲਾਫ ਜਲਦੀ ਤੇ ਸਪੱਸ਼ਟ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ ਸੀ। ਇਨ੍ਹਾਂ ਖਿਲਾਫ਼ ਮਹਿਜ਼ ਵਰਕਰਾਂ ਵੱਲੋਂ ਹੀ ਨਹੀਂ ਬਲਕਿ ਕੁਝ ਮੰਤਰੀਆਂ ਨੇ ਵੀ ਕਾਰਵਾਈ ਮੰਗੀ ਹੈ। ਹੁਣ ਤੱਕ 2500 ਤੋਂ ਵੱਧ ਸ਼ਿਕਾਇਤਾਂ ਮਿਲੀਆਂ ਹਨ। ਪਿਛਲੇ ਕੁਝ ਦਿਨਾਂ ਤੋਂ ਰੋਜ਼ਾਨਾ ਡਾਕ ਰਾਹੀਂ ਔਸਤਨ ਢਾਈ ਸੌ ਤੋਂ ਵੱਧ ਸ਼ਿਕਾਇਤਾਂ ਆ ਰਹੀਆਂ ਹਨ। ਇਨ੍ਹਾਂ ਦੇ ਹੋਰ ਵਧਣ ਦੀ ਸੰਭਾਵਨਾ ਹੈ। ਕਮਿਸ਼ਨ ਮੁਹਾਲੀ ਦੇ ਫਾਰੈਸਟ ਕੰਪਲੈਕਸ ਵਿਚ ਕੰਮ ਕਰ ਰਿਹਾ ਹੈ। ਇਥੇ ਫਰਨੀਚਰ ਅਤੇ ਸ਼ਿਕਾਇਤਾਂ ਲਈ ਸਟੇਸ਼ਨਰੀ ਆਦਿ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਇਕ ਅਧਿਕਾਰੀ ਨੇ ਦੱਸਿਆ ਕਿ ਸ਼ਿਕਾਇਤਾਂ ਬਹੁਤ ਤੇਜ਼ੀ ਨਾਲ ਆ ਰਹੀਆਂ ਹਨ ਤੇ ਅਸੀਂ 30 ਜੂਨ, ਜੋ ਸ਼ਿਕਾਇਤਾਂ ਦਾਖਲ ਕਰਨ ਦੀ ਅਸਲ ਡੈੱਡਲਾਈਨ ਹੈ। ਕਰੀਬ 20 ਫੀਸਦੀ ਸ਼ਿਕਾਇਤਾਂ ਇਕ ਸਿਆਸੀ ਆਗੂ ਦੀ ਸ਼ਹਿ ਉਤੇ ਨਸ਼ਾ ਤਸਕਰੀ ਦੇ ਝੂਠੇ ਕੇਸ ਦਰਜ ਕਰਨ ਨਾਲ ਸਬੰਧਤ ਹਨ। ਔਰਤਾਂ ਨੇ ਵੀ ਸ਼ਿਕਾਇਤਾਂ ਕੀਤੀਆਂ ਹਨ।

# ਸਰਕਾਰੀ ਐਲਾਨ ਪਿੱਛੋਂ ਵੀ ਨਹੀਂ ਰੁਕ ਰਹੀਆਂ ਖੁਦਕੁਸ਼ੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਰਜ਼ੇ ਦੀ ਮਾਰ ਹੇਠ ਆਏ ਕਿਸਾਨਾਂ ਦਾ ਕੁਝ ਕਰਜ਼ਾ ਮੁਆਫ ਕਰ ਕੇ ਵੱਡੀ ਰਾਹਤ ਦੇਣ ਦਾ ਦਾਅਵਾ ਕੀਤਾ ਹੈ, ਪਰ ਕਿਸਾਨ ਖੁਦਕੁਸ਼ੀਆਂ ਦਾ ਸਿਲਸਿਲਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਪਿਛਲੇ ਇਕ ਹਫਤੇ ਵਿਚ 20 ਕਿਸਾਨ ਤੇ ਖੇਤ ਮਜ਼ਦੂਰ ਆਪਣੀ ਜੀਵਨ ਲੀਲ੍ਹਾ ਖਤਮ ਕਰ ਗਏ ਹਨ। ਇੰਨੀ ਵੱਡੀ ਤ੍ਰਾਸਦੀ ਦੇ ਬਾਵਜੂਦ ਨਾ ਤਾਂ ਕਰਜ਼ਾ ਮੁਆਫ ਕਰਨ ਵਾਲੀ ਹੁਕਮਰਾਨ ਧਿਰ ਤੇ ਨਾ ਹੀ ਕਰਜ਼ਾ ਮੁਆਫੀ ਨੂੰ ਅਧੂਰਾ ਕਹਿਣ ਵਾਲੇ ਵਿਰੋਧੀ ਕਿਸੇ ਕਿਸਾਨ ਜਾਂ ਮਜ਼ਦੂਰ ਦੇ ਸੱਥਰ ਉਪਰ ਜਾ ਕੇ ਬੈਠੇ ਹਨ, ਇਥੋਂ ਤੱਕ ਕਿ ਕਿਸਾਨ ਹਿਤੈਸ਼ੀ ਅਖਵਾਉਂਦੀਆਂ ਕਿਸਾਨ ਜਥੇਬੰਦੀਆਂ ਨੇ ਵੀ ਖੁਦਕੁਸ਼ੀਆਂ ਨੂੰ ਨਿਤ ਦਿਨ ਦਾ ਝੰਜਟ ਸਮਝ ਕੇ ਇਸ ਬਾਰੇ ਗੱਲ ਕਰਨ ਤੋਂ ਟਾਲਾ ਵੱਟ ਰੱਖਿਆ ਹੈ।

ਮਾਲਵਾ ਖੇਤਰ ਖੁਦਕੁਸ਼ੀਆਂ ਵਾਲਾ ਵੱਡਾ ਕੇਂਦਰ ਬਣ ਗਿਆ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਮਾਲਵੇ 'ਚ ਨਰਮੇ ਦੇ ਭਾਅ ਤੇ ਉਤਪਾਦਨ ਵਿਚ ਵਧੇਰੇ ਅਨਿਸਚਤਾ ਰਹਿੰਦੀ ਹੈ। ਇਸ ਖੇਤਰ 'ਚ ਕਿਸਾਨ ਸੰਕਟ ਦਾ ਇਹ ਵੱਡਾ ਕਾਰਨ ਹੈ। ਪਿਛਲੇ 12-15 ਸਾਲਾਂ ਵਿਚ ਸਰਕਾਰੀ ਤੌਰ 'ਤੇ ਤਾਂ ਭਾਵੇਂ ਕੋਈ ਅੰਕੜੇ ਕਦੇ ਜਾਰੀ ਨਹੀਂ ਕੀਤੇ, ਪਰ ਵੱਖ-ਵੱਖ ਮਾਹਿਰਾਂ ਤੇ ਕਿਸਾਨ ਸੰਗਠਨਾਂ ਦੇ ਅੰਦਾਜ਼ਿਆਂ ਮੁਤਾਬਕ 12-13 ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਜ਼ਿੰਦਗੀ ਤੋਂ ਹਾਰ ਮੰਨ ਗਏ।

# ਮੋਦੀ ਸਰਕਾਰ ਵੱਲੋਂ ਏਅਰ ਇੰਡੀਆ ਨੂੰ ਵੇਚਣ ਦੀ ਤਿਆਰੀ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਨੇ ਲਗਾਤਾਰ ਘਾਟੇ ਵਿਚ ਚੱਲ ਰਹੀ ਸਰਕਾਰੀ ਜਹਾਜ਼ ਸੇਵਾ ਕੰਪਨੀ ਏਅਰ ਇੰਡੀਆ ਨੂੰ ਵੇਚਣ ਦੇ ਸੰਕੇਤ ਦਿੱਤੇ ਹਨ। ਜੇਤਲੀ ਨੇ ਆਖਿਆ ਹੈ ਕਿ ਏਅਰ ਇੰਡੀਆ ਦਾ ਛੇਤੀ ਤੋਂ ਛੇਤੀ ਨਿੱਜੀਕਰਨ ਕਰਨਾ ਸਮਝਦਾਰੀ ਵਾਲਾ ਕਦਮ ਹੋਵੇਗਾ। ਉਨ੍ਹਾਂ ਕਿਹਾ ਜੋ ਸਰਕਾਰੀ ਏਅਰ ਲਾਈਨਜ਼ 55,000 ਕਰੋੜ ਰੁਪਏ ਦੇ ਘਾਟੇ ਵਿਚ ਚੱਲ ਰਹੀ ਹੈ, ਉਸ ਲਈ ਪੈਸਾ ਹੋਰ ਨਾ ਖਪਾ ਕੇ ਉਹ ਰਕਮ ਦੇਸ਼ ਦੇ ਨਿਰਮਾਣ ਹਿੱਤਾਂ ਲਈ ਖਰਚ ਕੀਤੀ ਜਾ ਸਕੇਗੀ।

ਜੇਤਲੀ ਨੇ ਆਖਿਆ ਕਿ ਜਹਾਜ਼ਰਾਨੀ ਖੇਤਰ ਵਿਚ ਕ੍ਰਾਂਤੀਕਾਰੀ ਬਦਲਾਅ ਹੋ ਰਹੇ ਹਨ। ਨਿੱਜੀ ਏਅਰਲਾਈਨਜ਼ ਨਾਲ ਹਵਾਈ ਸਫਰ ਸਸਤਾ ਹੋ ਰਿਹਾ ਹੈ। ਸਮੇਂ ਦੇਸ਼ ਵਿਚ 86 ਫੀਸਦੀ ਲੋਕ ਨਿੱਜੀ ਏਅਰ ਲਾਈਨਜ਼ ਵਿਚ ਸਫਰ ਕਰ ਰਹੇ ਹਨ ਜੋ ਆਉਣ ਵਾਲੇ ਸਮੇਂ ਵਿਚ 100 ਫੀਸਦੀ ਹੋ ਜਾਵੇਗਾ। ਹਾਲਾਂਕਿ ਨਾਗਰਿਕ ਉਡਾਣ ਮੰਤਰੀ ਅਸ਼ੋਕ ਗਜਪਤੀ ਰਾਜੂ ਨੇ ਏਅਰ ਇੰਡੀਆ ਨੂੰ ਵੇਚਣ ਸਬੰਧੀ ਅਜੇ ਕੁਝ ਨਹੀਂ ਆਖਿਆ, ਪਰ ਸੰਕੇਤ ਉਨ੍ਹਾਂ ਨੇ ਵੀ ਇਸ ਗੱਲ ਦੇ ਦਿੱਤੇ ਹਨ।

# ਪਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਕਮੇਟੀ ਕਾਇਮ

**ਨਵੀਂ ਦਿੱਲੀ:** ਕੇਂਦਰੀ ਵਿਦੇਸ਼ ਵਿਭਾਗ ਵੱਲੋਂ ਪਰਵਾਸੀਆਂ ਨਾਲ ਹੁੰਦੀ ਘਰੇਲੂ ਹਿੰਸਾ ਸਮੇਤ ਹੋਰ ਮੁੱਦਿਆਂ ਦੇ ਹੱਲ ਲਈ ਇਕ ਕਮੇਟੀ ਬਣਾਈ ਗਈ ਹੈ ਜਿਸ ਦੀ ਅਗਵਾਈ ਸਾਬਕਾ ਚੇਅਰਮੈਨ ਐਨ.ਆਰ.ਆਈ. ਕਮਿਸ਼ਨ, ਪੰਜਾਬ ਜਸਟਿਸ ਅਰਵਿੰਦ ਕੁਮਾਰ ਗੋਇਲ ਕਰਨਗੇ। ਕਮੇਟੀ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ 'ਤੇ ਗੌਰ ਕਰ ਰਹੀ ਹੈ ਕਿਉਂਕਿ ਉਨ੍ਹਾਂ ਵਿਦੇਸ਼ੀ ਧਰਤੀ 'ਤੇ ਹੁੰਦਿਆਂ ਕਈ ਤਰ੍ਹਾਂ ਦੀ ਮਾਨਸਿਕ ਪੀੜਾ ਨਾਲ ਦੋ-ਚਾਰ ਹੋਣਾ ਪੈਂਦਾ ਹੈ।

ਕਈ ਪੱਛਮੀ ਮੁਲਕਾਂ ਦੇ ਕਾਨੂੰਨ ਬੰਦਿਸ਼ਾਂ ਕਾਰਨ ਕਈ ਵਾਰ ਵਿਆਹ ਤੋਂ ਪਹਿਲਾਂ ਸਾਥੀ ਬਾਰੇ ਕਿਸੇ ਵੀ ਸਰਕਾਰੀ ਏਜੰਸੀ ਤੋਂ ਜਾਣਕਾਰੀ ਲੈਣਾ ਸੰਭਵ ਨਹੀਂ ਹੁੰਦਾ। ਵਿਦੇਸ਼ ਮਾਮਲਿਆਂ ਬਾਰੇ ਵਿਭਾਗ ਵੱਲੋਂ ਸਥਾਪਤ ਇਹ ਕਮੇਟੀ ਅਗਸਤ ਦੇ ਅੰਤ ਤੱਕ ਰਿਪੋਰਟ ਪੇਸ਼ ਕਰੇਗੀ।

## ਯੂਰਪ 'ਚ ਬਹੁਕੌਮੀ ਕੰਪਨੀਆਂ ਉਤੇ ਸਾਈਬਰ ਹਮਲਾ

**ਪੈਰਿਸ:** ਅਨੇਕਾਂ ਬਹੁਕੌਮੀ ਕੰਪਨੀਆਂ ਨੇ ਕਿਹਾ ਹੈ ਕਿ ਉਹ ਇਕ ਕੌਮਾਂਤਰੀ ਸਾਈਬਰ ਹਮਲੇ ਦਾ ਸ਼ਿਕਾਰ ਹੋਈਆਂ ਹਨ। ਇਹ ਹਮਲਾ ਰੂਸ ਅਤੇ ਯੂਕਰੇਨ ਵਿਚ ਸ਼ੁਰੂ ਹੋਇਆ ਤੇ ਫਿਰ ਪੱਛਮੀ ਯੂਰਪ ਵਿਚ ਵੀ ਫੈਲ ਗਿਆ। ਡੈਨਮਾਰਕ ਦੀ ਸਮੁੰਦਰੀ ਆਵਾਜਾਈ ਕੰਪਨੀ ਮੀਰਸਕ, ਬਰਤਾਨਵੀ ਇਸ਼ਤਿਹਾਰਬਾਜ਼ੀ ਕੰਪਨੀ ਡਬਲਿਊ.ਪੀ.ਪੀ. ਅਤੇ ਫਰਾਂਸੀਸੀ ਸਨਅਤੀ ਗਰੁੱਪ ਸੇਂਟ-ਗੋਬਿਨ ਆਦਿ ਨੇ ਕਿਹਾ ਕਿ ਉਹ ਇਸ ਹਮਲੇ ਦੀ ਜ਼ੱਦ ਵਿਚ ਆਈਆਂ ਅਤੇ ਉਨ੍ਹਾਂ ਡੇਟਾ ਦੇ ਨੁਕਸਾਨ ਤੋਂ ਬਚਣ ਲਈ ਸੁਰੱਖਿਆ ਪ੍ਰਬੰਧ ਅਪਣਾਏ ਹਨ।

# ਸਮਾਰਟ ਸਿਟੀ ਯੋਜਨਾ ਦੀ ਚੌਥੀ ਸੂਚੀ ਵਿਚ 30 ਸ਼ਹਿਰ ਸ਼ਾਮਲ

**ਨਵੀਂ ਦਿੱਲੀ:** ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਵੈਂਕਈਆ ਨਾਇਡੂ ਵੱਲੋਂ ਸਮਾਰਟ ਸਿਟੀ ਦੀ ਚੌਥੀ ਤੇ ਆਖਰੀ ਸੂਚੀ ਜਾਰੀ ਕਰਦੇ ਹੋਏ ਸਮਾਰਟ ਸਿਟੀ ਯੋਜਨਾ ਤਹਿਤ 18 ਸੂਬਿਆਂ ਦੇ 30 ਸ਼ਹਿਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਆਖਰੀ ਸੂਚੀ ਵਿਚ ਜਾਰੀ ਨਾਵਾਂ 'ਚ ਕਰਨਾਲ, ਸ੍ਰੀਨਗਰ, ਜੰਮੂ, ਸ਼ਿਮਲਾ, ਦੇਹਰਾਦੂਨ ਤੇ ਪਟਨਾ ਵੀ ਸ਼ਾਮਲ ਹਨ। ਇਸ ਸੂਚੀ ਵਿਚ ਸਭ ਤੋਂ ਜ਼ਿਆਦਾ 4 ਨਾਂ ਤਾਮਿਲਨਾਡੂ ਦੇ ਸੂਬੇ ਦੇ ਹਨ, ਇਸ ਤੋਂ ਬਾਅਦ ਗੁਜਰਾਤ ਅਤੇ ਉਤਰ ਪ੍ਰਦੇਸ਼ ਦੇ 3-3 ਸ਼ਹਿਰਾਂ ਨੂੰ ਸਮਾਰਟ ਸਿਟੀ ਯੋਜਨਾ 'ਚ ਸ਼ਾਮਲ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਸਮਾਰਟ ਸਿਟੀ ਦੀਆਂ 3 ਸੂਚੀਆਂ ਜਾਰੀ ਕਰ ਚੁੱਕੀ ਹੈ, ਜਿਨ੍ਹਾਂ 'ਚ 60 ਸ਼ਹਿਰਾਂ ਦੇ ਨਾਂ ਸ਼ਾਮਲ ਸਨ। ਵੈਂਕਈਆ ਨਾਇਡੂ ਨੇ ਨਵੇਂ ਸ਼ਹਿਰਾਂ ਦਾ ਐਲਾਨ ਕਰਦੇ ਹੋਏ ਦੱਸਿਆ ਕਿ 100 ਵਿਚੋਂ ਬਾਕੀ ਬਚੇ 40 ਸਥਾਨਾਂ ਲਈ 45 ਸ਼ਹਿਰਾਂ ਨੇ ਮੁਕਾਬਲੇ 'ਚ ਹਿੱਸਾ ਲਿਆ ਸੀ, ਜਿਨ੍ਹਾਂ ਵਿਚੋਂ 30 ਸ਼ਹਿਰਾਂ ਨੂੰ ਇਸ ਮਿਸ਼ਨ ਵਿਚ ਸ਼ਾਮਲ ਕਰਨ ਲਈ ਚੁਣਿਆ ਗਿਆ ਹੈ।

ਬਾਕੀ ਬਚੇ 10 ਸਥਾਨਾਂ ਲਈ 20 ਸ਼ਹਿਰਾਂ ਵਿਚਕਾਰ ਬਾਅਦ ਵਿਚ ਮੁਕਾਬਲਾ ਹੋਵੇਗਾ। ਦੱਸਣਯੋਗ ਹੈ ਕਿ ਮੋਦੀ ਸਰਕਾਰ ਨੇ 2015 ਵਿਚ ਸਮਾਰਟ ਸਿਟੀ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ, ਜਿਸ ਤਹਿਤ 100 ਸ਼ਹਿਰਾਂ ਨੂੰ ਸਮਾਰਟ ਸਿਟੀ ਦੇ ਰੂਪ ਵਿਚ ਵਿਕਸਿਤ ਕੀਤਾ ਜਾਣਾ ਹੈ। ਜਨਵਰੀ 2016 ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰ 90 ਸਮਾਰਟ ਸਿਟੀ ਦੇ ਨਾਵਾਂ ਦਾ ਐਲਾਨ ਕਰ ਚੁੱਕੀ ਹੈ।

# ਜ਼ਮੀਨ ਬਦਲੇ ਪਿਉ-ਪੁੱਤ ਦੀ ਹੱਤਿਆ

**ਪੱਟੀ:** ਪਿੰਡ ਸੀਤੋ ਮਹਿ ਝੁੱਗੀਆਂ ਵਿਚ ਜ਼ਮੀਨੀ ਵਿਵਾਦ ਉਤੇ ਚੱਲੀ ਗੋਲੀ ਵਿਚ ਪਿਉ-ਪੁੱਤ ਦੀ ਮੌਤ ਹੋ ਗਈ, ਜਦਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਪਿੰਡ ਸੀਤੋ ਦੇ ਮੋਹਕਮ ਸਿੰਘ ਦਾ ਆਪਣੇ ਸ਼ਰੀਕਾ ਭਾਈਚਾਰੇ ਦੇ ਅਨੂਪ ਸਿੰਘ ਪੁੱਤਰ ਹਰਬੰਸ ਸਿੰਘ ਨਾਲ ਪਿਛਲੇ 15 ਸਾਲ ਤੋਂ 4 ਏਕੜ ਜ਼ਮੀਨ ਦਾ ਮੁਸ਼ਤਰਕਾ ਖਾਤਾ ਹੋਣ ਕਰ ਕੇ ਵਿਵਾਦ ਚੱਲ ਰਿਹਾ ਸੀ ਤੇ ਪਿਛਲੇ ਮਹੀਨੇ ਹੀ ਮੋਹਕਮ ਸਿੰਘ ਹਾਈ ਕੋਰਟ 'ਚੋਂ ਇਸ ਜ਼ਮੀਨ ਦਾ ਕੇਸ ਜਿੱਤਿਆ ਸੀ।

ਅਨੂਪ ਸਿੰਘ ਜ਼ਮੀਨ ਦਾ ਕਬਜ਼ਾ ਦੇਣ ਨੂੰ ਤਿਆਰ ਨਹੀਂ ਸੀ। ਪਿੰਡ ਦੇ ਮੋਹਤਬਰਾਂ ਨੇ ਅਨੂਪ ਸਿੰਘ ਨੂੰ ਕਬਜ਼ਾ ਛੱਡਣ 'ਤੇ ਰਾਜ਼ੀ ਕਰਵਾ ਲਿਆ ਤੇ ਜਦੋਂ ਮੋਹਕਮ ਸਿੰਘ ਆਪਣੇ ਸਾਥੀਆਂ ਨਾਲ ਜ਼ਮੀਨ ਦਾ ਕਬਜ਼ਾ ਲੈਣ ਗਿਆ ਤਾਂ ਅਨੂਪ ਸਿੰਘ ਉਸ ਦੇ ਪੁੱਤਰਾਂ ਸਮੇਤ ਕੁਝ ਅਣਪਛਾਤੇ ਵਿਅਕਤੀਆਂ ਨੇ ਮੋਹਕਮ ਸਿੰਘ ਤੇ ਉਸ ਦੇ ਇਕਲੌਤੇ ਪੁੱਤਰ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਦੌਰਾਨ ਮੋਹਕਮ ਸਿੰਘ ਤੇ ਦਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਜਾਖੜ ਨੇ ਕਰਜ਼ਾ ਮੁਆਫੀ 'ਤੇ ਸੁਖਬੀਰ ਨੂੰ ਵੰਗਾਰਿਆ

**ਰਾਜਪੁਰਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਦੇ ਮੁਆਫ ਕੀਤੇ ਕਰਜ਼ਿਆਂ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਇਸ ਮਾਮਲੇ 'ਤੇ ਰਾਜ ਦੇ ਵਸਨੀਕਾਂ ਨੂੰ ਗਲਤ ਅੰਕੜੇ ਪੇਸ਼ ਕਰ ਕੇ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਨੇ ਇਸ ਮੁੱਦੇ 'ਤੇ ਸ੍ਰੀ ਬਾਦਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਜਦੋਂ ਚਾਹੁਣ ਉਨ੍ਹਾਂ ਨਾਲ ਬਹਿਸ ਕਰ ਲੈਣ। ਉਹ ਸਾਬਤ ਕਰ ਦੇਣਗੇ ਕਿ ਰਾਜ ਸਰਕਾਰ ਵੱਲੋਂ ਕੀਤੇ ਕਰਜ਼ਾ ਮੁਆਫੀ ਦੇ ਐਲਾਨ ਨਾਲ ਲੱਖਾਂ ਕਿਸਾਨਾਂ ਨੂੰ ਰਾਹਤ ਮਿਲੇਗੀ।

ਸ੍ਰੀ ਜਾਖੜ ਨੇ ਆਖਿਆ ਕਿ ਕਰਜ਼ਾ ਮੁਆਫੀ ਦੇ ਫੈਸਲੇ ਨਾਲ ਰਾਜ ਦੇ 8 ਲੱਖ 75 ਹਜ਼ਾਰ ਕਿਸਾਨਾਂ ਦੇ ਖੇਤੀਬਾੜੀ ਕਰਜ਼ੇ ਉਤੇ ਭਾਵੇਂ ਉਹ ਕਿਸੇ ਵੀ ਬੈਂਕ ਦਾ ਹੋਵੇ, ਪੂਰੀ ਲੀਕ ਵੱਜ ਜਾਵੇਗੀ। ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਡੇਢ ਲੱਖ ਕਿਸਾਨਾਂ ਦਾ ਦੋ-ਦੋ ਲੱਖ ਦਾ ਕਰਜ਼ਾ ਮੁਆਫ ਹੋਵੇਗਾ।


**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਅਤਿਵਾਦ ਦੁਆਲੇ ਘੁੰਮਦੀ ਰਹੀ ਮੋਦੀ-ਟਰੰਪ ਵਾਰਤਾ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਲੇਠੀ ਮੁਲਾਕਾਤ ਦੌਰਾਨ ਅਤਿਵਾਦ ਮੁੱਖ ਮੁੱਦਾ ਰਿਹਾ। ਭਾਰਤ ਅਤੇ ਅਮਰੀਕਾ ਨੇ ਪਾਕਿਸਤਾਨ ਨੂੰ ਸਖਤ ਸੁਨੇਹੇ ਵਿਚ ਕਿਹਾ ਕਿ ਉਹ ਇਹ ਗੱਲ ਯਕੀਨੀ ਬਣਾਵੇ ਕਿ ਉਸ ਦੀ ਧਰਤੀ ਨੂੰ ਸਰਹੱਦ ਪਾਰਲੀ ਦਹਿਸ਼ਤਗਰਦੀ ਲਈ ਨਾ ਵਰਤਿਆ ਜਾ ਸਕੇ। ਇਸ ਦੇ ਨਾਲ ਹੀ ਨਰੇਂਦਰ ਮੋਦੀ ਅਤੇ ਟਰੰਪ ਨੇ ਆਈ.ਐਸ.ਆਈ.ਐਸ., ਜੈਸ਼-ਏ-ਮੁਹੰਮਦ, ਲਸ਼ਕਰੇ-ਤੋਇਬਾ ਅਤੇ ਦਾਊਦ ਕੰਪਨੀ ਵਰਗੇ ਦਹਿਸ਼ਤੀ ਗਰੁੱਪਾਂ ਖਿਲਾਫ਼ ਆਪਣੀ ਸਾਂਝੀ ਲੜਾਈ ਜਾਰੀ ਰੱਖਣ ਦਾ ਅਹਿਦ ਵੀ ਦੁਹਰਾਇਆ।



ਦੋਵਾਂ ਆਗੂਆਂ ਨੇ ਆਪਣੀ ਪਹਿਲੀ ਮੀਟਿੰਗ ਦੌਰਾਨ ਪਾਕਿਸਤਾਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਪਾਕਿਸਤਾਨ ਵਿਚਲੇ ਅਤਿਵਾਦੀਆਂ ਵੱਲੋਂ ਭਾਰਤ ਵਿਚ ਸਰਹੱਦ ਪਾਰੋਂ ਕੀਤੇ ਮੁੰਬਈ, ਪਠਾਨਕੋਟ ਅਤੇ ਹੋਰ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਤੇਜ਼ੀ ਨਾਲ ਕਾਰਵਾਈ ਕਰੇ। ਦੋਵਾਂ ਆਗੂਆਂ ਨੇ ਦਹਿਸ਼ਤਗਰਦੀ ਦੇ ਟਾਕਰੇ ਅਤੇ ਅਤਿਵਾਦੀਆਂ ਦੇ ਸੁਰੱਖਿਅਤ ਟਿਕਾਣਿਆਂ ਦੇ ਖਾਤਮੇ ਦਾ ਵੀ ਅਹਿਦ ਲਿਆ। ਵ੍ਹਾਈਟ ਹਾਊਸ ਦੇ ਰੋਜ਼ ਗਾਰਡਨ ਵਿਚ ਸ੍ਰੀ ਟਰੰਪ ਨਾਲ ਜਾਰੀ ਸਾਂਝੇ ਪ੍ਰੈਸ ਬਿਆਨ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਦਹਿਸ਼ਤਗਰਦੀ ਦਾ ਖਾਤਮਾ ਸਾਡੀਆਂ ਸਭ ਤੋਂ ਸਿਖਰਲੀਆਂ ਤਰਜੀਹਾਂ ਵਿਚ ਸ਼ਾਮਲ ਹੈ। ਦੋਹਾਂ ਆਗੂਆਂ ਦੀ ਮੀਟਿੰਗ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਪਾਕਿਸਤਾਨ ਨੂੰ ਸੱਦਾ ਦਿੰਦੀਆਂ ਹਨ ਕਿ ਉਹ ਇਹ ਯਕੀਨੀ ਬਣਾਵੇ ਕਿ ਉਸ ਦੀ ਸਰਜ਼ਮੀਨ ਦੂਜੇ ਮੁਲਕਾਂ ਉਤੇ ਅਤਿਵਾਦੀ ਹਮਲਿਆਂ ਲਈ ਇਸਤੇਮਾਲ ਨਾ ਕੀਤੀ ਜਾ ਸਕੇ। ਗੌਰਤਲਬ ਹੈ ਕਿ ਮੀਟਿੰਗ ਤੋਂ ਐਨ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਨੇ ਕਸ਼ਮੀਰੀ ਅਤਿਵਾਦੀ ਗਰੁੱਪ ਹਿਜ਼ਬੁਲ-ਮੁਜਾਹਦੀਨ ਦੇ ਆਗੂ ਸਈਦ ਸਲਾਹੂਦੀਨ ਨੂੰ ਆਲਮੀ ਦਹਿਸ਼ਤਗਰਦ ਗਰਦਾਨ ਕੇ ਮੀਟਿੰਗ ਦੀ ਸੁਰ ਤੈਅ ਕਰ ਦਿੱਤੀ ਸੀ।

ਟਰੰਪ ਨੇ ਸੰਯੁਕਤ ਰਾਸ਼ਟਰ ਦੇ ਸੁਧਾਰ ਮੌਕੇ ਸਲਾਮਤੀ ਕੌਂਸਲ ਵਿਚ ਪੱਕੀ ਸੀਟ ਸਮੇਤ ਐਨ.ਐਸ.ਜੀ. ਵਰਗੇ ਹੋਰ ਕੌਮਾਂਤਰੀ ਅਦਾਰਿਆਂ ਦੀ ਮੈਂਬਰੀ ਲਈ ਭਾਰਤੀ ਮੁਹਿੰਮ ਦੀ ਹਮਾਇਤ ਕੀਤੀ ਹੈ। ਮੋਦੀ ਨੇ ਇਸ ਹਮਾਇਤ ਲਈ ਸ੍ਰੀ ਟਰੰਪ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਚੀਨ ਤੇ ਪਾਕਿਸਤਾਨ ਦੇ ਆਰਥਿਕ ਕੌਰੀਡੋਰ ਅਤੇ ਚੀਨ ਦੀ ਬੈਲਟ ਤੇ ਰੋਡ ਪਹਿਲਕਦਮੀ (ਬੀ.ਆਰ.ਆਈ.) ਦੇ ਮੁੱਦੇ ਉਤੇ ਵੀ ਸ੍ਰੀ ਟਰੰਪ ਨੇ ਭਾਰਤ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਅਜਿਹੇ ਖੇਤਰੀ ਆਰਥਿਕ ਸੰਪਰਕ ਭਾਵੇਂ ਜ਼ਰੂਰੀ ਹਨ, ਪਰ ਇਸ ਮੌਕੇ ਪ੍ਰਭੂਸੱਤਾ ਅਤੇ ਇਲਾਕਾਈ ਅਖੰਡਤਾ ਦਾ ਧਿਆਨ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ।

### ਐਚ-1ਬੀ ਮੁੱਦੇ 'ਤੇ ਖਾਮੋਸ਼ੀ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਲੇਠੀ ਮੁਲਾਕਾਤ ਦੌਰਾਨ ਐਚ-1ਬੀ ਵੀਜ਼ੇ ਦਾ ਮੁੱਦਾ ਆਸ ਦੇ ਉਲਟ ਉਕਾ ਹੀ ਨਹੀਂ ਵਿਚਾਰਿਆ ਗਿਆ। ਐਚ-1ਬੀ ਵੀਜ਼ਿਆਂ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈ ਆਰਜ਼ੀ ਰੋਕ ਕਰ ਕੇ ਭਾਰਤ-ਅਮਰੀਕਾ ਸਬੰਧਾਂ 'ਤੇ ਖਤਰੇ ਦੇ ਬੱਦਲ ਛਾਏ ਹੋਏ ਸਨ ਤੇ ਅਜਿਹੇ ਕਿਆਸ ਲਾਏ ਜਾ ਰਹੇ ਸਨ ਕਿ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਦੁਵੱਲੀ ਗੱਲਬਾਤ ਦਾ ਹਿੱਸਾ ਬਣਾਇਆ ਜਾਵੇਗਾ।

## ਚੀਨ ਨੇ ਸਰਹੱਦ 'ਤੇ ਭਾਰਤ ਨੂੰ ਵੰਗਾਰਿਆ

**ਨਵੀਂ ਦਿੱਲੀ:** ਚੀਨ ਦੀ ਸੈਨਾ ਨੇ ਸਿੱਕਮ ਵਿਚ ਭਾਰਤੀ ਫੌਜ ਨਾਲ ਹੱਥੋਪਾਈ ਕਰ ਕੇ ਭਾਰਤੀ ਇਲਾਕੇ ਵਿਚ ਵੜਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਚੀਨ ਦੇ ਸੈਨਿਕਾਂ ਨੇ ਭਾਰਤੀ ਫੌਜ ਦੇ ਦੋ ਬੰਕਰ ਵੀ ਤੋੜ ਦਿੱਤੇ। ਚੀਨੀ ਸੈਨਿਕਾਂ ਨੂੰ ਰੋਕਣ ਲਈ ਭਾਰਤੀ ਨੂੰ ਕਾਫੀ ਜੱਦੋਜਹਿਦ ਕਰਨੀ ਪਈ। ਭਾਰਤੀ ਸੈਨਿਕਾਂ ਨੇ ਮਨੁੱਖੀ ਚੈਨ ਬਣਾ ਕੇ ਚੀਨ ਦੇ ਸੈਨਿਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਦੇ ਬਾਵਜੂਦ ਚੀਨੀ ਸੈਨਿਕ ਹੱਥੋਪਾਈ ਕਰਦੇ ਰਹੇ। ਦੂਜੇ ਪਾਸੇ ਚੀਨ ਨੇ ਉਲਟਾ ਭਾਰਤੀ ਸੈਨਿਕਾਂ ਉਤੇ ਸਰਹੱਦ ਪਾਰ ਕਰਨ ਦਾ ਦੋਸ਼ ਲਾਇਆ ਹੈ।

ਚੀਨ ਦੇ ਵਿਦੇਸ਼ ਮੰਤਰਾਲੇ ਅਨੁਸਾਰ ਭਾਰਤੀ ਸੈਨਿਕਾਂ ਨੇ ਚੀਨ ਦੀ ਸੈਨਾ ਦੇ ਜਵਾਨਾਂ ਦੀਆਂ ਉਥੇ ਚੱਲ ਰਹੀਆਂ ਗਤੀਵਿਧੀਆਂ ਨੂੰ ਰੋਕਿਆ। ਇਸ ਉਤੇ ਚੀਨ ਦੀ ਸੈਨਾ ਨੇ ਜਵਾਬੀ ਕਾਰਵਾਈ ਕੀਤੀ। ਯਾਦ ਰਹੇ ਕਿ ਪਿਛਲੇ 10 ਦਿਨਾਂ ਵਿਚ ਸਿੱਕਮ ਦੇ ਡੋਕਾ ਲਾ ਜਨਰਲ ਇਲਾਕੇ ਵਿਚ ਚੀਨ ਦੀ ਸੈਨਾ ਨੇ ਘੁਸਪੈਠ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਚੀਨ ਦੇ ਜਵਾਨਾਂ ਨੇ ਕੈਲਾਸ਼ ਮਾਨਸਰੋਵਰ ਦੀ ਯਾਤਰਾ ਉਤੇ ਜਾ ਰਹੇ ਸ਼ਰਧਾਲੂਆਂ ਦੇ ਜਥੇ ਨੂੰ ਰੋਕਿਆ। ਯਾਦ ਰਹੇ ਕਿ 2008 ਵਿਚ ਚੀਨ ਨੇ ਇਸੇ ਥਾਂ ਉਤੇ ਭਾਰਤੀ ਇਲਾਕੇ ਵਿਚ ਦਾਖਲ ਸੈਨਾ ਦੇ ਬੰਕਰ ਤੋੜੇ ਦਿੱਤੇ।

## ਆਮ ਆਦਮੀ ਪਾਰਟੀ ਨੇ ਫਿਰ ਖਾਧੀ ਮਾਤ

*(ਸਫਾ ਇਕ ਦੀ ਬਾਕੀ)*

ਦੇ ਵਿਧਾਇਕ ਕੋਈ ਵੀ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਣ ਦੀ ਥਾਂ ਸੰਸਦ ਦੇ ਬਾਹਰ ਮਾਰਸ਼ਲਾਂ ਤੋਂ ਮਾਰ ਖਾਂਦੇ ਰਹੇ। ਹੁਣ ਇਹ ਪ੍ਰਭਾਵ ਜਾ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਨੂੰ ਵਰਤ ਕੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡੇ ਹਨ। ਕਾਂਗਰਸ ਵੱਲੋਂ ਸੈਸ਼ਨ ਵਿਚ ਕਈ ਮਤੇ ਪਾਸ ਕੀਤੇ ਗਏ, ਪਰ ਇਨ੍ਹਾਂ 'ਤੇ ਬਹਿਸ ਕਰਨ ਲਈ ਵਿਰੋਧੀ ਧਿਰ ਗਾਇਬ ਰਹੀ। 'ਆਪ' ਦੇ ਤਜਰਬੇਕਾਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਸਿਮਰਨਜੀਤ ਸਿੰਘ ਬੈਂਸ ਪਹਿਲਾਂ ਹੀ ਕਾਂਗਰਸ ਦੀ ਸਿਆਸੀ ਰਣਨੀਤੀ ਦਾ ਸ਼ਿਕਾਰ ਹੋ ਕੇ ਵਿਧਾਨ ਸਭਾ ਤੋਂ ਬਾਹਰ ਹੋ ਗਏ।

ਇਸ ਲਈ ਮੁੱਖ ਵਿਰੋਧੀ ਧਿਰ ਕੋਲ ਕੋਈ ਵੀ ਆਗੂ ਅਜਿਹਾ ਨਹੀਂ ਸੀ ਜੋ ਕਾਂਗਰਸ ਦੇ ਬਜਟ ਜਾਂ ਮਤਿਆਂ ਨੂੰ ਵੰਗਾਰ ਸਕਦਾ। ਅਸਲ ਵਿਚ, ਕਾਂਗਰਸ ਨੂੰ ਇਜਲਾਸ ਤੋਂ ਪਹਿਲਾਂ ਹੀ ਪਤਾ ਸੀ ਕਿ ਵਿਰੋਧੀ ਧਿਰ ਉਸ ਨੂੰ ਰੇਤ ਦੀ ਕਾਲਾਬਾਜ਼ਾਰੀ ਤੇ ਚੋਣ ਵਾਅਦਿਆਂ ਦੇ ਮੁੱਦੇ 'ਤੇ ਘੇਰੇਗੀ। ਇਸ ਲਈ ਉਹ ਬਜਟ ਤੋਂ ਪਹਿਲਾਂ ਹੀ ਖਹਿਰਾ ਨੂੰ ਬਾਹਰ ਦਾ ਰਸਤਾ ਦਿਖਾਉਣ ਵਿਚ ਸਫਲ ਰਹੀ।

ਅਕਾਲੀ ਦਲ ਦੇ ਕੁਝ ਵਿਧਾਇਕਾਂ ਨੇ ਰੇਤ ਦੇ ਕਾਰੋਬਾਰ 'ਤੇ ਕਾਂਗਰਸ ਨੂੰ ਅੱਖਾਂ ਦਿਖਾਉਣ ਦੀ ਕੋਸ਼ਿਸ਼ ਕੀਤੀ, ਪਰ ਜਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹੇ ਹੋ ਕੇ ਇੰਨਾ ਹੀ ਕਿਹਾ ਕਿ ਉਸ ਕੋਲ ਰੇਤ ਮਾਫੀਆ ਨਾਲ ਜੁੜੇ ਸਾਰੇ ਅਕਾਲੀ ਆਗੂਆਂ ਦੀਆਂ ਲਿਸਟਾਂ ਹਨ ਤੇ ਹੁਣੇ ਪੜ੍ਹ ਕੇ ਸੁਣਾ ਸਕਦੇ ਹਨ। ਬੱਸ, ਇਸ ਤੋਂ ਬਾਅਦ ਸੁਖਬੀਰ ਬਾਦਲ ਸਣੇ ਸਾਰੇ ਅਕਾਲੀ ਵਿਧਾਇਕ ਕੰਨ ਵਿਚ ਪਾਇਆਂ ਨਹੀਂ ਰੜਕੇ। ਸ਼੍ਰੋਮਣੀ ਅਕਾਲੀ ਦਲ ਦੇ ਇਸ ਸੈਸ਼ਨ ਵਿਚ ਬੁਰੀ ਤਰ੍ਹਾਂ ਘਿਰਨ ਦੇ ਆਸਾਰ ਸਨ। ਸੱਤਾਧਿਰ ਕਾਂਗਰਸ ਨੇ ਇਸ ਦਾ ਪੂਰਾ ਬੰਦੋਬਸਤ ਵੀ ਕੀਤਾ ਹੋਇਆ ਸੀ। ਕਾਂਗਰਸ ਨੂੰ ਉਮੀਦ ਸੀ ਕਿ ਇਸ ਵਿਚ ਮੁੱਖ ਵਿਰੋਧੀ ਧਿਰ ਵੀ ਉਨ੍ਹਾਂ ਦਾ ਸਾਥ ਦੇਵੇਗੀ, ਕਿਉਂਕਿ ਇਨ੍ਹਾਂ ਮੁੱਦਿਆਂ 'ਤੇ 'ਆਪ' ਵੀ ਇਸੇ ਤਰ੍ਹਾਂ ਸੋਚਦੀ ਹੈ।

ਵਿਧਾਨ ਸਭਾ ਦਾ ਇਜਲਾਸ ਸ਼ੁਰੂ ਹੋਣ ਵੇਲੇ ਇਸ ਤਰ੍ਹਾਂ ਹੀ ਲੱਗਿਆ, ਪਰ ਤਜਰਬੇ ਦੀ ਘਾਟ ਕਰ ਕੇ ਆਮ ਆਦਮੀ ਪਾਰਟੀ ਖੁਦ ਆਪਣੇ ਚੱਕਰਵਿਊ ਵਿਚ ਫਸ ਗਈ। ਇਸ ਨਾਲ ਅਕਾਲੀ ਦਲ ਦੇ ਹੌਸਲੇ ਵਧ ਗਏ। ਅਕਾਲੀ ਦਲ ਨੇ ਪੂਰੇ ਇਜਲਾਸ ਵਿਚ ਇਸ ਤਰ੍ਹਾਂ ਪ੍ਰਭਾਵ ਦਿੱਤਾ ਕਿ ਮੁੱਖ ਵਿਰੋਧੀ ਧਿਰ ਉਹ ਹੀ ਹੈ। ਦਰਅਸਲ, ਅਕਾਲੀ ਦਲ ਕੋਲ 15 ਅਤੇ ਆਪ ਕੋਲ 20 ਸੀਟਾਂ ਹਨ। ਅਕਾਲੀ ਦਲ ਦੀਆਂ ਇਤਿਹਾਸ ਵਿਚ ਕਦੇ ਵੀ ਇੰਨੀਆਂ ਸੀਟਾਂ ਨਹੀਂ ਘਟੀਆਂ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਲੱਗਦਾ ਹੈ ਕਿ ਜੇ ਵਿਰੋਧੀ ਧਿਰ ਦੀ ਭੂਮਿਕਾ ਸਖਤ ਤਰੀਕੇ ਨਾਲ ਨਾ ਨਿਭਾਈ ਤਾਂ ਉਨ੍ਹਾਂ ਦਾ ਜ਼ਮੀਨੀ ਵਰਕਰ ਟੁੱਟ ਕੇ ਕਾਂਗਰਸ ਜਾਂ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਸਕਦਾ ਹੈ।

### ਅਕਾਲੀ ਦਲ ਲਈ ਪੰਥਕ ਮਸਲੇ ਮੁੜ ਹੋਏ ਅਹਿਮ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਬਾਦਲ ਹੁਣ ਲਗਾਤਾਰ ਸਿੱਖ ਮਸਲਿਆਂ ਨੂੰ ਚੁੱਕ ਰਿਹਾ ਹੈ। ਵਿਧਾਨ ਸਭਾ ਵਿਚ ਇਸ ਨੇ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਤੇ 'ਆਪ' ਵਿਧਾਇਕ ਦੀ ਪੱਗ ਲਹਿਣ ਦੇ ਮਸਲੇ ਉਠਾਏ। ਸਵਾਲ ਹੈ ਕਿ ਸੱਤਾ ਵਿਚ ਰਹਿੰਦਿਆਂ ਅਕਾਲੀ ਦਲ ਹਮੇਸ਼ਾ ਇਨ੍ਹਾਂ ਮੁੱਦਿਆਂ ਤੋਂ ਦੂਰ ਰਹਿੰਦਾ ਹੈ। ਦਰਅਸਲ, 2017 ਵਿਧਾਨ ਸਭਾ ਚੋਣਾਂ 'ਚ ਸਿੱਖ ਵੋਟ ਬੈਂਕ ਅਕਾਲੀ ਦਲ ਤੋਂ ਵੱਡੇ ਪੱਧਰ ਉਤੇ ਦੂਰ ਹੋਇਆ ਹੈ। ਇਹ ਵੋਟ ਬੈਂਕ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਖਾਤੇ ਗਿਆ ਸੀ। ਹੁਣ ਅਕਾਲੀ ਦਲ ਲਈ ਇਹ ਵੱਡੀ ਵੰਗਾਰ ਹੈ ਕਿ ਉਹ ਆਪਣੇ ਪੰਥਕ ਸਿੱਖ ਵੋਟ ਬੈਂਕ ਨੂੰ ਵਾਪਸ ਕਿਵੇਂ ਲਿਆਵੇ। ਇਹੀ ਕਾਰਨ ਹੈ ਕਿ ਅਕਾਲੀ ਦਲ ਲਗਾਤਾਰ ਗਰਮ ਤੋਂ ਗਰਮ ਪੰਥਕ ਮਸਲਿਆਂ ਨੂੰ ਹੱਥ ਪਾ ਰਿਹਾ ਹੈ। ਅਕਾਲੀ ਦਲ ਨੂੰ ਲੱਗਦਾ ਹੈ ਕਿ 2019 ਤੇ 2022 ਵਿਚ ਇਸੇ ਤਰ੍ਹਾਂ ਹੀ ਪੰਥਕ ਵੋਟ ਮੁੜ ਉਸ ਕੋਲ ਵਾਪਸ ਆਵੇਗਾ।

## ਪਲਬਿੰਦਰ ਕੌਰ ਦੇ ਪੇਕੇ ਪਿੰਡ ਰੁੜਕਾ ਕਲਾਂ 'ਚ ਖੁਸ਼ੀ ਦੀ ਲਹਿਰ

**ਜਲੰਧਰ:** ਪਿੰਡ ਰੁੜਕਾ ਕਲਾਂ ਦੀ ਦਸਤਾਰਧਾਰੀ ਧੀ, ਬੀਬੀ ਪਲਬਿੰਦਰ ਕੌਰ ਸ਼ੇਰਗਿੱਲ ਦੇ ਬ੍ਰਿਟਿਸ਼ ਕੋਲੰਬੀਆ ਦੇ ਜੱਜ ਨਿਯੁਕਤ ਕੀਤੇ ਜਾਣ ਦੀ ਖਬਰ ਮਿਲਦੇ ਸਾਰ ਪਿੰਡ ਰੁੜਕਾ ਕਲਾਂ ਵਿਚ ਖੁਸ਼ੀ ਦੀ ਲਹਿਰ ਫੈਲ ਗਈ। ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੇ ਪਿੰਡ ਵਿਚ ਲੱਡੂ ਵੰਡ ਕੇ ਖੁਸ਼ੀ ਪ੍ਰਗਟਾਈ। ਇਸ ਸਬੰਧੀ ਪਲਬਿੰਦਰ ਕੌਰ ਸ਼ੇਰਗਿੱਲ ਦੇ ਚਾਚੇ ਦੇ ਪੁੱਤਰ ਗੁਰਵਿੰਦਰ ਸਿੰਘ ਪੁੱਤਰ ਸੋਹਣ ਸਿੰਘ ਨੇ ਦੱਸਿਆ ਕਿ ਗਿਆਨ ਸਿੰਘ ਦਾ ਪਰਿਵਾਰ ਪਿਛਲੇ ਕਾਫੀ ਅਰਸੇ ਤੋਂ ਕੈਨੇਡਾ ਵਿਖੇ ਪੱਕੇ ਤੌਰ 'ਤੇ ਰਹਿ ਰਿਹਾ ਹੈ। ਪਲਵਿੰਦਰ ਕੌਰ 5-6 ਸਾਲ ਦੀ ਸੀ ਜਦੋਂ ਉਹ ਪਰਿਵਾਰ ਸਮੇਤ ਕੈਨੇਡਾ ਚਲੀ ਗਈ ਸੀ। ਉਸ ਦੀ ਇਕ ਭੈਣ ਕਮਲਜੀਤ ਕੌਰ ਅਤੇ ਇਕ ਭਰਾ ਹਰਜਿੰਦਰ ਸਿੰਘ ਹੈ ਜੋ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਉਨ੍ਹਾਂ ਦੱਸਿਆ ਕਿ ਪਲਵਿੰਦਰ ਕੌਰ ਅਤੇ ਉਨ੍ਹਾਂ ਦੇ ਪਿਤਾ ਦਾ ਪਿੰਡ ਨਾਲ ਬਹੁਤ ਮੋਹ ਹੈ ਅਤੇ ਅਕਸਰ ਪਿੰਡ ਗੇੜਾ ਮਾਰਦੇ ਰਹਿੰਦੇ ਹਨ। ਉਨ੍ਹਾਂ ਵੱਲੋਂ ਆਪਣੇ ਜੱਦੀ ਘਰ ਵਿਖੇ ਬੱਚਿਆਂ ਲਈ ਮੁਫਤ ਕੰਪਿਊਟਰ ਸੈਂਟਰ ਤੇ ਲੜਕੀਆਂ ਲਈ ਸਿਲਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ।

### ਸ਼੍ਰੋਮਣੀ ਕਮੇਟੀ ਕਰੇਗੀ ਪਲਬਿੰਦਰ ਕੌਰ ਦਾ ਸਨਮਾਨ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਕਮੇਟੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਕਮੇਟੀ ਵੱਲੋਂ ਪਲਬਿੰਦਰ ਕੌਰ ਸ਼ੇਰਗਿੱਲ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਪ੍ਰੋ. ਬਡੂੰਗਰ ਨੇ ਕਿਹਾ ਕਿ ਜਸਟਿਸ ਸ਼ੇਰਗਿੱਲ ਕੈਨੇਡਾ ਦੇ ਸਕੂਲਾਂ ਵਿਚ ਸਿੱਖ ਵਿਦਿਆਰਥੀਆਂ ਦੇ ਸ੍ਰੀ ਸਾਹਿਬ ਰੱਖਣ ਵਰਗੇ ਸਿੱਖ ਕੌਮ ਨਾਲ ਸਬੰਧਤ ਅਹਿਮ ਮਸਲਿਆਂ ਲਈ ਪ੍ਰਤੀਨਿਧਤਾ ਕਰ ਚੁੱਕੀ ਹੈ।

## ਦਸਤਾਰਧਾਰੀ ਬੀਬੀ ਸੁਪਰੀਮ ਕੋਰਟ ਦੀ ਜੱਜ ਬਣੀ

*(ਸਫਾ ਇਕ ਦੀ ਬਾਕੀ)*

ਸ਼ਹਿਰ ਪਲਿਮਥ ਰਹਿੰਦੇ ਰਿਐਲਟਰ ਰਾਜ ਸ਼ੇਰਗਿੱਲ ਦੀ ਭਤੀਜ ਨੂੰਹ ਹੈ।

'ਵਰਲਡ ਸਿੱਖ ਆਰਗੇਨਾਈਜ਼ੇਸ਼ਨ' ਦੇ ਸੁਖਬੀਰ ਸਿੰਘ ਮੁਤਾਬਕ "ਕੈਨੇਡਾ ਵਿਚ ਪਲਬਿੰਦਰ ਕੌਰ ਦੀ ਸੁਪਰੀਮ ਕੋਰਟ ਵਿਚ ਨਿਯੁਕਤੀ ਸਿੱਖ ਭਾਈਚਾਰੇ ਦੀ ਇਕ ਹੋਰ ਅਹਿਮ ਪ੍ਰਾਪਤੀ ਹੈ। ਇਹ ਸਿੱਖ ਭਾਈਚਾਰੇ ਲਈ ਬਹੁਤ ਮਾਣ ਦੀ ਗੱਲ ਹੈ ਕਿਉਂਕਿ ਜਸਟਿਸ ਸ਼ੇਰਗਿੱਲ ਆਪਣੇ ਪੇਸ਼ੇ ਦੇ ਨਾਲ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਵੀ ਪੂਰੀ ਤਰ੍ਹਾਂ ਤਤਪਰ ਰਹਿੰਦੇ ਹਨ।"


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਛੋਟੇ ਕਾਰੋਬਾਰੀ ਤੰਬਾਕੂ ਸਬੰਧੀ ਆਰਡੀਨੈਂਸ ਤੋਂ ਫਿਕਰਮੰਦ

**ਸੈਨ ਫਰਾਂਸਿਸਕੋ (ਬਿਊਰੋ):** ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ.ਪੀ.ਸੀ.ਏ.) ਨੇ ਸਰਕਾਰੀ ਪ੍ਰਸ਼ਾਸਨ ਵਲੋਂ ਤੰਬਾਕੂ ਤੇ ਇਸ ਤੋਂ ਬਣੀਆਂ ਚੀਜ਼ਾਂ ਉਤੇ ਰੋਕ ਲਾਉਣ ਦੇ ਯਤਨਾਂ 'ਤੇ ਫਿਕਰ ਜ਼ਾਹਰ ਕਰਦਿਆਂ ਇਨ੍ਹਾਂ ਯਤਨਾਂ ਨੂੰ ਛੋਟੇ ਕਾਰੋਬਾਰਾਂ ਲਈ ਘਾਤਕ ਦੱਸਿਆ ਹੈ ਅਤੇ ਕਿਹਾ

APCA
AMERICAN PETROLEUM AND CONVENIENCE STORE ASSOCIATION

ਹੈ ਕਿ ਇਨ੍ਹਾਂ ਯਤਨਾਂ ਨਾਲ ਕੁਝ ਵੀ ਸੰਵਰਨ ਦੀ ਸੰਭਾਵਨਾ ਬਹੁਤ ਘੱਟ ਹੈ।

ਛੋਟੇ ਕਾਰੋਬਾਰੀਆਂ ਦੀ ਇਸ ਜਥੇਬੰਦੀ ਦੇ ਐਗਜ਼ੈਕਟਿਵ ਬੋਰਡ ਮੈਂਬਰ ਸੰਜੀਵ ਪਟੇਲ ਨੇ ਕਿਹਾ ਹੈ ਕਿ ਸਿਲੀਕਾਨ ਵੈਲੀ ਕਾਰੋਬਾਰੀਆਂ, ਵਿਅਕਤੀਆਂ ਅਤੇ ਬਦਕਿਸਮਤੀ ਨਾਲ ਸਰਕਾਰ ਲਈ ਨਵੇਂ ਤੋਂ ਨਵੇਂ ਖਿਆਲ ਬਣਾਉਣ ਦੀ ਜਨਮ ਭੂਮੀ ਹੈ। ਹੁਣ ਸਾਡੇ ਆਲੇ ਦੁਆਲੇ ਹਰ ਥਾਂ ਤੰਬਾਕੂ ਉਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸ੍ਰੀ ਪਟੇਲ ਨੇ ਆਖਿਆ ਕਿ ਤੰਬਾਕੂ ਵਿਰੋਧੀ ਧਿਰਾਂ ਆਪਣਾ ਏਜੰਡਾ ਠੋਸਣ ਲਈ ਅਤੇ ਸਾਡੇ ਛੋਟੇ ਕਾਰੋਬਾਰੀਆਂ ਦੇ ਉਦਮ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਸਾਡੀ ਏਕਤਾ ਦਾ ਨਾਜਾਇਜ਼ ਫਾਇਦਾ ਉਠਾਉਣ ਲਈ ਯਤਨਸ਼ੀਲ ਹਨ।

ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਅਜਿਹੀਆਂ ਹੋਰ ਵਪਾਰਕ ਜਥੇਬੰਦੀਆਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਆਰਡੀਨੈਂਸਾਂ ਵਿਰੁਧ ਆਵਾਜ਼ ਉਠਾਉਂਦੀ ਆ ਰਹੀ ਹੈ ਜਿਹੜੇ ਛੋਟੇ ਕਾਰੋਬਾਰ ਲਈ ਘਾਤਕ ਸਾਬਿਤ ਹੋ ਸਕਦੇ ਹਨ।




ਜਥੇਬੰਦੀ ਦੇ ਚੇਅਰਮੈਨ ਮਨਰਾਜ ਨੰਤ ਦਾ ਕਹਿਣਾ ਹੈ ਕਿ ਜੇ ਇਹ ਆਰਡੀਨੈਂਸ ਪਾਸ ਹੋ ਜਾਂਦੇ ਹਨ ਤਾਂ ਸਾਡੇ ਮੈਂਬਰ ਕਾਰੋਬਾਰੀਆਂ ਲਈ ਬਹੁਤ ਹੀ ਘਾਤਕ ਸਾਬਤ ਹੋਣਗੇ। ਇਕ ਅੰਦਾਜ਼ੇ ਮੁਤਾਬਕ ਕਾਰੋਬਾਰੀਆਂ ਨੂੰ ਸ਼ੁੱਧ ਮੁਨਾਫੇ ਵਿਚ 30 ਤੋਂ 50 ਹਜ਼ਾਰ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ। ਇਸ ਨੁਕਸਾਨ ਨਾਲ ਸਾਡੇ ਕਾਰੋਬਾਰਾਂ ਦੀ ਕੀਮਤ ਵੀ ਬਹੁਤ ਥੱਲੇ ਆ ਜਾਵੇਗੀ।

ਸ੍ਰੀ ਨੰਤ ਨੇ ਦੱਸਿਆ ਕਿ ਕੌਂਟਰਾ ਕੋਸਟਾ ਕਾਉਂਟੀ, ਸੈਨ ਫਰਾਂਸਿਸਕੋ ਕਾਉਂਟੀ, ਓਕਲੈਂਡ ਸਿਟੀ ਅਤੇ ਸੈਨ ਲੀਐਂਡਰੋ ਸਿਟੀ ਨੇ ਅਜਿਹੇ ਆਰਡੀਨੈਂਸ ਤਜਵੀਜ਼ ਕੀਤੇ ਹਨ ਜਿਨ੍ਹਾਂ ਅਨੁਸਾਰ ਫਲੇਵਰਡ ਤੰਬਾਕੂ ਅਤੇ 10 ਸਿਗਾਰਾਂ ਦੇ ਪੈਕ ਉਤੇ ਪਾਬੰਦੀ ਲਾਉਣਾ, ਸਕੂਲ ਦੇ ਬਹੁਤ ਨੇੜੇ ਦੇ ਸਟੋਰ ਦੇ ਮੌਜੂਦਾ ਲਾਈਸੈਂਸ ਨੂੰ ਤਬਦੀਲ ਨਾ ਕੀਤੇ ਜਾਣਾ, ਕਾਉਂਟੀ ਵਲੋਂ ਲਾਈਸੈਂਸ ਰੱਦ ਕਰਨ ਤੋਂ ਪਹਿਲਾਂ ਮੌਜੂਦਾ ਰੀਟੇਲਰਾਂ ਨੂੰ 10 ਸਾਲ ਤੱਕ ਕਾਰੋਬਾਰ ਚਲਾਉਣ ਦੀ ਇਜਾਜ਼ਤ ਦੇਣਾ ਅਤੇ ਇਨ੍ਹਾਂ ਯਤਨਾਂ ਦੀ ਉਲੰਘਣਾ 'ਤੇ ਵੱਡੇ ਜੁਰਮਾਨੇ ਕੀਤੇ ਜਾਣਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਏ.ਪੀ.ਸੀ.ਏ. ਦੇ ਯਤਨਾਂ ਸਦਕਾ ਜੁਰਮਾਨੇ ਅਤੇ ਸਜ਼ਾ ਦੇ ਆਰਡੀਨੈਂਸ ਤੋਂ ਕੁਝ ਹੱਦ ਤੱਕ ਰਾਹਤ ਦਿਵਾਈ ਜਾ ਸਕੇਗੀ। ਜਥੇਬੰਦੀ ਦੇ ਮੈਂਬਰਾਂ ਨੇ ਬਹੁਤ ਸਾਰੇ ਸੁਪਰਵਾਈਜ਼ਰਾਂ ਅਤੇ ਕੌਂਸਲ ਮੈਂਬਰਾਂ ਨੂੰ ਮਿਲ ਕੇ ਆਪਣੇ ਫਿਕਰ ਜ਼ਾਹਰ ਕੀਤੇ ਹਨ। ਸਾਡੇ ਮੈਂਬਰਾਂ ਨੇ ਇਨ੍ਹਾਂ ਆਰਡੀਨੈਂਸਾਂ ਦੇ ਪੈਣ ਵਾਲੇ ਘਾਤਕ ਅਸਰ ਬਾਰੇ ਜਾਣੂ ਕਰਵਾਇਆ ਹੈ।

ਏ.ਪੀ.ਸੀ.ਏ. ਦੇ ਮੈਂਬਰ ਪੌਲ ਹੇਅਰ ਦਾ ਕਹਿਣਾ ਹੈ ਕਿ ਇਹ ਸਾਬਤ ਹੋ ਚੁਕਾ ਹੈ ਕਿ ਰੀਟੇਲਰ ਕਾਰੋਬਾਰੀਆਂ ਵਲੋਂ ਕਾਨੂੰਨਾਂ ਦੀ ਪੈਰਵੀ 95% ਤੱਕ ਕੀਤੀ ਜਾ ਰਹੀ ਹੈ। ਕੀਤੀ ਗਈ ਪੜਤਾਲ ਤੋਂ ਇਹ ਸਾਬਤ ਹੋ ਚੁਕਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਤੰਬਾਕੂ ਵਸਤਾਂ ਰੀਟੇਲਰਾਂ ਤੋਂ ਨਹੀਂ, ਸਗੋਂ ਹੋਰ ਸੋਸ਼ਲ ਵਸੀਲਿਆਂ ਤੋਂ ਮਿਲਦੀਆਂ ਹਨ। ਇਨ੍ਹਾਂ ਆਰਡੀਨੈਂਸਾਂ ਦਾ ਇਸ ਸਭ ਨੂੰ ਰੋਕਣ ਲਈ ਕੋਈ ਲਾਭ ਨਹੀਂ ਹੁੰਦਾ। ਏ.ਪੀ.ਸੀ.ਏ. ਕੁਝ ਵਿਧਾਨਕਾਰਾਂ ਨੂੰ ਇਹ ਦੱਸਣ ਵਿਚ ਸਫਲ ਰਹੀ ਹੈ ਕਿ ਟੀਨ ਏਜਰਾਂ ਨੂੰ ਤੰਬਾਕਨੋਸ਼ੀ ਤੋਂ ਰੋਕਣ ਲਈ ਹੋਰ ਅਜਿਹੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ ਜਿਨ੍ਹਾਂ ਦਾ ਕੋਈ ਲਾਭ ਵੀ ਹੋ ਸਕੇ।

ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਗੈਸ ਸਟੇਸ਼ਨ, ਲਿੱਕਰ ਸਟੋਰ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੀ ਇਕ ਨਾਨ ਪ੍ਰਾਫਿਟ ਜਥੇਬੰਦੀ ਹੈ ਅਤੇ ਇਸ ਦੇ 800 ਤੋਂ ਵੱਧ ਮੈਂਬਰ ਹਨ। ਜਥੇਬੰਦੀ ਆਪਣੇ ਮੈਂਬਰਾਂ ਨੂੰ ਆਪਣਾ ਕਾਰੋਬਾਰ ਵਧਾਉਣ ਲਈ ਸਿੱਖਿਅਤ ਕਰਨ ਦੇ ਉਪਰਾਲੇ ਵੀ ਕਰਦੀ ਹੈ।

ਹੋਰ ਜਾਣਕਾਰੀ ਵਾਸਤੇ ਏ.ਪੀ.ਸੀ.ਏ. ਦੇ ਐਗਜ਼ੈਕਟਿਵ ਡਾਇਰੈਕਟਰ ਕੇਵਲ ਕ੍ਰਿਸ਼ਨ ਨਾਲ ਫੋਨ 408-385-2020 ਜਾਂ ਈਮੇਲ: admin@apca.us ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਲੜਕੀ ਦੀ ਲੋੜ ਹੈ

ਗੁਰਸਿੱਖ ਲੜਕੇ, ਮਕੈਨੀਕਲ ਇੰਜੀਨੀਅਰ 24 ਸਾਲ ਕੱਦ 5'8" ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਸੰਤ ਬਾਬਾ ਹਰਿਮੰਦਰ ਸਿੰਘ 91-73557-00013 or hs0013munday@gmail.com 24-27

### ਵਰ ਦੀ ਲੋੜ ਹੈ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 21-24

## ਜਾਧਵ ਵੱਲੋਂ ਰਹਿਮ ਦੀ ਅਪੀਲ

**ਇਸਲਾਮਾਬਾਦ:** ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਜਿਸ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੋਈ ਹੈ, ਨੇ ਪਾਕਿਸਤਾਨ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਕੋਲ ਰਹਿਮ ਦੀ ਅਰਜ਼ੀ ਦਾਖਲ ਕੀਤੀ ਹੈ।

ਅੰਤਰ ਸਰਵਿਸਿਜ ਪਬਲਿਕ ਰਿਲੇਸ਼ਨ (ਆਈ.ਐਸ.ਪੀ.ਆਰ.) ਨੇ ਦਾਅਵਾ ਕੀਤਾ ਹੈ ਕਿ ਜਾਧਵ ਨੇ ਅਪੀਲ ਵਿਚ ਪਾਕਿਸਤਾਨ ਵਿਚ ਜਸੂਸੀ ਕਰਨ ਅਤੇ ਅਤਿਵਾਦੀ ਗਤੀਵਿਧੀਆਂ ਵਿਚ ਆਪਣੀ ਸ਼ਮੂਲੀਅਤ ਕਬੂਲ ਕਰਨ ਦੇ ਨਾਲ-ਨਾਲ ਮਨੁੱਖੀ ਜਾਨਾਂ ਅਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਣ ਉਤੇ ਅਫਸੋਸ ਜ਼ਾਹਿਰ ਕੀਤਾ ਹੈ।

## ਸਮਾਜ ਸੇਵੀ ਪੰਮਾ ਸੈਦੋਕੇ ਦੀ ਮਾਤਾ ਸੁਰਗਵਾਸ

**ਫਰਿਜ਼ਨੋ (ਬਿਊਰੋ):** ਇਥੋਂ ਦੇ ਸਮਾਜ ਸੇਵੀ ਪੰਮਾ ਸੈਦੋਕੇ ਨੂੰ ਉਦੋਂ ਸਦਮਾ ਲੱਗਾ ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਮਾਤਾ ਸੁਰਜੀਤ ਕੌਰ ਧਾਲੀਵਾਲ (80) ਉਨ੍ਹਾਂ ਦੇ ਜੱਦੀ ਪਿੰਡ ਸੈਦੋਕੇ, ਜਿਲ੍ਹਾ ਮੋਗਾ ਵਿਚ ਅਚਾਨਕ ਅਕਾਲ ਚਲਾਣਾ ਕਰ



ਗਏ। ਉਨ੍ਹਾਂ ਦੀਆਂ ਅੰਤਿਮ ਰਸਮਾਂ ਪਿੰਡ ਸੈਦੋਕੇ ਵਿਖੇ ਹੀ ਹੋਣਗੀਆਂ। ਪੰਮਾ ਸੈਦੋਕੇ ਦੇ ਪਿਤਾ ਸ. ਕਰਤਾਰ ਸਿੰਘ ਧਾਲੀਵਾਲ ਤਕਰੀਬਨ ਪੰਜ ਸਾਲ ਪਹਿਲਾਂ ਚਲਾਣਾ ਕਰ ਗਏ ਸਨ।

ਜ਼ਿਕਰਯੋਗ ਹੈ ਕਿ ਪੰਮਾ ਸੈਦੋਕੇ ਨੇ ਪੰਜਾਬ ਵਿਚ ਕਰੀਬ 200 ਗਰੀਬ ਕੁੜੀਆਂ ਦੇ ਵਿਆਹ ਆਪਣੇ ਹੱਥੀਂ ਕੀਤੇ ਅਤੇ 25-30 ਲੋੜਵੰਦ ਕੁੜੀਆਂ ਦੇ ਹੱਥ ਪੀਲੇ ਫਰਿਜ਼ਨੋ ਵਿਖੇ ਆਪਣੇ ਘਰੇ ਰੱਖ ਕੇ ਕੀਤੇ। ਪੰਮੇ ਅਨੁਸਾਰ ਜੋ ਵੀ ਮੇਰਾ ਨਾਮ ਭਾਈਚਾਰੇ ਵਿਚ ਹੈ ਇਹਦੇ ਪਿੱਛੇ ਮੇਰੇ ਮਾਂ ਬਾਪ ਦਾ ਬਹੁਤ ਵੱਡਾ ਹੱਥ ਹੈ। ਪੰਮਾ ਸੈਦੋਕੇ ਨਾਲ ਸੰਪਰਕ ਫੋਨ: 559-217-2521 ਰਾਹੀਂ ਕੀਤਾ ਜਾ ਸਕਦਾ ਹੈ।

## ਪਰਵਾਸੀ ਪੰਜਾਬੀ ਸਾਹਿਤ ਸੰਮੇਲਨ ਲਈ ਤਿਆਰੀ ਸਬੰਧੀ ਮੀਟਿੰਗ 2 ਜੁਲਾਈ ਨੂੰ

ਸਟਾਕਟਨ (ਬਿਊਰੋ): ਸਥਾਨਕ ਪੰਜਾਬੀ ਸਾਹਿਤ ਸਭਾ ਦੀ ਇੱਕ ਮੀਟਿੰਗ 2 ਜੁਲਾਈ, ਐਤਵਾਰ ਨੂੰ ਸ਼ਾਮ 3.00 ਵਜੇ 'ਸੇਵਾ ਸਦਨ' ਹਾਲ (17910 ਮਰਫੀ ਪਾਰਕ ਵੇਅ, ਲੈਥਰੋਪ) ਵਿਚ ਰੱਖੀ ਗਈ ਹੈ। ਮੀਟਿੰਗ ਦਾ ਮੁੱਖ ਮੰਤਵ 20 ਅਗਸਤ 2017 ਨੂੰ ਸਟਾਕਟਨ ਵਿਚ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤ ਸੰਮੇਲਨ ਦੀਆਂ ਪ੍ਰਬੰਧਕੀ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕਰਨਾ ਹੋਵੇਗਾ।


ਸੰਮੇਲਨ ਕੈਲੀਫੋਰਨੀਆ ਦੀਆਂ ਤਿੰਨ ਸਾਹਿਤ ਸਭਾਵਾਂ-ਪੰਜਾਬੀ ਸਾਹਿਤ ਸਭਾ ਸਟਾਕਟਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ ਏਰੀਆ) ਅਤੇ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਸਾਂਝੇ ਉਦਮਾਂ ਨਾਲ ਉਲੀਕਿਆ ਗਿਆ ਹੈ। ਸਭਾ ਨੇ ਸਮੂਹ ਮੈਂਬਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਅਤੇ ਆਪਣੇ ਕੀਮਤੀ ਸੁਝਾਅ ਸਾਂਝੇ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਹਰਜਿੰਦਰ ਪੰਧੇਰ (ਫੋਨ: 209- 610-5055) ਪਾਸੋਂ ਲਈ ਜਾ ਸਕਦੀ ਹੈ।

## ਪਿਤਾ ਨੂੰ ਰਾਹਤ ਦੇਣ ਲਈ ਜ਼ਹਿਰ ਖਾਧਾ, ਪੰਜ ਭੈਣ-ਭਰਾਵਾਂ ਦੀ ਮੌਤ

**ਕਪੂਰਥਲਾ:** ਪੰਜਾਬ ਦੇ ਕਪੂਰਥਲਾ ਵਿਚ ਇਕ ਹੀ ਪਰਿਵਾਰ ਦੇ 5 ਜੀਆਂ ਨੇ ਖੁਦਕੁਸ਼ੀ ਕਰ ਲਈ। ਦਿਲ ਦਹਿਲਾ ਦੇਣ ਵਾਲੀ ਗੱਲ ਇਹ ਹੈ ਕਿ ਖੁਦਕੁਸ਼ੀ ਕਰਨ ਵਾਲੇ ਸਾਰੇ ਭੈਣ-ਭਰਾ ਹਨ। ਇਨ੍ਹਾਂ ਨੇ ਆਰਥਿਕ ਤੰਗੀ ਕਾਰਨ ਆਪਣੇ ਪਿਤਾ ਨੂੰ ਰਾਹਤ ਦੇਣ ਲਈ ਜ਼ਹਿਰ ਖਾ ਕੇ ਆਪਣਾ ਜੀਵਨ ਸਮਾਪਤ ਕਰ ਲਿਆ।

ਕਪੂਰਥਲਾ ਦੇ ਲਕਸ਼ਮੀ ਨਗਰ ਵਿਚ ਰਹਿਣ ਵਾਲੇ ਪਰਵਾਸੀ ਮਜ਼ਦੂਰ ਦੇ ਸਭ ਤੋਂ ਵੱਡੇ ਪੁੱਤਰ ਅਭਿਨੰਦਨ ਕੁਮਾਰ ਨੇ ਬਾਜ਼ਾਰ ਤੋਂ ਬਰਗਰ ਲਿਆ ਕੇ ਆਪਣੀ 9 ਸਾਲ ਦੀ ਭੈਣ ਅਰਚਨਾ ਕੁਮਾਰੀ, 10 ਸਾਲ ਦੇ ਭਰਾ ਅਨੁਰਾਗ ਕੁਮਾਰ, 15 ਸਾਲ ਦੀ ਅਨੰਦਾ, 18 ਸਾਲ ਦੇ ਅਨੂ ਕੁਮਾਰ ਤੇ ਆਪਣੇ ਰਿਸ਼ਤੇਦਾਰ ਭਰਾ ਹਰੀ ਨੰਦਨ 21 ਸਾਲ ਨੂੰ ਖੁਆ ਦਿੱਤਾ। ਬਰਗਰਾਂ ਵਿਚ ਕੋਈ ਜ਼ਹਿਰੀਲੀ ਚੀਜ਼ ਮਿਲੀ ਹੋਈ ਸੀ। ਬਰਗਰ ਖਾਂਦੇ ਸਾਰ ਸਾਰੇ ਭੈਣ ਭਰਾ ਉਲਟੀਆਂ ਕਰਨ ਲੱਗ ਪਏ। ਉਨ੍ਹਾਂ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਜਿਥੇ ਅਭਿਨੰਦਨ ਸਮੇਤ ਸਾਰੇ ਭੈਣ-ਭਰਾਵਾਂ ਦੀ ਮੌਤ ਹੋ ਗਈ। ਬੱਚਿਆਂ ਦਾ ਪਿਤਾ ਨਾਈ ਦਾ ਕੰਮ ਕਰਦਾ ਹੈ ਤੇ ਉਸ ਦੇ 7 ਬੱਚੇ ਹਨ। ਇਨ੍ਹਾਂ ਵਿਚੋਂ 5 ਬੱਚਿਆਂ ਦੀ ਮੌਤ ਹੋ ਗਈ। ਇਕ 5 ਸਾਲ ਦੀ ਬੱਚੀ ਨੂੰ ਵੀ ਅਭਿਨੰਦਨ ਨੇ ਸ਼ੀਸ਼ੀ ਵਿਚ ਜ਼ਹਿਰ ਖਵਾਉਣਾ ਚਾਹਿਆ, ਪਰ ਉਹ ਡਰ ਕੇ ਮਾਂ ਕੋਲ ਚਲੀ ਗਈ ਸੀ ਜਦਕਿ ਇਕ ਬੇਟਾ ਅਵਿਨਾਸ਼ ਕੁਮਾਰ ਕਿਸੇ ਵਿਆਹ 'ਚ ਗਿਆ ਹੋਇਆ ਸੀ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605

www.princebarbershop.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
7021 Village Park Way, Dublin, CA 94568
Email: Homeomedicine@yahoo.com

ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-

# ਸ਼ਾਹੂਕਾਰਾਂ ਦਾ ਕਰਜ਼ਾ ਸਰਕਾਰੀ ਗਿਣਤੀ-ਮਿਣਤੀ ਤੋਂ ਬਾਹਰ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਦੋ ਲੱਖ ਰੁਪਏ ਤੱਕ ਦਾ ਫਸਲੀ ਕਰਜ਼ਾ ਮੁਆਫ ਕਰਨ ਦੀ ਪਹਿਲ ਦੇ ਨਾਲ ਹੀ ਆੜ੍ਹਤੀਆਂ ਦੇ ਕਰਜ਼ੇ ਦਾ ਸਵਾਲ ਖੜ੍ਹਾ ਹੋ ਗਿਆ ਹੈ। ਪਹਿਲਾਂ ਵੀ ਕਮੇਟੀਆਂ ਅਤੇ ਕਮਿਸ਼ਨ ਬਣੇ ਪਰ ਸਰ ਛੋਟੂ ਰਾਮ ਵੱਲੋਂ 1934 ਵਿਚ ਬਣਾਏ ਕਰਜ਼ਾ ਨਿਵਾਰਨ ਕਾਨੂੰਨ ਦੇ ਨੇੜੇ-ਤੇੜੇ ਕੋਈ ਵੀ ਜਾਣ ਲਈ ਤਿਆਰ ਨਹੀਂ ਹੈ। ਮੁੱਖ ਮੰਤਰੀ ਨੇ ਹੁਣ ਬਾਦਲ ਸਰਕਾਰ ਵੱਲੋਂ ਬਣਾਏ ਅੱਧੇ ਅਧੂਰੇ ਕਰਜ਼ਾ ਨਿਬੇੜੂ ਬਿੱਲ ਵਿਚ ਸੋਧ ਲਈ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਪੁਰਾਣੀਆਂ ਕਮੇਟੀਆਂ ਨੂੰ ਦੇਖਦਿਆਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਨਵੀਂ ਕਮੇਟੀ 'ਤੇ ਭਰੋਸਾ ਕਰਨਾ ਔਖਾ ਲੱਗ ਰਿਹਾ ਹੈ।



ਪੰਜਾਬ ਦੇ ਖੇਤੀ ਖੇਤਰ ਵਿਚੋਂ ਆੜ੍ਹਤੀਆਂ ਨੂੰ ਮਨਫੀ ਕਰਨਾ ਅਤੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਨਿਜਾਤ ਦਿਵਾਉਣੀ ਵੱਡੀ ਚੁਣੌਤੀ ਬਣੀ ਹੋਈ ਹੈ। 'ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ' (ਨਾਬਾਰਡ) ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਆੜ੍ਹਤੀਆ ਪ੍ਰਣਾਲੀ ਅਤੇ ਕਾਰ ਵਿਹਾਰ ਸਬੰਧੀ ਕੁਝ ਸਮਾਂ ਪਹਿਲਾਂ ਕਰਵਾਏ ਇਕ ਵਿਸ਼ੇਸ਼ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਸਮੂਹ ਆੜ੍ਹਤੀਆਂ ਨੂੰ ਇਸ ਸਮੇਂ ਜਿਣਸਾਂ ਦੀ ਵਿਕਰੀ ਤੋਂ ਮਿਲਦੇ ਕਮਿਸ਼ਨ ਅਤੇ ਆੜ੍ਹਤ ਨਾਲ ਸਬੰਧਤ ਦੁਕਾਨਦਾਰੀ ਤੋਂ ਸਾਲਾਨਾ 3 ਹਜ਼ਾਰ ਕਰੋੜ ਰੁਪਏ ਤੋਂ ਵਧੇਰੇ ਦੀ ਆਮਦਨ ਹੁੰਦੀ ਹੈ। ਉਧਰ, ਪੰਜਾਬ ਦੇ ਪ੍ਰਤੀ ਕਿਸਾਨ ਸਿਰ ਕਰਜ਼ਾ ਇਸ ਸਮੇਂ 8 ਲੱਖ ਰੁਪਏ ਦੇ ਕਰੀਬ ਪੁੱਜ ਗਿਆ ਹੈ। ਇਸ ਵਿਚੋਂ ਆੜ੍ਹਤੀਆਂ ਦਾ ਕਰਜ਼ਾ ਲਗਭਗ ਪੌਣੇ ਦੋ ਲੱਖ ਰੁਪਏ ਹੈ। ਪੀ.ਏ.ਯੂ. ਦੇ ਮਾਹਿਰਾਂ ਦਾ ਮੰਨਣਾ ਹੈ ਕਿ ਆੜ੍ਹਤੀਆਂ ਨੇ ਪਿਛਲੇ ਸਾਲ ਦੌਰਾਨ ਹੀ ਜਿਣਸਾਂ (ਕਣਕ, ਝੋਨਾ ਅਤੇ ਨਰਮੇ) ਦੇ ਕਮਿਸ਼ਨ ਤੋਂ 1500 ਕਰੋੜ ਰੁਪਏ ਦੇ ਕਰੀਬ ਦੀ ਕਮਾਈ ਕੀਤੀ ਹੈ। ਅਹਿਮ ਤੱਥ ਇਹ ਹੈ ਕਿ ਪੰਜਾਬ ਦੇ ਆੜ੍ਹਤੀਆਂ ਨੂੰ ਸਾਲ 1989-90 ਦੌਰਾਨ ਜਿਣਸਾਂ ਤੋਂ ਮਿਲਦੇ ਕਮਿਸ਼ਨ ਤੋਂ ਮਹਿਜ਼ 375.59 ਕਰੋੜ ਰੁਪਏ ਦੀ ਆਮਦਨ ਹੁੰਦੀ ਸੀ।

ਪੀ.ਏ.ਯੂ. ਦੇ ਆਰਥਿਕ ਮਾਹਿਰਾਂ ਨੇ ਇਸ ਅਧਿਐਨ ਵਿਚ ਖੁਲਾਸਾ ਕੀਤਾ ਸੀ ਕਿ ਆੜ੍ਹਤੀਆ ਸਿਰਫ ਜਿਣਸਾਂ 'ਤੇ ਕਮਿਸ਼ਨ ਹੀ ਨਹੀਂ ਲੈਂਦਾ ਸਗੋਂ ਹੋਰ ਦੁਕਾਨਦਾਰੀ ਜ਼ਰੀਏ ਵੀ ਚੰਗੀ ਕਮਾਈ ਕਰਦਾ ਹੈ। ਆੜ੍ਹਤੀਆਂ ਨੇ ਖਾਦਾਂ, ਕੀੜੇਮਾਰ ਦਵਾਈਆਂ, ਕੱਪੜੇ ਤੇ ਰਾਸ਼ਨ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ ਤੇ ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨਾਂ ਨੂੰ ਇਨ੍ਹਾਂ ਦੁਕਾਨਾਂ ਤੋਂ ਹੀ ਸਾਮਾਨ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ 22 ਫੀਸਦੀ ਕਰਜ਼ਾ ਆੜ੍ਹਤੀਆਂ ਦਾ ਹੈ। ਇਸ ਕਰਜ਼ੇ ਦਾ ਵਿਆਜ 18 ਫੀਸਦੀ ਤੋਂ 36 ਫੀਸਦੀ ਤੱਕ ਹੈ।

ਪੰਜਾਬ ਵਿਚ ਸੰਸਥਾਗਤ ਕਰਜ਼ਾ (ਬੈਂਕਾਂ ਤੇ ਵਿੱਤੀ ਅਦਾਰਿਆਂ ਦਾ) 4 ਤੋਂ 19 ਫੀਸਦੀ ਵਿਆਜ ਦਰਾਂ 'ਤੇ ਕਿਸਾਨਾਂ ਨੂੰ ਮਿਲਦਾ ਹੈ। ਇਕ ਲੱਖ ਦੇ ਕਰਜ਼ੇ ਮਗਰ ਕਿਸਾਨ ਤੋਂ ਵਿਆਜ ਵਜੋਂ ਆੜ੍ਹਤੀਆ ਬੈਂਕ ਨਾਲੋਂ ਤਕਰੀਬਨ 8 ਹਜ਼ਾਰ ਰੁਪਏ ਵੱਧ ਵਸੂਲ ਕਰਦਾ ਹੈ। ਪੀ.ਏ.ਯੂ. ਦੇ ਅਧਿਐਨ ਮੁਤਾਬਕ ਆੜ੍ਹਤੀਆਂ ਨੂੰ ਕਿਸਾਨਾਂ ਵੱਲੋਂ ਮੰਡੀ ਵਿਚ ਵੇਚੀਆਂ ਜਾਂਦੀਆਂ ਜਿਣਸਾਂ ਉਤੇ 26 ਮਈ 1961 ਨੂੰ 1.5 ਫੀਸਦੀ ਕਮਿਸ਼ਨ ਮਿਲਦਾ ਸੀ। ਸਰਕਾਰ ਨੇ 11 ਅਪਰੈਲ 1990 ਨੂੰ ਇਹ ਕਮਿਸ਼ਨ 2 ਫੀਸਦੀ ਅਤੇ ਫਿਰ 22 ਮਈ 1998 ਨੂੰ ਢਾਈ ਫੀਸਦੀ ਕਰ ਦਿੱਤਾ ਸੀ। ਇਸ ਅਧਿਐਨ ਵਿਚ ਸੁਝਾਅ ਦਿੱਤਾ ਗਿਆ ਸੀ ਕਿ ਜਿਣਸਾਂ ਦੇ ਖਰੀਦ ਦੇ ਕੰਮ ਵਿਚ ਸਹਿਕਾਰੀ ਵਿਵਸਥਾ ਕਾਇਮ ਕੀਤੀ ਜਾਵੇ, ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਉਸਾਰੂ ਕਦਮ ਚੁੱਕੇ ਜਾਣ, ਆੜ੍ਹਤੀਆਂ ਵੱਲੋਂ ਕੀਤੀਆਂ ਜਾਂਦੀਆਂ ਬੇਨਿਯਮੀਆਂ ਰੋਕੀਆਂ ਜਾਣ, ਆੜ੍ਹਤੀਆਂ ਨੂੰ ਮਨੀ ਲੈਂਡਰਜ਼ ਵਜੋਂ 1938 ਦੇ ਐਕਟ ਜਿਹੜਾ ਸਰ ਛੋਟੂ ਰਾਮ ਵੱਲੋਂ ਬਣਾਇਆ ਗਿਆ ਸੀ, ਅਧੀਨ ਰਜਿਸਟਰ ਕੀਤਾ ਜਾਵੇ।

**ਕਿਸਾਨ ਵਿਚ ਆੜ੍ਹਤੀਏ ਬਣਨ ਦਾ ਰੁਝਾਨ ਵਧਿਆ :** ਪੀ.ਏ.ਯੂ. ਦੇ ਅਧਿਐਨ ਮੁਤਾਬਕ ਆੜ੍ਹਤੀ ਪਰਿਵਾਰਾਂ ਦੀ ਗਿਣਤੀ 20 ਹਜ਼ਾਰ ਤੋਂ ਜ਼ਿਆਦਾ ਹੈ ਤੇ ਇਨ੍ਹਾਂ ਕੋਲ 35 ਹਜ਼ਾਰ ਦੇ ਕਰੀਬ ਲਾਇਸੈਂਸ ਹਨ। ਪੀ.ਏ.ਯੂ. ਦੇ ਅਧਿਐਨ ਮੁਤਾਬਕ ਪਿਛਲੇ ਸਾਲਾਂ ਤੋਂ ਕਿਸਾਨਾਂ ਵਿਚ ਹੀ ਆੜ੍ਹਤ ਦਾ ਕੰਮ ਕਰਨ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਆੜ੍ਹਤ ਦੇ ਕੰਮ ਵਿਚ ਇਸ ਵੇਲੇ 18.33 ਫੀਸਦੀ ਕਿਸਾਨ ਹਨ ਤੇ ਬਾਕੀ ਹੋਰਨਾਂ ਭਾਈਚਾਰੇ ਦੇ ਲੋਕ ਹਨ। 40 ਫੀਸਦੀ ਵਿਅਕਤੀਆਂ ਨੇ ਖੁਦ ਆੜ੍ਹਤ ਸ਼ੁਰੂ ਕੀਤੀ ਜਦਕਿ 25 ਫੀਸਦੀ ਅਜਿਹੇ ਹਨ, ਜਿਨ੍ਹਾਂ ਦੇ ਬਜ਼ੁਰਗਾਂ ਨੇ ਆੜ੍ਹਤ ਦਾ ਕੰਮ ਸ਼ੁਰੂ ਕੀਤੇ ਤੇ ਅੱਗੇ ਚੱਲ ਰਿਹਾ ਹੈ। 35 ਫੀਸਦੀ ਆੜ੍ਹਤੀਆਂ ਵੱਲੋਂ ਪਿਤਾ ਵੱਲੋਂ ਸ਼ੁਰੂ ਕੀਤੇ ਕੰਮ ਨੂੰ ਅੱਗੇ ਚਲਾਇਆ ਜਾ ਰਿਹਾ ਹੈ।

## ਕਰਜ਼ਾ ਕੁਰਕੀ ਕਾਨੂੰਨ ਕਿਸਾਨਾਂ ਨਾਲ ਧੋਖਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਹਿਕਾਰੀ ਕਰਜ਼ੇ ਕਾਰਨ ਜ਼ਮੀਨ ਦੀ ਕੁਰਕੀ ਬੰਦ ਕਰਨ ਲਈ ਕਾਨੂੰਨ ਦੀ ਧਾਰਾ 67-ਏ ਖਾਰਜ ਕਰ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣ ਕਿਸਾਨਾਂ ਦੀ ਜ਼ਮੀਨ ਦੀ ਕੁਰਕੀ ਨਹੀਂ ਹੋਵੇਗੀ। ਹਾਲਾਂਕਿ ਇਸ ਧਾਰਾ ਉਤੇ ਪਿਛਲੇ ਤਿੰਨ ਦਹਾਕਿਆਂ ਤੋਂ ਅਮਲ ਨਹੀਂ ਹੋਇਆ ਸੀ ਪਰ ਕਿਸਾਨਾਂ ਉਤੇ ਜ਼ਮੀਨ ਕੁਰਕੀ ਦਾ ਕੁਹਾੜਾ ਸ਼ਾਹੂਕਾਰਾਂ ਭਾਵ ਆੜ੍ਹਤੀਆਂ ਦੇ ਕਰਜ਼ੇ ਕਾਰਨ ਚੱਲ ਰਿਹਾ ਹੈ। ਸੂਬੇ ਭਰ 'ਚ ਆੜ੍ਹਤੀਆਂ ਵੱਲੋਂ ਅਦਾਲਤਾਂ ਵਿਚ ਕੀਤੇ ਕੇਸਾਂ ਵਿਚ ਹਜ਼ਾਰਾਂ ਕਿਸਾਨ ਡਿਫਾਲਟਰ ਐਲਾਨੇ ਜਾ ਚੁੱਕੇ ਹਨ। ਪੰਜਾਬ ਦੇ ਕਿਸਾਨ ਬੈਂਕਾਂ ਦੇ ਨਾਲ-ਨਾਲ ਆੜ੍ਹਤੀਆਂ ਦੇ ਵੀ ਕਰਜ਼ਦਾਰ ਹਨ ਅਤੇ ਆੜ੍ਹਤੀਆਂ ਦੇ ਕਰਜ਼ੇ ਦਾ ਵਿਆਜ ਵੀ ਬੈਂਕਾਂ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਕਿਸਾਨਾਂ ਨੂੰ ਸਿਰਫ ਫਸਲੀ ਕਰਜ਼ਾ ਜਾਂ ਮਸ਼ੀਨਰੀ ਆਦਿ ਉਤੇ ਹੀ ਬੈਂਕਾਂ ਵੱਲੋਂ ਕਰਜ਼ਾ ਮਿਲਦਾ ਹੈ ਪਰ ਵਿਆਹ, ਮਰਗਤ, ਸਿੱਖਿਆ, ਬਿਮਾਰੀ ਆਦਿ ਬਹੁਤ ਸਾਰੇ ਕੰਮਾਂ ਲਈ ਅਜੇ ਵੀ ਕਿਸਾਨ ਸ਼ਾਹੂਕਾਰ ਉਤੇ ਹੀ ਨਿਰਭਰ ਹਨ ਤੇ ਇਸ ਕਰਜ਼ੇ ਲਈ ਉਨ੍ਹਾਂ ਨੂੰ ਕਿਤੇ ਵੱਧ ਵਿਆਜ ਦੇਣਾ ਪੈ ਰਿਹਾ ਹੈ। ਡਿਫਾਲਟਰ ਕਿਸਾਨਾਂ ਨੂੰ ਅਦਾਲਤ ਨੇ ਪੈਸੇ ਜਮ੍ਹਾਂ ਕਰਵਾਉਣ ਦੇ ਆਦੇਸ਼ ਦਿੱਤੇ ਸਨ ਪਰ ਕਿਸਾਨ ਤੈਅ ਸਮੇਂ ਵਿਚ ਪੈਸੇ ਜਮ੍ਹਾਂ ਨਹੀਂ ਕਰਵਾ ਸਕੇ ਅਤੇ ਹੁਣ ਅਦਾਲਤ ਨੇ ਆੜ੍ਹਤੀਆਂ ਸਬੰਧੀ ਕਿਸਾਨਾਂ ਦੀਆਂ ਜ਼ਮੀਨਾਂ ਦੇ ਵੇਰਵੇ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਸੀ.ਆਰ.ਪੀ.ਸੀ. 1908 ਦੀ ਧਾਰਾ 13 ਅਦਾਲਤ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਕਰਜ਼ਦਾਰ ਦੀ ਜ਼ਮੀਨ ਕੁਰਕ ਕਰ ਕੇ ਕਰਜ਼ੇ ਦੀ ਉਗਰਾਹੀ ਕਰਵਾਉਣ ਦਾ ਹੁਕਮ ਜਾਰੀ ਕਰ ਸਕਦੀ ਹੈ।

# ਲਾਹੌਰ: ਲਾਲਚ ਨੇ ਲਈਆਂ 160 ਜਾਨਾਂ

**ਲਾਹੌਰ:** ਲਹਿੰਦੇ ਪੰਜਾਬ ਵਿਚ ਇਕ ਸ਼ਾਹਰਾਹ ਉਤੇ ਤੇਲ ਟੈਂਕਰ ਪਲਟਣ ਮਗਰੋਂ ਪੈਟਰੌਲ ਇਕੱਠਾ ਕਰਨ ਲਈ ਇਕੱਤਰ ਹੋਏ 160 ਵਿਅਕਤੀ ਅੱਗ ਲੱਗਣ ਕਾਰਨ ਮਾਰੇ ਗਏ ਅਤੇ 140 ਹੋਰ ਜ਼ਖ਼ਮੀ ਹੋ ਗਏ। ਕਰਾਚੀ ਤੋਂ ਲਾਹੌਰ ਜਾ ਰਿਹਾ ਤੇਲ ਟੈਂਕਰ ਟਾਇਰ ਫਟਣ ਕਾਰਨ ਜ਼ਿਲ੍ਹਾ ਬਹਾਵਲਪੁਰ ਦੇ ਅਹਿਮਦਪੁਰ ਸ਼ਰਕੀਆ ਇਲਾਕੇ ਵਿਚ ਕੌਮੀ ਮਾਰਗ ਉਤੇ ਪਲਟ ਗਿਆ। ਪੈਟਰੌਲ ਇਕੱਠਾ ਕਰਨ ਲਈ ਨੇੜਲੇ ਰਿਹਾਇਸ਼ੀ ਇਲਾਕਿਆਂ ਦੇ ਲੋਕ ਮੌਕੇ ਉਤੇ ਆ ਪੁੱਜੇ। ਇਸ ਦੌਰਾਨ ਕਿਸੇ ਨੇ ਸਿਗਰਟ ਬਾਲ ਲਈ, ਜਿਸ ਨਾਲ ਅੱਗ ਲੱਗ ਗਈ।



ਅੱਗ ਦੀ ਲਪੇਟ ਵਿਚ ਆਉਣ ਕਾਰਨ 160 ਵਿਅਕਤੀ ਮਾਰੇ ਗਏ ਅਤੇ 140 ਹੋਰ ਜ਼ਖ਼ਮੀ ਹੋ ਗਏ। ਇਸ ਨੂੰ ਪਾਕਿਸਤਾਨ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਦੁਖਾਂਤ ਦੱਸਿਆ ਜਾ ਰਿਹਾ ਹੈ। ਟੈਂਕਰ ਵਿਚੋਂ ਤਕਰੀਬਨ 50 ਹਜ਼ਾਰ ਲਿਟਰ ਪੈਟਰੋਲ ਡੁੱਲਿਆ। ਜ਼ਿਆਦਾਤਰ ਲਾਸ਼ਾਂ ਪੂਰੀ ਤਰ੍ਹਾਂ ਸੜ ਗਈਆਂ ਅਤੇ ਇਨ੍ਹਾਂ ਦੀ ਪਛਾਣ ਸਿਰਫ ਡੀ.ਐਨ.ਏ. ਟੈਸਟਾਂ ਰਾਹੀਂ ਹੋਵੇਗੀ। ਵਿਕਟੋਰੀਆ ਹਸਪਤਾਲ ਵਿਚ ਦਾਖਲ ਇਕ ਫੱਟੜ ਮੁਹੰਮਦ ਹਨੀਫ (40) ਨੇ ਦੱਸਿਆ ਕਿ ਉਹ ਘਰ ਵਿਚ ਮੌਜੂਦ ਸੀ, ਜਦੋਂ ਉਸ ਦੇ ਚਚੇਰੇ ਭਰਾ ਨੇ ਦੱਸਿਆ ਕਿ ਪਿੰਡ ਦੇ ਲੋਕ ਤੇਲ ਇਕੱਠਾ ਕਰਨ ਲਈ ਕੌਮੀ ਮਾਰਗ ਵੱਲ ਭੱਜ ਰਹੇ ਹਨ।

ਭਰਾ ਨੇ ਉਸ ਨੂੰ ਬੋਤਲਾਂ ਲੈ ਕੇ ਆਉਣ ਲਈ ਕਿਹਾ। ਜਦੋਂ ਉਹ ਘਰੋਂ ਬਾਹਰ ਨਿਕਲਿਆ ਤਾਂ ਲੋਕ ਕੌਮੀ ਮਾਰਗ ਵੱਲ ਭੱਜੇ ਜਾ ਰਹੇ ਸਨ ਅਤੇ ਕਈ ਮੋਟਰਸਾਈਕਲਾਂ ਉਤੇ ਵੀ ਸਨ। ਉਹ ਆਪਣੇ ਚਚੇਰੇ ਭਰਾ ਨਾਲ ਸੜਕ ਉਤੇ ਪੁੱਜਿਆ ਅਤੇ ਤੇਲ ਇਕੱਠਾ ਕਰਨ ਲੱਗਿਆ। ਅਚਾਨਕ ਟੈਂਕਰ ਫਟ ਗਿਆ ਅਤੇ ਕਈ ਬੰਦੇ ਜਿਊਂਦੇ ਸੜ ਗਏ। ਰਾਸ਼ਿਦ ਤੇ ਉਹ ਟੈਂਕਰ ਤੋਂ ਥੋੜ੍ਹੀ ਦੂਰ ਸਨ, ਜਿਸ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਉਸ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਲਾਲਚ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧੱਕਿਆ। ਇਹ ਦੁਖਾਂਤ ਅਜਿਹੇ ਸਮੇਂ ਵਾਪਰਿਆ, ਜਦੋਂ ਇਕ ਦਿਨ ਬਾਅਦ ਹੀ ਦੇਸ਼ ਵਿਚ ਈਦ-ਉਲ-ਫਿਤਰ ਦਾ ਤਿਉਹਾਰ ਮਨਾਇਆ ਜਾਣਾ ਹੈ। ਜ਼ਿਕਰਯੋਗ ਹੈ ਕਿ ਦੋ ਸਾਲ ਪਹਿਲਾਂ ਕਰਾਚੀ ਵਿਚ ਤੇਲ ਟੈਂਕਰ ਤੇ ਬੱਸ ਦੀ ਟੱਕਰ ਕਾਰਨ ਅੱਗ ਲੱਗਣ ਨਾਲ 62 ਜਣੇ ਮਾਰੇ ਗਏ ਸਨ।

# ਚੀਨੀ ਨਾਗਰਿਕਾਂ ਲਈ ਵੀਜ਼ਾ ਨਿਯਮ ਹੋਰ ਸਖਤ ਕਰੇਗਾ ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਦੇਸ਼ 'ਚ ਵਪਾਰ ਅਤੇ ਕੰਮਕਾਜੀ ਵੀਜ਼ੇ ਉਤੇ ਆਉਣ ਵਾਲੇ ਚੀਨ ਦੇ ਨਾਗਰਿਕਾਂ ਲਈ ਵੀਜ਼ਾ ਨਿਯਮਾਂ 'ਚ ਸਖਤੀ ਕਰਨ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਵਿਚ ਦੋ ਚੀਨੀ ਨਾਗਰਿਕਾਂ ਦੀ ਹੱਤਿਆ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਦੂਰੀ ਸ਼ੁਰੂ ਹੋ ਗਈ ਹੈ। ਇਨ੍ਹਾਂ ਚੀਨੀ ਨਾਗਰਿਕਾਂ 'ਤੇ ਆਪਣੇ ਬਿਜ਼ਨੈੱਸ ਵੀਜ਼ੇ ਦਾ ਗਲਤ ਇਸਤੇਮਾਲ ਕਰਨ ਦਾ ਦੋਸ਼ ਸੀ।



ਪਾਕਿਸਤਾਨ ਦੇ ਅੰਦਰੂਨੀ ਮੰਤਰਾਲੇ ਨੇ ਕਿਹਾ ਕਿ ਚੀਨੀ ਨਾਗਰਿਕਾਂ ਲਈ ਵਪਾਰ ਅਤੇ ਕੰਮਕਾਜੀ ਵੀਜ਼ੇ ਦੇ ਨਿਯਮਾਂ ਅਤੇ ਜ਼ਰੂਰਤਾਂ ਦੀ ਸਮੀਖਿਆ ਕੀਤੀ ਜਾਵੇਗੀ। ਪਾਕਿਸਤਾਨੀ ਅਖਬਾਰ 'ਡਾਨ' ਅਨੁਸਾਰ ਚੀਨੀ ਨਾਗਰਿਕ ਨੂੰ ਵਪਾਰਕ ਵੀਜ਼ਾ ਪ੍ਰਾਪਤ ਕਰਨ ਲਈ ਚੀਨ ਸਥਿਤ ਪਾਕਿਸਤਾਨੀ ਮਿਸ਼ਨ ਦੇ ਕਿਸੇ ਮਾਨਤਾ ਪ੍ਰਾਪਤ ਸੰਗਠਨ ਤੋਂ ਲਗਭਗ ਇਕ ਸਾਲ ਦਾ ਮਲਟੀਪਲ ਐਂਟਰੀ ਵਰਕ ਵੀਜ਼ਾ ਸਬੰਧੀ ਬਿਨੈ ਪੱਤਰ ਦੇਣਾ ਹੋਵੇਗਾ।

# ਗੋਰਖਾਲੈਂਡ ਲਈ ਘੋਲ ਹੋਇਆ ਤਿੱਖਾ

**ਦਾਰਜਲਿੰਗ:** ਗੋਰਖਾਲੈਂਡ ਜਨ ਮੁਕਤੀ ਮੋਰਚਾ ਦੇ ਕਾਰਕੁੰਨਾਂ ਨੇ ਵੱਖਰੇ ਰਾਜ ਗੋਰਖਾਲੈਂਡ ਦੀ ਮੰਗ ਦੀ ਹਮਾਇਤ ਵਿਚ ਜਲੂਸ ਕੱਢਿਆ। ਗੋਰਖਾ ਜਨ ਮੁਕਤੀ ਮੋਰਚਾ ਵੱਲੋਂ ਆਰੰਭੀ ਅਣਮਿਥੇ ਸਮੇਂ ਦੀ ਹੜਤਾਲ ਜਾਰੀ ਹੈ।




ਗੋਰਖਾ ਜਨ ਮੁਕਤੀ ਮੋਰਚਾ (ਜੀ.ਜੇ.ਐਮ.) ਦੇ ਮੁਖੀ ਬਿਮਲ ਗੁਰੁੰਗ ਨੇ ਵੱਖਰੇ ਗੋਰਖਾਲੈਂਡ ਦੀ ਮੰਗ ਲਈ ਆਪਣੇ ਮੈਂਬਰਾਂ ਨੂੰ ਇਕ ਵੀਡੀਓ ਸੰਦੇਸ਼ ਰਾਹੀਂ ਸੜਕਾਂ ਉਤੇ ਉਤਰ ਆਉਣ ਦਾ ਸੱਦਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਸਿਰਫ ਵੱਖਰੇ ਗੋਰਖਾਲੈਂਡ ਦੀ ਮੰਗ ਲਈ ਹੀ ਗੱਲਬਾਤ ਕਰਨਗੇ ਅਤੇ ਹੋਰ ਕਿਸੇ ਵੀ ਬਦਲਵੇਂ ਫਾਰਮੂਲੇ ਉਤੇ ਕੋਈ ਗੱਲਬਾਤ ਨਹੀਂ ਕਰਨਗੇ।

ਆਪਣੇ ਵਰਕਰਾਂ ਨੂੰ ਭਾਵੁਕ ਤਕਰੀਰ ਕਰਦਿਆਂ ਗੁਰੁੰਗ ਨੇ ਕਿਹਾ ਕਿ ਜਾਂ ਤਾਂ ਉਨ੍ਹਾਂ ਦਾ ਮ੍ਰਿਤਕ ਸਰੀਰ ਘਰ ਜਾਵੇਗਾ ਜਾਂ ਫਿਰ ਉਹ ਗੋਰਖਾਲੈਂਡ ਹਾਸਲ ਕਰ ਕੇ ਘਰ ਜਾਣਗੇ।

# ਦੁਨੀਆਂ ਨੂੰ ਹਰਿਆ-ਭਰਿਆ ਕਰਨ ਲਈ ਹੁਣ ਡਰੋਨ ਸੰਭਾਲਣਗੇ ਕਮਾਨ

**ਮੈਲਬਰਨ:** ਵਿਗਿਆਨੀਆਂ ਨੇ ਅਜਿਹੇ ਨਵੇਂ ਡਰੋਨ ਵਿਕਸਿਤ ਕੀਤੇ ਹਨ ਜੋ ਬੂਟੇ ਲਾਉਣ ਲਈ ਅਨੁਕੂਲ ਥਾਵਾਂ ਦੀ ਪਛਾਣ ਕਰਨਗੇ ਤੇ ਹਰ ਸਾਲ ਇਕ ਅਰਬ ਬੂਟੇ ਲਗਾਉਣ ਲਈ ਬੀਜਾਂ ਦੀ ਬਿਜਾਈ ਕਰ ਸਕਦੇ ਹਨ। ਇਸ ਨਾਲ ਜੰਗਲਾਂ ਦੀ ਕਮੀ ਨੂੰ ਦੂਰ ਕਰਨ 'ਚ ਮਦਦ ਮਿਲੇਗੀ। ਬ੍ਰਿਟਿਸ਼ ਕੰਪਨੀ ਬਾਇਓਕਾਰਬਨ ਇੰਜੀਨੀਅਰ ਦੇ ਸੋਧਕਰਤਾਵਾਂ ਦੀ ਮਦਦ ਨਾਲ ਡਰੋਨ ਸਿਸਟਮ ਵਿਕਸਤ ਕੀਤਾ ਗਿਆ ਹੈ। ਇਹ ਸਿਸਟਮ ਜ਼ਮੀਨ ਦੀ ਬਰੀਕੀ ਨਾਲ ਪੜਤਾਲ ਤੇ ਬੂਟੇ ਲਗਾਉਣ ਲਈ ਅਨੁਕੂਲ ਥਾਵਾਂ ਦੀ ਪਛਾਣ ਕਰ ਸਕਦਾ ਹੈ। ਇਸ ਤੋਂ ਬਾਅਦ ਡਰੋਨ ਰਾਹੀਂ ਅਨੁਕੂਲ ਥਾਵਾਂ ਦੀ ਮਿੱਟੀ 'ਚ ਪੁੰਗਰੇ ਬੀਜਾਂ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਸੋਧਕਰਤਾਵਾਂ ਮੁਤਾਬਕ ਨਵੇਂ ਡਰੋਨ ਰਾਹੀਂ ਉਨ੍ਹਾਂ ਖੜ੍ਹੀ ਉਚਾਈ ਵਾਲੇ ਪਹਾੜੀ ਇਲਾਕਿਆਂ 'ਚ ਵੀ ਬੂਟੇ ਲਗਾਏ ਜਾ ਸਕਦੇ ਹਨ ਜਿਥੇ ਪਹੁੰਚਣਾ ਲਗਭਗ ਅਸੰਭਵ ਹੁੰਦਾ ਹੈ। ਬੂਟੇ ਲਗਾਉਣ ਲਈ ਸੰਭਾਵੀ ਥਾਵਾਂ ਦੀ ਪਛਾਣ ਲਈ ਡਰੋਨ ਦੀ ਵਰਤੋਂ ਨਾਲ ਇਲਾਕੇ ਦਾ ਨਕਸ਼ਾ ਤਿਆਰ ਕੀਤਾ ਜਾ ਸਕਦਾ ਹੈ।



ਸੰਯੁਕਤ ਰਾਸ਼ਟਰ ਮੁਤਾਬਕ, ਜੰਗਲਾਂ ਦੀ ਕਟਾਈ ਕਾਰਨ ਦੁਨੀਆਂ ਵਿਚ 17 ਫੀਸਦੀ ਕਾਰਬਨ ਨਿਕਾਸੀ ਹੁੰਦੀ ਹੈ। ਇਹ ਅੰਕੜਾ ਟਰਾਂਸਪੋਰਟ ਖੇਤਰ ਦੀ ਕਾਰਬਨ ਨਿਕਾਸੀ ਤੋਂ ਵੀ ਕਿਤੇ ਜ਼ਿਆਦਾ ਹੈ। ਸੋਧਕਰਤਾਵਾਂ ਮੁਤਾਬਕ ਧਰਤੀ ਤੋਂ ਹਰ ਸਾਲ 15 ਅਰਬ ਦਰਖਤ ਘੱਟ ਹੋ ਜਾਂਦੇ ਹਨ। ਜ਼ਿਆਦਾਤਰ ਦਰਖਤਾਂ ਦੀ ਕਟਾਈ ਦੁਨੀਆਂ ਦੀ ਵਧਦੀ ਆਬਾਦੀ ਲਈ ਅਨਾਜ ਪੈਦਾ ਕਰਨ ਲਈ ਵਾਹੀਯੋਗ ਜ਼ਮੀਨ ਬਣਾਉਣ ਲਈ ਕੀਤੀ ਜਾਂਦੀ ਹੈ।

## ਆਈਨਸਟਾਈਨ ਦੇ ਖਤ ਦੋ ਲੱਖ ਡਾਲਰ ਵਿਚ ਵਿਕੇ

**ਯੋਰੋਸ਼ਲਮ:** ਜਰਮਨੀ ਦੇ ਵਿਗਿਆਨੀ ਐਲਬਰਟ ਆਈਨਸਟਾਈਨ ਵੱਲੋਂ ਲਿਖੇ ਅੱਠ ਖਤ ਇਕ ਨਿਲਾਮੀ ਵਿਚ ਲਗਭਗ 2,10,000 ਅਮਰੀਕੀ ਡਾਲਰਾਂ ਵਿਚ ਵਿਕੇ ਹਨ। ਇਨ੍ਹਾਂ ਵਿਚ 'ਰੱਬ ਵੱਲੋਂ ਸ੍ਰਿਸ਼ਟੀ ਦੀ ਰਚਨਾ' ਬਾਰੇ ਖਤ ਦੀ ਬੋਲੀ ਸਭ ਤੋਂ ਉਚੀ ਸੀ। ਸੰਨ 1951 ਅਤੇ 1954 ਦੌਰਾਨ ਅੰਗਰੇਜ਼ੀ ਵਿਚ ਲਿਖੇ ਇਨ੍ਹਾਂ ਖਤਾਂ ਦੀ ਕੀਮਤ ਪਹਿਲਾਂ 31,000 ਤੋਂ 46,000 ਅਮਰੀਕੀ ਡਾਲਰਾਂ ਵਿਚਾਲੇ ਲਾਈ ਗਈ ਸੀ।



ਆਈਨਸਟਾਈਨ ਦੀ ਮੌਤ ਤੋਂ ਇਕ ਵਰ੍ਹਾ ਪਹਿਲਾਂ ਪ੍ਰਸਿੱਧ ਭੌਤਿਕ ਵਿਗਿਆਨੀ ਡੇਵਿਡ ਬੋਹਮ ਨੂੰ ਫਰਵਰੀ 1954 ਵਿਚ ਲਿਖੇ ਇਕ ਖਤ ਦੀ ਬੋਲੀ ਸਭ ਤੋਂ ਵੱਧ 84,000 ਡਾਲਰਾਂ ਵਿਚ ਹੋਈ ਹੈ। ਆਈਨਸਟਾਈਨ ਨੇ ਖਤ ਵਿਚ ਲਿਖਿਆ ਹੈ, 'ਜੇ ਰੱਬ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤਾਂ ਉਸ ਦੀ ਮੁੱਖ ਚਿੰਤਾ ਇਸ ਦੀ ਸਮਝ ਸਾਡੇ ਲਈ ਆਸਾਨ ਬਣਾਉਣੀ ਯਕੀਨਨ ਹੀ ਨਹੀਂ ਸੀ।'

50,400 ਅਮਰੀਕੀ ਡਾਲਰਾਂ ਵਿਚ ਵਿਕੇ ਬੋਹਮ ਨੂੰ ਲਿਖੇ ਇਕ ਹੋਰ ਖਤ ਵਿਚ ਆਈਨਸਟਾਈਨ ਨੇ ਉਸ ਨਾਲ 'ਕੁਆਂਟਮ ਥਿਊਰੀ' ਅਤੇ 'ਰੀਅਲਵਿਸਟਿਕ ਫੀਲਡ ਥਿਊਰੀ' ਵਿਚਕਾਰ ਸਬੰਧ ਬਾਰੇ ਚਰਚਾ ਕੀਤੀ ਹੈ। 'ਦਿ ਟਾਈਮਜ਼ ਆਫ ਇਸਰਾਈਲ' ਦੀ ਰਿਪੋਰਟ ਮੁਤਾਬਕ ਟਾਈਪ ਹੋਏ ਖਤਾਂ ਵਿਚ ਹੱਥ ਨਾਲ ਲਿਖਿਆ ਇਕ ਸਮੀਕਰਨ ਅਤੇ ਉਸ ਦੇ ਹੇਠਾਂ ਲੇਖਕ ਦੇ ਦਸਤਖਤ ਹਨ।

## ਬੇਨੇਮੀਆਂ ਦੇ ਆਸਰੇ ਖੂਬ ਵਧਿਆ ਫੁੱਲਿਆ ਫਾਸਟਵੇਅ ਕੇਬਲ ਦਾ ਕਾਰੋਬਾਰ

**ਚੰਡੀਗੜ੍ਹ:** ਵਿਧਾਨ ਸਭਾ ਵਿਚ ਕੇਬਲ ਮਾਫੀਆ ਤੇ ਬਾਦਲ ਪਰਿਵਾਰ ਨਾਲ ਸਬੰਧਤ ਪੀ.ਟੀ.ਸੀ. ਨਿਊਜ਼ ਚੈਨਲ ਦਾ ਮੁੱਦਾ ਜ਼ੋਰ ਸ਼ੋਰ ਨਾਲ ਉਠਿਆ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਫਾਸਟਵੇਅ ਕੇਬਲ ਉਤੇ ਵੱਡੇ ਇਲਜ਼ਾਮ ਲਾਏ ਹਨ। ਉਨ੍ਹਾਂ ਕਿਹਾ ਕਿ ਫਾਸਟਵੇਅ ਨੇ ਪਿਛਲੇ 10 ਸਾਲਾਂ ਵਿਚ ਸਰਕਾਰ ਨੂੰ 700 ਕਰੋੜ ਦਾ ਚੂਨਾ ਲਾਇਆ ਹੈ। ਇਸ ਵਿਚ ਜੇਕਰ ਹੋਰ ਬੇਨੇਮੀਆਂ ਦਾ ਖਰਚ ਜੋੜਿਆ ਜਾਵੇ ਤਾਂ ਇਹ 1300 ਕਰੋੜ ਤੱਕ ਪਹੁੰਚ ਜਾਂਦਾ ਹੈ। ਸਿੱਧੂ ਨੇ ਕਿਹਾ ਹੈ ਕਿ ਫਾਸਟਵੇਅ ਨੇ ਸਿਰਫ 25 ਲੱਖ ਰੁਪਏ ਨਾਲ ਕਾਰੋਬਾਰ ਸ਼ੁਰੂ ਕੀਤਾ ਸੀ ਤੇ ਇਸ ਤੋਂ ਤੁਰਤ ਬਾਅਦ 30 ਕਰੋੜ ਕਮਾ ਲਏ। ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਦੇ 10 ਸਾਲਾਂ ਵਿਚ ਫਾਸਟਵੇਅ ਨੇ ਸਰਕਾਰੀ ਖਜ਼ਾਨੇ ਵਿਚ ਧੇਲਾ ਵੀ ਟੈਕਸ ਵਜੋਂ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਫਾਸਟਵੇਅ ਕੇਬਲ ਦਾ ਮਾਲਕ ਜੁਝਾਰ ਟਰਾਂਸਪੋਰਟ ਕੰਪਨੀ ਵਾਲਾ ਗੁਰਦੀਪ ਸਿੰਘ ਹੈ। ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦਾ ਕਰੀਬੀ ਹੈ। ਫਾਸਟਵੇਅ ਨੇ ਕਾਗਜ਼ਾਂ ਵਿਚ ਸਿਰਫ 1,25,000 ਕੇਬਲ ਕੁਨੈਕਸ਼ਨ ਵਿਖਾਏ ਹਨ ਪਰ ਅਸਲ ਵਿਚ 80 ਲੱਖ ਕੁਨੈਕਸ਼ਨ ਹਨ। ਪੰਜਾਬ ਵਿਚ 8000 ਕੇਬਲ ਆਪ੍ਰੇਟਰ ਹਨ। ਇਨ੍ਹਾਂ ਵਿਚੋਂ 6500 ਫਾਸਟਵੇਅ ਦੇ ਅਧੀਨ ਹਨ। ਸਿੱਧੂ ਨੇ ਬਿਨਾ ਮਨਜ਼ੂਰੀ ਤਾਰਾਂ ਵਿਛਾਉਣ ਦੇ ਇਲਜ਼ਾਮ ਤਹਿਤ ਫਾਸਟਵੇਅ ਖਿਲਾਫ ਐਫ.ਆਈ.ਆਰ. ਦਰਜ ਕਰਵਾਉਣ ਦੀ ਮੰਗ ਕੀਤੀ। ਵਿਧਾਇਕ ਸੁਖਜਿੰਦਰ ਰੰਧਾਵਾ ਨੇ ਸਦਨ ਵਿੱਚ ਕਿਹਾ ਕਿ ਪੀ.ਟੀ.ਸੀ. ਚੈਨਲ ਤੇ ਕੇਬਲ ਮਾਫੀਆ ਨੂੰ ਪੰਜਾਬ ਵਿਚੋਂ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੀ.ਟੀ.ਸੀ. ਸਦਨ ਦੀ ਕਾਰਵਾਈ ਦੀ ਗਲਤ ਰਿਪੋਟਿੰਗ ਕਰਦਾ ਹੈ। ਸਿੱਧੂ ਨੇ ਕਿਹਾ ਕਿ ਉਹ ਤਾਂ ਇਨ੍ਹਾਂ ਨੂੰ ਇਕ ਦਿਨ ਵਿਚ ਟੰਗ ਦੇਣ ਪਰ ਇਹ ਵਿਭਾਗ ਕੈਪਟਨ ਅਮਰਿੰਦਰ ਸਿੰਘ ਕੋਲ ਹੈ। ਕੈਪਟਨ ਜੇ ਮਨਜ਼ੂਰੀ ਦੇਣ ਤਾਂ ਇਕ ਦਿਨ ਵਿਚ ਹੀ ਫਾਸਟਵੇਅ ਵਾਲਿਆਂ ਨੂੰ ਟੰਗ ਦਿਆਂਗੇ। ਸਿੱਧੂ ਦੀ ਹਮਾਇਤ ਕਰਦਿਆਂ ਵਿਧਾਇਕ ਪਰਮਿੰਦਰ ਪਿੰਕੀ ਨੇ ਕਿਹਾ ਕਿ ਇਹ ਸਾਰੇ ਪੰਜਾਬ ਦੀ ਆਵਾਜ਼ ਹੈ। ਸਿੱਧੂ ਨੇ ਕਿਹਾ ਕਿ ਜੇ ਕੇਬਲ ਸਰਕਾਰ ਕੋਲ ਆ ਜਾਵੇ ਤਾਂ ਇਕ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ।

### ਸਿੱਧੂ ਨੇ ਕੇਬਲ ਅਪਰੇਟਰਾਂ ਖਿਲਾਫ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੇਬਲ ਕੰਪਨੀ ਫਾਸਟਵੇਅ ਖ਼ਿਲਾਫ਼ ਅਸਿੱਧੇ ਤੌਰ 'ਤੇ ਮੋਰਚਾ ਖੋਲ੍ਹ ਦਿੱਤਾ ਹੈ। ਸ੍ਰੀ ਸਿੱਧੂ ਨੇ ਵਿਧਾਨ ਸਭਾ ਵਿੱਚ ਇਸ ਕੰਪਨੀ 'ਤੇ ਕਰਾਂ ਦੀ ਚੋਰੀ ਦੇ ਦੋਸ਼ ਲਾਉਣ ਤੋਂ ਤੁਰਤ ਬਾਅਦ ਆਪਣੇ ਵਿਭਾਗ ਨੂੰ ਕੇਬਲ ਅਪਰੇਟਰਾਂ ਵਿਰੁੱਧ ਕਾਰਵਾਈ ਦੇ ਨਿਰਦੇਸ਼ ਜਾਰੀ ਕੀਤੇ ਹਨ।



### ਨਾਮੀ ਗੈਂਗਸਟਰ ਪੁਲਿਸ ਮੁਕਾਬਲੇ 'ਚ ਹਲਾਕ

**ਚੁਰੂ:** ਰਾਜਸਥਾਨ ਵਿਚ ਖਤਰਨਾਕ ਗੈਂਗਸਟਰ ਅਨੰਦਪਾਲ ਨੂੰ ਪੁਲਿਸ ਨੇ ਮੁਕਾਬਲੇ 'ਚ ਢੇਰ ਕਰ ਦਿੱਤਾ ਹੈ। ਉਸ ਦੇ ਸਿਰ 'ਤੇ ਪੰਜ ਲੱਖ ਦਾ ਇਨਾਮ ਸੀ।

ਇਸ ਚਰਚਿਤ ਅਪਰਾਧੀ ਨੂੰ ਚੁਰੂ ਦੇ ਸਲਾਸਰ 'ਚ ਹਲਾਕ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਦੋ ਹੋਰ ਬਦਮਾਸ਼ ਕਾਬੂ ਕੀਤੇ ਗਏ ਹਨ। ਅਨੰਦਪਾਲ ਨੇ ਮੁੱਠਭੇੜ ਦੌਰਾਨ ਏ.ਕੇ. 47 ਨਾਲ ਕਰੀਬ 100 ਫਾਇਰ ਕੀਤੇ ਸਨ। ਚੁਰੂ ਦੇ ਐਸ.ਪੀ. ਦਾ ਕਹਿਣਾ ਹੈ ਕਿ ਪੁਲਿਸ ਪਾਰਟੀ ਇਸ ਦਾ ਕਾਫੀ ਦਿਨਾਂ ਤੋਂ ਪਿੱਛਾ ਕਰ ਰਹੀ ਸੀ। ਖੁਫੀਆ ਵਿਭਾਗ ਨੇ ਕਈ ਵਾਰ ਇਸ ਬਾਰੇ ਇਨਪੁੱਟ ਦਿੱਤੇ ਸੀ। ਉਨ੍ਹਾਂ ਕਿਹਾ ਕਿ ਗੈਂਗਸਟਰ ਪੰਜਾਬ, ਹਰਿਆਣਾ ਤੇ ਰਾਜਸਥਾਨ ਸਮੇਤ ਕਈ ਸੂਬਿਆਂ 'ਚ ਵੱਡੀਆਂ ਕਾਰਵਾਈਆਂ ਨੂੰ ਅੰਜ਼ਾਮ ਦੇ ਚੁੱਕਾ ਸੀ।

## 'ਨੀਟ' ਵਿਚ ਛਾ ਗਿਆ ਮੁਕਤਸਰ ਦਾ ਨਵਦੀਪ ਸਿੰਘ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਮੁਕਤਸਰ ਦੇ ਨਵਦੀਪ ਸਿੰਘ ਨੇ 'ਨੀਟ' (ਨੈਸ਼ਨਲ ਇਲੀਜੀਬਿਲਟੀ-ਕਮ-ਐਂਟਰੈਂਸ ਟੈਸਟ) ਵਿਚ ਪੂਰੇ ਭਾਰਤ ਵਿਚੋਂ ਪਹਿਲਾਂ ਸਥਾਨ ਹਾਸਲ ਕੀਤਾ ਹੈ। ਉਸ ਨੇ ਇਹ ਪ੍ਰਾਪਤੀ ਪਹਿਲੀ ਵਾਰ 'ਚ ਹੀ ਹਾਸਲ ਕਰ ਲਈ ਹੈ। ਨੀਟ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨਵਦੀਪ ਸਿੰਘ ਨੇ ਇਸ ਪ੍ਰੀਖਿਆ 'ਚ 720 ਤੋਂ 697 (99.9 ਫੀਸਦੀ) ਅੰਕ ਹਾਸਲ ਕੀਤੇ ਹਨ।

ਨਵਦੀਪ ਦੇ ਪਿਤਾ ਗੋਪਾਲ ਸਿੰਘ ਮੁਕਤਸਰ ਲਾਗਲੇ ਪਿੰਡ ਚੜ੍ਹੇਵਾਨ 'ਚ ਸਰਕਾਰੀ ਸਕੂਲ ਵਿਚ ਸਾਇੰਸ ਅਧਿਆਪਕ ਅਤੇ ਮਾਤਾ ਸਿਮਰਜੀਤ ਕੌਰ ਮੁਕਤਸਰ 'ਚ ਹੀ ਭਾਰਤੀ ਜੀਵਨ ਬੀਮਾ ਅਧਿਕਾਰੀ ਹਨ। ਉਨ੍ਹਾਂ ਦੱਸਿਆ ਕਿ ਨਵਦੀਪ ਨੇ ਦਸਵੀਂ ਤੱਕ ਦੀ ਪੜ੍ਹਾਈ ਅਕਾਲ ਅਕੈਡਮੀ ਅਤੇ 12ਵੀਂ ਦੀ ਪੜ੍ਹਾਈ ਮੁਕਤਸਰ ਦੇ ਸ਼ਿਵਾਲਿਕ ਪਬਲਿਕ ਸਕੂਲ ਵਿਚੋਂ ਕੀਤੀ ਹੈ। ਉਹ ਸ਼ੁਰੂ ਤੋਂ ਹੀ ਪੜ੍ਹਾਈ 'ਚ ਹੁਸ਼ਿਆਰ ਤੇ ਗੰਭੀਰ ਵਿਦਿਆਰਥੀ ਸੀ।

ਨਵਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਸੁਪਨਾ ਡਾਕਟਰ ਬਣਨ ਦਾ ਹੈ ਤੇ ਉਸ ਨੂੰ ਕ੍ਰਿਕਟ ਖੇਡਣ ਦਾ ਸ਼ੌਕ ਹੈ। ਉਹ ਡਾਕਟਰੀ ਦੀ ਪੜ੍ਹਾਈ ਦਿੱਲੀ ਦੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਤੋਂ ਕਰਨਾ ਚਾਹੁੰਦਾ ਹੈ। ਨਿਕਿਤਾ ਗੋਇਲ ਨੇ ਨੀਟ ਵਿਚੋਂ ਅੱਠਵਾਂ ਰੈਂਕ ਹਾਸਲ ਕੀਤਾ ਹੈ। ਲੜਕੀਆਂ ਦੀ ਕੈਟਾਗਰੀ ਵਿਚ ਉਹ ਸਭ ਤੋਂ ਅੱਗੇ ਹੈ। ਇਸੇ ਤਰ੍ਹਾਂ ਬਠਿੰਡਾ ਦੇ ਡਾ. ਵਿਜੈ ਮਿੱਤਲ ਦੀ ਬੇਟੀ ਹਿਮਾਂਸ਼ੀ ਮਿੱਤਲ ਨੇ 72ਵਾਂ ਰੈਂਕ ਹਾਸਲ ਕੀਤਾ ਹੈ, ਜਦੋਂਕਿ ਆਰਬੀ ਡੀ.ਏ.ਵੀ. ਸਕੂਲ ਦੀ ਵਿਦਿਆਰਥਣ ਦੀਪਕਸ਼ੀ ਗਰਗ ਨੇ 1568ਵਾਂ ਰੈਂਕ ਪ੍ਰਾਪਤ ਕੀਤਾ ਹੈ।



### ਸ਼੍ਰੋਮਣੀ ਕਮੇਟੀ ਕਰੇਗੀ ਸਨਮਾਨ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਨੀਟ ਦੀ ਪ੍ਰੀਖਿਆ ਵਿਚ ਦੇਸ਼ ਭਰ ਵਿਚੋਂ ਅੱਵਲ ਰਹੇ ਨਵਦੀਪ ਸਿੰਘ ਨੂੰ 50 ਹਜ਼ਾਰ ਦੀ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ। ਬਡੂੰਗਰ ਨੇ ਕਿਹਾ ਕਿ ਨਵਦੀਪ ਸਿੰਘ ਜੋ ਕਿ ਸਾਬਤ ਸੂਰਤ ਸਿੱਖ ਬੱਚਾ ਹੈ, ਨੇ ਦੇਸ਼ ਭਰ ਵਿਚੋਂ ਪਹਿਲਾ ਸਥਾਨ ਹਾਸਲ ਕਰ ਕੇ ਪੰਜਾਬ ਦਾ ਨਾਂ ਦੁਨੀਆਂ ਭਰ ਵਿਚ ਰੌਸ਼ਨ ਕੀਤਾ ਹੈ ਤੇ ਅੱਜ ਦੀ ਨੌਜਵਾਨ ਪੀੜ੍ਹੀ ਲਈ ਰੋਲ ਮਾਡਲ ਬਣਿਆ ਹੈ।

## ਮਰਹੂਮ ਮਨਮੀਤ ਸਿੰਘ ਭੁੱਲਰ ਦੇ ਨਾਂ ਉਤੇ ਯਾਦਗਾਰੀ ਪਾਰਕ

**ਕੈਲਗਰੀ:** ਕੈਨੇਡਾ ਪਾਰਲੀਮੈਂਟ ਦੇ ਮਰਹੂਮ ਸਿੱਖ ਐਮ.ਪੀ. ਮਨਮੀਤ ਸਿੰਘ ਭੁੱਲਰ ਦੀ ਯਾਦ ਵਿਚ ਕੈਨੇਡਾ ਵਿਚ 'ਮਨਮੀਤ ਸਿੰਘ ਭੁੱਲਰ ਪਾਰਕ' ਬਣਾਇਆ ਜਾਵੇਗਾ। ਮਨਮੀਤ ਸਿੰਘ ਭੁੱਲਰ ਦੀ ਕੈਨੇਡਾ ਵਿਚ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ। ਕੈਨੇਡਾ ਵਿਚ ਮਨਮੀਤ ਸਿੰਘ ਭੁੱਲਰ ਦੇ ਨਾਂ 'ਤੇ ਇਕ ਸਕੂਲ ਵੀ ਚੱਲ ਰਿਹਾ ਹੈ। ਆਪਣੇ ਹਾਂਪੱਖੀ ਰਵੱਈਏ, ਉਸਾਰੂ ਸੋਚ ਅਤੇ ਲੋਕਾਂ ਦੇ ਹੱਕਾਂ ਲਈ ਬੇਬਾਕੀ ਨਾਲ ਡਟ ਕੇ ਖੜਨ ਲਈ ਜਾਣੇ ਜਾਂਦੇ ਮਨਮੀਤ ਸਿੰਘ ਭੁੱਲਰ 2008 ਵਿਚ ਪਹਿਲੀ ਵਾਰ ਅਲਬਰਟਾ ਲੈਜਿਸਲੇਟਿਵ ਅਸੈਂਬਲੀ ਲਈ ਮੈਂਬਰ ਚੁਣੇ ਗਏ ਸਨ। ਮਨਮੀਤ ਸਿੰਘ ਨੇ ਸਭ ਤੋਂ ਛੋਟੀ 28 ਸਾਲ ਦੀ ਉਮਰ ਦੇ ਐਮ.ਪੀ. ਬਣ ਕੇ ਇਤਿਹਾਸ ਰਚਿਆ ਸੀ। 2011 ਵਿਚ ਉਹ ਕੈਨੇਡਾ ਦੇ ਕੈਬਨਿਟ ਮੰਤਰੀ ਬਣੇ ਸਨ।

ਆਪਣੀਆਂ ਪ੍ਰਾਪਤੀਆਂ ਸਦਕਾ ਉਹ ਲਗਾਤਾਰ ਮੀਡੀਆ ਦੀਆਂ ਸੁਰਖੀਆਂ ਬਣਦੇ ਸਨ। ਕੈਲਗਰੀ ਪਾਰਕ ਫਾਊਂਡੇਸ਼ਨ ਦੀ ਐਗਜ਼ੈਕਟਿਵ ਡਾਇਰੈਕਟਰ ਸ਼ੀਲਾ ਟੇਅਲਰ ਮੁਤਾਬਕ"ਮਨਮੀਤ ਦੇ ਗਰੀਨ ਪ੍ਰੋਜੈਕਟ ਲਈ ਦਿੱਤੇ ਮਜ਼ਬੂਤ ਸਹਿਯੋਗ ਕਾਰਨ ਹੀ ਅੱਜ ਅਸੀਂ ਆਪਣੇ ਗਰੀਨਵੇਅ ਮਿਸ਼ਨ 'ਚ ਅੱਗੇ ਵਧ ਰਹੇ ਹਾਂ। 'ਮਨਮੀਤ ਸਿੰਘ ਭੁੱਲਰ ਪਾਰਕ' ਸਾਲ 2018 ਦੇ ਅੰਤ ਤੱਕ ਤਿਆਰ ਹੋ ਜਾਵੇਗਾ ਅਤੇ ਆਮ ਲੋਕਾਂ ਲਈ ਖੋਲ ਦਿੱਤਾ ਜਾਵੇਗਾ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਸਿੱਖ ਨੌਜਵਾਨਾਂ ਦੀਆਂ ਧੜਾ ਧੜ ਗ੍ਰਿਫਤਾਰੀਆਂ 'ਤੇ ਉਠਣ ਲੱਗੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਸਰਕਾਰ ਆਉਣ ਮਗਰੋਂ ਲਗਾਤਾਰ ਅਜਿਹੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਹਨ, ਜਿਨ੍ਹਾਂ ਦੇ ਤਾਰ ਵਿਦੇਸ਼ਾਂ ਵਿਚ ਬੈਠੇ ਖਾਲਿਸਤਾਨੀ ਪੱਖੀਆਂ ਨਾਲ ਜੋੜੇ ਜਾ ਰਹੇ ਹਨ। ਪੁਲਿਸ ਨੇ ਦੋ ਹੋਰ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਅਤਿਵਾਦੀ ਤਾਣੇ-ਬਾਣੇ ਨਾਲ ਸਬੰਧਾਂ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਨੈੱਟਵਰਕ ਦਾ ਬੀਤੇ ਮਹੀਨੇ ਪਰਦਾਫਾਸ਼ ਕੀਤਾ ਗਿਆ ਸੀ। ਇਨ੍ਹਾਂ ਦੀ ਪਛਾਣ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਜੀਵਨਵਾਲਾ ਦੇ ਗੁਰਪ੍ਰੀਤ ਸਿੰਘ ਤੇ ਮੋਗਾ ਦੇ ਕਮਾਲਪੁਰ ਦੇ ਸਿਮਰਨਜੀਤ ਸਿੰਘ ਵਜੋਂ ਹੋਈ ਹੈ। ਇਨ੍ਹਾਂ ਨੂੰ ਉਨ੍ਹਾਂ ਦੇ ਜੱਦੀ ਪਿੰਡਾਂ ਤੋਂ ਕਾਬੂ ਕੀਤਾ ਗਿਆ। ਪੁਲਿਸ ਮੁਤਾਬਕ ਉਨ੍ਹਾਂ ਕੋਲੋਂ .32 ਬੋਰ ਦੀਆਂ ਦੋ ਪਿਸਤੌਲਾਂ, ਚਾਰ ਮੈਗਜ਼ੀਨ ਤੇ ਕਾਰਤੂਸ ਬਰਾਮਦ ਹੋਏ ਹਨ। ਇਸ ਗਰੁੱਪ ਨੂੰ ਪੰਜਾਬ ਵਿਚ 'ਸਿੱਖ-ਵਿਰੋਧੀ' ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।




ਪੁਲਿਸ ਦਾ ਦਾਅਵਾ ਹੈ ਕਿ ਕੈਨੇਡਾ ਰਹਿੰਦੇ ਗੁਰਜੀਤ ਚੀਮਾ ਨੇ ਇਸੇ ਸਾਲ ਆਪਣੀ ਭਾਰਤ ਫੇਰੀ ਦੌਰਾਨ ਗੁਰਪ੍ਰੀਤ ਉਰਫ ਪ੍ਰੀਤ ਨੂੰ ਦੋ ਪਿਸਤੌਲ ਤੇ ਅਸਲਾ ਦਿੱਤਾ ਸੀ। ਬਾਅਦ ਵਿਚ ਪ੍ਰੀਤ ਨੇ ਇਕ ਪਿਸਤੌਲ ਸਿਮਰਨਜੀਤ ਉਰਫ ਨਿੱਕਾ ਨੂੰ ਸੌਂਪ ਦਿੱਤੀ।

ਇਸ ਤੋਂ ਪਹਿਲਾਂ ਪੁਲਿਸ ਨੇ 21 ਮਈ ਨੂੰ ਗੁਰਦਾਸਪੁਰ ਦੇ ਮਾਨ ਸਿੰਘ ਤੇ ਜਲੰਧਰ ਦੇ ਸ਼ੇਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਇਸ ਤੋਂ ਬਾਅਦ ਹੋਰ ਵੀ ਗ੍ਰਿਫਤਾਰੀਆਂ ਹੋਈਆਂ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਪੁਲਿਸ ਅਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਕਿਸੇ ਵੀ ਦੋਸ਼ੀ ਨੂੰ ਨਹੀਂ ਫੜ ਸਕੀ। ਇਸ ਤੋਂ ਇਲਾਵਾ ਗੈਂਗਸਟਰ ਦਿਨ-ਦਿਹਾੜੇ ਲੁੱਟਾਂ-ਖੋਹਾਂ ਤੇ ਕਤਲ ਕਰ ਰਹੇ ਹਨ ਪਰ ਅਜੇ ਤੱਕ ਕੋਈ ਵੀ ਵੱਡਾ ਗੈਂਗਸਟਰ ਨਹੀਂ ਫੜਿਆ ਗਿਆ।

ਪੰਜਾਬ ਵਿਚ ਨਸ਼ਿਆਂ ਦਾ ਸਭ ਤੋਂ ਵੱਡਾ ਮੁੱਦਾ ਹੈ। ਕਾਂਗਰਸ ਸਰਕਾਰ ਨੇ ਇਕ ਮਹੀਨੇ ਵਿਚ ਨਸ਼ਿਆਂ ਦਾ ਖਾਤਮਾ ਕਰਨ ਦਾ ਐਲਾਨ ਕੀਤਾ ਸੀ। ਹੁਣ ਤਿੰਨ ਮਹੀਨੇ ਬੀਤ ਚੁੱਕੇ ਹਨ ਪਰ ਪੁਲਿਸ ਨੇ ਕਿਸੇ ਵੀ ਵੱਡੇ ਨਸ਼ਾ ਤਸਕਰ ਨੂੰ ਹੱਥ ਨਹੀਂ ਪਾਇਆ। ਅਜਿਹੇ ਵਿਚ ਸਵਾਲ ਉਠ ਰਹੇ ਹਨ ਕਿ ਸੁਰੱਖਿਆ ਏਜੰਸੀਆਂ ਇਨ੍ਹਾਂ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਕੋਈ ਨਵੀਂ ਖੇਡ ਤਾਂ ਨਹੀਂ ਖੇਡ ਰਹੀਆਂ।

## ਬਡੂੰਗਰ ਨੇ ਰਾਜਪਾਲ ਕੋਲ ਉਠਾਏ ਸਿੱਖ ਮਸਲੇ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕਰ ਕੇ ਸਿੱਖ ਮਸਲਿਆਂ ਦੇ ਹੱਲ ਲਈ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿਚ ਚਾਰ ਪ੍ਰਮੁੱਖ ਮੁੱਦੇ ਉਭਾਰੇ ਗਏ, ਜਿਨ੍ਹਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ੇ, ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਨਾਲ ਛੇੜ-ਛਾੜ ਕਰਨ ਅਤੇ ਪੰਜਾਬ ਵਿਧਾਨ ਸਭਾ ਅੰਦਰ ਸਿੱਖ ਵਿਧਾਇਕ ਦੀ ਦਸਤਾਰ ਉਤਾਰੇ ਜਾਣ ਦੇ ਮਾਮਲੇ ਸ਼ਾਮਲ ਹਨ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਨੂੰਨ ਤਹਿਤ ਸਖਤ ਸਜ਼ਾ ਦੇਣ ਲਈ ਕਾਰਵਾਈ ਕੀਤੀ ਜਾਵੇ। ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਨਾਲ ਕੀਤੀ ਛੇੜ-ਛਾੜ ਦਾ ਮਾਮਲਾ ਉਠਾਉਂਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੇ ਗਏ ਅਨੁਵਾਦਕ ਖੋਜ ਕਾਰਜ ਵਿਚ ਇਸ ਦੀ ਭਾਸ਼ਾ, ਕਾਵਿ ਬਣਤਰ, ਸ਼ਬਦਾਵਲੀ ਆਦਿ ਨਾਲ ਵੱਡੇ ਪੱਧਰ 'ਤੇ ਛੇੜ-ਛਾੜ ਕੀਤੀ ਗਈ ਹੈ। ਇਸ ਨਾਲ ਖੋਜਾਰਥੀਆਂ ਨੂੰ ਦੁਵਿਧਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੀਆਂ ਛਪ ਚੁੱਕੀਆਂ ਸਾਰੀਆਂ ਕਾਪੀਆਂ ਨੂੰ ਤੁਰਤ ਜ਼ਬਤ ਕਰ ਕੇ ਵਿਕਰੀ 'ਤੇ ਰੋਕ ਲਗਾਈ ਜਾਵੇ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਵੀ ਕੀਤੀ ਜਾਵੇ।

# ਪੰਥਕ ਮਸਲਿਆਂ ਲਈ ਮੁਤਵਾਜ਼ੀ ਜਥੇਦਾਰਾਂ ਦੀ ਜ਼ੋਰਦਾਰ ਮੁਹਿੰਮ



**ਫਿਰੋਜ਼ਪੁਰ:** ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ 'ਚ ਖਾਮੀਆਂ ਦੂਰ ਕਰ ਕੇ ਗੁਰੂ ਸਾਹਿਬ ਦੀਆਂ ਬੇਅਦਬੀਆਂ ਨੂੰ ਰੋਕਣ ਤੇ ਪੰਥ ਦੀ ਚੜ੍ਹਦੀ ਕਲਾ ਲਈ ਢੁਕਵੇਂ ਕਦਮ ਚੁੱਕਣ ਦੇ ਨਾਲ-ਨਾਲ ਗ੍ਰੰਥੀ ਅਤੇ ਪਾਠੀ ਸਿੰਘਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਸਰਬੱਤ ਖਾਲਸਾ ਵੱਲੋਂ ਐਲਾਨੇ ਗਏ ਜਥੇਦਾਰ ਸਾਹਿਬਾਨ ਵੱਲੋਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਆਕਾਸ਼ ਗੁੰਜਾਊ ਨਾਅਰਿਆਂ ਨਾਲ ਗੁਰਦੁਆਰਾ ਸੁਧਾਰ ਲਹਿਰ ਆਰੰਭ ਕਰ ਦਿੱਤੀ ਹੈ।

ਇਸ ਸਮੇਂ ਸਰਬੱਤ ਖਾਲਸਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਐਲਾਨੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਗ੍ਰੰਥੀ ਸਿੰਘਾਂ ਅਤੇ ਪਾਠੀ ਸਿੰਘਾਂ ਦੀਆਂ ਸਮੱਸਿਆਵਾਂ ਸੁਣਦਿਆਂ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਵਜ਼ੀਰ ਵਜੋਂ ਸਨਮਾਨ ਦਿੰਦੇ ਹੋਏ ਜਿਥੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ ਸਮਰਪਤ ਹੋਣ ਦਾ ਸੱਦਾ ਦਿੱਤਾ, ਉਥੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਵੀ ਜ਼ਿੰਮੇਵਾਰੀ ਉਠਾਉਣ ਦਾ ਐਲਾਨ ਕੀਤਾ। ਮੋਗਾ ਰੋਡ 'ਤੇ ਪਿੰਡ ਆਲੇ ਵਾਲਾ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਖੇ ਹੋਏ ਪਾਠੀ ਅਤੇ ਗ੍ਰੰਥੀ ਸਿੰਘਾਂ ਦਾ ਵੱਡਾ ਇਕੱਠ ਹੋਇਆ, ਜਿਸ ਵਿਚ ਸਿੰਘਾਂ ਨੇ ਗੁਰੂ ਘਰ ਦੀ ਸੇਵਾ ਨੂੰ ਸਮਰਪਤ ਹੋਣ ਦੇ ਬਾਵਜੂਦ ਆਰਥਿਕ ਪੱਖੋਂ ਕਮਜ਼ੋਰ ਹੋਣ ਤੇ ਪਰਿਵਾਰ ਨੂੰ ਚਲਾਉਣ ਦਾ ਵੀ ਬੋਝ ਨਾ ਉਠਾ ਸਕਣ ਆਦਿ ਪ੍ਰੇਸ਼ਾਨੀਆਂ ਨੂੰ ਸਾਹਮਣੇ ਰੱਖਿਆ।

ਉਨ੍ਹਾਂ ਕਿਹਾ ਕਿ ਮੁਸੀਬਤ ਪੈਣ ਸਮੇਂ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜਦਾ, ਕਈ ਵਾਰ ਤਾਂ ਪ੍ਰਬੰਧਕ ਕਮੇਟੀਆਂ ਦੀ ਬੇਰੁਖੀ ਕਾਰਨ ਘਰੋਂ ਬੇਘਰ ਵੀ ਹੋਣਾ ਪੈਂਦਾ ਹੈ। ਜਥੇਦਾਰ ਸਾਹਿਬਾਨ ਨੇ ਇਕੱਤਰ ਗੁਰੂ ਸਾਹਿਬ ਦੇ ਵਜ਼ੀਰਾਂ ਨੂੰ ਸੇਵਾ ਨਿਭਾਉਣ ਸਮੇਂ ਗੁਰਮਤਿ ਨੂੰ ਪਹਿਲ ਦੇਣ ਅਤੇ ਮਨਮਤ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ।

## *ਵਿਰਾਸਤ ਵਜੋਂ ਵਿਕਸਤ ਹੋਵੇਗਾ ਕਿਲ੍ਹਾ ਮੁਬਾਰਕ*

**ਬਠਿੰਡਾ:** ਬਠਿੰਡਾ ਦੇ ਇਤਿਹਾਸਕ ਕਿਲ੍ਹੇ ਜਿਥੇ ਮਹਿਲਾ ਸ਼ਾਸਕ ਰਜ਼ੀਆ ਸੁਲਤਾਨਾ ਕੈਦ ਰਹੀ ਹੈ ਅਤੇ ਇਸੇ ਕਿਲ੍ਹੇ ਨੂੰ ਪਾਤਸ਼ਾਹੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੈ, ਨੂੰ ਹੁਣ ਕੈਪਟਨ ਸਰਕਾਰ ਨੇ ਵਿਰਾਸਤ ਵਜੋਂ ਵਿਕਸਤ ਕਰਨ ਦੀ ਐਲਾਨ ਕੀਤਾ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਜੋ ਬਠਿੰਡੇ ਤੋਂ ਹੀ ਵਿਧਾਇਕ ਹਨ, ਦਾ ਕਹਿਣਾ ਸੀ ਕਿ ਕਿਲ੍ਹਾ ਮੁਬਾਰਕ ਨੂੰ ਵਿਰਾਸਤੀ ਕਿਲ੍ਹੇ ਵਜੋਂ ਵਿਕਸਤ ਕਰਨ ਲਈ ਅਜੇ ਬਜਟ ਵਿਚ 26 ਕਰੋੜ ਦੀਆਂ ਤਜਵੀਜ਼ ਰੱਖੀ ਗਈ ਹੈ, ਜਿਸ ਵਿਚ ਫੇਜ਼ ਅਨੁਸਾਰ ਕੰਮ ਕਰਵਾ ਕੇ ਇਸ 'ਤੇ ਲਗਾਤਾਰ ਕੰਮ ਜਾਰੀ ਰੱਖਿਆ ਜਾਵੇਗਾ ਤਾਂ ਜੋ ਇਸ ਨੂੰ ਸੈਲਾਨੀਆਂ ਲਈ ਵਿਸ਼ਵ ਪੱਧਰ ਦੀਆਂ ਸਹੂਲਤਾਂ ਨਾਲ ਲੈਸ ਕਰ ਕੇ ਸੈਰ ਸਪਾਟੇ ਦੇ ਅਹਿਮ ਕੇਂਦਰ ਵਜੋਂ ਵਿਕਸਤ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਇਤਿਹਾਸਕ ਕਿਲ੍ਹੇ ਵਿਚ ਬੇਸ਼ਕੀਮਤੀ ਕਲਾਕਾਰੀ ਵਾਲਾ ਰਾਣੀ ਮਹਿਲ, ਤੋਪਾਂ ਤੋਂ ਇਲਾਵਾ ਹੋਰ ਕਈ ਬੇਸ਼ਕੀਮਤੀ ਸਾਜ਼ੋ-ਸਾਮਾਨ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਜਿਨ੍ਹਾਂ ਦਾ ਜੱਦੀ ਪਿੰਡ ਮਹਿਰਾਜ ਵੀ ਬਠਿੰਡਾ 'ਚ ਹੀ ਪੈਂਦਾ ਹੈ, ਨੇ ਆਪਣੇ 2002 ਤੋਂ 2007 ਵਿਚ ਕਿਲ੍ਹਾ ਮੁਬਾਰਕ ਦੀ ਨੁਹਾਰ ਬਦਲਣ ਲਈ ਵੀ ਐਲਾਨ ਕੀਤਾ ਸੀ, ਪਰ ਇਸ ਉਪਰੰਤ ਸਰਕਾਰ ਬਦਲਣ ਉਪਰੰਤ ਇਹ ਪ੍ਰੋਜੈਕਟ ਜਿਉਂ ਦਾ ਤਿਉਂ ਰਹਿ ਗਿਆ। ਹੁਣ ਮੁੜ ਕੈਪਟਨ ਦੀ ਸਰਕਾਰ ਬਣਨ ਨਾਲ ਇਸ 'ਤੇ ਮੁੜ ਕੰਮ ਸ਼ੁਰੂ ਹੋਵੇਗਾ।

# ਜਪੁਜੀ ਸਾਹਿਬ ਦਾ ਚੀਨੀ 'ਚ ਅਨੁਵਾਦ

**ਚੰਡੀਗੜ੍ਹ:** ਸਿੰਗਾਪੁਰ ਰਹਿੰਦੇ ਰਾਜਿੰਦਰ ਸਿੰਘ ਨੇ ਜਪੁਜੀ ਸਾਹਿਬ ਦਾ ਚੀਨੀ ਭਾਸ਼ਾ ਵਿਚ ਅਨੁਵਾਦ ਕਰਾਇਆ ਹੈ। ਇਸ ਨੂੰ ਧਾਰਮਿਕ ਪੁਸਤਕ ਦਾ ਰੂਪ ਦਿੱਤਾ ਗਿਆ ਹੈ, ਜਿਸ ਵਿਚ ਚੀਨੀ ਭਾਸ਼ਾ ਦੇ ਨਾਲ-ਨਾਲ ਜਪੁਜੀ ਸਾਹਿਬ ਦਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਵੀ ਅਨੁਵਾਦ ਹੈ।




ਸਿੰਗਾਪੁਰ ਵਿਚ ਛਪੀ ਇਸ ਕਿਤਾਬ ਬਾਰੇ ਰਾਜਿੰਦਰ ਸਿੰਘ ਨੇ ਦੱਸਿਆ ਕਿ ਜਪੁਜੀ ਸਾਹਿਬ ਦਾ ਚੀਨੀ ਵਿਚ ਅਨੁਵਾਦ ਕਰਵਾਉਣ ਲਈ ਇਕ ਦਹਾਕਾ ਪਹਿਲਾਂ ਉਨ੍ਹਾਂ ਸਿੰਗਾਪੁਰ ਦੇ ਸੈਂਟਰਲ ਸਿੱਖ ਗੁਰਦੁਆਰਾ ਬੋਰਡ ਦੇ ਪ੍ਰਧਾਨ ਕਿਰਪਾਲ ਸਿੰਘ ਮੱਲ੍ਹੀ ਨਾਲ ਸੰਪਰਕ ਕੀਤਾ। ਉਨ੍ਹਾਂ ਸਲਾਹ ਦਿੱਤੀ ਕਿ ਕਿਸੇ ਅਜਿਹੇ ਚੀਨੀ ਵਿਦਵਾਨ ਦੀ ਭਾਲ ਕੀਤੀ ਜਾਵੇ, ਜਿਹੜਾ ਸਿੱਖ ਧਰਮ ਬਾਰੇ ਗਿਆਨ ਰੱਖਦਾ ਹੋਵੇ। ਪੰਜ ਸਾਲਾਂ ਬਾਅਦ ਉਨ੍ਹਾਂ ਦੀ ਮੁਲਾਕਾਤ ਚੀਨੀ ਔਰਤ ਵੈਨੇਸਾ ਚੋਈ ਨਾਲ ਹੋਈ ਪਰ ਉਹ ਸਿੱਖ ਧਰਮ ਬਾਰੇ ਬਹੁਤਾ ਨਹੀਂ ਜਾਣਦੀ ਸੀ। ਵੈਨੇਸਾ ਚੋਈ ਨੇ ਉਨ੍ਹਾਂ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਤੇ ਜਪੁਜੀ ਸਾਹਿਬ ਦਾ ਅਨੁਵਾਦ ਕਰਨ ਤੋਂ ਪਹਿਲਾਂ ਉਸ ਨੇ ਸਿੰਗਾਪੁਰ ਸਮੇਤ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਜਾ ਕੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ।

ਵੈਨੇਸਾ ਚੋਈ ਨੇ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਸਮੇਤ ਪੰਜਾਬ ਦੇ ਹੋਰ ਗੁਰਧਾਮਾਂ ਦੇ ਵੀ ਦਰਸ਼ਨ ਕੀਤੇ। ਇਸ ਮਗਰੋਂ 2010 ਵਿਚ ਉਸ ਨੇ ਜਪੁਜੀ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕਰ ਦਿੱਤਾ ਪਰ ਇਸ ਵਿਚ ਕੋਈ ਗਲਤੀ ਨਾ ਰਹਿ ਜਾਵੇ, ਇਸ ਲਈ ਅਨੁਵਾਦ ਨੂੰ ਮੁੜ ਅੰਗਰੇਜ਼ੀ ਵਿਚ ਕਰਵਾਇਆ ਗਿਆ ਤੇ ਫਿਰ ਇਸ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ। ਇਸ ਕੰਮ ਵਿਚ ਸਿੰਗਾਪੁਰ ਰਹਿੰਦੇ ਦਿਲਬਾਗ ਸਿੰਘ ਅਤੇ ਗੁਰਮੀਤ ਸਿੰਘ ਨੇ ਉਨ੍ਹਾਂ ਦੀ ਮਦਦ ਕੀਤੀ। ਚੀਨੀ ਭਾਸ਼ਾ ਵਿਚ ਕੀਤੇ ਜਪੁਜੀ ਸਾਹਿਬ ਦੇ ਅਨੁਵਾਦ ਦੀ ਪ੍ਰਮਾਣਿਕਤਾ ਲਈ ਧਾਰਮਿਕ ਗੁ ਲੀ ਟੱਕ ਲੀਓਂਗ ਅਤੇ ਰਾਏ ਟਨ ਚੌਂਗਸਿੰਗ ਨੇ ਮਦਦ ਕੀਤੀ। ਇਸ ਧਾਰਮਿਕ ਪੁਸਤਕ ਦਾ ਸਰਵਰਕ ਪ੍ਰਸਿੱਧ ਚਿੱਤਰਕਾਰ ਅਰਪਨਾ ਕੌਰ ਨੇ ਬਣਾਇਆ ਹੈ।

# ਕਸ਼ਮੀਰ 'ਚ ਪੰਜਾਬੀ ਨੂੰ ਨੁੱਕਰੇ ਲਾਉਣ ਵਿਰੁਧ ਰੋਹ

**ਚੰਡੀਗੜ੍ਹ:** ਜੰਮੂ-ਕਸ਼ਮੀਰ ਦੇ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਲਾਂਭੇ ਕਰਨ ਖਿਲਾਫ ਪੰਜਾਬੀਆਂ ਵਿਚ ਭਾਰੀ ਰੋਸ ਹੈ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ (ਏ.ਪੀ.ਐਸ.ਸੀ.ਸੀ.) ਨੇ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬੀਆਂ ਦੇ ਹੱਕਾਂ ਉਤੇ ਡਾਕਾ ਦੱਸਿਆ ਹੈ। ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਆਖਿਆ ਕਿ ਪੰਜਾਬੀ ਜੰਮੂ-ਕਸ਼ਮੀਰ ਦੀਆਂ ਸਭ ਤੋਂ ਪੁਰਾਣੀਆਂ ਭਾਸ਼ਾਵਾਂ ਵਿਚੋਂ ਇਕ ਹੈ। ਇਸ ਨੂੰ ਸੂਬੇ ਦੇ ਸਕੂਲਾਂ ਵਿਚੋਂ ਹਟਾਉਣਾ ਮੰਦਭਾਗੀ ਗੱਲ ਹੈ।

ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਜਾਰੀ ਸਰਕੂਲਰ ਤਹਿਤ ਸਕੂਲਾਂ ਵਿਚ ਪੰਜਾਬੀ ਪੜ੍ਹਾਉਣੀ ਬੰਦ ਕਰ ਦਿੱਤੀ ਗਈ ਹੈ। ਹੋਰ ਭਾਸ਼ਾਵਾਂ ਪੜ੍ਹਾਉਣੀਆਂ ਲਾਜ਼ਮੀ ਕੀਤੀਆਂ ਗਈਆਂ ਹਨ। ਕਮੇਟੀ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਇਹ ਫੈਸਲਾ ਵਾਪਸ ਨਾ ਲਿਆ ਤਾਂ ਸਾਰੇ ਸੂਬੇ ਵਿਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। 2011 ਦੀ ਮਰਦਮਸ਼ੁਮਾਰੀ ਮੁਤਾਬਕ ਸੂਬੇ 'ਚ 1.87 ਫੀਸਦੀ ਸਿੱਖ ਰਹਿੰਦੇ ਹਨ ਜਦਕਿ ਬੋਧੀਆਂ ਦੀ ਗਿਣਤੀ 0.90 ਫੀਸਦੀ ਹੈ। ਮਤਲਬ ਸਿੱਖਾਂ ਤੋਂ ਅੱਧੀ।



## ਬਡੂੰਗਰ ਨੇ ਮਹਿਬੂਬਾ ਮੁਫਤੀ ਨੂੰ ਲਿਖਿਆ ਪੱਤਰ

**ਅੰਮ੍ਰਿਤਸਰ:** ਜੰਮੂ-ਕਸ਼ਮੀਰ ਤੋਂ ਆਏ ਸਿੱਖਾਂ ਦੇ ਇਕ ਵਫਦ ਨੇ ਜੰਮੂ-ਕਸ਼ਮੀਰ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਵਿਤਕਰੇ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨਾਲ ਮੁਲਾਕਾਤ ਕੀਤੀ। ਵਫਦ ਨੇ ਸੂਬੇ ਅੰਦਰ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਲਈ ਯਤਨ ਕਰਨ ਦੀ ਅਪੀਲ ਕੀਤੀ। ਪ੍ਰਧਾਨ ਬਡੂੰਗਰ ਨੇ ਵਫਦ ਦੇ ਮੈਂਬਰਾਂ ਪਾਸੋਂ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਤੁਰਤ ਇਕ ਪੱਤਰ ਲਿਖ ਕੇ ਇਤਰਾਜ਼ ਪ੍ਰਗਟ ਕਰਦਿਆਂ ਸੂਬੇ ਅੰਦਰ ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਦਿਵਾਉਣ ਲਈ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਪੱਤਰ 'ਚ ਕਿਹਾ ਕਿ ਜੰਮੂ-ਕਸ਼ਮੀਰ ਅੰਦਰ ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਨਾ ਦੇਣਾ ਮੰਦਭਾਗਾ ਹੈ ਅਤੇ ਇਸ ਨਾਲ ਸੂਬੇ ਅੰਦਰ ਵਸਦੇ ਪੰਜਾਬੀਆਂ ਤੇ ਖਾਸਕਰ ਸਿੱਖਾਂ 'ਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਸਕੂਲਾਂ ਅੰਦਰ ਪੰਜਾਬੀ ਨੂੰ ਲਾਜ਼ਮੀ ਵਿਸ਼ਿਆਂ 'ਚੋਂ ਮਨਫੀ ਕਰਨਾ ਪੰਜਾਬੀ ਭਾਸ਼ਾ ਪ੍ਰਤੀ ਵਿਤਕਰੇ ਵਾਲਾ ਫੈਸਲਾ ਹੈ।

# ਸਿੱਖ ਬੀਬੀਆਂ ਨੇ ਜਥੇਦਾਰ ਤੋਂ ਅੰਮ੍ਰਿਤ ਸੰਚਾਰ ਦੀ ਇਜਾਜ਼ਤ ਮੰਗੀ

**ਅੰਮ੍ਰਿਤਸਰ:** ਸਿੱਖ ਬੀਬੀਆਂ ਨੇ ਅੰਮ੍ਰਿਤ ਸੰਚਾਰ ਪ੍ਰਕਿਰਿਆ ਵਿਚ ਭਾਗ ਨਾ ਲੈਣ ਦੇਣ ਦੇ ਮਾਮਲੇ ਸਬੰਧੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ। ਬੀਬੀਆਂ ਦੇ ਵਫਦ ਨੇ ਜਥੇਦਾਰ ਨੂੰ ਸੌਂਪੇ ਮੰਗ ਪੱਤਰ ਵਿਚ ਕਿਹਾ ਕਿ ਦੁਨੀਆਂ ਭਰ ਦੇ ਧਰਮਾਂ ਵਿਚੋਂ ਵਿਗਿਆਨਕ ਧਰਮ ਵਜੋਂ ਜਾਣੇ ਜਾਂਦੇ ਸਿੱਖ ਧਰਮ ਵਿਚ ਔਰਤਾਂ ਨੂੰ ਜੋ ਮਾਣ-ਸਨਮਾਨ ਪ੍ਰਾਪਤ ਹੈ, ਉਹ ਕਿਸੇ ਹੋਰ ਧਰਮ ਵਿਚ ਨਹੀਂ ਹੈ।



ਉਨ੍ਹਾਂ ਕਿਹਾ ਕਿ ਅਕਾਲ ਤਖਤ ਤੋਂ ਜਾਰੀ ਪੰਥ ਪ੍ਰਵਾਨਿਤ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਆਦਾ ਵਿਚ ਵੀ ਬੀਬੀਆਂ ਨੂੰ ਪੰਜ ਪਿਆਰਿਆਂ ਵਜੋਂ ਸੇਵਾ ਨਿਭਾਉਣ ਦੀ ਆਗਿਆ ਹੈ ਪਰ ਇਸ 'ਤੇ ਅੱਜ ਤੱਕ ਅਮਲ ਨਹੀਂ ਹੋ ਸਕਿਆ। ਇਸ ਤਰ੍ਹਾਂ ਪੰਜ ਪਿਆਰਿਆਂ ਵਾਂਗ ਅੰਮ੍ਰਿਤ ਸੰਚਾਰ ਕਰਨ ਤੋਂ ਰੋਕਣਾ ਸਿੱਖ ਬੀਬੀਆਂ ਨਾਲ ਧੱਕਾ ਹੈ।

# ਪੀ.ਆਰ.ਟੀ.ਸੀ. ਦਾ ਸਫਰ ਬਾਦਲ ਬੱਸਾਂ ਤੋਂ ਚਾਰ ਗੁਣਾ ਸਸਤਾ

**ਚੰਡੀਗੜ੍ਹ:** ਪੰਜਾਬ ਤੋਂ ਦਿੱਲੀ ਜਾਣ ਵਾਲੀਆਂ ਬਾਦਲ ਪਰਿਵਾਰ ਦੀਆਂ ਇੰਡੋ-ਕੈਨੇਡੀਅਨ ਬੱਸਾਂ ਨਾਲੋਂ ਦੋ ਤੋਂ ਚਾਰ ਗੁਣਾ ਸਸਤੀ ਯਾਤਰਾ ਪੀ.ਆਰ.ਟੀ.ਸੀ. ਨੇ ਸ਼ੁਰੂ ਕਰ ਦਿੱਤੀ ਹੈ। ਇਸ ਲਈ ਵਾਲਵੋ ਬੱਸਾਂ ਚਲਾਈਆਂ ਜਾਣਗੀਆਂ। ਪੰਜਾਬ ਤੋਂ ਫਿਲਹਾਲ ਚਾਰ ਬੱਸਾਂ ਹੀ ਚੱਲਣੀਆਂ ਸ਼ੁਰੂ ਹੋਈਆਂ ਹਨ। ਇਕ ਬੱਸ ਅੰਮ੍ਰਿਤਸਰ ਤੋਂ ਚੱਲੇਗੀ ਜੋ ਜਲੰਧਰ ਲੁਧਿਆਣਾ ਹੁੰਦੀ ਹੋਈ ਦਿੱਲੀ ਜਾਵੇਗੀ। ਇਕ ਬੱਸ ਜਲੰਧਰ ਤੋਂ ਚੱਲੇਗੀ ਜੋ ਲੁਧਿਆਣਾ ਤੋਂ ਹੁੰਦੀ ਹੋਈ ਹਵਾਈ ਅੱਡੇ, ਇਕ ਬੱਸ ਬੱਸ ਲੁਧਿਆਣਾ ਤੇ ਦੋ ਬੱਸਾਂ ਪਟਿਆਲਾ ਤੋਂ ਦਿੱਲੀ ਹਵਾਈ ਅੱਡੇ ਤੱਕ ਜਾਣਗੀਆਂ।

ਵਿਭਾਗ ਦਾ ਦਾਅਵਾ ਹੈ ਕਿ ਆਉਣ ਵਾਲੇ ਤਿੰਨ ਮਹੀਨਿਆਂ ਵਿਚ 15 ਤੋਂ 20 ਬੱਸਾਂ ਦਿੱਲੀ ਏਅਰਪੋਰਟ ਲਈ ਚੱਲਣਗੀਆਂ। ਇਸ ਤੋਂ ਪਹਿਲਾਂ ਨਿੱਜੀ ਤੌਰ 'ਤੇ ਬਾਦਲ ਪਰਿਵਾਰ ਦੀਆਂ ਇੰਡੋ-ਕੈਨੇਡੀਅਨ ਬੱਸਾਂ ਹੀ ਦਿੱਲੀ ਏਅਰਪੋਰਟ ਲਈ ਚੱਲਦੀਆਂ ਸਨ। ਇਨ੍ਹਾਂ ਦਾ ਸਫਰ ਯਾਤਰੀਆਂ ਨੂੰ ਕਾਫੀ ਮਹਿੰਗਾ ਪੈ ਰਿਹਾ ਹੈ। ਲੁਧਿਆਣਾ ਤੋਂ ਦਿੱਲੀ ਏਅਰਪੋਰਟ ਤੱਕ ਇੰਡੋ-ਕੈਨੇਡੀਅਨ ਨੂੰ 2400 ਤੋਂ 2800 ਰੁਪਏ ਦੇਣੇ ਪੈ ਰਹੇ ਹਨ। ਪੀ.ਆਰ.ਟੀ.ਸੀ. ਨੂੰ ਪਟਿਆਲਾ ਤੋਂ 710 ਰੁਪਏ ਦੇਣੇ ਹੋਣਗੇ। ਉਥੇ ਹੀ ਵਾਲਵੋ ਦਾ ਸਫਰ ਲੁਧਿਆਣਾ ਹਵਾਈ ਅੱਡੇ ਤੱਕ ਸਿਰਫ 860 ਰੁਪਏ ਹੀ ਹੈ। ਪੀ.ਆਰ.ਟੀ.ਸੀ. ਦੇ ਸਸਤੇ ਵਾਲਵੋ ਸਫਰ ਰਾਹੀਂ ਹੁਣ ਯਾਤਰੀਆਂ ਨੂੰ ਦਿੱਲੀ ਹਵਾਈ ਅੱਡੇ ਜਾਣ ਲਈ ਮਹਿੰਗੀਆਂ ਟੈਕਸੀਆਂ ਜਾਂ ਬਾਦਲਾਂ ਦੀਆਂ ਬੱਸਾਂ ਤੋਂ ਛੁਟਕਾਰਾ ਮਿਲੇਗਾ। ਪੀ.ਆਰ.ਟੀ.ਸੀ. ਦੇ ਸੀ.ਐਮ.ਡੀ. ਮਨਜੀਤ ਸਿੰਘ ਨਰੰਗ ਦਾ ਕਹਿਣਾ ਹੈ ਕਿ ਅਸੀਂ ਪੰਜਾਬ ਦੇ ਯਾਤਰੀਆਂ ਨਾਲ ਸਸਤੀ ਬੱਸ ਸੇਵਾ ਦਾ ਵਾਅਦਾ ਕੀਤਾ ਸੀ ਜਿਸ ਨੂੰ ਪੂਰਾ ਕੀਤਾ ਜਾ ਰਿਹਾ ਹੈ। ਪਹਿਲਾਂ ਲੋਕ ਦਿੱਲੀ ਜਾਣ ਲਈ ਮਹਿੰਗਾ ਸਫਰ ਕਰਨ ਲਈ ਮਜਬੂਰ ਸਨ। ਪੀ.ਆਰ.ਟੀ.ਸੀ. ਨੇ ਵੱਡੀ ਰਾਹਤ ਦਿੰਦੇ ਹੋਏ ਵਾਲਵੋ ਬੱਸਾਂ ਦਿੱਲੀ ਹਵਾਈ ਅੱਡੇ ਲਈ ਸ਼ੁਰੂ ਕੀਤੀਆਂ ਹਨ। ਜੋ ਦੂਜੀਆਂ ਦੇ ਮੁਕਾਬਲੇ ਕਾਫੀ ਸਸਤੀਆਂ ਹਨ।

*ਦਿੱਲੀ ਹਵਾਈ ਅੱਡੇ ਤੱਕ 2800 ਦੀ ਥਾਂ ਦੇਣੇ ਪੈਣਗੇ 710 ਰੁਪਏ*




**ਬੱਸਾਂ ਦੇ ਚੱਲਣ ਦਾ ਸਮਾਂ:** ਪੀ.ਆਰ.ਟੀ.ਸੀ. ਦੀ ਬੱਸ ਜਲੰਧਰ ਤੋਂ ਸਵੇਰੇ 8.20 ਵਜੇ ਚੱਲ ਕੇ ਲੁਧਿਆਣਾ ਤੋਂ 10 ਵਜੇ ਰਵਾਨਾ ਹੋਵੇਗੀ ਤੇ ਸ਼ਾਮੀ 4.30 ਦਿੱਲੀ ਹਵਾਈ ਅੱਡੇ, ਅੰਮ੍ਰਿਤਸਰ ਤੋਂ ਦੁਪਹਿਰ 3.45 'ਤੇ ਚੱਲ ਕੇ ਜਲੰਧਰ ਤੋਂ ਸ਼ਾਮ 6 ਵਜੇ ਰਵਾਨਾ ਹੋਵੇਗੀ। ਇਹ ਬੱਸ ਲੁਧਿਆਣਾ ਤੋਂ ਸ਼ਾਮ 7.50 ਵਜੇ ਚੱਲ ਕੇ ਰਾਤ 2.30 ਵਜੇ ਦਿੱਲੀ ਹਵਾਈ ਅੱਡੇ ਪਹੁੰਚੇਗੀ। ਜਲੰਧਰ ਤੋਂ ਸ਼ਾਮ 7 ਵਜੇ ਚੱਲੀ ਬੱਸ ਲੁਧਿਆਣਾ ਤੋਂ ਸ਼ਾਮ 8.50 'ਤੇ ਰਵਾਨਾ ਹੋ ਕੇ 3.30 ਵਜੇ ਦਿੱਲੀ ਹਵਾਈ ਅੱਡੇ ਪਹੁੰਚੇਗੀ। ਪਟਿਆਲਾ ਤੋਂ ਸ਼ਾਮ 4 ਵਜੇ ਰਵਾਨਾ ਹੋਈ ਬੱਸ ਅੰਬਾਲਾ ਹੁੰਦੀ ਹੋਈ ਰਾਤ 9.30 ਵਜੇ ਦਿੱਲੀ ਹਵਾਈ ਅੱਡੇ ਪਹੁੰਚੇਗੀ। ਪਟਿਆਲਾ ਤੋਂ ਸ਼ਾਮ 4.45 ਵਜੇ ਰਵਾਨਾ ਹੋਵੇਗੀ ਤੇ ਰਾਤ ਤਕਰੀਬਨ 10.15 ਵਜੇ ਦਿੱਲੀ ਹਵਾਈ ਅੱਡੇ ਪਹੁੰਚੇਗੀ।




# ਭੀੜ ਨੇ ਡੀ.ਐਸ.ਪੀ. ਨੂੰ ਪੱਥਰ ਮਾਰ ਕੇ ਕੀਤਾ ਹਲਾਕ

**ਸ੍ਰੀਨਗਰ:** ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਚ ਇਕ ਹੌਲਨਾਕ ਘਟਨਾ ਦੌਰਾਨ ਇਤਿਹਾਸਕ ਜਾਮੀਆ ਮਸਜਿਦ ਨੇੜੇ ਪੁਲਿਸ ਦੇ ਡੀ.ਐਸ.ਪੀ. ਨੂੰ ਭੀੜ ਨੇ ਨਿਰਵਸਤਰ ਕਰਨ ਮਗਰੋਂ ਪੱਥਰ ਮਾਰ ਮਾਰ ਕੇ ਹਲਾਕ ਕਰ ਦਿੱਤਾ। ਇਸ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਤੇ ਵੱਖਵਾਦੀ ਹੁਰੀਅਤ ਕਾਨਫਰੰਸ ਦੇ ਨਰਮਖਿਆਲੀ ਧੜੇ ਦੇ ਮੁਖੀ ਮੀਰਵਾਇਜ਼ ਉਮਰ ਫ਼ਾਰੂਕ ਸਣੇ ਹੋਰਨਾਂ ਨੇ ਨਿਖੇਧੀ ਕੀਤੀ ਹੈ। ਇਸ ਸਬੰਧੀ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਰਾਣੇ ਸ੍ਰੀਨਗਰ ਸ਼ਹਿਰ ਦੇ ਨੌਹੱਟਾ ਇਲਾਕੇ ਵਿਚ ਸਥਿਤ ਇਸ ਮਸਜਿਦ ਨੇੜੇ ਤਾਇਨਾਤ ਡੀ.ਐਸ.ਪੀ. ਮੁਹੰਮਦ ਅਯੂਬ ਪੰਡਿਤ ਨੂੰ ਕੁਝ ਲੋਕਾਂ ਨੇ ਉਦੋਂ ਘੇਰ ਲਿਆ ਜਦੋਂ ਉਹ ਪਾਕ ਰਮਜ਼ਾਨ ਮਹੀਨੇ ਦੌਰਾਨ 'ਸ਼ਬ-ਏ-ਕਦਰ' (ਤਾਕਤ ਦੀ ਰਾਤ) ਸਬੰਧੀ ਨਮਾਜ਼ ਅਦਾ ਕਰ ਕੇ ਬਾਹਰ ਆ ਰਹੇ ਲੋਕਾਂ ਦੀਆਂ ਫੋਟੋਆਂ ਖਿੱਚ ਰਹੇ ਸਨ। ਭੀੜ ਵੱਲੋਂ ਹਮਲਾ ਕੀਤੇ ਜਾਣ 'ਤੇ ਸ੍ਰੀ ਪੰਡਿਤ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਚਲਾਈ ਜਿਸ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਜੰਮੂ-ਕਸ਼ਮੀਰ ਦੇ ਡੀ.ਜੀ.ਪੀ. ਐਸ.ਪੀ. ਵੈਦ ਨੇ ਕਿਹਾ ਕਿ ਡੀ.ਐਸ.ਪੀ. ਮਸਜਿਦ ਦੇ ਦਾਖਲੇ ਉਤੇ ਤਾਇਨਾਤ ਸੀ ਪਰ ਜਿਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਉਹ ਤਾਇਨਾਤ ਸਨ, ਉਨ੍ਹਾਂ ਵਿਚੋਂ ਹੀ ਕੁਝ ਨੇ ਉਨ੍ਹਾਂ ਦੀ ਜਾਨ ਲੈ ਲਈ। ਉਨ੍ਹਾਂ ਦੱਸਿਆ ਕਿ ਡੀ.ਐਸ.ਪੀ. ਮਸਜਿਦ ਦੇ ਅੰਦਰ ਮੁਆਇਨੇ ਪਿੱਛੋਂ ਬਾਹਰ ਆ ਰਹੇ ਸਨ ਤਾਂ ਕੁਝ ਲੋਕਾਂ ਨੇ ਉਨ੍ਹਾਂ ਨੂੰ ਫੜ ਲਿਆ ਤੇ ਨਾਅਰੇ ਲਾਉਂਦਿਆਂ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਡੀ.ਐਸ.ਪੀ. ਵੱਲੋਂ ਗੋਲੀ ਚਲਾਏ ਜਾਣ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ 'ਸਵੈ-ਰੱਖਿਆ' ਵਿਚ ਗੋਲੀ ਚਲਾਈ।

ਇਸ ਮਸਜਿਦ ਵਿਚ ਹਰ ਹਫਤੇ ਜੁੰਮੇ ਦੀ ਨਮਾਜ਼ ਮਗਰੋਂ ਧਾਰਮਿਕ ਤਕਰੀਰ ਦੇਣ ਵਾਲੇ ਸ੍ਰੀ ਫ਼ਾਰੂਕ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਸ਼ਮੀਰੀਆਂ ਦੀਆਂ 'ਕਦਰਾਂ-ਕੀਮਤਾਂ ਤੇ ਮਜ਼ਹਬੀ ਘੇਰੇ ਦੇ ਮੇਚ ਦੀ ਨਹੀਂ' ਹੈ। ਘਟਨਾ ਦੀ ਸਖਤ ਨਿਖੇਧੀ ਕਰਦਿਆਂ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਇਸ ਤੋਂ ਵੱਧ ਸ਼ਰਮਨਾਕ ਹੋਰ ਕੀ ਹੋ ਸਕਦਾ ਹੈ। ਜੰਮੂ-ਕਸ਼ਮੀਰ ਪੁਲਿਸ ਦੇ ਜਵਾਨ ਬਹੁਤ ਬਹਾਦਰ ਹਨ ਪਰ ਜ਼ਬਤ ਰੱਖਦੇ ਹਨ, ਕਿਉਂਕਿ ਉਹ ਆਪਣੇ ਲੋਕਾਂ ਨਾਲ ਸਖਤੀ ਨਹੀਂ ਕਰਨਾ ਚਾਹੁੰਦੇ। ਪਰ ਉਹ ਕਿੰਨਾ ਚਿਰ ਜ਼ਬਤ ਰੱਖਣਗੇ।



## ਪੌਣੇ ਚਾਰ ਲੱਖ ਡਾਲਰ 'ਚ ਵਿਕੀ ਕੈਨੇਡੀ ਦੀ ਘੜੀ ਤੇ ਪੇਂਟਿੰਗ

**ਨਿਊ ਯਾਰਕ:** ਸਾਬਕਾ ਪ੍ਰਥਮ ਮਹਿਲਾ ਜੈਕਲੀਨ ਕੈਨੇਡੀ ਦੀ ਘੜੀ ਅਤੇ ਪੇਂਟਿੰਗ 3,79,500 ਅਮਰੀਕੀ ਡਾਲਰ ਵਿਚ ਵਿਕੀ। ਇਹ ਕੀਮਤ ਨਿਲਾਮੀ ਕਰਨ ਵਾਲਿਆਂ ਦੇ ਅੰਦਾਜ਼ੇ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਉਨ੍ਹਾਂ ਨੂੰ ਆਸ ਸੀ ਕਿ ਇਹ ਦੋਵੇਂ ਚੀਜ਼ਾਂ 60,000 ਅਮਰੀਕੀ ਡਾਲਰ ਤੋਂ 1,20,000 ਅਮਰੀਕੀ ਡਾਲਰ ਤੱਕ ਵਿਕਣਗੀਆਂ। 18 ਕੈਰਟ ਸੋਨੇ ਵਿਚ ਮੜ੍ਹੀ ਇਹ ਘੜੀ ਜੈਕਲੀਨ ਨੂੰ ਫਰਵਰੀ 1963 ਵਿਚ ਆਪਣੇ ਇਕ ਰਿਸ਼ਤੇਦਾਰ ਤੋਂ ਤੋਹਫੇ ਵਜੋਂ ਮਿਲੀ ਸੀ। ਕਈ ਯਾਦਗਾਰੀ ਤਸਵੀਰਾਂ ਵਿਚ ਇਹ ਘੜੀ ਸਾਬਕਾ ਪ੍ਰਥਮ ਮਹਿਲਾ ਦੇ ਗੁੱਟ 'ਤੇ ਸਜੀ ਦੇਖੀ ਜਾ ਸਕਦੀ ਹੈ। ਜੈਕਲੀਨ ਵੱਲੋਂ ਬਣਾਈ ਗਈ ਪੇਂਟਿੰਗ ਦਾ ਸਿਰਲੇਖ 'ਦਿ 50 ਮੀਲ ਹਾਈਕ' ਹੈ।

ਰੈਸਟੋਰੈਂਟ ਸਟਾਫ ਦੀ ਲੋੜ ਹੈ
ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।
ਸੰਪਰਕ ਕਰੋ
ਫੋਨ: 515-291-1961
26-29

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਜੁਲਾਈ 2017*

# ਸੱਤਾ ਤੇ ਵਿਰੋਧੀ ਧਿਰ ਦੀ ਮਨ-ਆਈ

ਨਵੀਂ ਪੰਜਾਬ ਵਿਧਾਨ ਸਭਾ ਦੇ ਪਲੇਠੇ ਹੀ ਸੈਸ਼ਨ ਦੌਰਾਨ ਜੋ ਹੰਗਾਮਾ ਹੋਇਆ, ਉਸ ਲਈ ਸੱਤਾ ਅਤੇ ਵਿਰੋਧੀ ਧਿਰ ਇਕ-ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ। ਨਤੀਜਾ ਇਹ ਨਿਕਲਿਆ ਹੈ ਕਿ ਲੋਕਾਂ ਦੇ ਮਸਲਿਆਂ ਬਾਰੇ ਬਹਿਸ ਹੋਣ ਦੀ ਥਾਂ ਦੂਸ਼ਣਬਾਜ਼ੀ ਹੀ ਭਾਰੂ ਹੋ ਗਈ। ਸੈਸ਼ਨ ਅਰੰਭ ਹੁੰਦਿਆਂ ਹੀ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਦੋਵੇਂ ਧਿਰਾਂ ਆਪੋ-ਆਪਣੇ ਹਿਸਾਬ ਨਾਲ ਵਿਚਰਨ ਦੀ ਜੀਅ-ਤੋੜ ਕੋਸ਼ਿਸ਼ ਕਰਨਗੀਆਂ। ਸੱਤਾ ਧਿਰ ਕਾਂਗਰਸ ਲਈ ਇਹ ਪਲੇਠਾ ਸੈਸ਼ਨ ਬੜਾ ਅਹਿਮ ਸੀ, ਕਿਉਂਕਿ ਇਸ ਨੇ ਇਸ ਦੀ ਪ੍ਰਸ਼ਾਸਨਿਕ ਪਕੜ ਦਾ ਜਲਵਾ ਦਿਖਾਉਣਾ ਸੀ। ਜਦੋਂ ਦੀ ਸਰਕਾਰ ਬਣੀ ਹੈ, ਮੀਡੀਆ ਵਿਚ ਇਹ ਖਬਰਾਂ ਲਗਾਤਾਰ ਨਸ਼ਰ ਹੋ ਰਹੀਆਂ ਹਨ ਕਿ ਸੱਤਾ ਤੋਂ ਲਾਂਭੇ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਜੇ ਵੀ ਪ੍ਰਸ਼ਾਸਨ ਉਤੇ ਭਾਰੂ ਹਨ। ਨਵੀਂ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਪੂਰੀ ਤਿਆਰੀ ਨਾਲ ਸਦਨ ਵਿਚ ਉਤਰੀ ਅਤੇ ਇਸ ਦੇ ਵਿਧਾਇਕਾਂ ਨੇ ਜਚਾਇਆ ਕਿ ਇਹ ਸੱਤਾ ਧਿਰ ਨੂੰ ਖੂਬ ਘੇਰਾ ਪਾਵੇਗੀ, ਪਰ ਸਾਰਾ ਮਾਮਲਾ ਅਚਾਨਕ ਪਾਰਟੀ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਭਾਈਵਾਲ ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਬੈਂਸ ਦੀ ਮੁਅੱਤਲੀ ਤੋਂ ਵਿਗੜ ਗਿਆ। ਸਦਨ ਦੇ ਸਪੀਕਰ ਦੇ ਹੁਕਮਾਂ ਪਿਛੋਂ ਮਾਰਸ਼ਲਾਂ ਦੀ ਸਖਤ ਕਾਰਵਾਈ ਨਾਲ ਕਈ ਵਿਧਾਇਕਾਂ ਦੀਆਂ ਦਸਤਾਰਾਂ ਲੱਥ ਗਈਆਂ ਅਤੇ ਕਈ ਜ਼ਖਮੀ ਤੱਕ ਹੋ ਗਏ।

ਇਸ ਸਾਰੀ ਆਪੋ-ਧਾਪੀ ਦਾ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੋਇਆ ਜਿਸ ਉਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਦੀ ਸੀ। ਸਾਫ ਜ਼ਾਹਰ ਹੋ ਗਿਆ ਕਿ ਇਸ ਪਾਰਟੀ ਦੇ ਵਿਧਾਇਕ ਜਿੰਨਾ ਵਿਧਾਨ ਸਭਾ ਤੋਂ ਬਾਹਰ ਕਾਹਲੇ ਦਿਖਾਈ ਦਿੱਤੇ, ਵਿਧਾਨ ਸਭਾ ਦੇ ਅੰਦਰ ਉਸ ਤੋਂ ਵੀ ਵੱਧ ਕਾਹਲੇ ਵਗੇ। ਵਿਧਾਨ ਸਭਾ ਦੇ ਬਾਹਰ ਸੁਖਪਾਲ ਸਿੰਘ ਖਹਿਰਾ ਅਤੇ ਸਿਮਰਜੀਤ ਸਿੰਘ ਬੈਂਸ ਨੇ ਜੋ ਕੁਝ ਕੀਤਾ, ਉਸ ਨੇ ਬੈਂਸ ਭਰਾਵਾਂ ਦੀ ਸਿਆਸਤ ਸਭ ਦੇ ਸਾਹਮਣੇ ਲਿਆ ਦਿੱਤੀ। ਬੈਂਸ ਭਰਾਵਾਂ ਦਾ ਪਿਛੋਕੜ ਅਕਾਲੀ ਦਲ ਨਾਲ ਜੁੜਿਆ ਹੋਇਆ ਹੈ ਅਤੇ ਕੰਮ ਨਾ ਕਰਨ ਕਰ ਕੇ ਇਨ੍ਹਾਂ ਭਰਾਵਾਂ ਨੇ ਲੁਧਿਆਣੇ ਤਹਿਸੀਲ ਅੰਦਰ ਜਾ ਕੇ ਤਹਿਸੀਲਦਾਰ ਦਾ ਸ਼ਰੇਆਮ ਕੁੱਟ-ਕੁਟਾਪਾ ਕੀਤਾ ਸੀ। ਵਿਧਾਨ ਸਭਾ ਦੇ ਗੇਟ ਉਤੇ ਵੀ ਬੈਂਸ ਭਰਾਵਾਂ ਦੀ ਇਸੇ ਸਿਆਸਤ ਦਾ ਰੰਗ ਦੇਖਣ ਨੂੰ ਮਿਲਿਆ। ਇਸ ਮਸ਼ੂਚੀ ਕਾਰਵਾਈ ਦਾ ਲਾਹਾ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ। ਇਹ ਦਲ ਜੋ ਵੱਖ ਵੱਖ ਮਸਲਿਆਂ 'ਤੇ ਸਦਨ ਦੇ ਅੰਦਰ ਵੀ, ਤੇ ਬਾਹਰ ਵੀ, ਬੁਰੀ ਤਰ੍ਹਾਂ ਘਿਰਿਆ ਹੋਇਆ ਸੀ, ਮੌਕੇ ਦਾ ਫਾਇਦਾ ਉਠਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਇਕ ਦਿਨ ਵੀ ਨਵੇਂ ਸੈਸ਼ਨ ਦੌਰਾਨ ਸਦਨ ਵਿਚ ਪੈਰ ਨਹੀਂ ਸੀ ਪਾਇਆ, ਅਚਾਨਕ ਆਮ ਆਦਮੀ ਪਾਰਟੀ ਵਿਧਾਇਕ ਦੀ ਲੱਥੀ ਦਸਤਾਰ ਲੈ ਕੇ ਹਸਪਤਾਲ ਪਹੁੰਚ ਗਏ। ਨਾਲ ਹੀ ਮਸਲਾ ਸਿੱਖ ਭਾਵਨਾਵਾਂ ਦਾ ਬਣਾ ਧਰਿਆ। ਤੁਰੰਤ ਅਕਾਲ ਤਖਤ ਦੇ ਜਥੇਦਾਰ ਕੋਲ ਪਹੁੰਚ ਕਰ ਲਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਜਿਨ੍ਹਾਂ ਬਾਰੇ ਕੱਲ੍ਹ ਤੱਕ ਇਹ ਗੱਲਾਂ ਚਲਦੀਆਂ ਕਿ ਉਹ ਨਫੀਸ ਬਹੁਤ ਹਨ, ਖੁੱਲ੍ਹ ਕੇ ਸਿਆਸੀ ਪਿੜ ਵਿਚ ਆਣ ਨਿੱਤਰੇ। ਚੰਦ ਰੋਜ਼ ਪਹਿਲਾਂ ਹੀ ਉਹ ਬੇਅਦਬੀ ਦੇ ਮਾਮਲੇ 'ਤੇ ਅਕਾਲੀ ਦਲ ਵੱਲੋਂ ਦਿੱਤੇ ਰੋਸ ਧਰਨੇ ਵਿਚ ਸ਼ਾਮਲ ਹੋਏ ਸਨ। ਸਿਤਮਜ਼ਰੀਫੀ ਇਹ ਰਹੀ ਕਿ ਅਕਾਲੀ ਦਲ ਦੀ ਸਰਕਾਰ ਦੌਰਾਨ ਉਨ੍ਹਾਂ ਨੂੰ ਇਹ ਮਸਲਾ ਯਾਦ ਤੱਕ ਨਹੀਂ ਸੀ ਆਇਆ। ਦੂਜੇ ਬੰਨੇ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਵਾਰ ਫਿਰ, ਕਾਂਗਰਸ ਦੇ 'ਪੰਜਾਬ ਤੇ ਸਿੱਖ ਵਿਰੋਧੀ' ਹੋਣ ਵਾਲਾ ਪੁਰਾਣਾ ਰਾਗ ਅਲਾਪ ਦਿੱਤਾ ਹੈ। ਫਿਰ ਅਜਿਹੇ ਮਾਹੌਲ ਵਿਚ ਕੌਣ ਪੁੱਛੇਗਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਅਤੇ ਦਸ ਸਾਲ ਚਲਾਈ ਸਰਕਾਰ ਦੌਰਾਨ ਉਨ੍ਹਾਂ ਨੇ ਕੀ ਤੀਰ ਮਾਰੇ ਸਨ?

ਖੈਰ! ਵਿਰੋਧੀ ਧਿਰ ਦੇ ਵਿਧਾਇਕਾਂ ਖਿਲਾਫ ਕਾਰਵਾਈ ਨੇ ਦੋ ਵਿਰੋਧੀ ਦਲਾਂ- ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ, ਨੂੰ ਇਕ ਮੰਚ 'ਤੇ ਲੈ ਆਂਦਾ। ਆਮ ਆਦਮੀ ਪਾਰਟੀ ਦੇ ਕਿਸੇ ਵੀ ਲੀਡਰ ਵਿਚੋਂ ਕੋਈ ਲੀਡਰ ਉਭਰ ਨਹੀਂ ਸਕਿਆ ਜੋ ਸਮੁੱਚੇ ਹਾਲਾਤ ਨੂੰ ਆਪਣੇ ਹੱਕ ਵਿਚ ਕਰ ਲੈਂਦਾ ਅਤੇ ਅਕਾਲੀ ਦਲ ਨੂੰ ਪਿਛਾਂਹ ਧੱਕੀ ਰੱਖਦਾ। ਮੀਡੀਆ ਨੇ ਤਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਨੌਸਿਖੀਏ ਕਹਿ ਕੇ ਸਾਰ ਦਿੱਤਾ, ਪਰ ਮਸਲਾ ਤਾਂ ਲੋਕਾਂ ਦੇ ਮਸਲਿਆਂ ਦਾ ਹੈ ਜਿਨ੍ਹਾਂ ਨੂੰ ਉਠਾਉਣ ਦੇ ਦਾਅਵੇ ਇਸ ਪਾਰਟੀ ਦੇ ਆਗੂ ਅਕਸਰ ਕਰਦੇ ਹਨ। ਅਸਲ ਵਿਚ ਪਹਿਲਾਂ ਇਹ ਪਾਰਟੀ ਆਪਣੀਆਂ ਨਾਕਾਮੀਆਂ ਕਾਰਨ ਸੱਤਾ ਧਿਰ ਬਣਨ ਤੋਂ ਖੁੰਝ ਗਈ ਅਤੇ ਹੁਣ ਇਨ੍ਹਾਂ ਹੀ ਨਾਕਾਮੀਆਂ ਕਾਰਨ ਮੁੱਖ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਣ ਵਿਚ ਨਾਕਾਮ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਇਸ ਸੈਸ਼ਨ ਦੌਰਾਨ ਆਮ ਆਦਮੀ ਪਾਰਟੀ ਸਦਨ ਵਿਚ ਆਪਣੀ ਮੋਹਰ-ਛਾਪ ਛੱਡਦੀ। ਜੇ ਇਕ ਵਿਧਾਇਕ ਮੁਅੱਤਲ ਹੋ ਗਿਆ ਤਾਂ ਕੀ ਸੀ, ਮੁੱਦੇ ਉਠਾਉਣ ਲਈ ਹੋਰ ਵਿਧਾਇਕ ਕਮਾਨ ਸੰਭਾਲ ਸਕਦੇ ਸਨ। ਆਮ ਆਦਮੀ ਪਾਰਟੀ ਦੇ ਕਰਤਿਆਂ-ਧਰਤਿਆਂ ਨੇ ਸਦਾ ਨਵੀਂ ਸਿਆਸਤ ਦਾ ਹੋਕਾ ਦਿੱਤਾ ਹੈ। ਰਵਾਇਤੀ ਪਾਰਟੀਆਂ ਕਿਉਂਕਿ ਪਹਿਲਾਂ ਵਾਲੀ ਚਾਲੇ ਹੀ ਤੁਰਨਾ ਗਿੱਝੀਆਂ ਹੋਈਆ ਹਨ ਅਤੇ ਇਸ ਤੋਰ ਤੁਰਨਾ ਇਨ੍ਹਾਂ ਨੂੰ ਸੂਤ ਵੀ ਬੈਠਦਾ ਹੈ, ਇਸ ਲਈ ਨਵੀਂ ਸਿਆਸਤ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਆਮ ਆਦਮੀ ਪਾਰਟੀ ਉਤੇ ਹੀ ਆਉਂਦੀ ਹੈ ਅਤੇ ਪੰਜਾਬ ਦੇ ਲੋਕ ਵੀ ਇਹੀ ਆਸ ਲਗਾਈ ਬੈਠੇ ਹਨ। ਅਕਾਲੀ ਦਲ ਦੀ ਹਾਂ ਵਿਚ ਹਾਂ ਮਿਲਾਉਣ ਦਾ ਮਤਲਬ ਇਸ ਦਲ ਨੂੰ ਵਧੇਰੇ ਅਹਿਮੀਅਤ ਦੇਣਾ ਹੀ ਹੈ। ਪਾਰਟੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਦਾਅਵਿਆਂ ਅਨੁਸਾਰ, ਪੰਜਾਬ ਦੇ ਲੋਕਾਂ ਦੇ ਮਸਲਿਆਂ ਨੂੰ ਆਪਣੇ ਹੱਥ ਲਵੇ ਅਤੇ ਇਨ੍ਹਾਂ ਨੂੰ ਸਦਨ ਦੇ ਅੰਦਰ ਤੇ ਬਾਹਰ, ਦੋਹੀਂ ਥਾਈਂ ਉਠਾਉਣ ਲਈ ਰਣਨੀਤੀ ਬਣਾਵੇ। ਅਜਿਹਾ ਨਾ ਹੋ ਸਕਿਆ ਤਾਂ ਰਵਾਇਤੀ ਪਾਰਟੀਆਂ ਹੀ ਹਾਲਾਤ ਦਾ ਫਾਇਦਾ ਉਠਾਉਂਦੀਆਂ ਰਹਿਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੀਡੀਏ ਲਈ ਡਰਾਮੇ!*

ਮਤੇ, ਬਿਲ, ਬਹਿਸ ਤਾਂ ਅਲੋਪ ਹੋਈ ਜਾਂਦੇ ਹੁਣ, 'ਮੱਛੀ ਮੰਡੀ' ਹੁੰਦੀ ਐ ਵਿਧਾਨ ਸਭਾ ਅੱਜ ਕੱਲ।
'ਟੋਪੀ ਵਾਲਿਆਂ' ਦੀ ਪੱਗ ਲੱਥ ਗਈ ਜਿੱਦਣ ਦੀ, ਫਿਰਦੇ ਜਤਾਉਂਦੇ 'ਦੁੱਖ' ਨੀਲੇ ਭਾਈ ਅੱਜ ਕੱਲ।
ਧਾਰਮਿਕ ਰੰਗ ਦੇ ਕੇ ਮੁੱਦੇ ਨੂੰ ਉਛਾਲ ਰਹੇ ਨੇ, 'ਚਿੱਟਿਆਂ' ਨੂੰ ਫਾਹੁਣ ਲਈ ਵਿਛਾਉਂਦੇ ਜਾਲ ਅੱਜ ਕੱਲ।
ਲਾਹੀਆਂ ਦਸਤਾਰਾਂ, ਆਪ ਬੀਬੀਆਂ ਵੀ ਕੁੱਟੀਆਂ ਸੀ, ਕਿਸ ਮੂੰਹ ਨਾਲ ਰੌਲਾ ਪਾਉਂਦੇ ਨੇ ਉਹ ਅੱਜ ਕੱਲ।
ਸੱਤਾਧਾਰੀ ਹੋਣਾ ਹੀ ਨਿਸ਼ਾਨਾ ਇੱਕੋ ਮਿੱਥ ਲੈਂਦੇ, ਖੁਸੀ ਹੋਈ ਗੱਦੀ ਹੀ ਸਤਾਉਂਦੀ ਰਹਿੰਦੀ ਅੱਜ ਕੱਲ।
ਲੋਕ ਹਿੱਤਾਂ ਵਾਲਾ ਤਾਂ ਬਹਾਨਾ ਜਿਹਾ ਲਾ ਲੈਂਦੇ ਨੇ, ਮੀਡੀਏ 'ਚ ਰਹਿਣ ਦੇ ਡਰਾਮੇ ਹੋ ਰਹੇ ਅੱਜ ਕੱਲ!

# ਗੋਰਖਾਲੈਂਡ ਲਈ ਸੰਘਰਸ਼

**ਦਾਰਜੀਲਿੰਗ ਦੀਆਂ ਪਹਾੜੀਆਂ ਵਿਚ ਮੁੜ ਸ਼ੁਰੂ ਹੋਏ ਗੋਰਖਾ ਸੰਘਰਸ਼ ਨੇ ਸਮਾਜਕ-ਸਿਆਸੀ ਢਾਂਚੇ ਉਤੇ ਇਕ ਵਾਰ ਫਿਰ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਸੂਬੇ ਅੰਦਰ ਦਸਵੀਂ ਤੱਕ ਬੰਗਾਲੀ ਲਾਜ਼ਮੀ ਲਾਗੂ ਕਰਨ ਦੇ ਫੈਸਲੇ ਖਿਲਾਫ ਸ਼ੁਰੂ ਹੋਇਆ ਇਹ ਸੰਘਰਸ਼ ਫਿਰ ਵੱਖਰੇ ਸੂਬੇ ਦੇ ਮੁੱਦੇ ਉਤੇ ਕੇਂਦਰਤ ਹੋ ਗਿਆ ਹੈ। ਕੇਂਦਰ ਵਿਚ ਸੱਤਾਧਾਰੀ ਧਿਰ-ਭਾਰਤੀ ਜਨਤਾ ਪਾਰਟੀ, ਇਸ ਮੌਕੇ ਨੂੰ ਆਪਣੇ ਹੱਕ ਵਿਚ ਵਰਤਣ ਲਈ ਘਾਤ ਲਗਾਈ ਬੈਠੀ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਇਸ ਸਮੁੱਚੇ ਹਾਲਾਤ ਦੀਆਂ ਪਰਤਾਂ ਫਰੋਲੀਆਂ ਹਨ।-ਸੰਪਾਦਕ**

ਦਾਰਜੀਲਿੰਗ ਦੀਆਂ ਪਹਾੜੀਆਂ ਇਕ ਵਾਰ ਫਿਰ ਗੋਰਖਾ ਸੰਘਰਸ਼ ਨਾਲ ਗੂੰਜ ਉਠੀਆਂ ਹਨ। ਸੈਰ-ਸਪਾਟੇ ਲਈ ਮਸ਼ਹੂਰ ਦਾਰਜੀਲਿੰਗ ਵਿਚ ਦੋ ਹਫਤੇ ਤੋਂ ਲਗਾਤਾਰ ਮੁਜ਼ਾਹਰੇ ਹੋ ਰਹੇ ਹਨ। ਜੰਤਰ ਮੰਤਰ ਦਿੱਲੀ ਵਿਖੇ ਵੀ ਗੋਰਖਾ ਲੋਕ ਧਰਨਾ ਲਾਈ ਬੈਠੇ ਹਨ। ਇਸ ਦੀ ਫੌਰੀ ਵਜ੍ਹਾ ਪੱਛਮੀ ਬੰਗਾਲ ਸਰਕਾਰ ਦਾ 16 ਮਈ ਦਾ ਫੈਸਲਾ ਹੈ ਜਿਸ ਤਹਿਤ ਸੂਬੇ ਦੇ ਸਾਰੇ ਸਕੂਲਾਂ ਵਿਚ ਦਸਵੀਂ ਜਮਾਤ ਤਕ ਬੰਗਾਲੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕਰਾਰ ਦੇ ਦਿੱਤੀ ਗਈ। ਬਾਅਦ ਵਿਚ ਭਾਵੇਂ

ਬੂਟਾ ਸਿੰਘ
ਫੋਨ: +91-94634-74342

ਵਿਆਪਕ ਜਨਤਕ ਵਿਰੋਧ ਨੂੰ ਦੇਖਦਿਆਂ ਸਰਕਾਰ ਨੇ ਇਹ ਸਪਸ਼ਟੀਕਰਨ ਦੇਣਾ ਸ਼ੁਰੂ ਕਰ ਦਿੱਤਾ ਕਿ ਗੋਰਖਾ ਪਹਾੜੀ ਖੇਤਰ ਵਿਚ ਬੰਗਾਲੀ ਭਾਸ਼ਾ ਲਾਜ਼ਮੀ ਨਹੀਂ, ਸਿਰਫ ਆਪਸ਼ਨਲ (ਮਰਜ਼ੀ ਨਾਲ ਪੜ੍ਹਿਆ ਜਾਣ ਵਾਲਾ ਵਿਸ਼ਾ) ਹੋਵੇਗੀ, ਪਰ ਵੱਖਰੇ ਸੂਬੇ ਦੀ ਮੰਗ ਨਾਲ ਭਖੇ ਹੋਏ ਮਾਹੌਲ ਅੰਦਰ ਇਸ ਪੈਂਤੜੇ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਸਰਕਾਰ ਦਾ ਬੰਗਾਲੀ ਸ਼ਾਵਨਵਾਦੀ ਫਰਮਾਨ ਸਿਰਫ ਨੇਪਾਲੀ ਬੋਲਦੇ ਗੋਰਖਾ ਲੋਕਾਂ ਲਈ ਹੀ ਖਤਰਾ ਨਹੀਂ, ਸਗੋਂ ਪੱਛਮੀ ਬੰਗਾਲ ਦੀਆਂ ਸਾਰੀਆਂ ਹੀ ਭਾਸ਼ਾਈ ਘੱਟ ਗਿਣਤੀਆਂ ਉਪਰ ਹਮਲਾ ਹੈ। ਪਿਛਲੇ ਸਮੇਂ ਵਿਚ ਸੰਥਾਲ ਲੋਕਾਂ ਨੇ ਲੰਮਾ ਸੰਘਰਸ਼ ਕਰ ਕੇ ਸੰਥਾਲ ਭਾਸ਼ਾ ਅਤੇ ਅਲ-ਚਿਕੀ ਲਿਪੀ ਵਿਚ ਸਿਖਿਆ ਪ੍ਰਾਪਤ ਕਰਨ ਦਾ ਹੱਕ ਹਾਸਲ ਕੀਤਾ ਸੀ। ਨੇਪਾਲੀ ਨੂੰ ਇਸ ਸੂਬੇ ਵਿਚ 1961 ਤੋਂ ਬਾਕਾਇਦਾ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਹੈ ਅਤੇ ਤ੍ਰਿਣਮੂਲ ਸਰਕਾਰ ਦਾ ਇਹ ਫੈਸਲਾ ਭਾਸ਼ਾਈ ਹੱਕਾਂ ਉਪਰ ਸੋਚਿਆ-ਸਮਝਿਆ ਹਮਲਾ ਹੈ। ਇਹ ਫੈਸਲਾ ਸੰਘਰਸ਼ਾਂ ਦੇ ਹਾਸਲ ਉਪਰ ਝਪਟ ਮਾਰਨ ਵਾਲਾ ਤਾਂ ਹੈ ਹੀ, ਇਹ ਬੰਗਾਲੀ ਲੋਕਾਂ ਨੂੰ ਗੋਰਖਾ ਸਮਾਜ ਦੀਆਂ ਜਮਹੂਰੀ ਰੀਝਾਂ ਦੇ ਖਿਲਾਫ ਖੜ੍ਹਾ ਕਰਨ ਦੀ ਖਤਰਨਾਕ ਚਾਲ ਵੀ ਹੈ।

ਇਸ ਫੈਸਲੇ ਖਿਲਾਫ ਗੋਰਖਾ ਜਨਮੁਕਤੀ ਮੋਰਚਾ ਅਤੇ ਪਹਾੜੀ ਖੇਤਰ ਦੀਆਂ ਹੋਰ ਸਿਆਸੀ ਤਾਕਤਾਂ ਕਈ ਦਿਨਾਂ ਤੋਂ ਸਰਕਾਰ ਖਿਲਾਫ ਤਿੱਖਾ ਅੰਦੋਲਨ ਕਰ ਰਹੀਆਂ ਹਨ। ਬੰਗਾਲੀ ਭਾਸ਼ਾ ਥੋਪਣ ਦੀ ਮੁਖਾਲਫਤ ਦੇ ਨਾਲ ਨਾਲ ਮੋਰਚੇ ਨੇ ਅੰਦੋਲਨ ਵੱਖਰੇ ਗੋਰਖਾਲੈਂਡ ਦੀ ਪੁਰਾਣੀ ਮੰਗ ਕੇਂਦਰਤ ਕਰ ਦਿੱਤਾ ਹੈ। ਇਤਿਹਾਸਕ ਤੌਰ 'ਤੇ ਇਸ ਖੇਤਰ ਲਈ ਵੱਖਰਾ ਪ੍ਰਸ਼ਾਸਨਿਕ ਢਾਂਚਾ ਬਣਾਏ ਜਾਣ ਦੀ ਮੰਗ ਪਹਿਲੀ ਵਾਰ ਬਸਤੀਵਾਦੀ ਰਾਜ ਦੌਰਾਨ 1907 ਵਿਚ ਕੀਤੀ ਗਈ ਸੀ ਜੋ 1947 ਤੋਂ ਬਾਅਦ ਦੇ ਅਰਸੇ ਵਿਚ ਮੁਲਕ ਦੀ ਹੁਕਮਰਾਨ ਜਮਾਤ ਦੀਆਂ ਜਾਬਰ ਨੀਤੀਆਂ ਕਾਰਨ ਤਕੜੇ ਅੰਦੋਲਨ ਵਿਚ ਵਟ ਗਈ।

ਇਸ ਖੇਤਰ ਵਿਚ ਨੇਪਾਲੀ ਬੋਲਣ ਵਾਲੀ ਚੋਖੀ ਗੋਰਖਾ ਆਬਾਦੀ ਹੈ ਜੋ ਹੁਣ ਪੰਦਰਾਂ ਲੱਖ ਦੇ ਕਰੀਬ ਹੈ। ਉਨ੍ਹਾਂ ਦੀ ਭਾਸ਼ਾ, ਸਭਿਆਚਾਰ, ਰਸਮਾਂ-ਰਿਵਾਜ ਆਦਿ ਬੰਗਾਲੀ ਭਾਈਚਾਰੇ ਤੋਂ ਵੱਖਰੇ ਹਨ। ਭਾਸ਼ਾ ਦੇ ਆਧਾਰ 'ਤੇ ਵੱਖਰੇ ਗੋਰਖਾਲੈਂਡ ਦੀ ਮੰਗ ਜਾਇਜ਼ ਜਮਹੂਰੀ ਮੰਗ ਹੈ ਜੋ ਨਾ ਹਿੰਦੂ ਧੌਂਸਬਾਜ਼ ਕੇਂਦਰੀ ਹੁਕਮਰਾਨ ਜਮਾਤ ਨੂੰ ਮਨਜ਼ੂਰ ਹੈ, ਨਾ ਬੰਗਾਲੀ ਸ਼ਾਵਨਵਾਦੀ ਖੇਤਰੀ ਹਾਕਮ ਜਮਾਤ ਨੂੰ। ਪਹਿਲਾਂ ਜੋਤੀ ਬਾਸੂ ਦੀ 'ਖੱਬਾ ਮੋਰਚਾ' ਸਰਕਾਰ ਵਲੋਂ ਬੇਤਹਾਸ਼ਾ ਜਬਰ ਢਾਹ ਕੇ ਗੋਰਖਾ ਲੋਕਾਂ ਦੀ ਜਮਹੂਰੀ ਰੀਝ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਸੀ। ਹੁਣ ਤ੍ਰਿਣਮੂਲ ਸਰਕਾਰ ਉਸੇ ਰਾਹ ਤੁਰੀ ਹੋਈ ਹੈ ਅਤੇ ਅੰਦੋਲਨਕਾਰੀਆਂ ਉਪਰ ਜਬਰ ਕਰ ਰਹੀ ਹੈ। ਜੋਤੀ ਬਾਸੂ ਸਰਕਾਰ ਵਾਂਗ ਮਮਤਾ ਸਰਕਾਰ ਵੀ ਪਹਾੜੀ ਖੇਤਰ ਵਿਚ ਨੀਮ-ਫੌਜੀ ਦਸਤਿਆਂ ਦੀ ਦਹਿਸ਼ਤਵਾਦੀ ਤਾਇਨਾਤੀ ਨਾਲ ਅਮਨ ਬਹਾਲ ਕਰਨਾ ਚਾਹੁੰਦੀ ਹੈ। ਗੋਰਖਾ ਜਨਮੁਕਤੀ ਮੋਰਚਾ ਦੇ ਦਾਰਜੀਲਿੰਗ ਦਫਤਰ ਉਪਰ ਪੁਲਿਸ ਦਾ ਛਾਪਾ ਅਤੇ ਹਥਿਆਰ ਜ਼ਬਤ ਕਰਨ ਦਾ ਨਾਟਕ ਇਸ ਸਰਕਾਰ ਦੀ ਬੌਖਲਾਹਟ ਨੂੰ ਦਰਸਾਉਂਦਾ ਹੈ।

ਵੱਖਰੇ ਸੂਬੇ ਅਤੇ ਇਲਾਕਾਈ ਖੁਦਮੁਖਤਾਰੀ ਲਈ ਸੰਘਰਸ਼ਾਂ ਦੇ ਵਾਰ ਵਾਰ ਉਠਣ ਦੇ ਠੋਸ ਕਾਰਨ ਹਨ। ਇਕ ਤਾਂ ਅਸਾਵਾਂ ਵਿਕਾਸ ਭੂਮਿਕਾ ਨਿਭਾਉਂਦਾ ਹੈ ਜਿਸ ਨਾਲ ਤਿੱਖੇ ਇਲਾਕਾਈ ਅਸੰਤੁਲਨ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨਾਲ ਇਲਾਕਾਈ ਪਛਾਣ ਉਭਰ ਆਉਂਦੀ ਹੈ, ਦੂਜੇ ਉਭਰ ਰਹੀਆਂ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਨੂੰ ਭਾਰੂ ਹਾਕਮ ਜਮਾਤ ਦਬਾਉਣ ਦੀ ਨੀਤੀ 'ਤੇ ਚੱਲਦੀ ਹੈ। ਲਗਭਗ ਤਿੰਨ ਦਹਾਕੇ ਪਹਿਲਾਂ 1986 ਵਿਚ ਸੁਭਾਸ਼ ਘੀਸਿੰਗ ਦੀ ਅਗਵਾਈ ਹੇਠ ਵੱਖਰੇ ਗੋਰਖਾਲੈਂਡ ਦੀ ਮੰਗ ਨੂੰ ਲੈ ਕੇ ਅੰਦੋਲਨ ਹੋਇਆ ਸੀ ਜਿਸ ਨੂੰ ਵੱਖਰਾ ਸੂਬਾ ਹਾਸਲ ਕਰਨ ਦੇ ਮੁਕਾਮ 'ਤੇ ਪਹੁੰਚਾਉਣ ਦੀ ਥਾਂ ਦਾਰਜੀਲਿੰਗ ਗੋਰਖਾ ਪਹਾੜੀ ਕੌਂਸਲ ਬਣਾਏ ਜਾਣ ਉਪਰ ਸਮਝੌਤਾ ਕਰ ਕੇ ਵਾਪਸ ਲੈ ਲਿਆ ਗਿਆ ਸੀ।

ਇਸ ਅਖੌਤੀ 'ਖੁਦਮੁਖਤਿਆਰ' ਕੌਂਸਲ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਾ ਹੋ ਕੇ 2007 ਵਿਚ ਬਿਮਲ ਗੁਰੁੰਗ ਦੀ ਅਗਵਾਈ ਹੇਠ ਗੋਰਖਾ ਨੈਸ਼ਨਲ ਫਰੰਟ ਤੋਂ ਵੱਖ ਹੋ ਕੇ ਨਵੀਂ ਜਥੇਬੰਦੀ ਗੋਰਖਾ ਜਨਮੁਕਤੀ ਮੋਰਚਾ (ਜੀ.ਜੇ.ਐਮ.) ਬਣਾਈ ਗਈ ਜਿਸ ਦੀ ਅਗਵਾਈ ਹੇਠ ਚੱਲੇ ਅੰਦੋਲਨ ਤੋਂ ਬਾਅਦ ਇਸ ਨੇ ਵੀ ਅੰਦੋਲਨ ਨੂੰ ਸਿਰੇ ਲਾਉਣ ਦੀ ਥਾਂ ਜੁਲਾਈ 2011 ਵਿਚ ਇਕ ਹੋਰ ਤਿੰਨ ਧਿਰੀ ਸਮਝੌਤਾ ਕਰ ਲਿਆ ਜਿਸ ਵਿਚ



ਦਾਰਜੀਲਿੰਗ ਵਿਚ ਰੋਸ ਵਿਖਾਵਾ ਕਰ ਰਹੇ ਗੋਰਖਾ ਲੋਕ।

ਜੀ.ਜੇ.ਐਮ., ਪੱਛਮੀ ਬੰਗਾਲ ਸਰਕਾਰ ਅਤੇ ਕੇਂਦਰ ਸਰਕਾਰ ਸ਼ਾਮਲ ਸਨ। ਇਉਂ ਅਗਸਤ 2012 ਵਿਚ ਬਾਕਾਇਦਾ ਸੰਵਿਧਾਨਕ ਅਮਲ ਰਾਹੀਂ ਗੋਰਖਾ ਪਹਾੜੀ ਕੌਂਸਲ ਦੀ ਥਾਂ ਗੋਰਖਾਲੈਂਡ ਖੇਤਰੀ ਪ੍ਰਸ਼ਾਸਨ (ਗੋਰਖਾਲੈਂਡ ਟੈਰੀਟੋਰੀਅਲ ਐਡਮਿਨਿਸਟ੍ਰੇਸ਼ਨ- ਜੀ.ਟੀ.ਏ.) ਨੇ ਲੈ ਲਈ। ਇਸ ਨਵੇਂ ਪ੍ਰਸ਼ਾਸਨਿਕ ਢਾਂਚੇ ਤਹਿਤ ਹੋਈਆਂ ਚੋਣਾਂ ਰਾਹੀਂ ਗੋਰਖਾ ਜਨਮੁਕਤੀ ਮੋਰਚਾ ਸਥਾਨਕ ਸੱਤਾ ਉਪਰ ਕਾਬਜ਼ ਹੋ ਗਿਆ। ਇਹ ਜੀ.ਟੀ.ਏ. ਦਾ ਅਧਿਕਾਰ ਖੇਤਰ, ਵਿੱਤੀ ਵਸੀਲੇ ਅਤੇ ਇਸ ਖੇਤਰ ਉਪਰ ਆਪਣਾ ਕੰਟਰੋਲ ਵਧਾਉਣ ਦਾ ਖਾਹਸ਼ਮੰਦ ਸੀ ਅਤੇ ਤ੍ਰਿਣਮੂਲ ਸਰਕਾਰ ਦੇ ਹਿਤ ਇਸ ਦੇ ਪੂਰੀ ਤਰ੍ਹਾਂ ਉਲਟ ਸਨ।


30 ਜੁਲਾਈ 2013 ਨੂੰ ਕਾਂਗਰਸ ਦੀ ਕੇਂਦਰ ਸਰਕਾਰ ਵਲੋਂ ਵੱਖਰਾ ਤੇਲੰਗਾਨਾ ਸੂਬਾ ਬਣਾਏ ਜਾਣ ਨੂੰ ਸਹਿਮਤੀ ਦਿੱਤੇ ਜਾਣ ਨਾਲ ਵੱਖਰੇ ਗੋਰਖਾਲੈਂਡ ਅਤੇ ਵੱਖਰੇ ਬੋਡੋਲੈਂਡ ਦੀ ਮੰਗ ਮੁੜ ਜ਼ੋਰ ਫੜ ਗਈ। ਇਸੇ ਦਿਨ 30 ਜੁਲਾਈ ਨੂੰ ਬਿਮਲ ਗੁਰੁੰਗ ਨੇ ਪੱਛਮੀ ਬੰਗਾਲ ਸਰਕਾਰ ਉਪਰ ਦਖਲਅੰਦਾਜ਼ੀ ਦਾ ਇਲਜ਼ਾਮ ਲਾ ਕੇ ਅਤੇ ਗੋਰਖਾਲੈਂਡ ਦੀ ਮੰਗ ਨੂੰ ਮੁੜ-ਸੁਰਜੀਤ ਕਰਦੇ ਹੋਏ ਅਸਤੀਫਾ ਦੇ ਦਿੱਤਾ ਜਿਸ ਨੇ ਅਜੇ ਦੋ ਸਾਲ ਪਹਿਲਾਂ ਹੀ ਜੀ.ਟੀ.ਏ. ਨੂੰ ਸਹਿਮਤੀ ਦਿੱਤੀ ਸੀ। ਵੱਖਰੇ ਗੋਰਖਾਲੈਂਡ ਦੀ ਮੰਗ ਮੁੜ ਭਖਵਾਂ ਸਿਆਸੀ ਮੁੱਦਾ ਬਣ ਗਈ।

ਜੁਲਾਈ 2011 ਵਾਲੇ ਸਮਝੌਤੇ ਤੋਂ ਬਾਅਦ ਤ੍ਰਿਣਮੂਲ ਸਰਕਾਰ ਵਲੋਂ ਪਹਾੜੀ ਖੇਤਰ ਵਿਚ ਆਪਣਾ ਸਿਆਸੀ ਆਧਾਰ ਬਣਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਜੀ.ਟੀ.ਏ. ਦਾ ਕਾਰਜਕਾਲ ਜੂਨ ਵਿਚ ਖਤਮ ਹੋ ਰਿਹਾ ਹੈ। ਜੁਲਾਈ ਵਿਚ ਇਸ ਦੀ ਨਵੀਂ ਚੋਣ ਹੋਵੇਗੀ। ਸਰਕਾਰ ਪਹਿਲਾਂ ਐਨੇ ਸਾਲ ਖਾਮੋਸ਼ ਰਹੀ ਅਤੇ ਚੋਣਾਂ ਤੋਂ ਐਨ ਪਹਿਲਾਂ ਜਨਮੁਕਤੀ ਮੋਰਚਾ ਨੂੰ ਸਿਆਸੀ ਸੱਟ ਮਾਰਨ ਲਈ ਜੀ.ਟੀ.ਏ. ਦੇ ਆਡਿਟ ਦਾ ਹੁਕਮ ਜਾਰੀ ਕਰ ਦਿੱਤਾ ਗਿਆ। ਮੰਤਰੀ ਮੰਡਲ ਦੀ ਮੀਟਿੰਗ ਉਚੇਚੇ ਤੌਰ 'ਤੇ ਦਾਰਜੀਲਿੰਗ ਵਿਚ ਰੱਖੀ ਗਈ। ਸਿਆਸੀ ਦਬਦਬਾ ਬਣਾਉਣ ਦੀ ਮਨਸ਼ਾ ਨਾਲ ਮਮਤਾ ਬੈਨਰਜੀ ਵਲੋਂ ਚੱਲੀਆਂ ਜਾ ਰਹੀਆਂ ਇਨ੍ਹਾਂ ਚਾਲਾਂ ਦੇ ਸਤਾਏ ਗੋਰਖਾ ਆਗੂਆਂ ਨੇ ਵੱਖਰੇ ਗੋਰਖਾਲੈਂਡ ਦੀ ਮੰਗ ਨੂੰ ਲੈ ਕੇ ਤਿੱਖਾ ਅੰਦੋਲਨ ਸ਼ੁਰੂ ਕਰ ਦਿੱਤਾ ਜਿਸਦਾ ਸਿਆਸੀ ਲਾਹਾ ਲੈਣ ਲਈ ਹੋਰ ਸਥਾਨਕ ਜਥੇਬੰਦੀਆਂ ਵੀ ਇਸ ਅੰਦੋਲਨ ਦੀ ਹਮਾਇਤ 'ਤੇ ਆ ਗਈਆਂ। ਸੰਘ ਬ੍ਰਿਗੇਡ ਵੀ ਇਹ ਮੌਕਾ ਗਵਾਉਣਾ ਨਹੀਂ ਚਾਹੁੰਦਾ।

ਪਿਛਲੇ ਤਿੰਨ ਸਾਲਾਂ ਤੋਂ ਸੰਘ ਬ੍ਰਿਗੇਡ ਪੱਛਮੀ ਬੰਗਾਲ ਅੰਦਰ ਪੈਰ ਪਸਾਰਨ ਦੀ ਬਹੁਪਰਤੀ ਯੋਜਨਾ ਲੈ ਕੇ ਕੰਮ ਕਰ ਰਿਹਾ ਹੈ। ਇਸ ਦਾ ਮੁੱਖ ਨਿਸ਼ਾਨਾ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਸਿਆਸੀ ਆਧਾਰ ਨੂੰ ਤੋੜਨਾ ਹੈ। ਗੌਰਤਲਬ ਹੈ ਕਿ ਰਾਸ਼ਟਰਵਾਦ ਦੀ ਵਾਹਦ ਠੇਕੇਦਾਰ ਭਾਜਪਾ ਵੱਖਰੇ ਗੋਰਖਾਲੈਂਡ ਦੀ ਹਮਾਇਤ ਕਰ ਰਹੀ ਹੈ। ਕਿਸਾਨਾਂ ਦੀਆਂ ਆਮ ਮੰਗਾਂ ਤੋਂ ਲੈ ਕੇ ਮੁਲਕ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਆਮ ਜਮਹੂਰੀ ਵਿਚਾਰ-ਚਰਚਾ ਨੂੰ ਵੀ ਰਾਜ ਸੱਤਾ ਦੀ ਹਥਿਆਰਬੰਦ ਤਾਕਤ ਨਾਲ ਕੁਚਲਣ ਵਾਲੇ ਸੰਘ ਬ੍ਰਿਗੇਡ ਵਲੋਂ ਵੱਖਰੇ ਸੂਬੇ ਦੀ ਜਮਹੂਰੀ ਮੰਗ ਦੀ ਹਮਾਇਤ ਕਰਨ ਪਿੱਛੇ ਡੂੰਘੀ ਗਿਣਤੀ-ਮਿਣਤੀ ਕੰਮ ਕਰਦੀ ਹੈ। ਸਭਿਆਚਾਰਕ ਵੰਨ-ਸੁਵੰਨਤਾ ਦੀ ਘੋਰ ਦੁਸ਼ਮਣ ਭਾਜਪਾ ਦਾ ਮੁੱਖ ਏਜੰਡਾ ਹਿੰਦੂਤਵ, ਹਿੰਦੀ, ਹਿੰਦੂ ਰਾਸ਼ਟਰ ਹੈ। ਤ੍ਰਿਣਮੂਲ ਸਰਕਾਰ ਨੂੰ ਘੇਰਨ ਦੇ ਇਸ ਮੌਕੇ ਨੂੰ ਭਾਜਪਾ ਲੀਡਰਸ਼ਿਪ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ। ਇਹ ਤ੍ਰਿਣਮੂਲ ਕਾਂਗਰਸ ਨੂੰ ਪੱਛਮੀ ਬੰਗਾਲ ਦੇ ਮੁੱਖ ਹਿੱਸੇ ਅੰਦਰ ਵੀ ਸਿਲਸਿਲੇਵਾਰ ਖੋਰਾ ਲਾ ਰਹੀ ਹੈ ਅਤੇ ਪਹਾੜੀ ਖੇਤਰ ਵਿਚ ਵੱਖਰੇ ਗੋਰਖਾਲੈਂਡ ਦੀ ਹਮਾਇਤ ਕਰ ਕੇ ਇਥੇ ਵੀ ਆਪਣੀ ਸਿਆਸੀ ਸਾਖ ਬਣਾ ਰਹੀ ਹੈ। ਖੁਦਮੁਖਤਿਆਰ ਹੈਸੀਅਤ ਤੋਂ ਵਾਂਝੇ ਨਾਮਨਿਹਾਦ ਛੋਟੇ ਛੋਟੇ ਕਮਜ਼ੋਰ ਸੂਬੇ ਬਣਾ ਕੇ ਇਨ੍ਹਾਂ ਨੂੰ ਮਜ਼ਬੂਤ ਕੇਂਦਰ ਰਾਹੀਂ ਦਬਾ ਕੇ ਰੱਖਣਾ ਸੌਖਾ ਹੈ। ਛੱਤੀਸਗੜ੍ਹ ਹੋਵੇ ਜਾਂ ਝਾਰਖੰਡ ਜਾਂ ਉਤਰਾਂਚਲ; ਸੰਘ ਬ੍ਰਿਗੇਡ ਨੇ ਇਨ੍ਹਾਂ ਸੂਬਿਆਂ ਵਿਚ ਘੁਸ ਕੇ ਇਥੋਂ ਦੀ ਰਾਜ ਸੱਤਾ ਕਾਮਯਾਬੀ ਨਾਲ ਹਥਿਆਈ ਹੈ। ਹੁਣ ਦੇਖਣਾ ਇਹ ਹੈ ਕਿ ਇਸ ਭਗਵੇਂ ਸਿਆਸੀ ਪੈਂਤੜੇ ਪ੍ਰਤੀ ਬੰਗਾਲੀ 'ਭੱਦਰ ਲੋਕ' ਕੀ ਰਵੱਈਆ ਅਖਤਿਆਰ ਕਰਦੇ ਹਨ, ਇਹ ਭਾਜਪਾ ਦੇ ਭਵਿਖ ਉਪਰ ਕਿਸ ਤਰ੍ਹਾਂ ਅਸਰਅੰਦਾਜ਼ ਹੁੰਦਾ ਹੈ।

ਹੋਰ ਕੌਮੀਅਤਾਂ ਵਾਂਗ ਗੋਰਖਾਲੈਂਡ ਲਈ ਸੰਘਰਸ਼ ਦਾ ਇਤਿਹਾਸ ਵੀ ਆਪਣੀਆਂ ਮੰਗਾਂ ਲਈ ਬੇਸ਼ੁਮਾਰ ਕੁਰਬਾਨੀਆਂ ਅਤੇ ਸਥਾਪਤੀ ਦੇ ਜਬਰ ਦਾ ਡਟ ਕੇ ਮੁਕਾਬਲਾ ਕਰਨ ਦਾ ਇਤਿਹਾਸ ਰਿਹਾ ਹੈ। ਸੰਘਰਸ਼ ਦੇ ਆਗੂ ਬੁਨਿਆਦੀ ਮੰਗ ਦੀ ਪੂਰਤੀ ਤਕ ਅਡੋਲ ਲੜਾਈ ਜਾਰੀ ਨਾ ਰੱਖ ਕੇ ਸੱਤਾ ਵਿਚ ਹਿੱਸੇਦਾਰੀ ਵਾਲੇ ਸਮਝੌਤੇ ਕਰਦੇ ਰਹੇ ਹਨ। ਇਹ ਇਨ੍ਹਾਂ ਲਹਿਰਾਂ ਦੀ ਮੱਧਵਰਗੀ ਅਤੇ ਬੁਰਜੂਆ ਲੀਡਰਸ਼ਿਪ ਦੀ ਜਮਾਂਦਰੂ ਕਮਜ਼ੋਰੀ ਹੈ, ਹੁਕਮਰਾਨ ਜਮਾਤ ਇਸ ਕਮਜ਼ੋਰੀ ਦਾ ਭਰਪੂਰ ਫਾਇਦਾ ਉਠਾਉਂਦੀ ਹੈ। ਇਸ ਇਤਿਹਾਸ ਤੋਂ ਸਬਕ ਲਏ ਬਗੈਰ ਗੋਰਖਾ ਅੰਦੋਲਨ ਆਪਣਾ ਮੁੱਖ ਨਿਸ਼ਾਨਾ ਹਾਸਲ ਨਹੀਂ ਕਰ ਸਕਦਾ। ਪੱਛਮੀ ਬੰਗਾਲ ਦੀਆਂ ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਉਥੇ ਵੱਖਰੇ ਗੋਰਖਾਲੈਂਡ ਦੇ ਹੱਕ ਵਿਚ ਜਮਹੂਰੀ ਲੋਕ ਰਾਇ ਉਸਾਰਨ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਤ੍ਰਿਣਮੂਲ ਕਾਂਗਰਸ ਅਤੇ ਸੰਘ ਬ੍ਰਿਗੇਡ ਦੇ ਖਤਰਨਾਕ ਮਨਸੂਬਿਆਂ ਨੂੰ ਨੰਗਾ ਕਰਨਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਤੇ ਸਿਆਸਤ



**ਭਾਈ ਅਸ਼ੋਕ ਸਿੰਘ ਬਾਗੜੀਆਂ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਖੁੱਲ੍ਹਮ-ਖੁੱਲ੍ਹਾ ਸਿਆਸੀ ਅਖਾੜੇ ਵਿਚ ਆਉਣਾ ਪੰਥ ਪ੍ਰਵਾਨਤ ਮੀਰੀ-ਪੀਰੀ ਦੇ ਉਚੇ ਅਸੂਲ ਨੂੰ ਸਵਾਲੀਆ ਕਟਹਿਰੇ ਵਿਚ ਖੜ੍ਹਾ ਕਰ ਸਕਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖ ਵਿਚਾਰਧਾਰਾ ਵਿਚ ਮੀਰੀ-ਪੀਰੀ ਦਾ ਸਿਧਾਂਤ ਗੁਰੂ ਮਹਾਰਾਜ ਦੀ ਆਪਣੀ ਬਖਸ਼ਿਸ਼ ਹੈ ਜੋ ਗੁਰਬਾਣੀ ਦੀ ਸੇਧ ਵਿਚ ਹੀ ਉਤਪੰਨ ਹੁੰਦਾ ਹੈ, 'ਤਖ਼ਤ ਬਸੈ ਤਖਤੇ ਕੇ ਲਾਇਕ।' ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਤਾਂ ਖ਼ੁਦ ਪੰਚਮ ਪਾਤਸ਼ਾਹ ਨੇ ਤਿਆਰ ਕਰਵਾਈਆਂ ਸਨ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਕੋ ਜਗ੍ਹਾ ਆਹਮੋ-ਸਾਹਮਣੇ ਹੋਣਾ ਮੀਰੀ-ਪੀਰੀ ਦੇ ਸਿਧਾਂਤ ਦਾ ਅਮਲੀ ਰੂਪ ਹੈ, ਪਰ ਇਨ੍ਹਾਂ ਦੋਵਾਂ ਅਸਥਾਨਾਂ 'ਤੇ ਧਰਮ ਅਤੇ ਸਿਆਸਤ ਦੀਆਂ ਮਰਿਆਦਾਵਾਂ ਵੱਖ-ਵੱਖ ਹਨ। ਰਾਜੇ ਨੂੰ ਤਖ਼ਤ ਦੇ ਲਾਇਕ ਧਰਮ, ਗੁਰਬਾਣੀ ਰਾਹੀਂ ਬਣਾਉਂਦਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ੁਲਮ ਦੇ ਖ਼ਿਲਾਫ਼ ਖੜ੍ਹਨ ਦੇ ਲਾਇਕ ਬਣਾਉਣ ਲਈ ਸੌ ਸਾਲ ਦਾ ਸਮਾਂ ਗੁਰਬਾਣੀ ਰਾਹੀਂ ਲੱਗਾ।

ਸ੍ਰੀ ਹਰਿਮੰਦਰ ਸਾਹਿਬ ਯਾਨੀ ਧਰਮ ਦੀ ਮਰਿਯਾਦਾ ਅਤੇ ਸ੍ਰੀ ਅਕਾਲ ਤਖ਼ਤ ਯਾਨੀ ਜਥੇਬੰਦੀ ਦੀ ਮਰਿਯਾਦਾ, ਦੋਵੇਂ ਵੱਖ-ਵੱਖ ਹਨ। ਹਰਿਮੰਦਰ ਸਾਹਿਬ ਜੋ ਸਿੱਖ ਧਰਮ ਦਾ ਮਰਕਜ਼ ਹੈ, ਉਥੇ ਕਿਸੇ ਵੀ ਹੋਰ ਧਰਮ ਦੇ ਸ਼ਰਧਾਲੂਆਂ ਦੇ ਆਉਣ 'ਤੇ ਕਿਸੇ ਕਿਸਮ ਦੀ ਰੁਕਾਵਟ ਨਹੀਂ। ਹਰ ਕੋਈ ਸ਼ਰਧਾਲੂ ਕੜਾਹ-ਪ੍ਰਸ਼ਾਦ ਭੇਟ ਕਰ ਸਕਦਾ ਹੈ, ਪਰ ਸ੍ਰੀ ਅਕਾਲ ਤਖ਼ਤ ਸਾਹਿਬ (ਜਥੇਬੰਦੀ) 'ਤੇ ਅਜਿਹਾ ਨਹੀਂ ਹੁੰਦਾ। ਮਰਿਯਾਦਾ ਅਨੁਸਾਰ ਉਥੇ ਗ਼ੈਰ-ਸਿੱਖ ਜਾਂ ਪਤਿਤ ਸਿੱਖ ਦਾ ਕੜਾਹ ਪ੍ਰਸ਼ਾਦ ਸਵੀਕਾਰ ਨਹੀਂ ਹੁੰਦਾ (ਸੀ)। ਮੈਨੂੰ ਯਾਦ ਹੈ ਕਿ ਮੈਨੂੰ ਕਈ ਦਫ਼ਾ ਆਪਣੇ ਪਿਤਾ ਜੀ ਨਾਲ ਅਕਾਲ ਤਖ਼ਤ ਸਾਹਿਬ ਜਾਣ ਦਾ ਮੌਕਾ ਮਿਲਿਆ। ਉਦੋਂ ਅਕਾਲ ਤਖ਼ਤ ਸਾਹਿਬ 'ਤੇ ਪ੍ਰਸ਼ਾਦ ਭੇਟ ਕਰਨ ਵਾਲੇ ਨੂੰ ਪੁੱਛਿਆ ਜਾਂਦਾ ਸੀ- ਕੀ ਰਹਿਤ ਹੈ?

ਸ਼੍ਰੋਮਣੀ ਕਮੇਟੀ ਦੇ ਖੁੱਲ੍ਹਮ-ਖੁੱਲ੍ਹਾ ਸਿਆਸੀ ਮੈਦਾਨ ਵਿਚ ਆਉਣ ਨਾਲ ਗੁਰਦੁਆਰਿਆਂ ਵਿਚ ਪੁਲਿਸ ਦੀ ਦਖਲਅੰਦਾਜ਼ੀ ਦਾ ਰਾਹ ਵੀ ਖੁੱਲ੍ਹ ਗਿਆ ਹੈ। ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਰਫ਼ ਪੰਜ ਕਾਰਜਾਂ ਲਈ ਵਰਤੀ ਜਾਣੀ ਚਾਹੀਦੀ ਹੈ; ਭਾਵ ਧਰਮ ਪ੍ਰਚਾਰ, ਵਿਦਿਆ, ਸ਼ਫ਼ਾ (ਦਵਾਖਾਨਾ), ਭੋਜਨ ਅਤੇ ਯਾਤਰੂਆਂ ਲਈ ਆਰਾਮਗਾਹ। ਇਹ ਪੰਜੇ ਬਹੁਤ ਅਹਿਮ ਅਤੇ ਮੁੱਢਲੀਆਂ ਜ਼ਰੂਰਤਾਂ ਹਨ ਜੋ ਅੱਜ ਦੀ ਸ਼੍ਰੋਮਣੀ ਕਮੇਟੀ ਦੇ ਏਜੰਡੇ ਤੋਂ ਗਾਇਬ ਹਨ। ਇਸ ਦੀ ਬਜਾਏ ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਆਸੀ ਮੁਫ਼ਾਦਾਂ ਜਾਂ ਕਮੇਟੀ ਜਾਂ ਗੁਰਦੁਆਰਿਆਂ 'ਤੇ ਪੱਥਰ ਲਾਉਣ ਲਈ ਜ਼ਿਆਦਾ ਹੋ ਰਹੀ ਹੈ।

ਗੁਰਦੁਆਰਾ ਸੰਕਲਪ ਦਾ ਮੁੱਖ ਆਦਰਸ਼ ਸਿੱਖ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਇਕੱਤਰ ਕਰਨ ਦਾ ਹੈ, ਨਾ ਕਿ ਵੰਡਣ ਦਾ। ਗੁਰਦੁਆਰਾ ਸਿਰ ਜੋੜਨ ਵਾਸਤੇ ਹੈ, ਤੋੜਨ ਵਾਸਤੇ ਨਹੀਂ। ਸ਼੍ਰੋਮਣੀ ਕਮੇਟੀ ਦੇ ਸਿਆਸਤ ਵੱਲ ਨੂੰ ਪੁੱਟੇ ਕਦਮ ਨਾਲ ਕੀ ਗ਼ੈਰ-ਅਕਾਲੀ ਸਿੱਖ ਬੇਫ਼ਿਕਰ ਹੋ ਕੇ ਗੁਰਦੁਆਰੇ ਜਾ ਸਕਣਗੇ? ਪਿੱਛੇ ਜਿਹੇ ਮੋਗਾ ਇਲਾਕੇ ਦੇ ਇਕ ਗੁਰਦੁਆਰੇ ਦੇ ਕੰਟਰੋਲ ਵਾਸਤੇ ਅਕਾਲੀ-ਕਾਂਗਰਸੀ ਖਿੱਚੋਤਾਣ ਹੋਣ ਦੀ ਖ਼ਬਰ ਛਪੀ ਸੀ। ਮੇਰਾ ਇਹ ਕਹਿਣਾ ਹੈ ਕਿ ਜਿਸ ਸਮੇਂ ਕੋਈ ਬੰਦਾ ਗੁਰਦੁਆਰੇ ਜਾਂਦਾ ਹੈ ਅਤੇ ਮੱਥਾ ਟੇਕਦਾ ਹੈ, ਉਸ ਉਤੇ ਸਿਆਸੀ ਜਾਂ ਸਮਾਜਿਕ ਲੇਬਲ ਨਹੀਂ ਹੋਣਾ ਚਾਹੀਦਾ। ਉਹ ਸਿਰਫ਼ ਗੁਰੂ ਦੀ ਸ਼ਰਨ ਵਿਚ ਜਾ ਕੇ ਮਨ ਦੀ ਸ਼ਾਂਤੀ ਲਈ ਗੁਰਦੁਆਰੇ ਨਤਮਸਤਕ ਹੁੰਦਾ ਹੈ। ਸ਼੍ਰੋਮਣੀ ਕਮੇਟੀ ਦਾ ਕਦਮ ਕੀ ਬਹੁ-ਗਿਣਤੀ ਸ਼ਰਧਾਲੂਆਂ ਦੇ ਮਨ ਵਿਚ ਕਿਸੇ ਕਿਸਮ ਦਾ ਅੰਦੇਸ਼ਾ ਜਾਂ ਖ਼ੌਫ਼ ਤਾਂ ਨਹੀਂ ਪੈਦਾ ਕਰੇਗਾ? ਉਂਜ ਵੀ ਅਜਿਹਾ ਕਿਹੜਾ ਨਵਾਂ ਗੰਭੀਰ ਪੰਥਕ ਮਸਲਾ ਪੈਦਾ ਹੋਇਆ ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜੇ ਵਿਚ ਉਤਰਨਾ ਪੈ ਰਿਹਾ ਹੈ? ਕਿਤੇ ਅਜਿਹਾ ਨਹੀਂ ਕਿ ਅਕਾਲੀ ਦਲ (ਜੋ ਹੁਣ ਨਿਰੋਲ ਸਿੱਖ ਸਿਆਸੀ ਪਾਰਟੀ ਨਹੀਂ ਰਹੀ) ਸਿਆਸੀ ਮੈਦਾਨ ਵਿਚ ਪਛੜਨ ਕਾਰਨ ਹੁਣ ਧਰਮ ਦੀ ਆੜ ਲੈ ਕੇ ਅਤੇ ਧਰਮ ਨੂੰ ਅੱਗੇ ਕਰ ਕੇ ਆਪਣਾ ਗੁਆਚਿਆ ਵੱਕਾਰ ਮੁੜ ਤਾਂ ਨਹੀਂ ਲੱਭ ਰਿਹਾ?

ਪਿਛਲੇ ਕੁਝ ਸਮੇਂ ਤੋਂ ਬਹੁਤ ਖੁੱਲ੍ਹੇ ਤੌਰ 'ਤੇ ਜੋ ਧਰਮ ਨੂੰ ਸਿਆਸਤ ਵਾਸਤੇ ਵਰਤਿਆ ਜਾ ਰਿਹਾ ਹੈ ਉਸ ਨਾਲ ਪੰਥਕ ਮਰਿਆਦਾ ਅਤੇ ਸਿੱਖ ਕਦਰਾਂ-ਕੀਮਤਾਂ 'ਤੇ ਕਾਫ਼ੀ ਨਾਂਹ-ਪੱਖੀ ਅਸਰ ਪਿਆ ਹੈ। ਇਥੇ ਇਹ ਵੀ ਕਹਿ ਸਕਦੇ ਹਾਂ ਕਿ ਗੁਰਦੁਆਰਿਆਂ ਦੇ ਅੰਦਰ ਰਗੜਾ-ਝਗੜਾ ਦੇਖ ਕੇ ਸਾਡੀ ਆਉਣ ਵਾਲੀ ਪੀੜ੍ਹੀ ਗੁਰਦੁਆਰੇ ਜਾਣੋ ਕਤਰਾ ਰਹੀ ਹੈ ਅਤੇ ਸਿੱਖੀ ਤੋਂ ਦੂਰ ਹੋ ਰਹੀ ਹੈ। ਇਸ ਪੁਸ਼ਤ ਨੂੰ ਸਿੱਖੀ ਤੋਂ ਦੂਰ ਕਰਨ ਲਈ ਭਵਿਖ ਵਿਚ ਸਾਡੀ ਪੁਸ਼ਤ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਸਿੱਖ ਸਮਾਜਿਕ ਸਟੇਜ 'ਤੇ ਨਰਮਖਿਆਲੀ ਵਿਚਾਰਧਾਰਾ ਨੂੰ ਹੌਲੀ-ਹੌਲੀ ਸਿੱਖੀ ਤੋਂ ਦੂਰ ਕੀਤਾ ਜਾਣਾ ਘਾਤਕ ਸਾਬਤ ਹੋ ਰਿਹਾ ਹੈ। ਜਦੋਂ ਮੌਡਰੇਟ ਜਾਂ ਨਰਮਖਿਆਲੀ ਵਿਚਾਰਧਾਰਾ ਦੀ ਆਵਾਜ਼ ਹੀ ਨਹੀਂ ਸੁਣੀ ਜਾਂਦੀ, ਤਾਂ ਕੱਟੜਪੰਥੀ ਅਨਸਰਾਂ ਨੂੰ ਅੱਗੇ ਆ ਜਾਣ ਦਾ ਮੌਕਾ ਮਿਲ ਜਾਂਦਾ ਹੈ। ਇਸ ਦਾ ਨਤੀਜਾ, ਸਾਕਾ ਨੀਲਾ ਤਾਰਾ ਦੇ ਰੂਪ ਵਿਚ ਅਸੀਂ ਪੂਰੀ ਤਰ੍ਹਾਂ ਭੁਗਤ ਚੁੱਕੇ ਹਾਂ।

ਧਰਮ ਅਤੇ ਤਾਲੀਮ ਸ਼੍ਰੋਮਣੀ ਕਮੇਟੀ ਦੇ ਦੋ ਅਹਿਮ ਕਾਰਜ ਖੇਤਰ ਸਨ। 1947 ਤੋਂ ਬਾਅਦ ਸਮਾਜਿਕ ਉਥਲ-ਪੁਥਲ ਹੋਈ ਜਿਸ ਨਾਲ ਸਿੱਖ



ਵਸੋਂ ਖਿੰਡਰ ਕੇ ਸੌ ਤੋਂ ਵੱਧ ਮੁਲਕਾਂ ਵਿਚ ਕਿਸੇ ਨਾ ਕਿਸੇ ਕਾਰਨ ਜਾ ਵਸੀ ਹੈ। 1947 ਤਕ ਸ਼੍ਰੋਮਣੀ ਕਮੇਟੀ ਸਾਰੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਸੀ, ਪਰ ਅੱਜ ਸਮਾਂ ਬਦਲ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦਾ ਸਰੂਪ ਹੁਣ ਕੌਮਾਂਤਰੀ ਹੋਣਾ ਚਾਹੀਦਾ ਹੈ। ਜੇ ਇਸ ਨੇ ਆਪਣਾ ਇਹ ਰੋਲ ਗੁਰੂ ਨੂੰ ਸਮਰਪਿਤ ਹੋ ਕੇ ਸੰਜੀਦਗੀ ਨਾਲ ਨਿਭਾਉਣਾ ਹੈ (ਜੋ ਚਾਹੀਦਾ ਹੈ) ਤਾਂ ਇਸ ਸੰਸਥਾ ਅਤੇ ਇਸ ਦੇ ਮੈਂਬਰਾਂ ਦੇ ਵਿਚਾਰ ਅਤੇ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਣਾ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਕਿਸੇ ਸਿੱਖ ਨੂੰ ਇਹ ਨਹੀਂ ਕਹਿ ਸਕਦੀ ਕਿ ਉਹ ਕਿਸ ਸਿਆਸੀ ਖਿਆਲ ਨਾਲ ਚੱਲੇ ਜਾਂ ਕਿਸੇ ਨੂੰ ਵੋਟ ਪਾਏ। ਵੋਟ ਦਾ ਫ਼ੈਸਲਾ ਹਰ ਸਿੱਖ ਦੇ ਆਪੋ-ਆਪਣੇ ਅਕੀਦੇ ਵਿਚ ਰਹਿ ਕੇ ਹਾਲਾਤ ਅਤੇ ਪਸੰਦ ਮੁਤਾਬਿਕ ਕਰਨਾ ਹੈ। ਦਰਅਸਲ, ਸ਼੍ਰੋਮਣੀ ਕਮੇਟੀ ਤਾਂ ਹਰ ਸਿੱਖ ਨੂੰ ਇਹ ਦ੍ਰਿੜ੍ਹ ਕਰਵਾਏ ਕਿ ਜੀਵਨ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕਰ ਕੇ ਜਿਊਣਾ ਹੀ ਸਿੱਖ ਦਾ ਧਰਮ ਹੈ।


ਬੱਚੇ ਦੀ ਮੁੱਢਲੀ ਤਾਲੀਮ 'ਤੇ ਜ਼ੋਰ ਦੇਣਾ ਸਮੇਂ ਦੀ ਪਹਿਲੀ ਮੰਗ ਹੈ। ਲਿਹਾਜ਼ਾ ਸ਼੍ਰੋਮਣੀ ਕਮੇਟੀ ਨੂੰ ਵੱਡੇ ਵੱਡੇ ਕਾਲਜ ਜਾਂ ਯੂਨੀਵਰਸਿਟੀਆਂ ਖੋਲ੍ਹਣ ਦੀ ਲੋੜ ਨਹੀਂ ਹੈ। ਜੋ ਸਿੱਖਿਆ ਬੱਚੇ ਨੂੰ ਸਕੂਲ ਵਿਚ ਦਿੱਤੀ ਜਾਂਦੀ ਹੈ, ਉਹ ਸਦਾ ਲਈ ਉਸ ਦੇ ਮਨ-ਮਸਤਕ ਉਥੇ ਛਪ ਜਾਂਦੀ ਹੈ। ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿਦਿਆ ਦਾ ਦਾਇਰਾ ਬਹੁਤ ਵਿਸ਼ਾਲ ਹੋ ਜਾਂਦਾ ਹੈ।

ਪੰਜਾਬ ਵਿਚ ਇਸ ਵਕਤ ਦੋ ਮਸਲੇ ਸਿੱਖੀ ਨੂੰ ਦਰਪੇਸ਼ ਹਨ। ਇਨ੍ਹਾਂ ਵਿਚੋਂ ਪਹਿਲਾ ਹੈ ਧਰਮ ਪ੍ਰਚਾਰ ਦਾ ਨਾ ਹੋਣਾ, ਜਿਸ ਕਰ ਕੇ ਸਿੱਖ ਧਰਮ ਵਿਚ ਪ੍ਰਚਾਰ ਪੱਖੋਂ ਖਲਾਅ ਪੈਦਾ ਹੋ ਗਿਆ ਹੈ। ਇਸ ਖਲਾਅ ਨੂੰ ਭਰਨ ਲਈ ਸਾਧਾਂ-ਸੰਤਾਂ ਦੇ ਡੇਰੇ ਖੁੰਬਾਂ ਵਾਂਗ ਪੁੰਗਰ ਪਏ ਹਨ। ਇਹ ਵਿਗਿਆਨਕ ਤੱਥ ਹੈ ਕਿ ਜਿਸ ਜਗ੍ਹਾ ਉਪਰ ਖਲਾਅ ਪੈਦਾ ਹੋ ਜਾਏ, ਉਸ ਨੂੰ ਭਰਨ ਵਾਸਤੇ ਹਲਕੇ ਤੋਂ ਹਲਕੇ ਕਣ ਪਹਿਲਾਂ ਖਿੱਚੇ ਜਾਂਦੇ ਹਨ। ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਚੋਂ ਗ਼ੈਰਹਾਜ਼ਰ ਹੋਣ ਕਰ ਕੇ ਜੋ ਖਲਾਅ ਸਿੱਖ ਧਰਮ ਪ੍ਰਚਾਰ ਵਿਚ ਪੈਦਾ ਹੋਇਆ ਹੈ, ਉਸ ਨੂੰ ਡੇਰਾਵਾਦ ਨੇ ਕਾਬੂ ਕਰ ਲਿਆ ਹੈ। ਇਸ ਨਾਲ ਜਿਥੇ ਸਿੱਖ ਧਰਮ ਦੇ ਮੁਢਲੇ ਅਸੂਲਾਂ ਨੂੰ ਧੱਕਾ ਲੱਗਾ ਹੈ, ਉਥੇ ਸਮਾਜ ਵਿਚ ਬਦਅਮਨੀ ਦਾ ਮਾਹੌਲ ਵੀ ਪੈਦਾ ਹੋ ਰਿਹਾ ਹੈ। ਧਰਮ ਨੂੰ ਅੱਗੇ ਕਰਨ ਨਾਲ ਅਤੇ ਸਿਆਸਤ ਦਾ ਕਵਚ ਬਣਾਉਣ ਨਾਲ ਅਸੀਂ ਖ਼ੁਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰਾਹ ਖੋਲ੍ਹਣ ਵਿਚ ਭਾਈਵਾਲ ਹਾਂ, ਕਿਉਂਕਿ ਵਾਰ ਤਾਂ ਆਖਿਰ ਕਵਚ 'ਤੇ ਹੀ ਹੁੰਦੇ ਹਨ।

ਦੂਸਰਾ, ਇਤਿਹਾਸ ਤੋਂ ਸਬਕ ਲੈਣਾ ਸਿਰਫ਼ ਦਾਨਿਸ਼ਮੰਦੀ ਹੀ ਨਹੀਂ, ਬਲਕਿ ਲਾਜ਼ਮੀ ਹੈ ਕਿ ਪੁਰਾਣੀਆਂ ਗ਼ਲਤੀਆਂ ਨੂੰ ਸੋਧਣ ਦਾ ਅਤੇ ਉਨ੍ਹਾਂ ਤੋਂ ਬਚਣ ਦਾ ਰਾਹ ਸੋਚਿਆ ਜਾ ਸਕੇ। ਜਿਹੜੇ ਲੋਕ, ਜਿਹੜੀਆਂ ਕੌਮਾਂ ਇਤਿਹਾਸ ਤੋਂ ਸਬਕ ਨਹੀਂ ਲੈਂਦੀਆਂ, ਉਹ ਇਤਿਹਾਸਕ ਗ਼ਲਤੀਆਂ ਦੁਹਰਾਉਂਦੀਆਂ ਹਨ। ਅਜਿਹਾ ਹੀ ਅੱਜ ਕੱਲ੍ਹ ਹੋ ਰਿਹਾ ਹੈ। ਸਿੱਖ ਲੀਡਰ ਆਪਸੀ ਗੁਟਬੰਦੀ ਕਾਰਨ ਇਕ ਦੂਸਰੇ ਉਤੇ ਦੂਸ਼ਣਬਾਜ਼ੀ ਕਰਨ ਵਿਚ ਹੀ ਸਾਰਾ ਸਮਾਂ ਬਰਬਾਦ ਕਰ ਰਹੇ ਹਨ। ਇਸ ਫੁੱਟ ਨੂੰ ਭਾਰਤ ਦੇ ਸਿਆਸਤਦਾਨਾਂ ਨੇ ਬੜੀ ਚਤੁਰਾਈ ਨਾਲ ਵਰਤਿਆ ਅਤੇ ਸਿੱਖਾਂ ਦੇ ਖਿਲਾਫ ਹੀ ਵਰਤਿਆ ਅਤੇ ਸਿੱਖਾਂ ਨੂੰ ਬਲੂਸਟਾਰ ਵਰਗਾ ਜ਼ਖ਼ਮ ਦਿੱਤਾ, ਪਰ ਅਜੇ ਵੀ ਸਿੱਖ ਸਿਆਸਤਦਾਨਾਂ ਨੇ ਪੰਜਾਬ ਦੀ ਹਾਲਤ ਸੁਧਾਰਨ ਦੀ ਬਜਾਏ ਵਿਗਾੜਨ ਵੱਲ ਜ਼ਿਆਦਾ ਧਿਆਨ ਦਿੱਤਾ ਹੈ ਜਿਸ ਕਾਰਨ ਸਿਆਸੀ ਪਲੈਟਫਾਰਮ 'ਤੇ ਜਿਥੇ ਕੇਂਦਰ ਵਿਚ ਸਿੱਖ ਲੀਡਰਸ਼ਿਪ ਦਾ ਚੁੱਪ ਰਹਿਣਾ ਜਾਂ ਆਪਣੀ ਚੌਧਰ ਬਣਾਉਣ ਦੇ ਉਦੇਸ਼ ਨਾਲ ਪੰਜਾਬ ਤੇ ਪੰਥ ਦੇ ਹਿੱਤਾਂ ਨੂੰ ਕੁਰਬਾਨ ਕਰਨਾ ਜਾਇਜ਼ ਨਹੀਂ। ਸਿੱਖ ਸਿਆਸਤਦਾਨਾਂ ਨੇ ਪੰਜਾਬ ਅਤੇ ਸਿੱਖਾਂ ਦੀ ਵਿਗੜਦੀ ਹਾਲਤ ਦੇਖ ਕੇ ਇਕੱਠੇ ਹੋਣ ਦਾ ਕੋਈ ਸੰਕੇਤ ਨਹੀਂ ਦਿੱਤਾ। ਇਹ ਗੱਲ ਉਸ ਵਕਤ ਉਘੜ ਕੇ ਸਾਹਮਣੇ ਆਈ ਜਦੋਂ ਦਿੱਲੀ ਸਰਕਾਰ ਨੇ ਸਿੱਖ ਲੀਡਰਸ਼ਿਪ ਨੂੰ ਐਮਰਜੈਂਸੀ ਦੇ ਖ਼ਿਲਾਫ਼ ਐਜੀਟੇਸ਼ਨ ਨਾ ਕਰਨ ਲਈ ਕਿਹਾ ਅਤੇ ਗੱਲਬਾਤ ਦਾ ਸੁਝਾਅ ਰੱਖਿਆ। ਇਸ 'ਤੇ ਅਕਾਲੀਆਂ ਦੀ ਅੰਦਰੂਨੀ ਖਹਿਬਾਜ਼ੀ ਕਾਰਨ ਉਸ ਪ੍ਰਸਤਾਵ 'ਤੇ ਵਿਚਾਰ ਤਕ ਨਹੀਂ ਕੀਤਾ ਗਿਆ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਐਮਰਜੈਂਸੀ ਲਾਗੂ ਕਰਨ ਵੇਲੇ ਜੋ ਸਭ ਤੋਂ ਪਹਿਲੀਆਂ ਗ੍ਰਿਫ਼ਤਾਰੀਆਂ ਹੋਈਆਂ, ਉਨ੍ਹਾਂ ਵਿਚ ਕੋਈ ਸਿੱਖ ਲੀਡਰ ਦਾ ਗ੍ਰਿਫ਼ਤਾਰ ਹੋਣਾ ਸ਼ਾਮਲ ਨਹੀਂ ਸੀ।

ਸਾਨੂੰ ਦਿੱਲੀ ਦੇ ਬਦਲੇ ਹੋਏ ਸਿਆਸੀ ਮਾਹੌਲ ਨੂੰ ਠੀਕ ਤਰ੍ਹਾਂ ਸਮਝਣਾ, ਘੋਖਣਾ ਅਤੇ ਵਿਚਾਰਨਾ ਚਾਹੀਦਾ ਹੈ। ਨਵੇਂ ਮਾਹੌਲ ਵਿਚ ਘੱਟ ਗਿਣਤੀਆਂ ਦੇ ਖ਼ਿਲਾਫ਼ ਜੋ ਗਰਮ ਹਵਾ ਚੱਲ ਪਈ ਹੈ, ਉਸ ਤੋਂ ਬਚਾਅ ਕਰਨਾ ਸਾਡੇ ਵਾਸਤੇ ਬਹੁਤ ਜ਼ਰੂਰੀ ਹੋ ਗਿਆ ਹੈ, ਪਰ ਸਾਡੀ ਸੋਚਣੀ ਵਿਚ ਅਜੇ ਵੀ ਬਹੁਤ ਵੱਡੀ ਘਾਟ ਹੈ। ਸਾਨੂੰ ਆਪਣੀ ਬਹੁਤ ਛੋਟੀ ਗਿਣਤੀ ਜੋ ਕੁੱਲ ਕੌਮੀ ਵਸੋਂ ਵਿਚ ਆਟੇ ਵਿਚ ਲੂਣ ਬਰਾਬਰ ਵੀ ਨਹੀਂ, ਜਿਸ ਦਾ ਅਹਿਸਾਸ ਨਹੀਂ ਹੋਇਆ; ਭਾਵੇਂ ਸਾਨੂੰ ਘੱਟ ਗਿਣਤੀ ਹੋਣ ਦਾ ਖਮਿਆਜ਼ਾ ਵਾਰ-ਵਾਰ ਭੁਗਤਣਾ ਪਿਆ। ਸਾਨੂੰ ਆਪਣੇ ਸਭਿਆਚਾਰ, ਜ਼ੁਬਾਨ, ਤਾਲੀਮ, ਸੰਸਥਾਵਾਂ ਤੇ ਪਰੰਪਰਾਵਾਂ ਨੂੰ ਬਚਾਉਣਾ ਪਵੇਗਾ ਅਤੇ ਇਸ ਮਾਹੌਲ ਵਿਚ ਸਾਨੂੰ ਸਿੱਖ ਧਰਮ ਦਾ ਇਕ ਅਲੱਗ ਅਤੇ ਆਜ਼ਾਦ ਧਰਮ ਵਾਲਾ ਸਰੂਪ ਕਾਇਮ ਰੱਖਣ ਲਈ ਸੰਘਰਸ਼ ਕਰਨਾ ਪਵੇਗਾ। ਵੱਖ ਵੱਖ ਸਿਆਸੀ ਪਾਰਟੀਆਂ ਵਿਚ ਰਹਿੰਦੇ ਹੋਏ ਵੀ ਸਿੱਖਾਂ ਨੂੰ ਸਿੱਖੀ ਦੇ ਆਧਾਰ 'ਤੇ ਜੇ ਕੋਈ ਜਗ੍ਹਾ ਇਕੱਠੀ ਕਰ ਸਕਦੀ ਹੈ ਤਾਂ ਉਹ ਹਨ ਗੁਰਦੁਆਰੇ। ਇਸ ਲਈ ਇਹ ਬਹੁਤ ਲਾਜ਼ਮੀ ਹੋ ਗਿਆ ਹੈ ਕਿ ਸਾਨੂੰ ਹਰ ਹਾਲਤ ਵਿਚ ਆਪਣੇ ਗੁਰਦੁਆਰਿਆਂ ਨੂੰ ਸਿਆਸਤ ਤੋਂ ਬਚਾਉਣਾ ਪਵੇਗਾ।

# ਸਿੱਖ ਸੰਸਥਾਵਾਂ ਤੇ ਸਿੱਖ ਸਿਆਸਤ



**ਪ੍ਰੋ. ਬਲਕਾਰ ਸਿੰਘ**

ਸਿਆਸਤਨੁਮਾ ਧਰਮ ਅਤੇ ਧਰਮਨੁਮਾ ਸਿਆਸਤ ਜਿਸ ਤਰ੍ਹਾਂ ਦਾ ਮੁੱਦਾ ਇਸ ਵੇਲੇ ਹੋ ਗਿਆ ਹੈ, ਇਸ ਤਰ੍ਹਾਂ ਪਹਿਲਾਂ ਕਦੇ ਵੀ ਨਹੀਂ ਸੀ। ਸਿਆਸਤ ਦੇ ਇਹ ਰੰਗ ਵਰਤਮਾਨ ਵਿਚ ਸਾਰਿਆਂ ਨੂੰ ਭੁਗਤਣੇ ਪੈ ਰਹੇ ਹਨ। ਸਿਆਸਤ ਦਾ ਵਰਤਮਾਨ ਪ੍ਰਸੰਗ ਕਿਸੇ ਵੀ ਕਿਸਮ ਦੇ ਉਲਾਰ ਦੀ ਦਾਸਤਾਨ ਹੁੰਦਾ ਜਾ ਰਿਹਾ ਹੈ ਅਤੇ ਧਰਮ ਨੂੰ ਆਪਣੇ ਵਰਗਾ ਕਰ ਲੈਣ ਲਈ ਸਿਆਸਤਦਾਨ ਪੱਬਾਂ ਭਾਰ ਹੋਏ ਨਜ਼ਰ ਆਉਣ ਲੱਗੇ ਹਨ। ਹੁਣ ਇਹ ਲੱਗਣ ਲੱਗਾ ਹੈ ਕਿ ਸਿਆਸਤ ਨੂੰ ਆਪਣੀ ਖੁਰਦੀ ਸਾਖ ਧਰਮ ਦੇ ਆਸਰੇ ਬਚਾਉਣ ਦੀ ਲੋੜ ਪੈ ਗਈ ਹੈ। ਕੇਂਦਰ ਵਿਚ ਭਾਜਪਾ ਇਸ ਪਾਸੇ ਲੱਗੀ ਹੋਈ ਹੈ ਅਤੇ ਪੰਜਾਬ ਵਿਚ ਅਕਾਲੀ ਇਸ ਪਾਸੇ ਪਹਿਲਾਂ ਤੋਂ ਹੀ ਤੁਰੇ ਹੋਏ ਹਨ। ਇਸ ਦਾ ਸਭ ਤੋਂ ਵੱਧ ਫਿਕਰ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਥਕ ਸਿਆਸਤ ਨੂੰ ਖਾੜਕੂ ਸਿਆਸਤ ਹੋਣ ਵਾਲੇ ਰਾਹ ਪਾਇਆ ਸੀ ਅਤੇ ਅਜੇ ਵੀ ਇਸੇ ਨਾਲ ਨਿਭਣ ਦਾ ਸਿਦਕ ਪਾਲੀ ਜਾ ਰਹੇ ਹਨ। ਧਰਮ ਨੂੰ ਧਰਮ ਨਿਰਪੇਖ ਦੀ ਵਿਧਾਨਕਤਾ ਨੇ ਉਨਾ ਨੁਕਸਾਨ ਨਹੀਂ ਪਹੁੰਚਾਇਆ ਜਿੰਨਾ ਸਿਆਸੀ ਸਿਧਾਂਤ ਨਾਲ ਜੁੜੇ ਹੋਏ ਚਿੰਤਕਾਂ ਨੇ ਪਹੁੰਚਾਇਆ ਹੈ। ਇਸ ਦੇ ਬਾਵਜੂਦ ਧਰਮ, ਸਿਆਸਤ ਦੇ ਮੁਕਾਬਲੇ ਸਦਾ ਹੀ ਘੱਟ ਨੁਕਸਾਨਦੇਹ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਹੈ ਕਿ ਧਾਰਮਿਕ ਉਲਾਰ ਦਾ ਉਸ ਤਰ੍ਹਾਂ ਕਦੇ ਨੁਕਸਾਨ ਨਹੀਂ ਹੋਇਆ ਜਿਸ ਤਰ੍ਹਾਂ ਸਿਆਸੀ ਉਲਾਰ ਦਾ ਹੁੰਦਾ ਆਇਆ ਹੈ।

1947 ਦੀ ਵੰਡ ਧਰਮ ਕਰ ਕੇ ਨਹੀਂ, ਸਿਆਸਤ ਕਰ ਕੇ ਹੋਈ ਸੀ। ਧਰਮ ਅਤੇ ਸਿਆਸਤ ਨੂੰ ਲੈ ਕੇ ਜਿਹੋ ਜਿਹਾ ਮਸਲਾ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਦੇ ਪੈਰੋਂ ਖੜ੍ਹਾ ਹੋ ਗਿਆ ਹੈ, ਇਹ ਹੋਰ ਕਿਸੇ ਸੂਬੇ ਵਿਚ ਨਹੀਂ ਹੈ। ਕਾਰਨ ਇਹ ਹੈ ਕਿ ਸਿੱਖ ਸਿਆਸਤਦਾਨਾਂ ਨੇ ਇਸ ਨੂੰ ਮੀਰੀ-ਪੀਰੀ ਦੇ ਗੁਰਮਤਿ ਸੰਕਲਪ ਨਾਲ ਜੋੜ ਕੇ ਲਗਾਤਾਰ ਵਰਤਿਆ ਹੈ। ਕੌਣ ਕਿਸ ਨੂੰ ਦੱਸੇ ਕਿ ਛੇਵੇਂ ਪਾਤਸ਼ਾਹ ਨੇ ਸਹਿਜ ਸਥਾਪਨਾ ਦੀ ਵਿਧੀ ਵਜੋਂ ਮੀਰੀ-ਪੀਰੀ ਦਾ ਸੰਕਲਪ ਸਾਹਮਣੇ ਲਿਆਂਦਾ ਸੀ। ਇਸ ਨੂੰ ਭਗਤੀ ਤੇ ਸ਼ਕਤੀ, ਸ਼ਸਤਰ ਤੇ ਸ਼ਾਸਤਰ ਅਤੇ ਸੰਤ ਤੇ ਸਿਪਾਹੀ ਦੀ ਸੁਰ ਅਤੇ ਵਿਧੀ ਵਿਚ ਹੀ ਸਮਝਿਆ ਤੇ ਸਮਝਾਇਆ ਜਾਣਾ ਚਾਹੀਦਾ ਹੈ। ਵਿਦਵਾਨ ਅਜਿਹਾ ਕਰਦੇ ਵੀ ਰਹੇ ਹਨ, ਪਰ ਸਿੱਖ ਸਿਆਸਤ ਨੇ ਇਸ ਨੂੰ ਜਿਸ ਤਰ੍ਹਾਂ ਪ੍ਰਾਪਤ ਸਿਆਸਤ ਤਕ ਮਹਿਦੂਦ ਕਰ ਦਿੱਤਾ ਹੈ, ਉਸ ਨਾਲ ਮੀਰੀ-ਪੀਰੀ ਆਪਣੇ ਗੁਰਮਤਿ ਪ੍ਰਸੰਗ ਵਿਚੋਂ ਨਿਕਲ ਕੇ ਸਿਆਸੀ ਪੈਂਤੜਾ ਹੁੰਦੀ ਰਹੀ ਹੈ। ਇਸ ਵਿਚੋਂ ਨਿਕਲ ਸਕਣ ਲਈ ਸੰਵਾਦ ਰਾਹੀਂ ਸਾਂਝੀ-ਸਮਝ ਬਨਾਉਣ ਦੇ ਰਸਤੇ ਬੰਦ ਲੱਗਣ ਲੱਗ ਪਏ ਹਨ। ਸ਼੍ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਵੱਲੋਂ ਅਕਾਲੀਆਂ ਦੇ ਹੱਥਠੋਕੇ ਵਰਗਾ ਪ੍ਰਭਾਵ ਦੇਣ ਨੂੰ ਲੈ ਕੇ ਜਿਹੋ ਜਿਹੀ ਬਿਆਨਬਾਜ਼ੀ ਹੋਣ ਲੱਗੀ ਹੈ, ਇਸ ਨਾਲ ਉਲਝਣਾਂ ਵਧਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਇਸ ਨਾਲ ਜੁੜੇ ਹੋਏ ਜਿੰਨੇ ਵੀ ਬਿਆਨ ਪ੍ਰਧਾਨ ਵੱਲੋਂ ਆ ਰਹੇ ਹਨ, ਉਹ ਮਸਲੇ ਨੂੰ ਸੁਲਝਾਉਣ ਦੀ ਥਾਂ ਉਲਝਾ ਰਹੇ ਹਨ।

ਪ੍ਰਧਾਨ ਬਣਨ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਸੱਦੇ 'ਤੇ ਆਏ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਨੇ ਨਿਸ਼ੰਗ ਹੋ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਪ੍ਰਧਾਨ ਇਸ ਲਈ ਬਣਾਇਆ ਗਿਆ, ਕਿਉਂਕਿ ਬਾਦਲ ਸਾਹਿਬ ਇਹ ਸਮਝਦੇ ਹਨ ਕਿ ਇਸ ਨਾਲ ਵਿਧਾਨ ਸਭਾ 2017 ਦੀਆਂ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ। ਨਤੀਜਿਆਂ ਨੇ ਇਹ ਸੱਚ ਸਾਹਮਣੇ ਲੈ ਆਂਦਾ ਕਿ ਉਨ੍ਹਾਂ ਦੀ ਪਹਿਲੀ ਪ੍ਰਧਾਨਗੀ ਵੇਲੇ ਵੀ ਹੁਣ ਵਾਂਗ ਕੈਪਟਨ ਦੀ ਸਰਕਾਰ ਹੀ ਬਣੀ ਸੀ। ਪੰਥਕ ਸੁਰ ਵਿਚ ਪ੍ਰਾਪਤ ਹੋਈਆਂ ਅਹੁਦੇਦਾਰੀਆਂ ਸਿਆਸਤਦਾਨਾਂ ਵੱਲੋਂ ਬਖ਼ਸ਼ੀ ਹੋਈ ਨੌਕਰੀ ਸਮਝਾਂਗੇ ਤਾਂ ਸਿਆਸਤ ਦਾ ਮਾੜਾ ਮੋਟਾ ਸੱਚ ਵੀ ਝੂਠ ਲੱਗਣ ਲੱਗ ਪਵੇਗਾ? ਸਿਆਸਤ ਦਾ ਸੱਚ, ਸੱਚ ਦੀ ਸਿਆਸਤ ਨੂੰ ਬਹੁਤ ਪਿੱਛੇ ਛੱਡਦਾ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਕੌਮੀ ਪੱਧਰ 'ਤੇ ਦਰ ਗੁਜ਼ਰ ਕਰਨ ਦੀ ਸਿਆਸਤ, ਆਮ ਬੰਦੇ ਦੀ ਹੋਣੀ ਹੁੰਦੀ ਜਾ ਰਹੀ ਹੈ, ਕਿਉਂਕਿ ਸਿਆਸਤ ਨੂੰ ਆਦਤ ਬਣਾ ਲੈਣ ਵੱਲ ਧੱਕਿਆ ਜਾ ਰਿਹਾ ਹੈ। ਇਸ ਨਾਲ ਚੋਣਾਂ ਦੀ ਸਿਆਸਤ, ਲੋਕਤੰਤਰੀ ਨੈਤਿਕਤਾ ਨੂੰ ਛੱਡ ਕੇ ਪ੍ਰਬੰਧਕੀ ਉਤਮਤਾ ਦੇ ਰਾਹ ਪੈ ਗਈ ਹੈ। ਇਸ ਦਾ ਅਰੰਭ ਤਾਂ ਧਰਮ ਨਿਰਪੇਖਤਾ ਦੀ ਆੜ ਵਿਚ ਧਰਮ ਨੂੰ ਸਿਆਸਤ ਵਾਸਤੇ ਵਰਤਣ ਦੇ ਦੋਗਲੇ ਮਾਪਦੰਡਾਂ ਨਾਲ ਬਹੁਤ ਪਹਿਲਾਂ ਹੋ ਗਿਆ ਸੀ। ਭਾਰਤ ਦੀ ਸਭਿਆਚਾਰਕ ਵੰਨ-ਸੁਵੰਨਤਾ ਨੂੰ ਦਰਪੇਸ਼ ਚੁਣੌਤੀਆਂ ਇਸੇ ਸਿਆਸੀ ਪੈਂਤੜੇ ਦੀ ਦੇਣ ਹਨ। ਇਸ ਦਾ ਘੱਟ ਗਿਣਤੀ ਭਾਈਚਾਰਿਆਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਹੈ। ਇਸ ਦਾ ਦੁਖਾਂਤਕ ਪੱਖ ਇਹ ਹੈ ਕਿ ਸਿਆਸੀ ਸਮੱਸਿਆਵਾਂ ਵਿਚ ਘਿਰੀਆਂ ਖੇਤਰੀ ਸਿਆਸੀ ਪਾਰਟੀਆਂ ਇਸ ਸਿਆਸੀ ਪੈਂਤੜੇ ਬਾਰੇ ਸੁਚੇਤ ਹੋ ਕੇ ਸਿਰ ਬਚਾਉਣ ਦੇ ਰਾਹ ਪੈਣ ਦੀ ਥਾਂ, ਇਸ ਸਿਆਸੀ ਪੈਂਤੜੇ ਨੂੰ ਸ਼ਹਿ ਦੇ ਰਹੀਆਂ ਹਨ। ਇਸ ਨਾਲ ਸਿਆਸਤ ਦਾ ਸੱਚ ਕੇਂਦਰ ਵਿਚ ਆ ਗਿਆ ਹੈ ਅਤੇ ਸੱਚ ਦੀ ਸਿਆਸਤ ਹਾਸ਼ੀਏ 'ਤੇ ਧੱਕੀ ਜਾ ਚੁੱਕੀ ਹੈ। ਇਕ ਹੱਦ ਤਕ ਇਹ ਸਿਆਸੀ ਸਥਿਤੀ ਕੇਂਦਰੀਕਰਨ ਦੀ ਸਿਆਸਤ ਨੂੰ ਠੀਕ ਬੈਠਦੀ ਰਹੀ ਹੈ, ਪਰ ਇਸ ਵੇਲੇ ਖੇਤਰੀ ਸਿਆਸਤ ਅਤੇ ਕੇਂਦਰੀ ਸਿਆਸਤ ਤਣਾਅ ਵਿਚ ਆਉਂਦੀਆਂ ਜਾ ਰਹੀਆਂ ਹਨ। ਪ੍ਰਧਾਨ ਨੂੰ ਅਕਾਲੀਆਂ ਵੇਲੇ ਬੋਲਣ ਦੀ ਲੋੜ ਨਹੀਂ ਪਈ ਅਤੇ ਹੁਣ ਕੈਪਟਨ ਸਰਕਾਰ ਖਿਲਾਫ ਬੋਲਣ ਦਾ ਕੋਈ ਮੌਕਾ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੇ। ਕੀ ਉਹ ਕਾਂਗਰਸੀ ਸਿੱਖਾਂ ਦੇ ਪ੍ਰਧਾਨ ਨਹੀਂ ਹਨ?


ਸਿੱਖ ਧਰਮ ਨੇ ਸਿੱਖ ਸੰਸਥਾਵਾਂ ਦੇ ਅਹੁਦਿਆਂ ਦੇ ਅਧਿਕਾਰ ਦੀ ਥਾਂ, ਅਹੁਦਿਆਂ ਦੀ ਨੈਤਿਕਤਾ ਸਾਹਮਣੇ ਲਿਆਂਦੀ ਸੀ। ਸਿੱਖ ਸਿਆਸਤ ਨਾਲ ਇਸ ਵਿਚ ਅਹੁਦਿਆਂ ਦੀ ਸਿਆਸਤ ਸ਼ਾਮਲ ਹੋ ਗਈ ਹੈ। ਇਸ ਨਾਲ ਨਿਭਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਸ਼ੇਰ ਦੀ ਸਵਾਰੀ ਕਹਿੰਦੇ ਹੁੰਦੇ ਸਨ। ਉਹ ਮਿਸਾਲ ਦਿੰਦੇ ਸਨ ਕਿ ਪ੍ਰਧਾਨ ਕੋਲੋਂ ਕੋਈ ਚੰਗਾ ਕੰਮ ਹੋ ਜਾਵੇ ਤਾਂ ਉਹ ਗੁਰੂ-ਕਿਰਪਾ ਦੇ ਖਾਤੇ ਪੈਂਦਾ ਹੈ, ਜੇ ਕੁਝ ਗ਼ਲਤ ਹੋ ਜਾਵੇ ਤਾਂ ਪੰਥਕ ਆਤੰਕਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹੋ ਜਿਹੀ ਪ੍ਰਬੰਧਕੀ ਅਹੁਦੇਦਾਰੀ ਵਿਚ ਸਿਆਸੀ ਧਰਨਿਆਂ ਵਿਚ ਸ਼ਾਮਲ ਹੋ ਕੇ ਵਰਤਮਾਨ ਪ੍ਰਧਾਨ ਨੇ ਨੌਕਰੀਨੁਮਾ ਪ੍ਰਧਾਨਗੀ ਦੀ ਨਵੀਂ ਪਿਰਤ ਸਾਹਮਣੇ ਲਿਆਂਦੀ ਹੈ। ਸਵਾਲ ਇਹ ਪੈਦਾ ਹੋ ਗਿਆ ਕਿ ਪ੍ਰਸ਼ਨਾਂ ਦੇ ਘੇਰੇ ਵਿਚ ਵਰਤਮਾਨ ਪ੍ਰਧਾਨ ਹੀ ਕਿਉਂ ਫਸਦੇ ਜਾ ਰਹੇ ਹਨ? ਇਸ ਦਾ ਪ੍ਰਧਾਨ ਤੋਂ ਬਿਨਾਂ ਸਭ ਨੂੰ ਪਤਾ ਹੈ ਕਿ ਅਜਿਹਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਅਕਾਲੀ ਦਲ ਦੀ ਨੌਕਰੀ ਬਣਾ ਦੇਣ ਕਰ ਕੇ ਹੋ ਰਿਹਾ ਹੈ। ਉਹ ਸੋਚਦੇ ਠੀਕ ਹਨ, ਪਰ ਕਰਦੇ ਗ਼ਲਤ ਹਨ। ਉਨ੍ਹਾਂ ਨੂੰ ਪਤਾ ਹੈ ਕਿ ਭਰੇ ਹੋਏ ਕਟੋਰੇ ਵਿਚ ਚਮੇਲੀ ਦੇ ਫੁੱਲ ਵਾਂਗ ਹੀ ਟਿਕਿਆ ਜਾ ਸਕਦਾ ਹੈ, ਪਰ ਇਸ ਨਾਲ ਨਿਭਣ ਵੇਲੇ ਉਨ੍ਹਾਂ ਕੋਲੋਂ ਚਮੇਲੀ ਦੇ ਫੁੱਲ ਤੇ ਦੁੱਧ ਦਾ ਕਟੋਰਾ ਡੁੱਲ੍ਹ ਜਾਂਦਾ ਹੈ। ਸਿਆਸਤ ਵਿਚ ਉਲਝਦੇ ਜਾ ਰਹੇ ਪ੍ਰਧਾਨ ਨੂੰ ਇਹੋ ਜਿਹੀ ਲੀਲਾ ਤੋਂ ਕੌਣ ਬਚਾ ਸਕਦਾ ਹੈ। ਵੈਸੇ ਵੀ ਅਹੁਦੇ ਨਾਲ ਅਕਲ ਨੂੰ ਨਹੀਂ ਜੋੜਨਾ ਚਾਹੀਦਾ, ਕਿਉਂਕਿ ਅਹੁਦੇ, ਸਾਖ ਬਣਾਉਂਦੇ ਵੀ ਹਨ ਤੇ ਗੁਆਉਂਦੇ ਵੀ ਹਨ।

ਭੁੱਲਣਾ ਨਹੀਂ ਚਾਹੀਦਾ ਕਿ ਸਿੱਖ ਸੰਸਥਾਵਾਂ ਦਾ ਸਿੱਖ ਸਿਆਸਤਦਾਨਾਂ ਨੇ ਸਿਆਸੀ ਅਪਹਰਣ ਕਰ ਲਿਆ ਹੈ ਅਤੇ ਅਹੁਦਿਆਂ 'ਤੇ ਇੱਦਾਂ ਹੀ ਟਿਕਿਆ ਜਾ ਸਕਦਾ, ਜਿਵੇਂ ਸਿੱਖ ਸੰਸਥਾਵਾਂ ਦੇ ਵਰਤਮਾਨ ਅਹੁਦੇਦਾਰ ਟਿਕੇ ਹੋਏ ਹਨ। ਇਸੇ ਕਰ ਕੇ ਕੋਈ ਵੀ ਅਹੁਦੇਦਾਰ ਕਿਸੇ ਕਿਸਮ ਦੇ ਸੁਧਾਰ ਦੀਆਂ ਸੰਭਾਵਨਾਵਾਂ ਦੇ ਸਨਮੁਖ ਨਹੀਂ ਹੋਣਾ ਚਾਹੁੰਦਾ। ਜਦੋਂ ਅਹੁਦੇਦਾਰੀ, ਅਹੁਦੇਦਾਰ 'ਤੇ ਹਾਵੀ ਹੋ ਜਾਏ, ਨਤੀਜੇ ਖੁਆਰੀ 'ਚ ਨਿਕਲਦੇ ਰਹੇ ਹਨ। ਸਿਆਸਤਦਾਨ ਜਿਵੇਂ ਆਪਣੀਆਂ ਗ਼ਲਤੀਆਂ ਨੂੰ ਪਾਰਟੀ ਜ਼ਾਬਤੇ ਹੇਠ ਲੁਕਾਉਣ ਦੀ ਕੋਸ਼ਿਸ਼ ਕਰ ਲੈਂਦਾ ਹੈ, ਉਸ ਦੀ ਰੀਸ ਵਿਚ ਸਿੱਖ ਸੰਸਥਾਵਾਂ ਦੇ ਅਹੁਦੇਦਾਰ ਆਪਣੀਆਂ ਨਾਕਾਮੀਆਂ ਨੂੰ ਚਾਪਲੂਸਾਂ ਦੀ ਦੀਵਾਰ ਓਹਲੇ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਨ੍ਹਾਂ ਵਰਤਾਰਿਆਂ ਨਾਲ ਜੁੜੇ ਲੋਕ ਆਪਣੀ ਆਪਣੀ ਥਾਂ ਬੇਸ਼ੱਕ ਸੰਤੁਸ਼ਟ ਲੱਗਦੇ ਹੋਣ, ਪਰ ਕੁੱਲ ਮਿਲਾ ਕੇ ਅਹੁਦਿਆਂ ਦਾ ਮੰਡੀਕਰਨ ਹੀ ਸਾਹਮਣੇ ਆ ਰਿਹਾ ਹੈ। ਜਿੰਨਾ ਚਿਰ ਸਿੱਖ ਸੰਸਥਾਵਾਂ ਦੇ ਅਹੁਦੇਦਾਰ ਆਪਣਾ ਏਜੰਡਾ ਆਪ ਤਿਆਰ ਕਰ ਕੇ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਉਨਾ ਚਿਰ ਬੇਗਾਨੇ ਏਜੰਡੇ 'ਤੇ ਕੰਮ ਕਰਨ ਦੀ ਸਿਆਸਤ ਨਾਲ ਇਸੇ ਤਰ੍ਹਾਂ ਨਿਭਣਾ ਪਵੇਗਾ। ਇਸ ਨਾਲ 'ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ' ਦੀ ਪੰਥਕ ਰੀਝ ਸਿਆਸਤ ਦੀ ਸ਼ਿਕਾਰ ਹੁੰਦੀ ਰਹੇਗੀ। ਸਿੱਖ ਸੰਸਥਾਵਾਂ ਦੇ ਅਹੁਦੇਦਾਰ ਇਸ ਵਿਚੋਂ ਨਿਕਲਣ ਦੀ ਥਾਂ ਇਸ ਨਾਲ ਨਿਭਣ ਵਾਲੇ ਰਾਹ ਪਏ ਹੋਏ ਹਨ।

ਲਿਖਤੁਮ

# ਸਹੁਰਿਆਂ ਦੇ ਸ਼ਿਕਵਿਆਂ ਦਾ ਸਿਲਸਿਲਾ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268


**ਝਾਕੀ ਪਹਿਲੀ:** ਮੇਰੀ ਮਾਂ ਨੇ ਦੇਖਿਆ ਕਿ ਬਾਪੂ (ਉਸ ਦਾ ਸਹੁਰਾ) ਪਸ਼ੂ ਖੋਲ੍ਹ ਕੇ ਚਰਾਉਣ ਲਈ ਬਾਹਰ ਲੈ ਗਿਆ ਹੈ ਤਾਂ ਉਸ ਨੇ ਨਹਾਤੇ ਹੋਏ ਕੇਸ ਮੋਢਿਆਂ 'ਤੇ ਖਿਲਾਰ ਲਏ ਅਤੇ ਦੁਪੱਟਾ ਉਤੇ ਲੈ ਲਿਆ। ਇੰਜ ਸਿਰ ਵੀ ਨੰਗਾ ਨਾ ਰਿਹਾ ਅਤੇ ਖੁੱਲ੍ਹੇ ਕੇਸਾਂ ਨੂੰ ਧੁੱਪ-ਹਵਾ ਵੀ ਲੱਗਣ ਲੱਗ ਪਈ। ਸਹੁਰਾ ਸਾਹਿਬ ਦੀ ਗੈਰ ਹਾਜ਼ਰੀ ਸਦਕਾ ਉਹ ਵਿਹੜੇ ਵਿਚ ਘੁੰਮ ਫਿਰ ਕੇ ਆਪਣੇ ਕੇਸ ਸੁਕਾਉਂਦੀ ਹੋਈ ਘਰੇਲੂ ਕੰਮ-ਕਾਰ ਕਰਦੀ ਰਹੀ।

ਸ਼ਾਮ ਨੂੰ ਪਸ਼ੂ ਚਰਾ ਕੇ ਘਰੇ ਵਾਪਸ ਆਏ ਬਾਪੂ ਦੇ ਮੱਥੇ 'ਤੇ ਪਈਆਂ ਤਿਊੜੀਆਂ ਦੇਖ ਕੇ ਮੇਰੀ ਮਾਂ ਨੇ ਅੰਦਾਜ਼ਾ ਲਾਇਆ ਕਿ ਬੁੜ੍ਹਾ ਬਾਹਰ ਹੀ ਕਿਸੇ ਨਾਲ ਲੜਿਆ-ਖਹਿਬੜਿਆ ਹੋਵੇਗਾ, ਪਰ ਰਾਤ ਦੇ ਰੋਟੀ-ਟੁੱਕ ਤੋਂ ਬਾਅਦ ਜਦ ਮੇਰੀ ਦਾਦੀ ਨੇ ਮੇਰੀ ਮਾਂ ਨੂੰ ਦੱਬਵੀਂ ਜਿਹੀ ਜੀਭੇ ਕਿਹਾ, 'ਬਹੂ, ਮੇਰੀ ਗੱਲ ਸੁਣੀ ਜ਼ਰਾ ਕੁੜੇ!' ਤਾਂ ਮੇਰੀ ਮਾਂ ਦਾ ਮੱਥਾ ਠਣਕਿਆ। ਦਿਲ ਹੀ ਦਿਲ ਉਸ ਨੂੰ ਸਹੁਰੇ ਦੇ ਮੱਥੇ ਦੀਆਂ ਤਿਊੜੀਆਂ ਦਾ ਕਾਰਨ ਆਪਣੀ ਕਿਸੇ ਅਣਗਹਿਲੀ ਜਾਂ ਗਲਤੀ ਦਾ ਹੋਣਾ ਜਾਪਣ ਲੱਗਿਆ। ਉਹੀ ਗੱਲ ਹੋਈ, ਜਦੋਂ ਸਾਡੀ ਦਾਦੀ ਉਸ ਨੂੰ ਅੰਦਰ ਲਿਜਾ ਕੇ ਕਹਿਣ ਲੱਗੀ ਕਿ ਧੀਏ ਤੇਰਾ ਬਾਪੂ ਖਿਝਦਾ ਸੀ ਕਿ...।

ਅਸਲ ਵਿਚ ਮੇਰੀ ਮਾਂ ਨੇ ਸਮਝਿਆ ਸੀ ਕਿ ਬਾਪੂ ਪਸ਼ੂ ਚਰਾਉਣ ਕਿਤੇ ਦੂਰ ਗਿਆ ਹੋਵੇਗਾ, ਪਰ ਉਹ ਉਸ ਦਿਨ ਲਾਗਲੇ ਉਚੇ ਟਿੱਬੇ 'ਤੇ ਪਸ਼ੂ ਲੈ ਗਿਆ ਸੀ ਜਿਥੋਂ ਸਾਡੇ ਘਰ ਦਾ ਵਿਹੜਾ ਸਾਫ ਦਿਖਾਈ ਦਿੰਦਾ ਸੀ। ਉਸ ਨੇ ਦੂਰੋਂ ਹੀ ਦੇਖ ਲਿਆ ਕਿ ਕਿਵੇਂ ਨੂੰਹ 'ਨੰਗੇ ਮੂੰਹ' ਵਿਹੜੇ ਵਿਚ ਤੁਰੀ ਫਿਰਦੀ ਹੈ। ਉਸ ਨੂੰ ਇਹ 'ਅਨਰਥ' ਦੇਖ ਕੇ ਗੁੱਸਾ ਚੜ੍ਹ ਗਿਆ। ਕਹਿਰਾਂ ਦੇ ਕੱਬੇ ਸੁਭਾਅ ਵਾਲੇ ਸਾਡੇ ਬਾਬੇ ਨੇ 'ਜ਼ਮਾਨੇ ਦੀ ਤਬਦੀਲੀ' ਦਾ ਕੁਝ ਲਿਹਾਜ਼ ਕਰਦਿਆਂ ਸਿੱਧਾ ਸਾਡੀ ਮਾਂ ਨੂੰ ਤਾਂ ਕੁਝ ਨਾ ਕਿਹਾ, ਪਰ ਦਾਦੀ ਦੀ ਜ਼ੁਬਾਨੇ ਆਪਣਾ 'ਸਖਤ ਆਦੇਸ਼' ਸਣੇ ਉਲਾਂਭੇ, ਸਾਡੀ ਮਾਂ ਤੱਕ ਪਹੁੰਚਾ ਦਿੱਤਾ। ਅਖੇ, ਇਹ ਇਹਦੇ ਪੇਕਿਆਂ ਦਾ ਘਰ ਐ ਭਲਾ? ਇਹਨੂੰ ਪਤਾ ਨਹੀਂ ਕਿ ਸਹੁਰੇ ਘਰ ਕਿਵੇਂ ਰਹੀਦਾ? ਧੀ-ਪੁੱਤ ਦਾ ਕੰਮ ਐ ਕਿ ਆਪਣੇ ਪਰਦੇ ਦਾ ਖਿਆਲ ਰੱਖੇ... 'ਇਸ ਤਰ੍ਹਾਂ ਕਰ ਕੇ' (ਸਾਡੇ ਬਾਬੇ ਦਾ ਤਕੀਆ ਕਲਾਮ) ਅੱਗੇ ਵਾਸਤੇ ਭਾਈ ਆਪਣੇ ਲਿਬਾਸ ਦਾ ਬਹੁਤ ਖਿਆਲ ਰੱਖਣਾ ਚਾਹੀਦੈ ਨੂੰਹਾਂ ਧੀਆਂ ਨੂੰ!

**ਝਾਕੀ ਦੂਜੀ:** ਫਿਰ ਸਾਡੇ ਬਾਬੇ ਦਾ ਪੁੱਤ, ਯਾਨਿ ਮੇਰਾ ਬਾਪ ਮੇਰੀ ਘਰਵਾਲੀ ਦਾ ਸਹੁਰਾ ਬਣਿਆ। ਇਹ ਸੰਨ ਉਨਾਸੀ ਦੀ ਗੱਲ ਹੈ। ਚਲਦੇ ਰਿਵਾਜ ਅਨੁਸਾਰ ਮੇਰੀ ਪਤਨੀ ਆਪਣੇ ਸਹੁਰੇ ਅਤੇ ਗਲੀ-ਗੁਆਂਢ ਦੇ ਹੋਰ ਬਜ਼ੁਰਗਾਂ ਤੋਂ ਘੁੰਡ ਕੱਢਣ ਲੱਗੀ। ਘੁੰਡ ਦੇ ਕਜੀਏ ਤੋਂ ਛੁਟਕਾਰਾ ਪਾਉਣਾ ਤਾਂ ਉਹ ਵੀ ਚਾਹੁੰਦੀ ਸੀ, ਪਰ ਨਵੀਂ ਨਵੀਂ ਆਈ ਹੋਣ ਕਰ ਕੇ ਉਸ ਨੇ ਹਾਲੇ ਸਹੁਰੇ ਘਰ ਦੇ ਜੀਆਂ ਦਾ 'ਭੇਤ' ਨਹੀਂ ਸੀ ਪਾਇਆ; ਇਸ ਕਰ ਕੇ ਘੁੰਡ ਚੁੱਕਣ ਦਾ ਉਹਦਾ ਹਿਆ ਨਹੀਂ ਸੀ ਪੈਂਦਾ।

ਵਿਆਹ ਤੋਂ ਡੇੜ੍ਹ ਕੁ ਮਹੀਨੇ ਬਾਅਦ ਹੀ ਅਮਰੀਕਾ ਤੋਂ ਵੱਡੀ ਭੈਣ ਨੇ ਨਵੀਂ ਵਹੁਟੀ ਦਾ ਘੁੰਡ ਚੁਕਾਉਣ ਵਾਲਾ 'ਮਤਾ' ਚਿੱਠੀ ਰਾਹੀਂ ਸਾਡੇ ਘਰ ਲਿਖ ਭੇਜਿਆ। ਪੰਜਾਬ ਵਸਦੀਆਂ ਤਿੰਨਾਂ ਭੈਣਾਂ ਨੇ ਬੜੀ ਫੁਰਤੀ ਨਾਲ 'ਘੁੰਡ ਚੁਕਾਊ ਮਤੇ' ਦੀ ਤਾਈਦ ਕਰ ਦਿੱਤੀ ਅਤੇ ਮੇਰੀ ਨਵ-ਵਿਆਹੀ ਵਹੁਟੀ ਸਹੁਰੇ ਘਰ ਵਿਚ ਕੁੜੀਆਂ ਵਾਂਗ ਵਿਚਰਨ ਲੱਗ ਪਈ।




ਉਪਰੋਂ ਉਪਰੋਂ ਤਾਂ ਮੇਰੇ ਬਾਪ ਨੇ ਇਸ 'ਤੇ ਕੋਈ ਉਜਰ ਨਾ ਕੀਤਾ, ਪਰ ਇਕ ਦਿਨ ਉਹ ਪਿੰਡ ਵਿਚ ਘੁੰਮ ਘਿਰ ਕੇ ਘਰੇ ਆਏ ਮੇਰੀ ਮਾਤਾ ਨੂੰ ਕਹਿਣ ਲੱਗੇ, "ਸੁਣਦੀ ਐਂ ਲੋਕਾਂ ਦੀਆਂ ਗੱਲਾਂ?" ਆਪਣੇ ਬਚਪਨ ਦੇ ਸਾਥੀ ਉਤਮ ਬੁੜ੍ਹੇ ਦਾ ਨਾਂ ਲੈ ਕੇ ਹੱਸਦਿਆਂ ਕਹਿੰਦੇ, "ਉਤਮ ਮੈਨੂੰ ਕਹਿੰਦਾ ਕਿ ਗਿਆਨੀ ਜੀ, ਹੁਣ ਸਾਨੂੰ ਸਹੁਰਿਆਂ-ਪਤਿਆਹੁਰਿਆਂ ਨੂੰ ਹੀ ਕੋਈ ਖੇਸੀ, ਚਾਦਰ ਮੋਢੇ 'ਤੇ ਰੱਖਣੀ ਪੈਣੀ ਐਂ। ਜਦ ਕੋਈ ਬਹੂ ਸਾਹਮਣੇ ਆਇਆ ਕਰੂ, ਅਸੀਂ ਆਪਣੇ ਮੂੰਹ 'ਤੇ ਖੇਸੀ ਦਾ ਲੜ ਲੈ ਲਿਆ ਕਰਾਂਗੇ।"

**ਝਾਕੀ ਤੀਜੀ:** ਆਪਣੇ ਬਾਬੇ ਦੀ ਤੀਜੀ ਪੀੜ੍ਹੀ, ਯਾਨਿ ਮੈਂ ਹੁਣ ਆਪਣੀਆਂ ਦੋ ਨੂੰਹਾਂ ਦਾ ਸਹੁਰਾ ਬਣਿਆ ਅਮਰੀਕਾ ਵਿਚ ਰਹਿ ਰਿਹਾ ਹਾਂ। ਇਕ ਦਿਨ ਸ਼ਾਮ ਵੇਲੇ ਦੀ ਚਾਹ ਪੀਣ ਉਪਰੰਤ ਕੀ ਹੋਇਆ ਕਿ ਤੜਕੇ ਪੰਜ ਵਜੇ ਦੀ ਕੰਮ 'ਤੇ ਗਈ ਹੋਈ ਮੇਰੀ ਪਤਨੀ ਥੱਕ-ਟੁੱਟ ਕੇ ਘਰੇ ਆਈ। ਅੱਧਾ ਕੁ ਕੱਪ ਚਾਹ ਦਾ ਪੀ ਕੇ ਉਹ ਥਕਾਵਟ ਲਾਹੁਣ ਲਈ ਬੈਡ 'ਤੇ ਜਾ ਡਿੱਗੀ। ਰਸੋਈ ਦਾ ਸਿੰਕ ਜੂਠੇ ਭਾਂਡਿਆਂ ਨਾਲ ਇਉਂ ਭਰਿਆ ਪਿਆ ਸੀ, ਜਿਵੇਂ ਲੰਗਰ ਦੇ ਜੂਠੇ ਭਾਂਡੇ 'ਕੱਠੇ ਕੀਤੇ ਹੋਏ ਹੋਣ। ਟੂਟੀ ਤੱਕ ਪਹੁੰਚੀ ਹੋਈ ਕੱਪ ਕੌਲੀਆਂ ਪਲੇਟਾਂ ਦੀ ਟੀਸੀ!

ਬੈਡ 'ਤੇ ਪਈ ਪਤਨੀ ਦੇ ਘੁਰਾੜੇ ਸੁਣ ਕੇ ਮੈਨੂੰ ਤਰਸ ਆ ਗਿਆ ਕਿ ਇਸ ਨੇ ਘੜੀ ਘੰਟਾ ਸੁਸਤੀ ਲਾਹ ਕੇ ਹੁਣੇ ਰਾਤ ਦੀ ਰੋਟੀ ਦੇ ਆਹਰ ਵਿਚ ਲੱਗ ਜਾਣਾ ਹੈ, ਆਹ ਭਾਂਡਿਆਂ ਦਾ ਟੋਕਰਾ ਵੀ ਇਸੇ ਨੂੰ ਮਾਂਜਣਾ ਪੈਣਾ ਹੈ, ਇਹ ਸੋਚ ਕੇ ਮੈਂ ਫਟਾ-ਫਟ ਬਾਹਾਂ ਦੇ ਕਫ 'ਤਾਂਹ ਨੂੰ ਚੜ੍ਹਾਏ ਤੇ ਭਾਂਡੇ ਮਾਂਜਣ ਲੱਗ ਪਿਆ। ਅਮਰੀਕਨ ਤਰਜ਼ੇ-ਜ਼ਿੰਦਗੀ ਮੁਤਾਬਕ ਪਰਵਾਸੀ ਪਰਿਵਾਰਾਂ ਵਿਚ ਪਤੀਆਂ ਵੱਲੋਂ ਭਾਂਡਿਆਂ ਦੀ ਅਜਿਹੀ ਸੇਵਾ ਕਰਨੀ ਕੋਈ ਅਨੋਖੀ ਜਾਂ ਅਚੰਭੇ ਵਾਲੀ ਗੱਲ ਨਹੀਂ ਹੈ। ਮੈਂ ਕਦੇ ਕਦਾਈਂ ਮੌਕਾ ਬਣੇ 'ਤੇ ਅਜਿਹਾ ਹੱਥ ਵਟਾਉਂਦਾ ਰਹਿੰਦਾ ਹਾਂ, ਪਰ ਇਸ ਵਾਰ ਖੜ੍ਹੇ ਖੜ੍ਹੇ ਭਾਂਡੇ ਮਾਂਜਦਿਆਂ ਮੈਨੂੰ ਆਪਣਾ ਬਾਪ ਬਹੁਤ ਯਾਦ ਆਇਆ ਕਿ ਇਕ ਉਹ ਵੀ ਸਹੁਰਾ ਸੀ ਜਿਸ ਨੇ ਜੂਠੇ ਭਾਂਡੇ ਮਾਂਜਣੇ ਤਾਂ ਕਿਤੇ ਰਹੇ, ਸਗੋਂ ਉਸ ਨੇ ਕਦੇ ਆਪਣੇ ਜੂਠੇ ਬਰਤਨਾਂ ਨੂੰ ਵੀ ਹੱਥ ਨਹੀਂ ਸੀ ਲਾਇਆ। ਪ੍ਰਸ਼ਾਦਾ ਪਾਣੀ ਛਕ ਕੇ 'ਵਾਹਿਗੁਰੂ' ਕਹਿੰਦਾ ਹੋਇਆ ਉਠ ਖੜ੍ਹਦਾ ਸੀ।

ਇਸੇ ਸੋਚ ਲੜੀ ਦੇ ਵਹਿਣ ਵਿਚ ਮੈਂ ਦਾਲਾਂ-ਸਬਜ਼ੀਆਂ ਨਾਲ ਲਿਬੜੇ-ਤਿਬੜੇ ਭਾਂਡੇ ਮਾਂਜਦਾ ਭਾਵੁਕ ਜਿਹਾ ਹੋ ਗਿਆ। ਆਪਣੇ ਬਾਪ-ਦਾਦੇ ਦੇ ਮੁਕਾਬਲੇ ਮੈਨੂੰ ਆਪਣੇ ਸਹੁਰਾ ਹੋਣ 'ਤੇ ਹੀਣਤਾ ਆਉਣ ਲੱਗੀ। ਆਪਣੇ ਪੇਕੀਂ ਮਿਲਣ-ਗਿਲਣ ਗਈਆਂ ਆਪਣੀਆਂ ਦੋਹਾਂ ਨੂੰਹਾਂ ਨੂੰ ਯਾਦ ਕਰ ਕੇ ਮੇਰਾ ਹੋਰ ਵੀ ਦਿਲ ਭਰਨ ਲੱਗਾ। 'ਮਨਾ! ਦੋ ਦੋ ਨੂੰਹਾਂ ਦਾ ਸਹੁਰਾ ਹੁੰਦਿਆਂ ਵੀ ਭਾਂਡੇ ਮਾਂਜ ਰਿਹਾਂ?' ਨਵੇਂ ਨਵੇਂ ਅਮਰੀਕਾ ਆਇਆਂ 'ਤੇ ਵੱਡੀ ਭੈਣ ਦੇ ਘਰ ਰਹਿੰਦਿਆਂ ਮੈਂ ਇਕ ਵਾਰ ਆਪਣੀਆਂ ਜੂਠੀਆਂ ਕੌਲੀਆਂ ਧੋਣ ਲੱਗਾ ਸੀ ਤਾਂ ਮੇਰੀ ਭਾਣਜ ਨੂੰਹ ਨੇ ਮੇਰੇ ਹੱਥ ਫੜ ਲਏ ਸੀ, ਇਹ ਕਹਿੰਦਿਆਂ, ਕਿ ਮਾਮਾ ਜੀ, ਆਪਣੇ ਘਰੇ ਜਾ ਕੇ ਬੇਸ਼ੱਕ ਮਾਂਜ ਲਿਓ ਭਾਂਡੇ, ਪਰ ਅਸੀਂ ਨਹੀਂ ਇਹ ਕੰਮ ਕਰਨ ਦੇਣਾ ਤੁਹਾਨੂੰ!

ਸਹੁਰਿਆਂ ਦੇ ਸ਼ਿਕਵਿਆਂ ਦਾ ਇਹ ਸਿਲਸਿਲਾ ਚਲਦੇ ਚਲਦੇ ਭਾਂਡੇ ਨਿਬੇੜ ਕੇ, ਦਿਲ ਹੌਹਰੇ ਪਾਉਣ ਲਈ ਮੈਂ ਚਾਰਜਰ 'ਤੇ ਲਾਇਆ ਆਪਣਾ ਫੋਨ ਚੁੱਕ ਲਿਆ। ਪੇਕੀਂ ਗਈ ਹੋਈ ਇਕ ਨੂੰਹ ਦਾ 'ਵਟਸਐਪ 'ਤੇ ਮੈਨੂੰ ਤਾਜ਼ਾ ਤਾਜ਼ਾ ਮੈਸਿਜ ਆਇਆ ਹੋਇਆ ਸੀ, 'ਡੈਡੀ ਜੀ ਹੈਪੀ ਫਾਦਰ'ਜ਼ ਡੇ।' ਮੇਰਾ 'ਵੈਰਾਗ' ਹਾਸੇ ਵਿਚ ਬਦਲ ਗਿਆ!

## ਮਨਾ ਪਰਦੇਸੀਆ ਇਹ ਨਹੀਂ ਤੇਰਾ ਦੇਸ

# ਬੱਬਰ ਧਰਮ ਸਿੰਘ ਹਿਯਾਤਪੁਰ ਰੁੜਕੀ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

27 ਫਰਵਰੀ 1926 ਨੂੰ ਜਿਨ੍ਹਾਂ ਛੇ ਬੱਬਰਾਂ ਨੂੰ ਫਾਂਸੀ ਲੱਗੀ, ਉਨ੍ਹਾਂ ਵਿਚ ਧਰਮ ਸਿੰਘ ਪਿੰਡ ਹਿਯਾਤਪੁਰ ਰੁੜਕੀ ਵੀ ਸ਼ਾਮਲ ਸੀ। ਪਿੰਡ ਹਿਯਾਤਪੁਰ ਦੀ ਹਦਬਸਤ ਨੰਬਰ 280 ਅਤੇ ਰਕਬਾ 77 ਹੈਕਟੇਅਰ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਹੈ। ਦੋ ਵੱਖਰੇ ਪਿੰਡਾਂ ਹਿਯਾਤਪੁਰ ਤੇ ਰੁੜਕੀ ਤੋਂ ਇਹ ਇਕ ਪਿੰਡ ਬਣਿਆ, ਕੇਵਲ ਕੰਦੋਲਾ ਗੋਤ ਦੇ ਜੱਟਾਂ ਦੀ ਮਾਲਕੀ ਵਾਲਾ ਪਿੰਡ ਹੈ। ਬੱਬਰ ਧਰਮ ਸਿੰਘ ਦਾ ਛੋਟਾ ਭਰਾ ਸੁੰਦਰ ਸਿੰਘ ਅਤੇ ਚਾਚਾ ਸੁਰਜਨ ਸਿੰਘ ਵੀ ਬੱਬਰ ਲਹਿਰ ਵਿਚ ਗ੍ਰਿਫਤਾਰ ਹੋਏ, ਪਰ ਮੁਕੱਦਮੇ ਦੌਰਾਨ ਜੇਲ੍ਹ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ ਸੀ।

ਬੱਬਰ ਧਰਮ ਸਿੰਘ ਦੀ ਸ਼ਾਦੀ 12 ਸਾਲ ਦੀ ਉਮਰ ਵਿਚ ਪਿੰਡ ਸਦੇਣੀ ਦੀ ਬਸੰਤ ਕੌਰ ਨਾਲ ਹੋ ਗਈ। ਸੰਨ 1906 ਵਿਚ ਉਹ ਰਸਾਲਾ ਨੰਬਰ 31 ਵਿਚ ਭਰਤੀ ਹੋ ਗਏ ਅਤੇ 26 ਜੂਨ 1920 ਨੂੰ ਪੈਨਸ਼ਨ ਆ ਗਏ। ਸਰਵਿਸ ਦੌਰਾਨ ਉਨ੍ਹਾਂ ਦਾ ਰਿਕਾਰਡ ਬਹੁਤ ਵਧੀਆ ਸੀ। ਪਿੰਡ ਆ ਕੇ ਉਹ ਖੇਤੀ ਕਰਨ ਲੱਗ ਪਏ। ਵਾਇਦਾ ਮੁਆਫ ਰਾਮ ਸਿੰਘ ਮਜਾਰਾ ਕਲਾਂ ਨੇ ਅਦਾਲਤ ਵਿਚ ਕੇਸ ਦੀ ਸੁਣਵਾਈ ਦੌਰਾਨ ਬਿਆਨ ਦਿੱਤਾ ਕਿ ਚੋਟੀ ਦੇ ਬੱਬਰਾਂ ਦੀਆਂ ਮੀਟਿੰਗਾਂ ਧਰਮ ਸਿੰਘ ਦੀ ਹਵੇਲੀ ਵਿਚ ਹੋਇਆ ਕਰਦੀਆਂ ਸਨ। ਦੁਆਬੇ ਵਿਚ ਪਸ਼ੂਆਂ ਦੇ ਵਾੜੇ ਨੂੰ ਹਵੇਲੀ ਕਿਹਾ ਜਾਂਦਾ ਹੈ। ਦੀਵਾਨ ਨਾਂ ਦਾ ਝੋਲੀਚੁਕ ਬੱਬਰਾਂ ਖਿਲਾਫ ਰਿਪੋਰਟਾਂ ਸਮੁੰਦੜਾ ਨਿਵਾਸੀ ਸ਼ਰਧਾ ਰਾਮ ਰਾਹੀਂ ਦਿੰਦਾ ਹੁੰਦਾ ਸੀ। ਇਸ ਲਈ ਬੱਬਰਾਂ ਨੇ ਉਸ ਨੂੰ ਸੋਧਣ ਬਾਰੇ ਸੋਚਿਆ।

ਧਰਮ ਸਿੰਘ ਦੀ ਹਵੇਲੀ ਵਿਚ ਬੱਬਰਾਂ ਨੇ ਸਲਾਹ ਕੀਤੀ ਕਿ ਬੱਬਰ ਦਾ ਛੋਟਾ ਭਰਾ ਸੁੰਦਰ ਸਿੰਘ ਦੀਵਾਨ ਨੂੰ ਇਹ ਕਹਿ ਕੇ ਲੈ ਆਵੇ ਕਿ ਇਕ ਬਰਾਤ ਆ ਰਹੀ ਹੈ ਜਿਸ ਵਿਚ ਲਾੜੇ ਦਾ ਕੈਂਠਾ ਲੁੱਟਾਂਗੇ। ਅਸੀਂ ਡਾਕੂ ਬਣ ਕੇ ਨੀਯਤ ਹੋਈ ਥਾਂ 'ਤੇ ਤੁਹਾਨੂੰ ਪੁੱਛਾਂਗੇ ਕਿ ਤੁਸੀਂ ਕੌਣ ਹੋ ਤੇ ਅਸੀਂ ਕਹਾਂਗੇ 'ਡਾਕੂ'। ਸੁਣ ਕੇ ਤੂੰ ਪਰੇ ਹੋ ਜਾਈਂ ਅਤੇ ਅਸੀਂ ਦੀਵਾਨ ਦੀ ਅਲਖ ਮੁਕਾ ਦਿਆਂਗੇ। ਬੱਬਰ ਸੁਰਜਨ ਸਿੰਘ, ਧਰਮ ਸਿੰਘ, ਆਸਾ ਸਿੰਘ ਭਕੜੁੱਦੀ ਅਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੀਯਤ ਥਾਂ 'ਤੇ ਪਹੁੰਚ ਗਏ। ਸੁੰਦਰ ਸਿੰਘ ਜਦੋਂ ਦੀਵਾਨ ਨੂੰ ਲੈ ਕੇ ਆਇਆ, ਤੈਅ ਕੀਤੇ ਵਾਕ ਬੋਲੇ ਗਏ। ਸੁੰਦਰ ਸਿੰਘ ਪਰੇ ਹਟ ਗਿਆ ਅਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੇ ਉਸ ਦੀ ਗਰਦਨ ਵਿਚ ਗੋਲੀ ਮਾਰ ਕੇ ਢੇਰ ਕਰ ਦਿੱਤਾ। ਆਸਾ ਸਿੰਘ ਭਕੜੁੱਦੀ ਨੇ ਦੀਵਾਨ ਦੇ ਡਿਗੇ ਪਏ ਦੇ ਸਿਰ ਵਿਚ ਕਿਰਪਾਨ ਦੇ ਤਿੰਨ ਚਾਰ ਵਾਰ ਕੀਤੇ।

ਇਹ ਕਤਲ 13-14 ਫਰਵਰੀ 1923 ਦੀ ਰਾਤ ਨੂੰ ਹੋਇਆ ਸੀ। ਅੱਠਾਂ ਦਿਨਾਂ ਬਾਅਦ ਦੀਵਾਨ ਦੀ ਮਾਂ ਭਗਵਾਨੀ ਨੂੰ ਡਾਕ ਰਾਹੀਂ ਪੋਸਟ ਕਾਰਡ ਮਿਲਿਆ। ਉਸ ਨੇ ਇਹ ਖਤ ਹੰਸ ਰਾਜ ਤੋਂ ਪੜ੍ਹਾਇਆ ਜਿਸ ਵਿਚ ਦੀਵਾਨ ਨੇ ਲਿਖਿਆ ਸੀ ਕਿ ਉਸ ਨੇ ਦਲੇਲ ਸਿੰਘ ਦੇ ਪੰਜ ਰੁਪਏ ਦੇਣੇ ਹਨ, ਤੇ ਜੇ ਉਹ ਮੰਗੇ ਤਾਂ ਦੇ ਦੇਣੇ, ਨਹੀਂ ਤਾਂ ਮੈਂ ਆਪ ਆ ਕੇ ਦੇ ਦਿਆਂਗਾ। ਇਹ ਖਤ ਵੀ ਬੱਬਰਾਂ ਨੇ ਦੀਵਾਨ ਦੀ ਮਾਂ ਨੂੰ ਧਰਵਾਸ ਦੇਣ ਲਈ ਪਾਇਆ ਸੀ ਕਿ ਉਹ ਪੁਲਿਸ ਪਾਸ ਨਾ ਜਾਵੇ।

ਚਾਰ ਕੁ ਮਹੀਨੇ ਬਾਅਦ ਹੁਸ਼ਿਆਰਪੁਰ ਲਾਗੇ ਦੇ ਪਿੰਡ ਖਾਨਪੁਰ ਦਾ ਫੌਜੀ ਹੁਕਮ ਸਿੰਘ ਛੁੱਟੀ ਆਇਆ ਤਾਂ ਉਹ ਆਪਣੇ ਮਿੱਤਰ ਅਮਰ ਸਿੰਘ ਦੀ ਭੈਣ ਦਾ ਅਫੋਸਸ ਕਰਨ ਲਈ ਪਿੰਡ ਹਿਯਾਤਪੁਰ ਰੁੜਕੀ ਗਿਆ। ਦੀਵਾਨ ਦੀ ਮਾਂ ਭਗਵਾਨੀ ਉਸ ਦੇ ਪਿੰਡ ਦੀ ਸੀ। ਅਮਰ ਸਿੰਘ ਤੋਂ ਪਰੇ ਕਰ ਕੇ ਸੁਰਜਨ ਸਿੰਘ ਨੇ ਉਸ ਨੂੰ ਆਖਿਆ ਕਿ ਭਗਵਾਨੀ ਆਪਣੇ ਪੁੱਤਰ ਦੇ ਅਚਾਨਕ ਗਾਇਬ ਹੋਣ ਕਰ ਕੇ ਬਹੁਤ ਪ੍ਰੇਸ਼ਾਨ ਹੈ, ਉਸ ਨੂੰ ਹੌਸਲਾ ਦੇਣ ਲਈ ਤੂੰ ਆਖ ਕਿ ਦੀਵਾਨ ਨੂੰ ਤੂੰ ਦਰਬਾਰ ਸਾਹਿਬ, ਅੰਮ੍ਰਿਤਸਰ ਦੇਖਿਆ ਸੀ। ਅਦਾਲਤ ਵਿਚ ਹੁਕਮ ਸਿੰਘ ਨੇ ਇਹੋ ਬਿਆਨ ਦਿੱਤਾ।

ਬੱਬਰਾਂ ਨੇ ਆਪਣੇ ਅਖਬਾਰ 'ਬੱਬਰ ਅਕਾਲੀ ਦੁਆਬਾ' ਵਿਚ ਖਬਰ ਛਾਪ ਦਿੱਤੀ ਕਿ ਪੁਲਿਸ ਨੇ ਇਕ ਮੁਖਬਰ ਦੀਵਾਨ ਨੂੰ ਸਾਰੀ ਉਮਰ ਲਈ ਕੈਦ ਵਿਚ ਪਾ ਦਿੱਤਾ ਹੈ। ਆਸਾ ਸਿੰਘ ਭਕੜੁੱਦੀ ਜੋ ਚੋਟੀ ਦੇ ਬੱਬਰਾਂ ਦੇ ਨੇੜੇ ਸੀ, ਗ੍ਰਿਫਤਾਰ ਹੋਣ 'ਤੇ ਪੁਲਿਸ ਦੀ ਕੁੱਟ ਨਾ ਸਹਾਰ ਸਕਿਆ। ਉਸ ਨੇ ਸਾਰੀਆਂ ਵਾਰਦਾਤਾਂ ਦਾ ਹਾਲ ਪੁਲਿਸ ਨੂੰ ਦੱਸ ਦਿੱਤਾ। ਉਸ ਦੀ ਗਵਾਹੀ ਕਿ ਦੀਵਾਨ ਦੀ ਲਾਸ਼ ਧਰਮ ਸਿੰਘ ਤੇ ਸੁਰਜਨ ਸਿੰਘ ਨੇ ਕਿਤੇ ਦਬਾਈ ਹੈ, 'ਤੇ ਪੁਲਿਸ ਨੇ ਧਰਮ ਸਿੰਘ ਨੂੰ ਦਬੋਚ ਲਿਆ। ਸੁੰਦਰ ਸਿੰਘ ਨੂੰ ਪਹਿਲੀ ਅਗਸਤ 1923 ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਨੂੰ ਕੁੱਟ ਕੇ ਪੁਲਿਸ ਨੇ ਉਨ੍ਹਾਂ ਦੇ ਪਸ਼ੂ ਬੰਨ੍ਹਣ ਵਾਲੇ ਬਰਾਂਡੇ ਵਿਚ ਗੁੜ ਬਣਾਉਣ ਵਾਲੇ ਚੁੱਭੇ ਵਿਚੋਂ ਲਾਸ਼ ਬਰਾਬਦ ਕੀਤੀ। ਲਾਸ਼ ਐਨੇ ਮਹੀਨਿਆਂ ਵਿਚ ਗਲ ਗਈ ਸੀ। ਉਸ ਦੇ ਕੱਪੜਿਆਂ ਅਤੇ ਉਪਰਲੇ ਦੋ ਦੰਦਾਂ ਵਿਚ ਸੋਨੇ ਦੀ ਤਾਰ ਤੋਂ ਉਸ ਦੀ ਮਾਂ ਭਗਵਾਨੀ ਨੇ ਸ਼ਨਾਖਤ ਕੀਤੀ।

ਬੱਬਰ ਧਰਮ ਸਿੰਘ ਦੀ ਸਿੰਘਣੀ ਉਸ ਨਾਲ ਆਖਰੀ ਮੁਲਾਕਾਤ ਲਈ ਬਹੁਤ ਦੇਰ ਨਾਲ ਪਹੁੰਚੀ। ਉਸ ਦਿਨ ਛੇ ਵਿਚੋਂ ਤਿੰਨ ਬੱਬਰਾਂ ਨੂੰ ਫਾਂਸੀ ਲਈ ਲਿਜਾ ਚੁਕੇ ਸਨ ਅਤੇ ਬਾਕੀ ਤਿੰਨਾਂ ਦੀ ਤਿਆਰੀ ਸੀ। ਕੁਝ ਮਿੰਟ ਹੀ ਮੁਲਾਕਾਤ ਹੋ ਸਕੀ। ਬੱਬਰ ਦਾ ਚਿਹਰਾ ਦਗ ਦਗ ਕਰ ਰਿਹਾ ਸੀ। ਉਸ ਦੀ ਪਤਨੀ ਨੇ ਵਾਪਸੀ 'ਤੇ ਬੱਬਰ ਦੀ ਆਵਾਜ਼ ਦੇ ਇਹ ਸ਼ਬਦ ਸੁਣੇ, 'ਮਨਾ ਪਰਦੇਸੀਆ ਇਹ ਨਹੀਂ ਤੇਰਾ ਦੇਸ।'

## ਗਜ਼ਲ

ਪੈ ਗਈ ਜਦ ਤੋਂ ਵੱਡੇ ਵੱਡੇ, ਵੈਦਾਂ ਵੱਸ ਵਿਚਾਰੀ ਕਵਿਤਾ।
ਸੱਚੀਂ ਮੁੱਚੀਂ ਹੋ ਚੁਕੀ ਹੈ ਆਤੁਰ, ਲਕਵੇ ਮਾਰੀ ਕਵਿਤਾ।

ਰੂਪਕ ਪੱਖੋਂ, ਕੀ ਆਖਾਂ ਹੁਣ, ਦਿੱਤਾ ਕੱਢ ਜਲੂਸ ਬਥੇਰਾ,
'ਖੁੱਲ੍ਹੀ ਕਵਿਤਾ' ਦੇ ਨਾਂ ਉਤੇ, ਲਿਖਦਾ ਹਾਰੀ ਸਾਰੀ ਕਵਿਤਾ।

ਵੱਡੇ ਵੱਡੇ ਕਿੱਸੇ ਨੇ ਸੰਪੂਰਨ, ਸੂਹਜ ਸਵਾਦਾਂ ਵਾਲੇ,
ਉਹ ਕਵਿਤਾ ਹੈ ਕਵਿਤਾ ਵਰਗੀ, ਮੋਹਣੀ, ਟੂਣੇਹਾਰੀ ਕਵਿਤਾ।

ਸੁੱਕਾ ਮੇਵਾ, ਕਾਵਿ ਪੁਰਾਤਨ, ਹੁਣ ਤਕ ਤਾਜ਼ਾ ਤਾਜ਼ਾ ਲੱਗੇ,
ਪਲ ਵਿਚ ਬੇਹੀ ਹੋ ਜਾਂਦੀ, ਅਜਕਲ੍ਹ ਦੀ ਤਰਕਾਰੀ ਕਵਿਤਾ।

ਅੱਖਰ ਜੜਨੇ, ਕੰਮ ਫਕੀਰੀ, ਰੱਤ ਜਿਗਰ ਦੀ ਪਾਉਣੀ ਪੈਂਦੀ,
ਲਿਖਣ-ਛਪਣ ਦੀ ਕਾਹਲੀ ਨੇ ਕਰ ਸੁੱਟੀ ਢੇਰ ਨਕਾਰੀ ਕਵਿਤਾ।

ਸਦੀਆਂ ਤੋਂ ਇਹ ਚਾਨਣ ਵੰਡੇ, ਰਹਿੰਦੀ ਦੁਨੀਆਂ ਤੀਕ ਰਹੇਗੀ,
ਗੁਰਬਾਣੀ ਦਾ ਦਰਜਾ ਹਾਸਲ, ਜੋ ਅਸਲੀ ਕਰਤਾਰੀ ਕਵਿਤਾ।

ਸ਼ਾਇਰ ਵਿਚਾਰੇ 'ਟੀਕੇ' ਲਾਉਂਦੇ, ਢਾਂਚੇ ਦੀ ਤੰਦਰੁਸਤੀ ਚਾਹੁੰਦੇ,
ਠੀਕ ਨਤੀਜੇ ਨਾ ਨਿਕਲਣ ਤਾਂ, ਜਾਪੇ ਆਪ ਬਿਮਾਰੀ ਕਵਿਤਾ।

'ਮੇਰੀ ਕਵਿਤਾ ਨੂੰ ਉਤਮ ਕਹਿ, ਤੇਰੀ ਬੱਲੇ ਬੱਲੇ ਕਰ ਦੂੰ',
ਇਸ ਮਿਹਣੇ ਨੂੰ ਸੁਣਦੀ ਸੁਣਦੀ, ਝੱਲੇ ਨਿੱਤ ਖੁਆਰੀ ਕਵਿਤਾ।

ਖੰਭ ਉਧਾਰੇ ਲੈ ਕੇ ਉਸ ਨੂੰ, ਉਡਣ ਦੀ ਕੋਈ ਲੋੜ ਨਾ ਹੁੰਦੀ,
ਆਪੇ ਅੰਬਰ ਛੋਹ ਲੈਂਦੀ ਹੈ, ਜੋ ਹੁੰਦੀ ਬਲਕਾਰੀ ਕਵਿਤਾ।

'ਰਾਜੇ ਸ਼ੀਂਹ, ਮੁਕੱਦਮ ਕੁੱਤੇ', ਕਹਿ ਬਾਬਰ ਨੂੰ ਜਾਬਰ ਹੋਇਆ,
ਨਾਨਕ ਦੇ ਇਹ ਸ਼ਬਦ ਸਦੀਵੀ, ਬਣ ਚੁਕੇ ਦੋ-ਧਾਰੀ ਕਵਿਤਾ।

ਲੋਕਾਂ ਖਾਤਰ ਲਿਖਦੇ ਜੋ, ਉਹ 'ਆਦਰ' ਦੀ ਝਾਕ ਨਾ ਰੱਖਣ,
ਹੁੱਝੇ ਮਾਰੇ ਸਨਮਾਨਾਂ ਨੂੰ, ਮਿੱਠੀ ਅਤੇ ਸਰਕਾਰੀ ਕਵਿਤਾ।

ਜੇ ਪੱਲੇ ਖੁੱਦਾਰੀ ਹੈ ਤਾਂ, ਸ਼ਾਇਰ ਹਮੇਸ਼ਾਂ ਸੱਚ ਕਹੇਗਾ,
ਲੋਕਾਂ ਵਿਚ ਪਰਵਾਨ ਚੜ੍ਹੇ ਉਹ, ਜੋ ਰਚਦੇ ਕਿਰਦਾਰੀ ਕਵਿਤਾ।

ਮੂਲੋਂ ਰੱਦ ਨਾ ਬਿਲਕੁਲ ਕਰਦਾ, ਐਪਰ ਠੋਸ ਯਥਾਰਥ ਵੀ ਹੈ,
ਕੁਝ ਮਰਦਾਂ ਦੇ ਨਾਲੋਂ ਅਜਕਲ, ਚੰਗੀ ਲਿਖਦੀ ਨਾਰੀ ਕਵਿਤਾ।

ਪਾਠਕ ਬਹੁਤ ਸੁਚੇਤਾ ਅਜਕਲ੍ਹ, ਘੋਖ ਕਰੇ ਫਿਰ ਤੈ ਕਰਦਾ ਹੈ,
ਇਹ ਸਰਕਾਰੀ, ਵੱਕਾਰੀ, ਕਿਰਦਾਰੀ ਜਾਂ ਧਿਰਕਾਰੀ ਕਵਿਤਾ।

ਧਰਤੀ ਉਤੇ ਘਿਸਰਣ ਵਾਲੀ, ਕਵਿਤਾ ਵੀ ਕੋਈ ਕਵਿਤਾ ਹੁੰਦੀ,
ਝਪਟੇ ਬਾਜ਼ ਤਰ੍ਹਾਂ ਪਰ ਉਡੇ, ਅੰਬਰ ਮਾਰ ਉਡਾਰੀ ਕਵਿਤਾ।

ਜ਼ਹਿਨ 'ਚ ਪੂਰਾ ਜੋਸ਼ ਭਰੇ ਤੇ ਲੂੰ ਕੰਡੇ ਕਰ ਦੇਵੇ ਪਿੰਡੇ,
ਸੁਣ ਕੇ ਲੋਕੀਂ ਅਸ਼ ਅਸ਼ ਕਰਦੇ, ਜੋ ਪਾਬੰਦ ਕਰਾਰੀ ਕਵਿਤਾ।

ਅਕਲੋਂ ਹੀਣੇ ਅਹਿਮਕ ਬੰਦੇ, ਤੁਕਬੰਦੀ ਕਰ ਧੁੰਦੀ ਕਰਦੇ,
ਨਿੱਤ ਕਵੀ ਉਠ ਰੇਤੀ ਮਾਰਨ, ਕਰਦੇ ਤੇਜ਼ ਕਟਾਰੀ ਕਵਿਤਾ।

ਭਾਰੇ ਭਰਕਮ, ਉਘੜੇ ਦੁਘੜੇ, ਸ਼ਬਦਾਂ ਦੇ ਖੜਵੰਜੇ ਲਾ ਕੇ,
ਢੋਲ ਵਜਾ ਕੇ ਆਖੇ 'ਸੂਫੀ', ਮੇਰੀ ਸਭ ਤੋਂ ਪਿਆਰੀ ਕਵਿਤਾ।

*-ਅਮਰ ਸੂਫੀ, ਫੋਨ: 91-98555-43660*


---

ਹੋਰ ਪਾ ਦੇ ਸਾਕੀਆ, ਗ਼ਮ ਘੋਲ ਕੇ ਮੈਂ ਪੀ ਲਵਾਂ,
ਜ਼ਿੰਦਗੀ ਆਪਣੀ 'ਚ ਮੈਂ ਦੋ ਚਾਰ ਪਲ ਤਾਂ ਜੀਅ ਲਵਾਂ।
ਰਹਿਣ ਦਿਓ ਬੈਠਾ ਅਜੇ ਮੈ-ਖਾਨੇ ਦੀ ਦਹਿਲੀਜ਼ 'ਤੇ
ਮੈਂ ਸ਼ਮ੍ਹਾਂ ਦੀ ਲੋਅ 'ਚ ਬਹਿ ਕੇ, ਜ਼ਖਮ ਦਿਲ ਦੇ ਸੀਅ ਲਵਾਂ।
ਰੋਜ਼ ਤਕਦਾ ਨਚਦੀਆਂ ਰੀਝਾਂ ਬਲੌਰੀ ਫਰਸ਼ 'ਤੇ,
ਸੋਚਦਾ ਹਾਂ ਕਿਉਂ ਨਾ ਇਸ ਜੰਨਤ 'ਚ ਉਮਰਾਂ ਜੀ ਲਵਾਂ?
ਜਾਮ ਮਸਤੀ ਵਿਚ ਕਿਉਂ ਨਾ ਡੋਬ ਦਾਂ ਮਜਬੂਰੀਆਂ,
ਸੜ ਰਹੀ ਦੁਨੀਆਂ 'ਚ ਕਿਉਂ ਨਾ ਓਟ ਦਾਮਨ ਦੀ ਲਵਾਂ
ਛਡ ਦਓ ਮੈਨੂੰ ਮੇਰੇ ਹੀ ਹਾਲ ਉਤੇ ਦੋਸਤੋ,
ਹੋਰ ਕੁਝ ਦਿਨ ਹਿਜਰ ਵਿਚ ਚੱਕੀ ਗ਼ਮਾਂ ਦੀ ਪੀਹ ਲਵਾਂ।
ਖਾ ਗਿਆ ਮੈਨੂੰ ਵਿਗੋਚਾ ਹਾਏ! ਕਿਸੇ ਦੇ ਪਿਆਰ ਦਾ,
ਬੇਵਫਾ ਦਾ ਨਾਮ 'ਰਾਹੀ', ਸਾਰਿਆਂ ਵਿਚ ਕੀ ਲਵਾਂ?

*-ਕਰਮ ਸਿੰਘ ਰਾਹੀ, ਜਮਸ਼ੇਦਪੁਰ*

# ਸਿਆਸੀ ਧਿਰਾਂ ਨੂੰ ਮੌਕੇ ਦੀ ਨਜ਼ਾਕਤ ਸਮਝਣ ਦੀ ਲੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਲੋਕਤੰਤਰ ਦੇ ਪੰਜਾਬ ਵਾਲੇ ਅਖਾੜੇ ਵਿਚ ਬੜਾ ਕੁਝ ਏਦਾਂ ਦਾ ਵਾਪਰ ਰਿਹਾ ਹੈ, ਜੋ ਅਸੀਂ ਲੋਕ ਪਹਿਲੀ ਵਾਰ ਵਾਪਰਦਾ ਵੇਖ ਰਹੇ ਹਾਂ। ਇਹ ਪਹਿਲੀ ਵਾਰ ਹੋਇਆ ਕਿ ਚਾਰ ਕੁ ਸਾਲ ਪਹਿਲਾਂ ਬਣੀ ਇੱਕ ਸਿਆਸੀ ਪਾਰਟੀ ਨੇ ਇਸ ਰਾਜ ਦੀ ਸੱਤਾ ਸੰਭਾਲਣ ਦੀ ਦੌੜ ਲਾਈ ਤੇ ਉਸ ਵਿਚ ਭਾਵੇਂ ਉਹ ਸਫਲ ਨਹੀਂ ਸੀ ਹੋਈ, ਵਿਧਾਨ ਸਭਾ ਦੀ ਵਿਰੋਧੀ ਧਿਰ ਦੀ ਮੁੱਖ ਪਾਰਟੀ ਦਾ ਦਰਜਾ ਲੈਣ ਜੋਗੀ ਹੋ ਗਈ। ਦੋ ਕੁ ਸਾਲ ਪਹਿਲਾਂ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇੱਕ ਐਨ. ਆਰ. ਆਈ. ਪਰਿਵਾਰ ਦੇ ਸਮਾਗਮ ਵਿਚ ਇਹ ਗੱਲ ਕਹੀ ਸੀ ਕਿ ਭਾਰਤ ਦੇ ਜਿਹੜੇ ਵੀ ਰਾਜ ਵਿਚ ਕਾਂਗਰਸ ਪਾਰਟੀ ਲਗਾਤਾਰ ਦੋ ਵਾਰੀ ਹਾਰ ਜਾਂਦੀ ਰਹੀ ਹੈ, ਫਿਰ ਰਾਜ ਕਰਨ ਦੇ ਕਾਬਲ ਨਹੀਂ ਹੋ ਸਕੀ ਤੇ ਪੰਜਾਬ 'ਚ ਵੀ ਨਹੀਂ ਹੋ ਸਕਣੀ। ਉਸ ਸਮਾਗਮ ਵਿਚ ਅਸੀਂ ਹਾਜ਼ਰ ਸਾਂ ਤੇ ਸੁਖਬੀਰ ਸਿੰਘ ਨੇ ਇਹ ਗੱਲ ਉਦੋਂ ਸੱਚੀ ਕਹੀ ਸੀ, ਪਰ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਾਂਗਰਸ ਪਾਰਟੀ ਲਗਾਤਾਰ ਦੋ ਵਾਰ ਹਾਰਨ ਪਿੱਛੋਂ ਕਦੇ ਕਿਸੇ ਰਾਜ ਵਿਚ ਮੁੜ ਕੇ ਅੱਗੇ ਨਾ ਆਉਣ ਦਾ ਫੱਟਾ ਪੁੱਟ ਕੇ ਪੰਜਾਬ ਦੀ ਰਾਜ ਸਾਂਭਣ ਵਾਲੀ ਬਣੀ ਹੈ। ਪਹਿਲੀ ਵਾਰ ਇਹ ਵੀ ਹੋਇਆ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ, ਤੇ ਪੰਜ ਵਾਰੀਆਂ ਦੇ ਮੁੱਖ ਮੰਤਰੀ, ਪ੍ਰਕਾਸ਼ ਸਿੰਘ ਬਾਦਲ ਦਾ ਵਿਧਾਇਕ ਦੀ ਸਹੁੰ ਚੁੱਕਣ ਲਈ ਵਿਧਾਨ ਸਭਾ ਵੱਲ ਜਾਣ ਦਾ ਹੀਆ ਨਾ ਪਿਆ ਅਤੇ ਉਹ ਸਪੀਕਰ ਦੇ ਚੈਂਬਰ ਵਿਚ ਏਨੀ ਕਾਰਵਾਈ ਪਾਉਣ ਮਗਰੋਂ ਅਜੇ ਤੱਕ ਵਿਧਾਨ ਸਭਾ 'ਚ ਜਾਣ ਲਈ ਮਾਨਸਿਕ ਪੱਖੋਂ ਤਿਆਰ ਨਹੀਂ ਹੋਏ। ਇਹ ਗੱਲ ਵੀ ਪਹਿਲੀ ਵਾਰੀ ਹੋਈ, ਤੇ ਇਸ ਦਾ 'ਸਿਹਰਾ' ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਟੀਮ ਦੀ 'ਮਿਹਨਤ' ਦੇ ਸਿਰ ਬੱਝਦਾ ਹੈ ਕਿ ਕਰੀਬ ਇੱਕ ਸਦੀ ਉਮਰ ਵਾਲਾ ਅਕਾਲੀ ਦਲ, ਇਨ੍ਹਾਂ ਚੋਣਾਂ ਵਿਚ ਏਨੀਆਂ ਸੀਟਾਂ ਤੱਕ ਸਿਮਟ ਗਿਆ ਕਿ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਦੋਵਾਂ ਨੂੰ ਵਿਧਾਨ ਸਭਾ ਵਿਚ ਆਪਣੇ ਵਿਧਾਇਕਾਂ ਦੀ ਅਗਵਾਈ ਕਰਨੀ ਚੰਗੀ ਨਹੀਂ ਲੱਗ ਸਕੀ। ਅਜੀਤ ਸਿੰਘ ਕੁਹਾੜ ਦਾ ਨੌਂਗਾ ਉਵੇਂ ਹੀ ਪਿਆ ਹੈ, ਜਿਵੇਂ ਆਜ਼ਾਦੀ ਪਿੱਛੋਂ 70 ਵਿਚੋਂ 54 ਸਾਲ ਰਾਜ ਕਰ ਚੁੱਕੀ ਕਾਂਗਰਸ ਦੇ ਸਿਰਫ 44 ਪਾਰਲੀਮੈਂਟ ਮੈਂਬਰ ਆਏ ਵੇਖ ਕੇ ਸੋਨੀਆ ਗਾਂਧੀ ਨੇ ਆਪਣੀ ਥਾਂ ਮਲਿਕਾਰਜੁਨ ਖੜਗੇ ਦੇ ਸਿਰ ਲੀਡਰੀ ਦਾ ਫਰਲਾ ਟੰਗ ਦਿੱਤਾ ਸੀ।

ਜਿਸ ਪੰਜਾਬ ਵਿਚ ਏਨੀਆਂ ਗੱਲਾਂ ਪਹਿਲੀ ਵਾਰ ਹੋਈਆਂ ਹਨ, ਉਸ ਨੇ ਇਸ ਹਫਤੇ ਅਸੈਂਬਲੀ 'ਚ ਧਮੱਚੜ ਪਾਉਣ ਦਾ ਉਹ ਰਿਕਾਰਡ ਵੀ ਬਣਦਾ ਵੇਖ ਲਿਆ, ਜੋ ਪਹਿਲੀ ਵਾਰ ਪਿਆ ਹੈ। ਇਹ ਵੀ ਪਹਿਲੀ ਵਾਰ ਹੋਇਆ ਕਿ ਵਿਧਾਨ ਸਭਾ ਦੇ ਸਪੀਕਰ ਖਿਲਾਫ ਕੁਝ ਦੋਸ਼ ਸਿੱਧੇ ਲਾਏ ਗਏ ਹਨ, ਭਾਵੇਂ ਉਨ੍ਹਾਂ ਦਾ ਉਸ ਨਾਲ ਆਪਣਾ ਸਬੰਧ ਨਹੀਂ, ਉਸ ਦੇ ਜਵਾਈ ਦਾ ਮਾਮਲਾ ਹੈ ਤੇ ਪਰਿਵਾਰ ਦੇ ਜੀਆਂ ਦੇ ਕੀਤੇ ਦੀ ਜ਼ਿੰਮੇਵਾਰੀ ਕਾਨੂੰਨੀ ਤੌਰ 'ਤੇ ਕਿਸੇ ਨੇਤਾ ਦੀ ਨਹੀਂ ਬਣਦੀ। ਫਿਰ ਵੀ ਇਹ ਦੋਸ਼ ਅਕਾਲੀਆਂ ਨਹੀਂ ਲਾਏ, ਸਗੋਂ ਆਮ ਆਦਮੀ ਪਾਰਟੀ (ਆਪ) ਦੇ ਸੁਖਪਾਲ ਸਿੰਘ ਖਹਿਰਾ ਨੇ ਲਾਏ ਹਨ, ਜਿਸ ਕੋਲ ਕਾਂਗਰਸੀਆਂ-ਅਕਾਲੀਆਂ ਦੋਵਾਂ ਦੇ ਖਿਲਾਫ ਦਸਤਾਵੇਜ਼ਾਂ ਦੇ ਥੱਬੇ ਪਏ ਸੁਣੀਂਦੇ ਹਨ। ਖਹਿਰਾ ਦੋਸ਼ ਲਾਉਂਦਾ ਸੀ ਤਾਂ ਸਪੀਕਰ ਨੂੰ ਕਾਨੂੰਨ ਪੱਖੋਂ ਜਵਾਬ ਦੇਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਖਹਿਰਾ ਅਤੇ ਲੁਧਿਆਣੇ ਵਾਲੇ ਦੋ ਬੈਂਸ ਭਰਾ ਵਿਧਾਇਕਾਂ ਨੂੰ ਸਿਰਫ ਸਦਨ ਤੋਂ ਨਹੀਂ, ਸਮੁੱਚੇ ਵਿਧਾਨ ਸਭਾ ਭਵਨ ਤੋਂ ਹੀ ਬਾਹਰ ਕਰਨ ਦਾ ਉਹ ਹੁਕਮ ਦੇ ਦਿੱਤਾ, ਜੋ ਪਹਿਲੀ ਵਾਰੀ ਹੋਇਆ ਸਮਝਿਆ ਜਾਂਦਾ ਹੈ।



ਇਹ ਉਹ ਹਾਲਾਤ ਸਨ, ਜਿਨ੍ਹਾਂ ਪਿੱਛੋਂ 22 ਜੂਨ ਨੂੰ ਵਿਧਾਨ ਸਭਾ ਵਿਚ ਅਣਕਿਆਸੇ ਰੱਫੜ ਪੈਣ ਦੇ ਬਾਅਦ ਮਾਰਸ਼ਲਾਂ ਨੇ ਵਿਧਾਇਕਾਂ ਨੂੰ ਚੁੱਕ ਕੇ ਅਤੇ ਕੁਝ ਹੱਦ ਤੱਕ ਘੜੀਸ ਕੇ ਬਾਹਰ ਕੱਢਿਆ। ਭੇੜ ਕਾਂਗਰਸੀ ਅਤੇ 'ਆਪ' ਵਿਧਾਇਕਾਂ ਵਿਚਾਲੇ ਸੀ, ਅਕਾਲੀ ਇਸ ਵਿਚ ਇਸ ਲਈ ਕੁੱਦ ਪਏ ਕਿ ਇਸ ਸਰਗਰਮੀ ਨਾਲ ਆਮ ਆਦਮੀ ਪਾਰਟੀ ਹੌਲੀ-ਹੌਲੀ ਆਮ ਲੋਕਾਂ ਦੀ ਨਜ਼ਰ ਵਿਚ ਕਾਂਗਰਸ ਦਾ ਰਾਹ ਰੋਕਣ ਵਾਲੀ ਅਸਲੀ ਧਿਰ ਵਾਲਾ ਅਕਸ ਬਣਾਈ ਜਾਂਦੀ ਤੇ ਅਕਾਲੀ ਪਛੜਦੇ ਜਾਂਦੇ ਹਨ। ਇਸ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਢੰਗ ਦੀ ਲੜਾਈ ਨਹੀਂ ਲੜੀ, ਸਗੋਂ ਆਪ ਵਾਲਿਆਂ ਦੀ ਹਮਦਰਦੀ ਕਰਨ ਦੇ ਬਹਾਨੇ ਇਹ ਮੁੱਦਾ ਚੁੱਕ ਲਿਆ ਕਿ ਵਿਧਾਇਕਾਂ ਦੀ ਬੇਇਜਤੀ ਹੋਈ ਹੈ। ਏਦਾਂ ਦੀ ਬੇਇਜਤੀ ਉਨ੍ਹਾਂ ਦੇ ਆਪਣੇ ਰਾਜ ਵਿਚ ਕਈ ਵਾਰੀ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਹੋ ਚੁਕੀ ਸੀ ਤੇ ਜੇ ਇਸ ਦਾ ਗੁੱਸਾ ਸੀ ਤਾਂ ਬੇਇਜਤੀ ਦੇ ਜਵਾਬ ਵਿਚ ਬੇਇਜਤੀ ਕਰਨ ਦਾ ਰਾਹ ਨਹੀਂ ਸੀ ਚੁਣਨਾ ਚਾਹੀਦਾ। ਉਨ੍ਹਾਂ ਨੇ ਵਿਧਾਨ ਸਭਾ ਦੇ ਸਪੀਕਰ ਲਈ 'ਗੁੰਡਾ' ਸ਼ਬਦ ਦੀ ਵਰਤੋਂ ਕੀਤੀ ਤੇ ਇਸ ਨਾਲ ਵਿਧਾਨ ਸਭਾ ਦੀ ਸ਼ਬਦਾਵਲੀ ਦੇ ਸ਼ਬਦ-ਕੋਸ਼ ਵਿਚ ਉਹ ਨਵਾਂ ਵਾਧਾ ਕਰ ਦਿੱਤਾ, ਜੋ ਪਹਿਲੀ ਵਾਰ ਹੋਇਆ ਹੈ। ਭਵਿੱਖ ਦੀਆਂ ਬਹਿਸਾਂ ਦੌਰਾਨ ਮੁੜ-ਮੁੜ ਕੇ ਵਿਧਾਇਕਾਂ ਦੇ ਆਪਸੀ ਚੁੰਝ-ਭਿੜਾਈ ਵੇਲੇ 'ਕੰਮ ਆਉਂਦਾ' ਰਹੇਗਾ।

ਵਿਧਾਨ ਸਭਾ ਸਮਾਗਮ ਸ਼ੁਰੂ ਹੋਣ ਤੋਂ ਲੈ ਕੇ ਘਟੀਆ ਘਟਨਾਵਾਂ ਵਾਪਰਨ ਦੀ ਘੜੀ ਪੁੱਜਣ ਤੱਕ ਪੂਰਾ ਸਮਾਂ ਉਥੇ ਹੋਈਆਂ ਬਹਿਸਾਂ ਨੂੰ ਅਸੀਂ ਧਿਆਨ ਨਾਲ ਵਾਚਿਆ ਸੀ ਅਤੇ ਇਸ ਆਧਾਰ ਉਤੇ ਕਹਿ ਸਕਦੇ ਹਾਂ ਕਿ ਸਾਰਾ ਦੋਸ਼ ਵਿਰੋਧੀ ਧਿਰ ਦਾ ਨਹੀਂ। ਹਾਕਮ ਧਿਰ ਦੇ ਨਵਜੋਤ ਸਿੰਘ ਸਿੱਧੂ ਵਰਗੇ ਕੁਝ ਲੋਕ ਵੀ ਹਰ ਗੱਲ ਮਿਹਣੇਬਾਜ਼ੀ ਅਤੇ ਚੂੰਢੀਆਂ ਵੱਢਣ ਦੀ ਭਾਸ਼ਾ ਵਿਚ ਕਰਦੇ ਸਨ। ਪਾਰਲੀਮੈਂਟ ਵਿਚ ਏਦਾਂ ਦੇ ਇੱਕ ਮੌਕੇ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਦੋ ਬੇਗਾਨੀਆਂ ਧਿਰਾਂ ਦੀ ਲੜਾਈ ਵਿਚ ਦਖਲ ਦੇ ਕੇ ਕਿਹਾ ਸੀ ਕਿ ਹਾਕਮ ਤੇ ਵਿਰੋਧੀ ਧਿਰ ਵਾਲੇ ਜਿਹੜੀ ਭਾਸ਼ਾ ਵਰਤਣ ਦੇ ਰਾਹ ਪੈ ਗਏ ਹਨ, ਭਲਕ ਨੂੰ ਨਵੇਂ ਆਏ ਮੈਂਬਰ ਉਹੋ ਭਾਸ਼ਾ ਇਸ ਦੇਸ਼ ਦੇ ਸਤਿਕਾਰਤ ਆਗੂਆਂ ਦੇ ਖਿਲਾਫ ਵਰਤਣਗੇ। ਇਹ ਭਾਸ਼ਾ ਸੁਣਨ ਦੀ ਤਿਆਰੀ ਵੀ ਉਹ ਹੁਣੇ ਤੋਂ ਕਰ ਲੈਣ।

ਅਗਲੇ ਦਿਨ ਸਭਨਾਂ ਧਿਰਾਂ ਦੇ ਵੱਡੇ ਲੀਡਰਾਂ ਦੀ ਮੀਟਿੰਗ ਹੋਈ ਤੇ ਇਸ ਗੱਲ ਦੀ ਸਹਿਮਤੀ ਹੋ ਗਈ ਸੀ ਕਿ ਬੋਲੀ ਦੀ ਮਰਿਆਦਾ ਕਾਇਮ ਰੱਖੀ ਜਾਵੇਗੀ। ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਇੱਕ ਵਾਰੀ ਹਾਕਮ ਧਿਰ ਦੇ ਮੈਂਬਰਾਂ ਨੇ ਨਵਜੋਤ ਸਿੱਧੂ ਦੇ ਢੰਗ ਨਾਲ ਬੋਲਣਾ ਸ਼ੁਰੂ ਕੀਤਾ ਤਾਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਕਹਿ ਦਿੱਤਾ ਸੀ ਕਿ ਜਿੰਦਾਂ ਦਾ ਵਿਹਾਰ ਕਰ ਕੇ ਅੱਜ ਸਾਨੂੰ ਬੋਲਣ ਤੋਂ ਤੁਸੀਂ ਰੋਕਣ ਲੱਗੇ ਹੋਏ ਹੋ, ਯਾਦ ਰੱਖੋ, ਭਲਕੇ ਜਦੋਂ ਬਾਦਲ ਸਾਹਿਬ ਬੋਲਣਗੇ ਤਾਂ ਸਾਡੇ ਮੈਂਬਰ ਵੀ ਇਹੋ ਕਰ ਸਕਦੇ ਹਨ। ਉਸ ਦੇ ਏਨੀ ਗੱਲ ਕਹਿਣ ਨੇ ਮੁੱਦਾ ਸ਼ਾਂਤ ਕਰਨ ਲਈ ਸਾਰਿਆਂ ਨੂੰ ਮਜਬੂਰ ਕਰ ਦਿੱਤਾ ਸੀ ਅਤੇ ਬਾਕੀ ਦਾ ਸਾਰਾ ਸਮਾਗਮ ਆਰਾਮ ਨਾਲ ਚੱਲਦਾ ਰਿਹਾ ਸੀ।

ਇਸ ਵਾਰ ਇਸ ਗੱਲ ਦੀ ਘਾਟ ਮਹਿਸੂਸ ਕੀਤੀ ਗਈ ਹੈ। ਘਾਟ ਬੀਬੀ ਰਾਜਿੰਦਰ ਕੌਰ ਦੇ ਵਿਧਾਇਕ ਨਾ ਹੋਣ ਦੀ ਨਹੀਂ, ਉਹ ਆਪਣੀ ਗਲਤੀ ਨਾਲ ਚੋਣ ਹਾਰ ਗਈ ਹੈ, ਸਗੋਂ ਘਾਟ ਦੋ ਵੱਡੇ ਆਗੂਆਂ ਦੇ ਸਦਨ ਵਿਚ ਨਾ ਹੋਣ ਦੀ ਮਹਿਸੂਸ ਕੀਤੀ ਜਾਂਦੀ ਹੈ। ਮੁੱਖ ਮੰਤਰੀ ਦੇ ਪੈਰ ਉਤੇ ਸੱਟ ਲੱਗੀ ਹੋਣ ਕਾਰਨ ਲਗਾਤਾਰ ਨਹੀਂ ਆ ਸਕਦੇ ਤਾਂ ਉਲਝੇ ਹਾਲਾਤ ਵਿਚ ਅਤੇ ਖਾਸ ਕਰ ਕੇ ਜਦੋਂ ਹਾਕਮ ਧਿਰ ਦਾ ਕੋਈ ਮੈਂਬਰ ਬੇਹੂਦਾ ਬੋਲੀ ਬੋਲਦਾ ਹੈ, ਉਸ ਨੂੰ ਆਪਣੇ ਘਰ ਸੱਦ ਕੇ ਸਮਝਾਉਣ ਦਾ ਕੰਮ ਕਰ ਸਕਦੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਇਸ ਪੱਖੋਂ ਕੁਝ ਕੀਤਾ ਜਾਂ ਨਹੀਂ, ਸਾਨੂੰ ਇਸ ਬਾਰੇ ਪਤਾ ਨਹੀਂ, ਪਰ ਅਕਾਲੀ ਦਲ ਦੇ ਸਰਪ੍ਰਸਤ ਬਾਪੂ ਬਾਦਲ ਨੂੰ ਵੀ ਛੋਟੇ ਗਰੁਪ ਦੀ ਲੀਡਰੀ ਦੀ ਸੰਗ ਛੱਡ ਕੇ ਏਦਾਂ ਦੇ ਵਕਤ ਉਥੇ ਜਾਣਾ ਤੇ ਲੋਕਤੰਤਰੀ ਪਰਿਵਾਰ ਦੇ ਬਜ਼ੁਰਗ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਸੀ। ਇਥੇ ਤਾਂ ਕਾਂਗਰਸੀ ਰਾਜ ਹੈ, ਕੇਂਦਰ ਵਿਚ ਰਾਜ ਕਰਦੀ ਭਾਜਪਾ ਦੇ ਆਗੂਆਂ ਨੇ ਖੁਦ ਆਪਣੇ ਬਾਪੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਕਿਸੇ ਗਿਣਤੀ ਵਿਚ ਨਹੀਂ ਰੱਖਿਆ, ਪਰ ਪਿਛਲੇ ਸਮਾਗਮ ਵਿਚ ਉਸ ਨੇ ਵੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਹ ਗੱਲ ਕਹਿ ਦਿੱਤੀ ਸੀ ਕਿ ਜੋ ਕੁਝ ਹੋ ਰਿਹਾ ਹੈ, ਇਹ ਪਾਰਲੀਮੈਂਟ ਦੇ ਪੱਧਰ ਦਾ ਨਹੀਂ। ਅਡਵਾਨੀ ਨੇ ਜਿੰਨੀ ਗੱਲ ਉਥੇ ਕਹੀ, ਉਹੋ ਕਹਿਣ ਵਾਸਤੇ ਬਾਦਲ ਸਾਹਿਬ ਵਿਧਾਨ ਸਭਾ ਜਾ ਸਕਦੇ ਸਨ, ਪਰ ਉਹ ਨਹੀਂ ਗਏ। ਹਸਪਤਾਲ ਵਿਚ ਆਮ ਆਦਮੀ ਪਾਰਟੀ (ਆਪ) ਵਾਲਿਆਂ ਨਾਲ ਹਮਦਰਦੀ ਦਾ ਉਹ ਪ੍ਰਗਟਾਵਾ ਕਰਨ ਚਲੇ ਗਏ, ਜੋ ਉਨ੍ਹਾਂ ਨੇ ਚੌਵੀ ਘੰਟਿਆਂ ਵਿਚ ਠੁਕਰਾ ਦਿੱਤਾ। 'ਆਪ' ਦੇ ਬੁਲਾਰੇ ਨੂੰ ਜਦੋਂ ਪੁੱਛਿਆ ਗਿਆ ਕਿ ਬਾਦਲ ਬਾਪ-ਬੇਟਾ ਤੁਹਾਡੇ ਨਾਲ ਹਮਦਰਦੀ ਕਰਨ ਆਏ ਸਨ ਤਾਂ ਉਸ ਨੇ ਹੱਸ ਕੇ ਕਿਹਾ, ਹਮਦਰਦੀ ਕਰਨ ਨਹੀਂ, ਸਾਡੇ ਕਾਰਨ ਬਣਿਆ ਮੌਕਾ ਵਰਤਣ ਆਏ ਸਨ, ਤੇ ਇਹ ਟੋਟਕਾ ਜੋੜਨ ਤੋਂ ਵੀ ਨਹੀਂ ਖੁੰਝਿਆ ਕਿ 'ਉਹ ਮੌਕਾਪ੍ਰਸਤ ਜੁ ਹੋਏ।'

ਅਖੀਰ ਵਿਚ ਇੱਕ ਗੱਲ 'ਆਪ' ਲੀਡਰਾਂ ਦੇ ਸੋਚਣ ਦੀ ਹੈ। ਉਨ੍ਹਾਂ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਭੁੱਲ ਵੀ ਬੜੀ ਖੱਟੀ ਤੇ ਭੁੱਲ ਤੋਂ ਬਾਅਦ ਭੁੱਲਾਂ ਵੀ ਏਨੀਆਂ ਕੀਤੀਆਂ ਕਿ ਹੁਣ ਦਿੱਲੀ ਵਿਚ ਹਾਲ ਚੰਗਾ ਨਹੀਂ ਕਿਹਾ ਜਾ ਰਿਹਾ। ਚਾਰੇ ਪਾਸਿਓਂ ਹੁੰਦੇ ਸਿਆਸੀ ਹੱਲੇ ਦਾ ਸਾਹਮਣਾ ਕਰਨਾ ਇੱਕ ਗੱਲ ਹੈ, ਰਾਸ਼ਟਰਪਤੀ ਚੋਣ ਵਿਚ ਸਾਰੇ ਦੇਸ਼ ਦੀਆਂ ਹਰ ਰੰਗ ਦੀਆਂ ਧਿਰਾਂ ਨਾਲੋਂ ਏਨਾ ਕੱਟਿਆ ਪਿਆ ਹੈ ਕਿ ਕਿਤੇ ਜ਼ਿਕਰ ਨਹੀਂ ਹੁੰਦਾ। ਮਾਇਆਵਤੀ ਤੇ ਅਰਵਿੰਦ ਕੇਜਰੀਵਾਲ ਦੋ ਅਜਿਹੇ ਆਗੂ ਹਨ, ਜਿਨ੍ਹਾਂ ਨੂੰ ਕੋਈ ਨੇੜੇ ਲਾਉਣ ਨੂੰ ਤਿਆਰ ਨਹੀਂ ਅਤੇ ਇਹ ਦੋਵੇਂ ਵੀ ਇੱਕ ਦੂਸਰੇ ਨਾਲ ਚੱਲਣ ਦਾ ਫੈਸਲਾ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਕਿਸੇ ਵਕਤ ਵੱਡੀ ਚੜ੍ਹਤ ਵਾਲੇ ਦੌਰ ਹੰਢਾ ਚੁਕੀ ਬਹੁਜਨ ਸਮਾਜ ਪਾਰਟੀ ਜਿਵੇਂ ਹੁਣ ਕਿਸੇ ਖਾਤੇ ਵਿਚ ਨਹੀਂ ਰਹਿ ਗਈ, ਉਹ ਦੌਰ ਅਗਲੇ ਸਾਲਾਂ ਵਿਚ ਆਪਣੇ ਪੱਲੇ ਪੈਣ ਤੋਂ ਬਚਾਉਣਾ ਹੈ ਤਾਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ, ਦਿੱਲੀ ਵਿਚ ਨਾ ਸਹੀ, ਪੰਜਾਬ ਵਿਚ ਸੋਚਣਾ ਪੈਣਾ ਹੈ। ਲੋਕ ਕਿਸੇ ਦੇ ਪਿਛਲੱਗ ਨਹੀਂ ਹੁੰਦੇ। ਪਾਰਲੀਮੈਂਟ ਚੋਣ ਬਹੁਤ ਨੇੜੇ ਹੈ, ਉਦੋਂ ਤੱਕ ਇਸ ਨਵੀਂ ਪਾਰਟੀ ਨੂੰ ਅਕਲ ਨਾਲ ਚੱਲਣ ਬਾਰੇ ਸੋਚਣਾ ਜਾਂ ਫਿਰ ਭਾਣਾ ਮੰਨਣ ਲਈ ਮਾਨਸਿਕ ਤਿਆਰੀ ਸ਼ੁਰੂ ਕਰਨੀ ਹੋਵੇਗੀ।

ਹਾਲਾਤ ਏਦਾਂ ਦੇ ਨਹੀਂ ਕਿ ਕਿਸੇ ਇੱਕ ਧਿਰ ਉਤੇ ਸਾਰਾ ਜ਼ਿੰਮਾ ਸੁੱਟ ਕੇ ਕਿਸੇ ਸੁਧਾਰ ਦੀ ਆਸ ਰੱਖ ਲਈ ਜਾਵੇ, ਪੰਜਾਬ ਦੀ ਵਿਧਾਨ ਸਭਾ ਵਿਚਲੀਆਂ ਤਿੰਨਾਂ ਵੱਡੀਆਂ ਧਿਰਾਂ ਨੂੰ ਨਜ਼ਾਕਤ ਸਮਝ ਕੇ ਚੱਲਣਾ ਪਵੇਗਾ।

# ਸੰਸਦ 'ਚ ਬੱਚੀ ਨੂੰ ਦੁੱਧ ਪਿਆਉਂਦੇ ਬਿੱਲ ਪੇਸ਼

**ਮੈਲਬਰਨ:** ਆਸਟਰੇਲੀਅਨ ਸੰਸਦ ਮੈਂਬਰ ਲੈਰੀਜ਼ਾ ਵਾਟਰਸ ਇਕ ਵਾਰ ਫਿਰ ਬੇਟੀ ਨੂੰ ਸਦਨ ਵਿਚ ਦੁੱਧ ਪਿਲਾਉਣ ਨੂੰ ਲੈ ਕੇ ਚਰਚਾ ਵਿਚ ਹੈ। ਉਸ ਨੇ ਸੰਸਦ ਵਿਚ ਧੀ ਨੂੰ ਦੁੱਧ ਪਿਲਾਉਂਦੇ ਹੋਏ ਪ੍ਰਸਤਾਵ ਪੇਸ਼ ਕੀਤਾ। ਉਹ ਅਜਿਹਾ ਕਰਨ ਵਾਲੀ ਪਹਿਲੀ ਸੰਸਦ ਮੈਂਬਰ ਬਣ ਗਈ ਹੈ।

ਆਸਟਰੇਲੀਆ ਦੀ ਗਰੀਨ ਪਾਰਟੀ ਦੀ ਸੰਸਦ ਮੈਂਬਰ ਲੈਰੀਜ਼ਾ ਨੇ ਕੋਲਾ ਖਾਨ ਮਜ਼ਦੂਰਾਂ ਨੂੰ ਹੋਣ ਵਾਲੀ ਫੇਫੜਿਆਂ ਦੀ ਬਿਮਾਰੀ ਨਾਲ ਜੁੜਿਆ ਪ੍ਰਸਤਾਵ ਸੰਸਦ ਵਿਚ ਪੇਸ਼ ਕੀਤਾ। ਇਸ ਦੌਰਾਨ ਲੈਰੀਜ਼ਾ ਆਪਣੀ ਸੱਤ ਮਹੀਨਿਆਂ ਦੀ ਬੇਟੀ ਨੂੰ ਦੁੱਧ ਪਿਆਉਂਦੀ ਰਹੀ।

ਇਸ ਤੋਂ ਪਹਿਲਾਂ ਇਸੇ ਸਾਲ ਫਰਵਰੀ ਵਿਚ ਲੈਰੀਜ਼ਾ ਉਸ ਸਮੇਂ ਚਰਚਾ ਵਿਚ ਆਈ ਸੀ, ਜਦੋਂ ਉਸ ਨੇ ਸੰਸਦ ਵਿਚ ਆਪਣੀ ਬੇਟੀ ਨੂੰ ਦੁੱਧ ਪਿਲਾਉਣ ਦੀ ਤਸਵੀਰ ਟਵਿੱਟਰ 'ਤੇ ਸ਼ੇਅਰ ਕੀਤੀ ਸੀ। ਅੱਠ ਫਰਵਰੀ 1977 ਨੂੰ ਪੈਦਾ ਹੋਈ ਲੈਰੀਜ਼ਾ ਕੁਈਨਲੈਂਡ ਤੋਂ ਸੰਸਦ ਮੈਂਬਰ ਹੈ। ਲੈਰੀਜ਼ਾ ਦੇ ਦੁੱਧ ਪਿਆਉਂਦੇ ਹੋਏ ਪ੍ਰਸਤਾਵ ਪੇਸ਼ ਕਰਨ ਦੀ ਵੀਡੀਓ ਦੇ ਨਾਲ ਹੀ ਇਕ ਹੋਰ ਤਸਵੀਰ ਟਵਿੱਟਰ 'ਤੇ ਧੜੱਲੇ ਨਾਲ ਸ਼ੇਅਰ ਕੀਤੀ ਜਾ ਰਹੀ ਹੈ। ਇਸ ਵਿਚ ਗਰੀਨ ਪਾਰਟੀ ਦੇ ਨੇਤਾ ਰਿਚਰਡ ਡੀ ਨਤਾਲੇ ਸਦਨ ਵਿਚ ਹੀ ਲੈਰੀਜ਼ਾ ਦੀ ਬੇਟੀ ਨੂੰ ਗੋਦ ਵਿਚ ਖਿਡਾਉਂਦੇ ਹੋਏ ਦਿਖਾਈ ਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਆਸਟਰੇਲੀਆ ਵਿਚ ਫਰਵਰੀ, 2016 ਵਿਚ ਅਜਿਹੇ ਨਵੇਂ ਨਿਯਮ



ਬਣਾਏ ਗਏ ਸਨ। ਇਨ੍ਹਾਂ ਤਹਿਤ ਔਰਤਾਂ ਤੇ ਪੁਰਸ਼ਾਂ ਨੂੰ ਆਪਣੇ ਕੰਮ ਵਾਲੇ ਸਥਾਨ 'ਤੇ ਬੱਚਿਆਂ ਨੂੰ ਲਿਆਉਣ ਦੀ ਆਗਿਆ ਦਿੱਤੀ ਗਈ ਸੀ। ਲੈਰੀਜ਼ਾ ਨੇ ਕਿਹਾ ਕਿ ਸੰਸਦ ਵਿਚ ਨੌਜਵਾਨ ਔਰਤਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਇਹ ਬਦਲਾਅ ਜ਼ਰੂਰੀ ਸੀ। ਇਸ ਬਦਲਾਅ ਨਾਲ ਨਵੇਂ ਮਾਤਾ-ਪਿਤਾ ਬਣੇ ਜੋੜਿਆਂ ਨੂੰ ਪਰਿਵਾਰ ਦੀ ਦੇਖਭਾਲ ਵਿਚ ਜ਼ਿਆਦਾ ਸਹੂਲਤ ਹੋਵੇਗੀ।

## *ਹਿੰਦੀ ਅਤੇ ਅੰਗਰੇਜ਼ੀ 'ਚ ਹੋਣਗੇ ਪਾਸਪੋਰਟ*

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਬੱਚਿਆਂ ਤੇ ਬਜ਼ੁਰਗਾਂ ਦੇ ਪਾਸਪੋਰਟ ਹੁਣ ਸਸਤੇ ਬਣਨਗੇ ਅਤੇ ਪਾਸਪੋਰਟ ਅੰਗਰੇਜ਼ੀ ਦੇ ਨਾਲ ਹਿੰਦੀ ਵਿਚ ਵੀ ਛਾਪੇ ਜਾਣਗੇ।

ਉਨ੍ਹਾਂ ਕਿਹਾ ਕਿ ਅੱਠ ਸਾਲ ਤੋਂ ਘੱਟ ਉਮਰ ਦੇ ਅਤੇ 60 ਸਾਲ ਤੋਂ ਵੱਧ ਉਮਰ ਦੇ ਬਿਨੈਕਾਰਾਂ ਦੇ ਪਾਸਪੋਰਟਾਂ ਦੀ ਫੀਸ 10 ਫੀਸਦੀ ਘੱਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪਾਸਪੋਰਟ ਵਿਚ ਪਾਸਪੋਰਟ ਧਾਰਕ ਦੀ ਜਾਣਕਾਰੀ ਸਿਰਫ ਅੰਗਰੇਜ਼ੀ ਵਿਚ ਹੀ ਦਿੱਤੀ ਹੁੰਦੀ ਸੀ ਤੇ ਇਸ ਸਬੰਧੀ ਉਨ੍ਹਾਂ ਕਈ ਸ਼ਿਕਾਇਤਾਂ ਮਿਲੀਆਂ ਸਨ। ਇਸ ਦੇ ਮੱਦੇਨਜ਼ਰ ਹੁਕਮ ਦਿੱਤੇ ਗਏ ਹਨ ਕਿ ਪਾਸਪੋਰਟ ਦੋ ਭਾਸ਼ਾਵਾਂ ਭਾਵ ਅੰਗਰੇਜ਼ੀ ਤੇ ਹਿੰਦੀ ਵਿਚ ਛਾਪੇ ਜਾਣ।

# *ਸੁਖਬੀਰ ਅਤੇ ਮਨਪ੍ਰੀਤ ਵਿਚ ਸ਼ਬਦੀ ਜੰਗ ਭਖੀ*

**ਚੰਡੀਗੜ੍ਹ:** ਚਚੇਰੇ ਭਰਾਵਾਂ- ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਚੱਲ ਰਹੀ ਸ਼ਬਦੀ ਜੰਗ ਨੇ ਸਿਆਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਵਿਧਾਨ ਸਭਾ ਦੇ ਹੁਣੇ ਖਤਮ ਹੋਏ ਬਜਟ ਸੈਸ਼ਨ ਦੌਰਾਨ ਬਜਟ ਉਪਰ ਬਹਿਸ ਅਤੇ ਸਦਨ ਵਿਚ ਬੋਲਣ ਦੇ ਕਈ ਮੌਕਿਆਂ 'ਤੇ ਵਿੱਤ ਮੰਤਰੀ ਨੇ ਸੁਖਬੀਰ ਸਿੰਘ ਬਾਦਲ ਬਾਰੇ ਕਈ ਫਿਕਰੇ ਕੱਸੇ।

ਵਿੱਤ ਮੰਤਰੀ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਨੂੰ 'ਠਿੱਠ' ਕਰਨ ਲਈ ਵਰਤੀ ਸ਼ਬਦਾਵਲੀ ਦੇ ਜਵਾਬ ਵਿਚ ਛੋਟੇ ਬਾਦਲ ਨੇ ਵੀ ਆਪਣੇ ਚਚੇਰੇ ਭਰਾ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ। ਅਕਾਲੀ ਦਲ ਦੇ ਪ੍ਰਧਾਨ ਨੇ ਇਥੋਂ ਤੱਕ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੇ ਪਹਿਲਾਂ ਅਕਾਲੀ ਸਰਕਾਰ ਨੂੰ ਖਤਰੇ ਵਿਚ ਪਾਇਆ ਸੀ ਤੇ ਹੁਣ ਕਾਂਗਰਸ ਨੂੰ ਵੀ ਕਈ ਤਰ੍ਹਾਂ ਦੇ ਖਤਰੇ ਖੜ੍ਹੇ ਕਰੇਗਾ।

ਸੁਖਬੀਰ ਸਿੰਘ ਬਾਦਲ ਜਦੋਂ ਵਿੱਤ ਮੰਤਰੀ ਸਬੰਧੀ ਗੱਲਬਾਤ ਕਰ ਰਹੇ ਸਨ ਤਾਂ ਉਨ੍ਹਾਂ ਦੇ ਲਹਿਜ਼ੇ ਵਿਚੋਂ 'ਸ਼ਰੀਕੇਬਾਜ਼ੀ' ਸਪੱਸ਼ਟ ਝਲਕ ਰਹੀ ਸੀ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਮਨਪ੍ਰੀਤ ਦੀ ਅੱਖ ਤਾਂ ਬੱਸ ਮੁੱਖ ਮੰਤਰੀ ਦੀ ਕੁਰਸੀ ਉਤੇ ਹੈ ਅਤੇ ਉਹ ਤਾਂ ਕੁਰਸੀ ਖਾਲੀ ਹੋਣ ਦੀ ਤਾਕ ਵਿਚ ਹੈ। ਹਾਲਾਂਕਿ ਸੁਖਬੀਰ ਬਾਦਲ ਨੇ ਆਪਣੇ ਸੰਬੋਧਨ ਵਿਚ ਵਿੱਤ ਮੰਤਰੀ ਨੂੰ ਕਈ ਵਾਰੀ 'ਮੇਰਾ ਭਰਾ' ਆਖ ਕੇ ਸੰਬੋਧਨ ਵੀ ਕੀਤਾ ਅਤੇ ਕਿਹਾ 'ਆਖਰ ਹੈ ਤਾਂ ਸਾਡਾ ਖੂਨ ਹੀ।'

ਸੁਖਬੀਰ ਸਿੰਘ ਬਾਦਲ ਨੇ ਆਪਣੇ ਚਚੇਰੇ ਭਰਾ ਬਾਰੇ ਇਥੋਂ ਤੱਕ ਕਿਹਾ ਕਿ ਮਨਪ੍ਰੀਤ ਸਿੰਘ



ਬਾਦਲ ਵੱਲੋਂ ਬਜਟ ਵਿਚ ਗਲਤ ਤੱਥ ਪੇਸ਼ ਕੀਤੇ ਗਏ ਹਨ। ਇਸ ਲਈ ਵਿੱਤ ਮੰਤਰੀ ਨੂੰ ਤੁਰਤ ਬਰਖਾਸਤ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਪੂਰੀ ਸ਼ਰਧਾ ਦਿਖਾਉਂਦਿਆਂ ਅਦਬ ਅਤੇ ਸਤਿਕਾਰ ਨਾਲ ਸੰਬੋਧਨ ਕੀਤਾ।

ਉਨ੍ਹਾਂ ਦੀ ਬੋਲਬਾਣੀ ਵਿਚੋਂ ਅਜਿਹਾ ਸਤਿਕਾਰ ਆਪਣੇ ਚਚੇਰੇ ਭਰਾ ਪ੍ਰਤੀ ਬਿਲਕੁਲ ਦਿਖਾਈ ਨਹੀਂ ਸੀ ਦੇ ਰਿਹਾ, ਸਗੋਂ ਤਿੱਖੇ ਸ਼ਬਦਾਂ ਨਾਲ ਵਿੰਨ੍ਹਣ ਦਾ ਯਤਨ ਵਾਰ ਵਾਰ ਕੀਤਾ ਗਿਆ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਵਿੱਤ ਮੰਤਰੀ ਦੱਸਣ ਕਿ ਬਜਟ ਵਿਚਲੇ 10,273 ਕਰੋੜ ਰੁਪਏ ਦੇ ਖੱਪੇ ਦੀ ਭਰਪਾਈ ਕਿਸ ਤਰ੍ਹਾਂ ਹੋਵੇਗੀ।

# TRUCK STOP 40

SAYRE, OK 73662

## ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



## ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

*ਸੰਪਰਕ ਕਰੋ:*

**ਫੋਨ: 832-512-7172**

**580-447-9366**

6-

# Charger logistics inc

## ਡਰਾਈਵਰਾਂ ਦੀ ਲੋੜ ਹੈ



*ਹੁੱਕ ਐਂਡ ਡਰਾਪ ਆਪਸ਼ਨ *ਲੌਂਗ ਹਾਲ ਤੇ ਸ਼ਾਰਟ ਹਾਲ
*ਡਾਇਰੈਕਟ ਡਿਪਾਜ਼ਿਟ
*ਇਕੱਲਾ ਡਰਾਈਵਰ 3000 ਮੀਲ ਹਫਤਾ ਅਤੇ ਟੀਮ 6000 ਮੀਲ ਹਫਤਾ ਪੱਕਾ
*ਨਵੇਂ ਨਕੋਰ ਫਲੀਟ ਆਟੋਮੈਟਿਕ ਟਰੱਕ ਅਤੇ 13 ਸਪੀਡ
*ਪ੍ਰੀਪਾਸ, ਈਜ਼ੀਪਾਸ, ਕੰਪਨੀ ਫਿਊਲ ਕਾਰਡ
*ਘੱਟੋ ਘੱਟ 6 ਮਹੀਨੇ ਦਾ ਤਜਰਬਾ ਜਰੂਰੀ

*ਸੰਪਰਕ ਕਰੋ, ਗੁਰਿੰਦਰ ਮਾਂਗਟ*

**313-269-7634 ਜਾਂ 734-447-6159**

23-26

# Noblesville Trucks and Trailers Repair Shop

15203 Stony Creek Way, Noblesville, IN 46060

## ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



### ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
*(150 ਮੀਲ ਦੇ ਏਰੀਏ ਵਿਚ)*
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




**ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976**

ਫੈਕਸ: 317-774-9665

# ਨੌਰਵਿਚ ਸ਼ਹਿਰ ਵਿਚ ਪੰਜਾਬੀ 'ਚ 'ਜੀ ਆਇਆ ਨੂੰ' ਦੇ ਬੋਰਡ ਲੱਗੇ

**ਨੌਰਵਿਚ, ਕਨੈਕਟੀਕਟ (ਬਿਊਰੋ):** ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੈਨਿੰਗ ਬੋਰਡ ਕਨੈਕਟੀਕਟ ਨੇ ਇਥੇ ਮੁੱਖ ਮਾਰਗ 'ਤੇ ਪੰਜਾਬੀ ਵਿਚ 'ਜੀ




ਆਇਆਂ ਨੂੰ' ਦੇ ਬੋਰਡ ਲੁਆਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਭਾਈ ਖਾਲਸਾ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਸਟਰੀਟ ਦੇ ਨਾਮ ਪੰਜਾਬੀ ਵਿਚ ਕਰਵਾਏ ਜਾਣਗੇ। ਇਹ ਸਾਈਨ ਖੁਦ ਉਨ੍ਹਾਂ ਨੇ ਡਿਜ਼ਾਈਨ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਸਿੱਖੀ ਤੇ ਪੰਜਾਬੀ ਵਿਰਸੇ ਦੀਆਂ ਮਹਾਨ ਕਦਰਾਂ-ਕੀਮਤਾਂ ਨੂੰ ਮੁੱਖ ਰੱਖਦਿਆਂ ਪੰਜਾਬੀ ਭਾਸ਼ਾ ਦੇ ਨਾਲ ਬਾਕੀ ਭਾਸ਼ਾਵਾਂ ਸਪੈਨਿਸ਼, ਫਾਰਸੀ, ਅਰਬੀ, ਜਰਮਨ, ਇਤਾਲਵੀ ਆਦਿ ਵੀ ਲਿਖਵਾਈਆਂ, ਤਾਂ ਜੋ ਵਿਸ਼ਵ ਭਾਈਚਾਰੇ ਨੂੰ ਕਾਇਮ ਰੱਖਣ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਪਹੁੰਚਾਇਆ ਜਾ ਸਕੇ। ਇਸ ਸਾਈਨ ਦਾ ਡਿਜ਼ਾਈਨ ਤਿਆਰ ਕਰਨ ਵਿਚ ਪਾਕਿਸਤਾਨੀ ਮੂਲ ਦੇ ਆਸਿਫ ਨੇ ਅਰਬੀ ਫੌਂਟ ਤਿਆਰ ਕੀਤਾ ਤੇ ਚੀਨ ਦੇ ਬਿਲ ਹਾਵੇ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ।

ਭਾਈ ਖਾਲਸਾ ਨੇ ਸਿਟੀ ਕੌਂਸਲ ਦੇ ਮੇਅਰ ਡੈਬਹਿੰਚੇ, ਸਿਟੀ ਕੌਂਸਲ ਦੇ ਮੈਂਬਰ ਐਚ ਟਰਕਰ ਤੇ ਬਰੈਡਡਾਕ ਦਾ ਖਾਸ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦਾ ਸਾਥ ਦਿੱਤਾ। ਭਾਈ ਖਾਲਸਾ ਨੇ ਕਿਹਾ ਕਿ ਸਿੱਖ ਅਮਰੀਕਾ ਦਾ ਅਹਿਮ ਅੰਗ ਹਨ ਤੇ ਇਹ ਉਪਰਾਲੇ ਬਾਕੀ ਸ਼ਹਿਰੀਆਂ ਤੇ ਧਰਮਾਂ ਨੂੰ ਸਿੱਖ ਕੌਮ ਦੀ ਪਛਾਣ ਜਾਣੂ ਕਰਵਾਉਣ ਲਈ ਕੀਤੇ ਗਏ ਹਨ। ਜਿਹੜੇ ਸਾਈਨ ਬੋਰਡ ਲਗਾਏ ਗਏ, ਉਨ੍ਹਾਂ ਵਿਚ ਸਿੱਖਾਂ ਬਾਰੇ ਵੈਬਸਾਈਟ 'ਕਿਹੋ।ਰਗ ਲਿਖੀ ਗਈ ਹੈ ਤਾਂ ਜੋ ਕੋਈ ਵੀ ਉਸ ਤੋਂ ਸਿੱਖਾਂ ਬਾਰੇ ਜਾਣਕਾਰੀ ਹਾਸਲ ਕਰ ਸਕੇ।

## ਪਾਕਿ ਬੰਬ ਧਮਾਕੇ 'ਚ 6 ਬੱਚਿਆਂ ਦੀ ਮੌਤ

**ਇਸਲਾਮਾਬਾਦ:** ਪਾਕਿਸਤਾਨ ਦੇ ਉਤਰ-ਪੱਛਮ 'ਚ ਸਥਿਤ ਇਕ ਪਿੰਡ ਵਿਚ ਖਿਡੌਣਾ ਸਮਝ ਕੇ ਧਮਾਕਾਖੇਜ਼ ਚੀਜ ਚੁੱਕਣ ਨਾਲ ਹੋਏ ਧਮਾਕੇ 'ਚ 6 ਬੱਚਿਆਂ ਦੀ ਮੌਤ ਹੋ ਗਈ। ਚਾਰ ਬੱਚਿਆਂ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ, ਜਦ ਕਿ ਇਕ ਬੱਚੇ ਦੀ ਮੌਤ ਹਸਪਤਾਲ ਪਹੁੰਚਣ ਤੋਂ ਪਹਿਲਾਂ ਅਤੇ ਇਕ ਦੀ ਮੌਤ ਹਸਪਤਾਲ 'ਚ ਇਲਾਜ ਦੌਰਾਨ ਹੋ ਗਈ।





ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

## ਯੋਗੀ ਉਤੇ ਨੰਗੀਆਂ ਤਸਵੀਰਾਂ ਖਿੱਚਣ ਦਾ ਦੋਸ਼

**ਆਸਾਮ:** ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਅਤੇ ਆਸਾਮ ਲੋਕ ਸਭਾ ਸੰਸਦ ਮੈਂਬਰ ਰਾਮ ਪ੍ਰਸਾਦ ਸ਼ਰਮਾ ਉਤੇ ਇਕ ਆਦਿਵਾਸੀ ਮਹਿਲਾ ਨੇ ਦੋਸ਼ ਲਾਇਆ ਹੈ ਕਿ ਦੋਹਾਂ ਵੱਲੋਂ 10 ਸਾਲ ਪਹਿਲਾਂ ਪ੍ਰਦਰਸ਼ਨ ਦੌਰਾਨ ਉਸ ਦੀਆਂ ਖਿੱਚੀਆਂ ਨੰਗੀਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ ਉਤੇ ਪੋਸਟ ਕੀਤਾ ਗਿਆ ਹੈ। ਇਨਸਾਫ ਲਈ ਉਸ ਨੇ ਅਦਾਲਤ ਵੱਲ ਰੁਖ ਕੀਤਾ ਹੈ।

ਲਕਸ਼ਮੀ ਔਰੰਗ ਨੇ ਆਈ.ਪੀ.ਸੀ. ਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸਬ ਡਿਵੀਜ਼ਨਲ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਇਕ ਸ਼ਿਕਾਇਤ ਦਾਇਰ ਕੀਤੀ ਹੈ। ਉਨ੍ਹਾਂ ਨੇ ਆਦਿਤਿਆਨਾਥ ਖਿਲਾਫ ਦਾਇਰ ਕੀਤੇ ਮਾਮਲੇ ਵਿਚ ਇਲਜ਼ਾਮ ਲਾਇਆ ਹੈ ਕਿ 24 ਸਤੰਬਰ ਨੂੰ ਗੁਹਾਟੀ ਦੇ ਬੇਲਟੋਲਾ ਵਿਚ ਅਖਿਲ ਅਸਮ ਆਦਿਵਾਸੀ ਵਿਦਿਆਰਥੀ ਸੰਘ ਦੇ ਅੰਦੋਲਨ ਦੌਰਾਨ ਬਿਨਾ ਧੁੰਦਲੀ ਕੀਤੇ ਉਸ ਦੀਆਂ ਨੰਗੀਆਂ ਤਸਵੀਰਾਂ ਨੂੰ ਆਦਿਤਿਆਨਾਥ ਨੇ 13 ਜੂਨ ਨੂੰ ਆਪਣੇ ਸੋਸ਼ਲ ਮੀਡੀਆ ਪੇਜ ਉਤੇ ਪੋਸਟ ਕੀਤਾ।

# ਬਰਤਾਨੀਆ ਵਿਚ ਕੌਰਬਿਨ ਦੀ ਮਕਬੂਲੀਅਤ ਵਧੀ



**ਲੰਡਨ:** ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਬਰਤਾਨੀਆ ਵਿਚ ਵਿਰੋਧੀ ਲੇਬਰ ਪਾਰਟੀ ਦੇ ਆਗੂ ਜੇਰੇਮੀ ਕੌਰਬਿਨ ਦੀ ਮਕਬੂਲੀਅਤ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨਾਲੋਂ ਵਧ ਗਈ ਹੈ। ਇਸ ਸਰਵੇਖਣ 'ਚ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਮਹੀਨੇ ਹੋਈਆਂ ਆਮ ਚੋਣਾਂ 'ਚ ਕਾਰਗੁਜ਼ਾਰੀ ਤੇ ਸੰਸਦ ਵਿਚ ਬਹੁਮਤ ਗੁਆਉਣ ਕਾਰਨ ਟੈਰੇਜ਼ਾ ਮੇਅ ਦੀ ਮਕਬੂਲੀਅਤ ਵਿਚ ਕਮੀ ਆਈ ਹੈ।

ਸਰਵੇ ਮੁਤਾਬਕ ਪ੍ਰਧਾਨ ਮੰਤਰੀ ਵਜੋਂ 35 ਫੀਸਦੀ ਵਿਅਕਤੀਆਂ ਨੇ ਕੌਰਬਿਨ ਨੂੰ ਪਸੰਦ ਕੀਤਾ ਹੈ ਜਦਕਿ 34 ਫੀਸਦੀ ਵਿਅਕਤੀ ਮੇਅ ਦੇ ਹੱਕ ਵਿਚ ਹਨ ਤੇ ਤਕਰੀਬਨ ਤੀਜਾ ਹਿੱਸਾ ਲੋਕਾਂ ਕਹਿਣਾ ਹੈ ਕਿ ਉਹ ਇਸ ਬਾਰੇ ਅਸਪੱਸ਼ਟ ਹਨ। ਦਿ ਟਾਈਮਜ਼ ਨੇ ਕਿਹਾ ਕਿ 9 ਜੂਨ ਨੂੰ ਹੋਈਆਂ ਆਮ ਚੋਣਾਂ ਤੋਂ ਕੁਝ ਦਿਨ ਪਹਿਲਾਂ 43 ਫੀਸਦੀ ਵਿਅਕਤੀ ਟੈਰੇਜ਼ਾ ਮੇਅ ਨੂੰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦੇ ਸਨ ਜਦਕਿ ਕੌਰਬਿਨ ਦੇ ਹੱਕ ਵਿਚ ਉਸ ਸਮੇਂ 32 ਫੀਸਦੀ ਵਿਅਕਤੀ ਸਨ।

ਇਸ ਸਰਵੇਖਣ 'ਚ 1670 ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ। ਸਰਵੇਖਣ ਦਾ ਨਤੀਜਾ ਮੇਅ ਲਈ ਇਕ ਧਮਾਕੇ ਦੀ ਤਰ੍ਹਾਂ ਹੈ, ਜੋ ਕਿ ਸੰਸਦ 'ਚੋਂ ਆਪਣਾ ਬਹੁਮਤ ਗੁਆ ਚੁੱਕੀ ਹੈ। ਕੌਰਬਿਨ ਲਗਾਤਾਰ ਬਿਆਨ ਦੇ ਰਹੇ ਹਨ ਕਿ ਉਨ੍ਹਾਂ ਦੀ ਪਾਰਟੀ ਸਰਕਾਰ ਬਣਾਉਣ ਦੀ ਉਡੀਕ ਕਰ ਰਹੀ ਹੈ ਤੇ ਦੂਜੇ ਪਾਸੇ ਲੰਡਨ 'ਚ ਗਰੇਨਫੈਨ ਟਾਵਰ ਵਿਚ ਅੱਗ ਲੱਗਣ ਦੀ ਘਟਨਾ ਲਈ ਮੇਅ ਨੂੰ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ 'ਚ 79 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ ਸੈਂਕੜੇ ਲੋਕ ਬੇਘਰ ਹੋ ਗਏ ਸਨ।

### ਟੈਰੇਜ਼ਾ ਵੱਲੋਂ ਯੂਰਪ ਯੂਨੀਅਨ ਨਾਗਰਿਕਾਂ ਨੂੰ ਭਰੋਸਾ

**ਲੰਡਨ:** ਪ੍ਰਧਾਨ ਮੰਤਰੀ ਟੈਰੇਜ਼ਾ ਮੇਅ, ਜਿਸ ਨੂੰ ਬ੍ਰਿਐਗਜ਼ਿਟ 'ਤੇ ਸਖਤ ਰੁਖ ਲਈ ਜਾਣਿਆ ਜਾਂਦਾ ਹੈ, ਨੇ ਯੂਕੇ ਵਿਚ ਰਹਿੰਦੇ ਯੂਰਪ ਯੂਨੀਅਨ ਦੇ ਨਾਗਰਿਕਾਂ ਨੂੰ ਚੰਗਾ ਪਾਉਂਦਿਆਂ ਇਸ ਆਰਥਿਕ ਬਲਾਕ ਵਿਚੋਂ ਬਾਹਰ ਹੋਣ ਦੇ ਬਾਅਦ ਵੀ ਉਨ੍ਹਾਂ ਨੂੰ ਬ੍ਰਿਟੇਨ ਵਿਚ ਰਹਿਣ ਦੀ ਆਗਿਆ ਦੇਣ ਦਾ ਵਾਅਦਾ ਕੀਤਾ ਹੈ। ਬਰੱਸਲਜ਼ ਸੰਮੇਲਨ ਵਿਚ ਕੀਤਾ ਗਿਆ ਇਹ ਐਲਾਨ ਯੂਕੇ ਵਿਚ ਪੱਕੇ ਤੌਰ 'ਤੇ ਰਹਿ ਰਹੇ ਤਕਰੀਬਨ 30 ਲੱਖ ਯੂਰਪ ਯੂਨੀਅਨ ਨਾਗਰਿਕਾਂ, ਜਿਨ੍ਹਾਂ ਵਿਚ 20 ਹਜ਼ਾਰ ਤੋਂ ਵੱਧ ਗੋਆ ਵਾਲੇ ਸ਼ਾਮਲ ਹਨ ਜਿਨ੍ਹਾਂ ਨੇ ਪੁਰਤਗਾਲੀ ਵਿਰਾਸਤ ਦੇ ਆਧਾਰ 'ਤੇ ਯੂਰਪ ਯੂਨੀਅਨ ਦੀ ਨਾਗਰਿਕਤਾ ਲਈ ਅਪਲਾਈ ਕੀਤਾ ਸੀ, ਨੂੰ ਰਾਹਤ ਦੇਣ ਵਾਲਾ ਹੈ। ਸੰਮੇਲਨ ਦੌਰਾਨ ਟੈਰੇਜ਼ਾ ਨੇ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਕਿਸੇ ਨੂੰ ਹਿਜ਼ਰਤ ਕਰਨੀ ਪਵੇ ਜਾਂ ਪਰਿਵਾਰਾਂ ਵਿਚ ਵਿਛੋੜੇ ਪੈਣ।

# ਅਜੇ ਵੀ ਸ਼ੋਅ ਕੇਸ 'ਚ ਪਈਆਂ ਨੇ ਊਧਮ ਸਿੰਘ ਦੀਆਂ ਅਸਥੀਆਂ

**ਅੰਮ੍ਰਿਤਸਰ:** ਸ਼ਹੀਦ ਊਧਮ ਸਿੰਘ ਦੀਆਂ ਕਲਸ 'ਚ ਬੰਦ ਅਸਥੀਆਂ ਜਲ੍ਹਿਆਂਵਾਲਾ ਬਾਗ ਵਿਖੇ ਸਮਾਰਕ ਵਿਚ ਸਾਧਾਰਨ ਜਿਹੇ ਸ਼ੋਅ ਕੇਸ ਵਿਚ ਰੱਖੀਆਂ ਗਈਆਂ ਹਨ। ਅਸਥੀਆਂ ਵਾਲੇ ਕਲਸ ਦੇ ਨਾਲ ਰੱਖੀ ਤਖ਼ਤੀ ਉਤੇ ਹਿੰਦੀ, ਅੰਗਰੇਜ਼ੀ ਤੇ ਪੰਜਾਬੀ 'ਚ ਸਿਰਫ ਐਨਾ ਹੀ ਲਿਖਿਆ ਗਿਆ ਹੈ-'19 ਜੁਲਾਈ 1974 ਨੂੰ ਭਾਰਤ ਲਿਆਂਦੀਆਂ ਗਈਆਂ ਊਧਮ ਸਿੰਘ ਦੀਆਂ ਅਸਥੀਆਂ'।

ਇਸੇ ਸ਼ੋਅ ਕੇਸ 'ਚ ਕੁਝ ਹੋਰ ਵਸਤੂਆਂ ਅਤੇ ਤਸਵੀਰਾਂ ਵੀ ਰੱਖੀਆਂ ਗਈਆਂ ਹਨ। ਸ਼ਹੀਦ ਦੀਆਂ ਅਸਥੀਆਂ ਦਾ ਇਹ ਕਲਸ ਪਹਿਲਾਂ ਜਲ੍ਹਿਆਂਵਾਲਾ ਬਾਗ ਸਮਾਰਕ ਦੇ ਪ੍ਰਦਰਸ਼ਨੀ ਹਾਲ ਦੀ ਇਕ ਨੁੱਕਰ 'ਚ ਰੱਖਿਆ ਗਿਆ ਸੀ, ਬਾਅਦ ਵਿਚ ਹੁਣ ਇਸ ਨੂੰ ਇਕ ਸਾਧਾਰਨ ਦਸਤਾਵੇਜ਼ ਵਾਂਗ ਉਪਰੋਕਤ ਸ਼ੋਅ ਕੇਸ ਵਿਚ ਰੱਖ ਦਿੱਤਾ ਗਿਆ, ਜਿਸ ਦੇ ਨਾਲ ਰੱਖੀ ਤਖ਼ਤੀ 'ਤੇ ਨਾ ਤਾਂ ਸ਼ਹੀਦੇ-ਆਜ਼ਮ ਊਧਮ ਸਿੰਘ ਨੂੰ 'ਸ਼ਹੀਦ' ਸ਼ਬਦ ਨਾਲ ਸੰਬੋਧਨ ਕੀਤਾ ਗਿਆ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਜਾਣਕਾਰੀ ਦਰਜ ਕੀਤੀ ਗਈ ਹੈ ਕਿ ਸ਼ਹੀਦ ਊਧਮ ਸਿੰਘ ਕੌਣ ਸਨ ਅਤੇ ਉਨ੍ਹਾਂ ਦੀਆਂ ਉਪਰੋਕਤ ਅਸਥੀਆਂ ਦਾ ਕਲਸ ਜਲ੍ਹਿਆਂਵਾਲਾ ਬਾਗ ਸਮਾਰਕ 'ਚ ਕਿਉਂ ਰੱਖਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇ 34ਵਰ੍ਹੇ ਬਾਅਦ 19 ਜੁਲਾਈ 1974 ਨੂੰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਸ਼ਹੀਦ ਦੀਆਂ ਅਸਥੀਆਂ ਭਾਰਤ ਲਿਆਂਦੀਆਂ ਗਈਆਂ ਅਤੇ 31 ਜੁਲਾਈ 1974 ਨੂੰ ਸਰਕਾਰੀ ਸਨਮਾਨਾਂ ਨਾਲ ਅਸਥੀਆਂ ਦਾ ਸ਼ਹੀਦ ਦੇ ਜੱਦੀ ਸ਼ਹਿਰ ਸੁਨਾਮ ਵਿਖੇ ਸਸਕਾਰ ਕਰਨ ਤੋਂ ਬਾਅਦ ਅਸਥੀਆਂ ਅਤੇ ਰਾਖ 'ਚੋਂ ਕੁਝ ਦਰਿਆ ਵਿਚ ਪ੍ਰਵਾਹ ਕਰ ਦਿੱਤੀ ਗਈ ਅਤੇ ਕੁਝ ਕਲਸ ਵਿਚ ਪਾ ਕੇ ਜਲ੍ਹਿਆਂਵਾਲਾ ਬਾਗ ਸਮਾਰਕ ਵਿਚ ਯਾਦਗਾਰ ਦੇ ਤੌਰ 'ਤੇ ਰੱਖ ਦਿੱਤੀ ਗਈ। ਹੁਣ ਮੰਗ ਉਠੀ ਹੈ ਕਿ ਸ਼ਹੀਦ ਦੀਆਂ ਅਸਥੀਆਂ ਲਈ ਉਪਰੋਕਤ ਬਾਗ 'ਚ ਇਕ ਵਿਸ਼ੇਸ਼ ਸਮਾਰਕ ਉਸਾਰਿਆ ਜਾਵੇ, ਜਿਥੇ ਉਪਰੋਕਤ ਇਸ ਸੂਰਮੇ ਦੀ ਵੀਰਤਾ ਦੀ ਗਾਥਾ ਵੀ ਦਰਜ ਕੀਤੀ ਜਾਵੇ ਤਾਂ ਕਿ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸ੍ਰੋਤ ਬਣ ਸਕੇ।

# ਸ਼੍ਰੋਮਣੀ ਅਕਾਲੀ ਦਲ ਮਿਡਵੈਸਟ ਵਲੋਂ ਵਰਿੰਦਰਪਾਲ ਸਿੰਘ, ਸੁਖਨਿੰਦਰ ਨੀਟੂ ਤੇ ਪ੍ਰੋ. ਪਰਮਜੀਤ ਖੁੱਡਾ ਦਾ ਸਨਮਾਨ



**ਸ਼ਿਕਾਗੋ (ਬਿਊਰੋ):** ਐਰੀਜ਼ੋਨਾ ਸਟੇਟ ਤੋਂ ਉਚੇਚੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦੇ ਸਕੱਤਰ ਜਨਰਲ ਸ. ਵਰਿੰਦਰਪਾਲ ਸਿੰਘ, ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਤੋਂ ਆਏ ਉਘੇ ਬਿਜਨਸਮੈਨ ਸ. ਸੁਖਨਿੰਦਰ ਸਿੰਘ ਨੀਟੂ ਵੜਿਆਲ ਅਤੇ ਹੁਸ਼ਿਆਰਪੁਰ ਤੋਂ ਪੁੱਜੇ ਉਘੇ ਸਮਾਜ ਸੇਵਕ ਤੇ ਸਿੱਖ ਆਗੂ ਪ੍ਰੋ. ਪਰਮਜੀਤ ਸਿੰਘ ਖੁੱਡਾ ਦਾ ਇੱਥੇ ਸਥਾਨਕ ਰੈਸਟੋਰੈਂਟ ਵਿਚ ਵਿਸ਼ੇਸ਼ ਸਨਮਾਨ ਕੀਤਾ ਗਿਆ।

ਆਏ ਮਹਿਮਾਨਾਂ ਦਾ ਸਨਮਾਨ ਕਰਨ ਵਾਲੀਆਂ ਸ਼ਖਸੀਅਤਾਂ 'ਚ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਚੀਫ ਮੀਡੀਆ ਇੰਚਾਰਜ ਤੇ ਮੈਂਬਰ ਕੋਰ ਕਮੇਟੀ ਸ. ਅਮਰੀਕ ਸਿੰਘ ਸ਼ਿਕਾਗੋ, ਕੋਰ ਕਮੇਟੀ ਮੈਂਬਰ ਸ. ਹੈਪੀ ਸਿੰਘ ਹੀਰ, ਅਕਾਲੀ ਦਲ ਯੂਥ ਵਿੰਗ ਮਿਡਵੈਸਟ ਦੇ ਪ੍ਰਧਾਨ ਸ. ਜਸਕਰਨ ਸਿੰਘ ਧਾਲੀਵਾਲ, ਜਨਰਲ ਸਕੱਤਰ ਮਿਡਵੈਸਟ ਸ. ਗੁਰਮੀਤ ਸਿੰਘ ਭੋਲਾ, ਸੀਨੀਅਰ ਮੀਤ ਪ੍ਰਧਾਨ ਮਿਡਵੈਸਟ ਹਰਵਿੰਦਰ ਸਿੰਘ ਘੋਤੜਾ, ਸੀਨੀਅਰ ਅਕਾਲੀ ਆਗੂ ਸ. ਨਰਿੰਦਰ ਸਿੰਘ ਸਰਾਂ, ਅਕਾਲੀ ਦਲ ਇਲੀਨੋਏ ਦੇ ਪ੍ਰਧਾਨ ਸ. ਯਾਦਵਿੰਦਰ ਸਿੰਘ ਗਰੇਵਾਲ, ਸੀਨੀਅਰ ਅਕਾਲੀ ਆਗੂ ਸ. ਅੰਮ੍ਰਿਤਪਾਲ ਸਿੰਘ ਸੰਘਾ, ਡਾ. ਹਰਜਿੰਦਰ ਸਿੰਘ ਖਹਿਰਾ, ਸ. ਲਖਵੀਰ ਸਿੰਘ ਸਹੋਤਾ, ਸ. ਓਂਕਾਰ ਸਿੰਘ ਹੀਰ, ਸ. ਰਾਜਿੰਦਰ ਸਿੰਘ ਦਿਆਲ ਤੇ ਸ. ਹਰਦੀਪ ਸਿੰਘ ਗਿੱਲ ਸ਼ਾਮਲ ਸਨ।

ਇਸ ਮੌਕੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਆਖਿਆ ਕਿ ਸਮਾਜ ਸੇਵਾ ਦੇ ਖੇਤਰ ਵਿਚ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਨੇ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਉਹ ਕੌਮਾਂ ਖਤਮ ਹੋ ਜਾਂਦੀਆਂ ਹਨ ਜੋ ਆਪਣਾ ਵਿਰਸਾ ਤੇ ਆਪਣੀ ਮਾਂ ਬੋਲੀ ਭੁੱਲ ਜਾਂਦੀਆਂ ਹਨ। ਅਸੀਂ ਬੜੇ ਮਾਣ ਨਾਲ ਕਹਿ ਸਕਦੇ ਹਾਂ ਕਿ ਇਨ੍ਹਾਂ ਆਗੂਆਂ ਨੇ ਹਮੇਸ਼ਾ ਆਪਣੀ ਮਾਂ ਬੋਲੀ, ਆਪਣੇ ਵਤਨ ਦਾ ਮੋਹ ਪਾਲੀ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸ਼ਖਸੀਅਤਾਂ 2 ਜੁਲਾਈ ਨੂੰ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਇਥੇ ਕਰਵਾਏ ਜਾ ਰਹੇ ਕਬੱਡੀ ਕੱਪ ਟੂਰਨਾਮੈਂਟ ਵਿਚ ਵੀ ਪਹੁੰਚਣਗੀਆਂ।

# ਖਾਲਸਾ 'ਵਰਸਿਟੀ ਐਕਟ ਰੱਦ ਹੋਣ ਨਾਲ 300 ਵਿਦਿਆਰਥੀਆਂ ਦਾ ਭਵਿਖ ਧੁੰਦਲਾ

**ਅੰਮ੍ਰਿਤਸਰ:** ਖਾਲਸਾ ਯੂਨੀਵਰਸਿਟੀ ਸਬੰਧੀ ਬਣਾਏ ਐਕਟ ਨੂੰ ਵਿਧਾਨ ਸਭਾ ਵਿਚ ਕਾਂਗਰਸ ਸਰਕਾਰ ਵੱਲੋਂ ਰੱਦ ਕਰਨ ਮਗਰੋਂ ਪਿਛਲੇ ਇਕ ਸਾਲ ਤੋਂ ਚੱਲ ਰਹੀ ਇਹ ਯੂਨੀਵਰਸਿਟੀ ਵਿਧਾਨਕ ਤੌਰ 'ਤੇ ਖ਼ਤਮ ਹੋ ਗਈ। ਇਸ ਕਾਰਨ 300 ਵਿਦਿਆਰਥੀਆਂ ਅਤੇ ਲਗਭਗ ਅਮਲੇ ਦੇ ਸੌ ਮੈਂਬਰਾਂ ਦਾ ਭਵਿੱਖ ਹਨੇਰੇ ਵਿਚ ਹੈ।



ਕੈਪਟਨ ਸਰਕਾਰ ਨੇ 125 ਸਾਲ ਪੁਰਾਣੇ ਇਤਿਹਾਸਕ ਖਾਲਸਾ ਕਾਲਜ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੇ ਨਾਂ ਹੇਠ ਇਸ ਵਰ੍ਹੇ ਅਪਰੈਲ ਮਹੀਨੇ ਵਿਚ ਖਾਲਸਾ ਯੂਨੀਵਰਸਿਟੀ ਨੂੰ ਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ, ਜਿਸ ਤਹਿਤ ਪਹਿਲਾਂ ਕੈਬਨਿਟ ਦੀ ਮੀਟਿੰਗ ਵਿਚ ਇਸ ਮਤੇ ਨੂੰ ਰੱਦ ਕੀਤਾ ਗਿਆ। ਮਗਰੋਂ ਇਸ ਨੂੰ ਰਾਜਪਾਲ ਕੋਲ ਰੱਦ ਕਰਨ ਲਈ ਭੇਜਿਆ ਗਿਆ ਅਤੇ ਹੁਣ ਵਿਧਾਨ ਸਭਾ ਵਿਚ ਵੀ ਇਸ ਐਕਟ ਨੂੰ ਰੱਦ ਕਰ ਦਿੱਤਾ ਹੈ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਹੋਰ ਵਿੱਦਿਅਕ ਅਦਾਰਿਆਂ ਵਿਚ ਦਾਖਲ ਕੀਤਾ ਜਾਵੇਗਾ ਪਰ ਫਿਲਹਾਲ ਇਸ ਸਬੰਧੀ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਇਸ ਵੇਲੇ ਖਾਲਸਾ ਯੂਨੀਵਰਸਿਟੀ ਵਿਚ ਲਗਭਗ 300 ਵਿਦਿਆਰਥੀ ਪੜ੍ਹ ਰਹੇ ਹਨ, ਜਿਨ੍ਹਾਂ ਵਿਚੋਂ ਲਗਭਗ 30 ਵਿਦਿਆਰਥੀ ਇਥੇ ਰਵਾਇਤੀ ਕੋਰਸਾਂ ਦੀ ਪੜ੍ਹਾਈ ਕਰ ਰਹੇ ਹਨ, ਜਿਨ੍ਹਾਂ ਦਾ ਸਰਕਾਰੀ ਆਦੇਸ਼ਾਂ 'ਤੇ ਨੇੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਹੋਰ ਵਿੱਦਿਅਕ ਅਦਾਰਿਆਂ ਵਿਚ ਦਾਖਲਾ ਹੋ ਜਾਵੇਗਾ, ਜਦੋਂ ਕਿ ਬਾਕੀ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵਿਚ ਹੈ।

ਵਿਦਿਆਰਥੀ ਖਾਲਸਾ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੇ ਨਵੇਂ ਕੋਰਸ ਕਰ ਰਹੇ ਹਨ, ਜਿਨ੍ਹਾਂ ਵਿਚ ਸਿਵਲ ਏਵੀਏਸ਼ਨ, ਮੈਡੀਕਲ ਲੈਬ ਤਕਨਾਲੋਜੀ, ਖੇਤੀਬਾੜੀ ਵਿਗਿਆਨ, ਪਾਵਰ ਸਿਟੀਕਲ ਵਿਗਿਆਨ ਤੇ ਹੋਰ ਸ਼ਾਮਲ ਹਨ, ਜੋ ਪੰਜਾਬ ਵਿਚ ਹੋਰ ਥਾਵਾਂ 'ਤੇ ਸ਼ਾਇਦ ਹੀ ਕਰਾਏ ਜਾ ਰਹੇ ਹਨ। ਲਗਭਗ 103 ਵਿਦਿਆਰਥੀ ਪੀ.ਐਚ.ਡੀ. ਨਾਲ ਸਬੰਧਤ ਹਨ। ਇਹ ਸਾਰੇ ਵਿਦਿਆਰਥੀ ਆਪਣੇ ਕੋਰਸ ਦੇ ਅੱਧ ਵਿਚ ਪੁੱਜ ਚੁੱਕੇ ਹਨ। ਕਈਆਂ ਨੇ ਖੋਜ ਕਾਰਜ ਵੀ ਸ਼ੁਰੂ ਕੀਤਾ ਹੋਇਆ ਹੈ।

ਅਜਿਹੀ ਸਥਿਤੀ ਵਿਚ ਇਨ੍ਹਾਂ ਵਿਦਿਆਰਥੀਆਂ ਲਈ ਹੋਰ ਅਦਾਰਿਆਂ ਵਿਚ ਜਾ ਕੇ ਮੁੜ ਖੋਜ ਕਾਰਜ ਸ਼ੁਰੂ ਕਰਨਾ ਔਖਾ ਹੋਵੇਗਾ। ਯੂਨੀਵਰਸਿਟੀ ਵਿਚ ਵਿੱਦਿਅਕ ਅਮਲਾ ਅਤੇ ਗੈਰ ਵਿੱਦਿਅਕ ਅਮਲੇ ਦਾ ਭਵਿੱਖ ਵੀ ਹਵਾ ਵਿਚ ਲਟਕਿਆ ਹੋਇਆ ਹੈ। ਕਈ ਅਧਿਆਪਕ ਹੋਰ ਵਿੱਦਿਅਕ ਅਦਾਰਿਆਂ ਵਿਚੋਂ ਨੌਕਰੀ ਛੱਡ ਕੇ ਇਥੇ ਆਏ ਸਨ, ਜੋ ਹੁਣ ਖਾਲਸਾ ਯੂਨੀਵਰਸਿਟੀ ਬੰਦ ਹੋਣ ਨਾਲ ਕਿਸੇ ਥਾਂ ਦੇ ਨਹੀਂ ਰਹੇ।

# ਗੁਰਦੁਆਰਾ ਮਿਲਪੀਟਸ ਵਿਖੇ ਗੁਰਮਤਿ ਸਮਾਗਮ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਲੰਘੇ ਐਤਵਾਰ ਮਨਪ੍ਰੀਤ ਸਿੰਘ ਬਧੇਛਾ ਦੇ ਸਪੁੱਤਰ ਸੁਖਪ੍ਰੀਤ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ।

ਇਸ ਗੁਰਦੁਆਰੇ ਵਿਖੇ ਪਰਵਾਸੀ ਭਾਰਤੀ ਭਾਈਚਾਰੇ ਦੇ ਸਰਕਾਰੀ ਦਫਤਰਾਂ ਨਾਲ ਸਬੰਧਤ ਵੱਖ ਵੱਖ ਤਰ੍ਹਾਂ ਦੇ ਕਾਰਜਾਂ ਵਿਚ ਨਿਸ਼ਕਾਮ ਸਹਾਇਤਾ ਕਰਦੇ ਆ ਰਹੇ ਭਾਈ ਮਨਪ੍ਰੀਤ ਸਿੰਘ ਦੇ ਪਰਿਵਾਰ ਵਲੋਂ ਇਲਾਹੀ ਬਾਣੀ ਦੇ ਸਹਿਜ ਪਾਠ ਅਰੰਭ ਕਰਵਾਏ ਗਏ ਸਨ ਜਿਸ ਦੇ ਭੋਗ ਉਪਰੰਤ ਦੀਵਾਨ ਸਜਾਇਆ ਗਿਆ। ਇਸ ਮੌਕੇ ਬਧੇਛਾ ਪਰਿਵਾਰ ਵਲੋਂ ਉਚੇਚਾ ਬੁਲਾਏ ਗਏ ਭਾਈ ਹਰਜੋਤ ਸਿੰਘ ਤੇ ਭਾਈ ਭਗੀਰਥ ਸਿੰਘ ਸਿਆਟਲ ਵਾਲੇ ਕਵੀਸ਼ਰੀ ਜਥੇ ਨੇ ਸਿੱਖ ਇਤਿਹਾਸ ਦੇ ਬੀਰ ਰਸੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।



ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਨੇ ਭਾਵਪੂਰਤ ਤਕਰੀਰ ਦੌਰਾਨ ਕਵੀਸ਼ਰੀ ਜਥੇ ਦੇ ਨੌਜਵਾਨ ਬੱਚਿਆਂ ਅਤੇ ਭਾਈ ਮਨਪ੍ਰੀਤ ਸਿੰਘ ਬਧੇਛਾ ਵਲੋਂ ਕੀਤੀ ਜਾ ਰਹੀ ਸਮਾਜ ਸੇਵਾ ਬਦਲੇ ਉਚੇਚਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਭਰਵਾਂ ਰਿਹਾ ਕਰਮਨ ਪੰਜਾਬੀ ਸਕੂਲ ਦਾ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਕਰਮਨ ਵਿਚ 'ਕਰਮਨ ਪੰਜਾਬੀ ਸਕੂਲ' ਵਲੋਂ ਸੱਭਿਆਚਾਰਕ ਪ੍ਰੋਗਰਾਮ 'ਕਰਮਨ ਕਮਿਊਨਟੀ ਸੈਂਟਰ' ਵਿਚ ਕੀਤਾ ਗਿਆ ਜਿਸ ਦੇ ਸ਼ੁਰੂ ਵਿਚ ਸਕੂਲ ਦੇ ਪ੍ਰੈਜ਼ੀਡੈਂਟ ਸ. ਗੁਰਜੰਟ ਸਿੰਘ ਗਿੱਲ



ਦੀ ਅਗਵਾਈ ਹੇਠ ਪ੍ਰਬੰਧਕੀ ਬੋਰਡ ਮੈਂਬਰਾਂ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ। ਪ੍ਰਬੰਧਕੀ ਬੋਰਡ ਮੈਂਬਰਾਂ ਵਿਚ ਕੁਲਵੰਤ ਸਿੰਘ ਉਭੀ (ਵਾਈਸ ਪ੍ਰੈਜ਼ੀਡੈਂਟ), ਕਮਲਜੀਤ ਸਿੰਘ ਸਰ੍ਹਾਂ (ਖਜਾਨਚੀ), ਜਸਮੀਤ ਕੌਰ ਮਾਨ (ਸੈਕਟਰੀ) ਤੋਂ ਇਲਾਵਾ ਕਮਲਜੀਤ ਕੌਰ ਬੈਂਸ, ਹਰਦੀਪ ਕੌਰ ਜਾਨੀ ਅਤੇ ਬਲਜੀਤ ਕੌਰ ਜੌਹਲ ਸ਼ਾਮਲ ਹਨ।

ਪ੍ਰੋਗਰਾਮ ਦਾ ਅਰੰਭ ਬੱਚਿਆਂ ਵੱਲੋਂ ਗੁਰਬਾਣੀ ਸ਼ਬਦ ਉਚਾਰਣ ਨਾਲ ਹੋਇਆ। ਗੁਰਪ੍ਰੀਤ ਸਿੰਘ ਜਾਨੀ ਨੇ ਸਕੂਲ ਦੀਆਂ ਸਾਲ ਭਰ ਦੀਆਂ ਸਰਗਰਮੀਆਂ ਬਾਰੇ ਸਲਾਈਡ ਸ਼ੋਅ ਪੇਸ਼ ਕੀਤਾ। ਉਪਰੰਤ ਬੱਚਿਆਂ ਨੇ ਗਿੱਧੇ-ਭੰਗੜੇ ਦੇ ਵੱਖ-ਵੱਖ ਗਰੁੱਪਾਂ ਵਿਚ ਜੌਹਰ ਦਿਖਾਏ। ਬੱਚਿਆਂ ਨੇ ਤਕਰੀਰਾਂ ਵੀ ਕੀਤੀਆਂ ਤੇ ਸਕਿੱਟਾਂ ਵੀ ਪੇਸ਼ ਕੀਤੀਆਂ। ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਦਾ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸਥਾਨਕ ਕੌਂਸਲ ਮੈਂਬਰ ਰਾਜ ਧਾਲੀਵਾਲ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਬੱਚਿਆਂ ਨੂੰ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਕੀਤੀ।

ਬੱਚਿਆਂ ਨੂੰ ਭੰਗੜੇ ਦੀ ਸਿਖਲਾਈ ਕੋਚ ਗੁਰਪ੍ਰੀਤ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਨਾਹਲ ਨੇ ਦਿੱਤੀ ਜਦੋਂਕਿ ਗਿੱਧਾ ਕੋਚ ਗੁਰਪ੍ਰੀਤ ਕੌਰ ਬਰਾੜ, ਜੱਸੂ ਹੇਅਰ, ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ ਅਤੇ ਮਨਪ੍ਰੀਤ ਕੌਰ ਹੇਅਰ ਸਨ। ਸਟੇਜ ਸੰਚਾਲਨ ਕੁਲਵੰਤ ਸਿੰਘ ਉਭੀ ਅਤੇ ਦਵਿੰਦਰ ਕੌਰ ਸਰ੍ਹਾਂ ਨੇ ਕੀਤਾ। ਪ੍ਰੋਗਰਾਮ ਦੌਰਾਨ





'ਜੈਕਾਰਾ ਮੂਵਮੈਂਟ' ਦੇ ਸੇਵਕਾਂ ਨੇ ਆਪਣੀਆਂ ਗਤੀਵਿਧੀਆਂ ਬਾਰੇ ਦੱਸਿਆ। ਬਹੁਤ ਸਾਰੇ ਰੈਫਲ ਡਰਾਅ ਵੀ ਕੱਢੇ ਗਏ।

ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਅਧਿਆਪਕ ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਬਲਜੀਤ ਕੌਰ ਜੌਹਲ, ਕਰਮਵੀਰ ਸਿੰਘ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਪਰਮਵੀਰ ਸਿੰਘ, ਬਲਜੀਤ ਕੌਰ ਸਰ੍ਹਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ ਦਾ ਉਘਾ ਯੋਗਦਾਨ ਰਿਹਾ। ਇਹ ਸਕੂਲ ਹਰ ਐਤਵਾਰ ਗੁਰਦੁਆਰਾ ਕਰਮਨ ਦੁਆਰਾ ਸਪੈਸ਼ਲ ਸਕੂਲ ਲਈ ਬਣਾਏ ਗਏ ਕਮਰਿਆਂ ਵਿਚ ਲਗਦਾ ਹੈ ਜਿੱਥੇ ਬੱਚਿਆ ਨੂੰ ਪੰਜਾਬੀ, ਸਿੱਖ ਇਤਿਹਾਸ, ਗੁਰਬਾਣੀ ਕੀਰਤਨ ਅਤੇ ਸੱਭਿਆਚਾਰਕ ਸਿੱਖਿਆ ਦਿੱਤੀ ਜਾਂਦੀ ਹੈ। ਫੋਟੋਗ੍ਰਾਫੀ ਅਤੇ ਵੀਡੀਓ ਸੇਵਾ ਓਂਕਾਰ ਸਟੂਡੀਓ ਫਰਿਜ਼ਨੋ ਨੇ ਕੀਤੀ।

## ਕਰਜ਼ਾ ਮੁਆਫੀ ਬਾਰੇ ਕੈਪਟਨ ਨੇ ਸਪਸ਼ਟ ਕੀਤੀ ਤਸਵੀਰ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀ ਧਿਰਾਂ 'ਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਮੁੱਦੇ ਨੂੰ ਗਲਤ ਰੰਗਤ ਦੇਣ ਦਾ ਇਲਜ਼ਾਮ ਲਾਇਆ ਹੈ। ਕੈਪਟਨ ਨੇ ਸਪਸ਼ਟ ਕੀਤਾ ਕਿ ਵਿੱਤ ਮੰਤਰੀ ਵੱਲੋਂ ਕਰਜ਼ਾ ਮੁਆਫ ਬਾਰੇ ਬਜਟ 'ਚ ਤਜਵੀਜ਼ ਕੀਤੇ 1500 ਕਰੋੜ ਰੁਪਏ ਇਸ ਸਕੀਮ ਲਈ ਅਦਾ ਕੀਤੀ ਜਾਣ ਵਾਲੀ ਰਕਮ ਦੀ ਪਹਿਲੀ ਕਿਸ਼ਤ ਹੈ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਕਰਜ਼ਾ ਮੁਆਫੀ ਸਕੀਮ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਲਈ 9500 ਕਰੋੜ ਦੀ ਕੁੱਲ ਰਾਸ਼ੀ ਦੀ ਲੋੜ ਹੈ ਤੇ ਬੈਂਕਾਂ ਨਾਲ ਇਸ ਨੂੰ ਨਿਬੇੜਨ ਲਈ ਚਾਰ ਤੋਂ ਪੰਜ ਸਾਲ ਦਾ ਸਮਾਂ ਲੱਗੇਗਾ। ਇਸ ਦੇ ਨਾਲ ਹੀ ਇਹ ਵੀ ਐਲਾਨ ਕੀਤਾ ਕਿ ਸਕੀਮ ਸਬੰਧੀ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤੁਰਤ ਬਾਅਦ ਕਿਸਾਨ ਕਰਜ਼ੇ ਦੇ ਬੋਝ ਤੋਂ ਮੁਕਤ ਹੋ ਜਾਣਗੇ। ਇਹ ਨੋਟੀਫਿਕੇਸ਼ਨ ਛੇ ਤੋਂ ਅੱਠ ਹਫਤਿਆਂ ਵਿਚ ਜਾਰੀ ਹੋਣ ਦੀ ਸੰਭਾਵਨਾ ਹੈ।

## ਦਰਸ਼ਨੀ ਡਿਉਢੀ ਦੀ ਮੁਰੰਮਤ ਲਈ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਅੰਦਰੂਨੀ ਹਿੱਸੇ ਦੀ ਮੁਰੰਮਤ ਕਰਨ ਲਈ ਕਾਰ ਸੇਵਾ ਸ਼ੁਰੂ ਹੋਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਕਰਨ ਵੇਲੇ ਇਸ ਦੇ ਪੁਰਾਤਨ ਸਰੂਪ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ।

ਦਰਸ਼ਨੀ ਡਿਉਢੀ ਦੇ ਉਪਰਲੇ ਹਿੱਸੇ ਦੀ ਖਸਤਾ ਹੋ ਰਹੀ ਹਾਲਤ ਕਰ ਕੇ ਮੁਰੰਮਤ ਦੀ ਲੋੜ ਹੈ। ਇਹ ਉਹ ਥਾਂ ਹੈ, ਜਿਥੇ ਤੋਸ਼ਾਖਾਨਾ ਹੈ ਅਤੇ ਵੱਖ-ਵੱਖ ਸਮਿਆਂ 'ਤੇ ਗੁਰੂ ਘਰ ਨੂੰ ਭੇਟ ਕੀਤੀਆਂ ਬੇਸ਼ਕੀਮਤੀ ਵਸਤਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਇਨ੍ਹਾਂ ਵਸਤਾਂ ਦੀ ਵਰਤੋਂ ਜਲੌਅ ਸਮੇਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦਰਸ਼ਨੀ ਡਿਉਢੀ ਤੋਂ ਹਰ ਸਾਲ ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾਂਦਾ ਹੈ। ਇਸ ਇਮਾਰਤ ਦੀ ਕਾਰ ਸੇਵਾ ਦਾ ਕੰਮ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਨੂੰ ਸੌਂਪਿਆ ਗਿਆ ਹੈ।

## ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਸਾਬਕਾ ਵਿਦਿਆਰਥੀਆਂ ਦਾ ਸਾਲਾਨਾ ਡਿਨਰ ਪ੍ਰੋਗਰਾਮ

**ਸੈਨ ਹੋਜੇ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ (ਜੈਨਕੋ) ਦਾ ਸਾਲਾਨਾ ਡਿਨਰ ਤੇ ਕਲਚਰਲ ਪ੍ਰੋਗਰਾਮ ਲੰਘੇ





ਸ਼ੁੱਕਰਵਾਰ ਇਥੇ ਮਿਯੂਰੀ ਰੈਸਟੋਰੈਂਟ ਵਿਚ ਹੋਇਆ ਜਿਸ ਵਿਚ ਸਾਬਕਾ ਵਿਦਿਆਰਥੀ ਤੇ ਸਹਿਯੋਗੀ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ।

ਜਥੇਬੰਦੀ ਦੇ ਆਗੂ ਗੁਰਜੰਟ ਸਿੰਘ ਸੰਘਾ ਨੇ ਸਟੇਜ ਸੰਚਾਲਨ ਕਰਦਿਆਂ ਜਥੇਬੰਦੀ ਦੀ ਸਾਲਾਨਾ ਕਾਰਗੁਜਾਰੀ ਦੀ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਜਥੇਬੰਦੀ ਵੱਲੋਂ ਇੰਡੀਆ ਤੋਂ ਆਏ ਨਵੇਂ ਵਿਦਿਆਰਥੀਆਂ ਦੀ ਪੜ੍ਹਾਈ ਤੇ ਨੌਕਰੀ ਲੱਭਣ ਸਬੰਧੀ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ ਵਿਚ ਭਾਈਵਾਲ ਇਸ ਜਥੇਬੰਦੀ ਵੱਲੋਂ ਹਰ ਸਾਲ ਸਮਾਜਕ ਤੇ ਭਾਈਚਾਰਕ ਸਾਂਝ ਮਜਬੂਤ ਕਰਨ ਲਈ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਡਿਨਰ ਵਿਚ ਮੁੱਖ ਸਪਾਂਸਰ ਉਘੇ ਸਮਾਜਕ ਸੇਵੀ ਇੰਦਰਜੀਤ ਸਿੰਘ ਥਿੰਦ ਤੋਂ ਇਲਾਵਾ, ਹਰਪ੍ਰਕਾਸ਼ ਸਿੰਘ ਢਿੱਲੋਂ, ਟੋਨੀ ਗਰੇਵਾਲ, ਰਾਜਿੰਦਰ ਸਿੰਘ ਟਾਂਡਾ, ਡਾ. ਚਰਨਜੀਤ ਸਿੰਘ ਪੰਨੂ, ਰੂਪੀ ਅਟਵਾਲ, ਮੇਹਰ ਮਾਹਲ, ਹਰਜੀਤ ਸਿੰਘ, ਅਸ਼ੀਸ਼ ਮਲਿਕ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਨਾਮੀ ਗਾਇਕ ਸੁਖਦੇਵ ਸਾਹਿਲ ਅਤੇ ਲਾਲ ਸਿੰਘ ਭੱਟੀ ਨੇ ਗੀਤ ਸੰਗੀਤ ਨਾਲ ਸਰੋਤਿਆਂ ਦਾ ਭਰਵਾਂ ਮੰਨੋਰੰਜਨ ਕੀਤਾ। ਜ਼ਿਕਰਯੋਗ ਹੈ ਕਿ ਜੈਨਕੋ ਦੇ ਡਿਨਰ - ਕਲਚਰਲ, ਸਮਾਜਿਕ, ਧਾਰਮਿਕ ਅਤੇ ਹੋਰ ਸਰਗਰਮੀਆਂ ਵਿਚ ਸਿਟੀ ਆਫ ਸੈਨ ਹੋਜੇ ਵਿਚ ਚੀਫ ਦੀ ਸੇਵਾ ਨਿਭਾ ਰਹੇ ਗੁਰਜੰਟ ਸਿੰਘ ਸੰਘਾ ਦਾ ਵੱਡਾ ਯੋਗਦਾਨ ਹੈ।

## ਗਾਇਕ ਸੂਫੀ ਬਲਬੀਰ ਦੀ ਪੁਸਤਕ 'ਨਿੱਕਾ ਜਿਹਾ ਕੰਮ' ਰਿਲੀਜ਼

**ਫਰਿਜ਼ਨੋ (ਬਿਊਰੋ):** ਗਾਇਕ ਸੂਫੀ ਬਲਬੀਰ ਦੀ ਪੁਸਤਕ 'ਨਿੱਕਾ ਜਿਹਾ ਕੰਮ' ਇਥੇ ਇੰਡੀਆ ਓਵਨ ਰੈਸਟੋਰੈਂਟ ਵਿਖੇ ਪਿਛਲੇ ਦਿਨੀਂ ਇੱਕ ਸਾਦੇ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਇਸ ਮੌਕੇ ਬੋਲਦਿਆਂ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਸੂਫੀ ਨੂੰ ਇੱਕ ਨਿਵੇਕਲਾ ਸ਼ਾਇਰ ਗਰਦਾਨਿਆ।

ਆਪਣੀ ਪੁਸਤਕ ਵਿਚ ਸੂਫੀ ਬਲਬੀਰ ਨੇ ਉਹ ਅਣਛੋਹੇ ਵਿਸ਼ੇ ਛੋਹੇ ਹਨ, ਜਿਨ੍ਹਾਂ ਵੱਲ ਅੱਜ ਤੱਕ ਕਿਸੇ ਲੇਖਕ ਜਾਂ ਗਾਇਕ ਦਾ ਧਿਆਨ ਹੀ ਨਹੀਂ ਗਿਆ। ਉਨ੍ਹਾਂ ਦੇ ਲਿਖੇ ਤੇ ਗਾਏ ਗੀਤ 'ਚੌਕੀਦਾਰ' ਅਤੇ 'ਵਣਜਾਰਾ' ਬਹੁਤ ਮਕਬੂਲ ਹੋਏ ਸਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੈਰੀ ਢੇਸੀ, ਡਾ. ਅਰਜਨ ਸਿੰਘ ਜੋਸਨ, ਸ਼ਾਇਰ ਦਲਜੀਤ ਰਿਆੜ, ਰਾਜ ਬਰਾੜ ਨੇ ਸੂਫੀ ਬਲਵੀਰ ਨੂੰ ਮੁਬਾਰਕਬਾਦ ਦਿੱਤੀ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ।






# ਘਰੇ ਵਰੂਦੀ ਹਿੰਸਾ

## ਮੀਨਾ ਕੰਦਾਸਾਮੀ ਨੇ ਸੁਣਾਈ ਧੜਕਦੇ ਦਿਲ ਦੀ ਕਹਾਣੀ







ਸਾਲ 2014 ਵਿਚ ਲੋਕ ਸੰਘਰਸ਼ ਦੀ ਕਥਾ ਨਾਲ ਪਰੋਏ ਸ਼ਕਤੀਸ਼ਾਲੀ ਨਾਵਲ 'ਦਿ ਜਿਪਸੀ ਗੌਡੈਸ' ਤੋਂ ਬਾਅਦ ਮੀਨਾ ਕੰਦਾਸਾਮੀ ਦਾ ਨਵਾਂ ਨਾਵਲ 'ਵੈਨ ਆਈ ਹਿਟ' ਯੂ: ਔਰ, ਏ ਪੋਰਟਰੇਟ ਆਫ ਦਿ ਰਾਈਟਰ ਐਜ਼ ਏ ਯੰਗ ਵਾਈਫ਼' ਆਇਆ ਹੈ। ਇਹ ਨਾਵਲ ਵਿਆਹ ਤੋਂ ਬਾਅਦ ਔਰਤਾਂ ਉਤੇ ਹੁੰਦੀ ਘਰੇਲੂ ਹਿੰਸਾ ਨਾਲ ਸਬੰਧਤ ਹੈ। ਇਹ ਨਾਵਲ ਦਰਅਸਲ 32 ਸਾਲਾ ਲਿਖਾਰੀ ਮੀਨਾ ਕੰਦਾਸਾਮੀ ਦੀ ਆਪਣੀ ਜ਼ਿੰਦਗੀ ਦੀਆਂ ਘਟਨਾਵਾਂ ਨਾਲ

ਆਮਨਾ ਕੌਰ

ਗਹਿਰਾ ਜੁੜਿਆ ਹੋਇਆ ਹੈ। ਹਾਂ, ਜ਼ਿੰਦਗੀ ਦੀ ਇਸ ਹਕੀਕਤ ਵਿਚ ਉਸ ਨੇ ਆਪਣੀ ਕਲਪਨਾ ਦੀ ਇੰਨੀ ਉਚੀ ਉਡਾਣ ਭਰੀ ਹੈ ਕਿ ਇਹ ਨਾਵਲ ਔਰਤ ਦੀ ਬੇਵਸੀ ਅਤੇ ਇਸ ਬੇਵਸੀ ਦੀਆਂ ਬੇੜੀਆਂ ਕੱਟਣ ਦਾ ਅਹਿਮ ਦਸਤਾਵੇਜ਼ ਹੋ ਨਿਬੜਿਆ ਹੈ।

ਇਸ ਨਾਵਲ ਦੀ ਕਹਾਣੀ ਦੀ ਨਾਇਕਾ ਬੇਨਾਮ ਹੈ। ਇਸ ਬੇਨਾਮ ਨਾਇਕਾ ਰਾਹੀਂ ਮੀਨਾ ਕੰਦਾਸਾਮੀ ਨੇ ਜ਼ਿੰਦਗੀਆਂ ਦੀਆਂ ਤਲਖ ਹਕੀਕਤਾਂ ਪਾਠਕ ਦੇ ਸਾਹਮਣੇ ਲਿਆ ਖਿਲਾਰੀਆਂ ਹਨ। ਇਸ ਹਕੀਕਤ ਬਾਰੇ ਉਹ ਆਖਦੀ ਹੈ: "ਮੇਰੇ ਇਸ ਨਾਵਲ ਦੀ ਕਹਾਣੀ ਹੱਡਬੀਤੀ ਤਾਂ ਹੈ, ਪਰ ਇਸ ਹੱਡਬੀਤੀ ਨੂੰ ਕਾਗਜ਼ ਉਤੇ ਉਤਾਰਨਾ ਬਹੁਤ ਜੋਖਮ ਭਰਿਆ ਕਾਰਜ ਸੀ। ਤੁਹਾਨੂੰ ਆਪਣੇ ਆਪ ਨਾਲ ਸੌ ਵਾਰ ਲੜਨਾ ਪੈਂਦਾ ਹੈ। ਬਹੁਤ ਵਾਰ ਉਦਾਸੀ ਵੀ ਘੇਰਦੀ ਹੈ। ਇੰਨੇ ਤਰੱਦਦਾਂ ਤੋਂ ਬਾਅਦ ਕਿਤੇ ਜਾ ਕੇ ਹਕੀਕਤ, ਸਾਹਿਤ ਅਤੇ ਕਲਾ ਦਾ ਸੁਮੇਲ ਸੰਭਵ ਹੋ ਸਕਦਾ ਹੈ।"

ਮੀਨਾ ਕੰਦਾਸਾਮੀ ਦੀਆਂ ਇਸ ਤੋਂ ਪਹਿਲੀਆਂ ਰਚਨਾਵਾਂ ਵੀ ਸਿਰੇ ਦੇ ਜ਼ਬਤ ਅਤੇ ਵਿਦਰੋਹ ਨਾਲ ਭਰੀਆਂ ਹੋਈਆਂ ਹਨ। ਔਰਤ ਦੇ ਮਾਮਲੇ ਵਿਚ ਉਹ ਚਾਰ ਕਦਮ ਅਗਾਂਹ ਹੋ ਕੇ ਤੁਰਦੀ ਹੈ ਅਤੇ ਤੰਗ ਕਰਦੀਆਂ ਰੀਤਾਂ ਤੇ ਰੂੜੀਆਂ ਨੂੰ ਇਕੋ ਝਟਕੇ ਨਾਲ ਤੋੜ ਸੁਟਦੀ ਹੈ। ਉਸ ਦੇ ਫ਼ੇਸਬੁੱਕ ਅਕਾਊਂਟ 'ਤੇ ਝਾਤੀ ਮਾਰੋ ਤਾਂ ਪਤਾ ਲਗਦਾ ਹੈ ਕਿ ਉਸ ਦੀ ਸੋਚ ਅਤੇ ਸਮਝ ਕਿੰਨੀ ਉਚੀ ਉਡਾਣ ਭਰਦੀ ਹੈ; ਲਿਖਿਆ ਹੈ: "ਮੇਰੀ




ਕਾਲੀ ਕਤਲ ਕਰਦੀ ਹੈ। ਮੇਰੀ ਦਰੋਪਦੀ ਨਿਰਵਸਤਰ ਹੁੰਦੀ ਹੈ। ਮੇਰੀ ਸੀਤਾ ਕਿਸੇ ਦੀ ਗੋਦੀ ਚੜ੍ਹਦੀ ਹੈ। ਮੇਰੀਆਂ ਸਾਰੀਆਂ ਔਰਤਾਂ ਬਗਾਵਤ ਕਰਦੀਆਂ ਹਨ।"

ਇਸ ਤੋਂ ਪਹਿਲਾਂ ਮੀਨਾ ਕੰਦਾਸਾਮੀ ਆਪਣੇ ਦੋ ਕਾਵਿ-ਸੰਗ੍ਰਹਿ (ਟੱਚ-2006 ਅਤੇ ਮਿਸ ਮਿਲੀਟੈਂਸੀ-2010) ਛਪਾ ਚੁੱਕੀ ਹੈ। ਇਸ ਤੋਂ ਇਲਾਵਾ 2001-02 ਤੋਂ ਉਹ 'ਦਿ ਦਲਿਤ' ਨਾਂ ਦਾ ਦੋ-ਮਾਸਕ ਅੰਗੇਰਜ਼ੀ ਪਰਚਾ ਕੱਢ ਰਹੀ ਹੈ। ਇਹੀ ਨਹੀਂ, ਉਸ ਨੇ ਐਮ. ਨਿਸਾਰ ਨਾਲ ਰਲ ਕੇ 2008 ਵਿਚ 'ਅਯਾਨਕਲੀ- ਏ ਦਲਿਤ ਲੀਡਰ ਆਫ਼ ਆਰਗੈਨਿਕ ਪ੍ਰੋਟੈਸਟ' ਨਾਂ ਤਹਿਤ ਇਸ ਦਲਿਤ ਲੀਡਰ ਦੀ ਜੀਵਨੀ ਲਿਖੀ ਹੈ। 'ਦਿ ਜਿਪਸੀ ਗੌਡੈਸ' ਨਾਵਲ ਵਿਚ ਉਸ ਨੇ 1968 ਵਿਚ ਚੱਲੇ ਸੰਘਰਸ਼ ਨੂੰ ਜ਼ੁਬਾਨ ਦਿੱਤੀ ਹੈ।

## ਕਲਾ ਪਰਿਕਰਮਾ

ਤਾਮਿਲਨਾਡੂ ਦੇ ਇਕ ਪਿੰਡ ਦੇ ਪਿਛੋਕੜ ਵਿਚ ਉਸ ਨੇ ਜਗੀਰਦਾਰੀ ਸਿਸਟਮ ਉਤੇ ਬੜੇ ਤਿੱਖੇ ਸਵਾਲ ਕੀਤੇ ਹਨ। ਲਿਖਣ ਤੋਂ ਇਲਾਵਾ ਮੀਨਾ ਕੰਦਾਸਾਮੀ ਸਮਾਜ ਵਿਚ ਜਾਤ-ਪਾਤ ਅਤੇ ਲਿੰਗ ਵਿਤਕਰੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੀ ਰਹਿੰਦੀ ਹੈ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਉਹ ਹਿੰਦੂ ਅਤੇ ਤਾਮਿਲ ਮਿਥਾਂ ਦੇ ਤੂੰਬੇ ਉਡਾਉਂਦੀ ਹੈ।

ਮੀਨਾ ਕੰਦਾਸਾਮੀ ਦਾ ਜਨਮ 1984 ਵਿਚ ਹੋਇਆ ਸੀ। ਉਸ ਦੇ ਤਾਮਿਲ ਮਾਪੇ ਯੂਨੀਵਰਸਿਟੀ ਵਿਚ ਅਧਿਆਪਕ ਸਨ। ਉਨ੍ਹਾਂ ਨੇ ਆਪਣੀ ਇਸ ਧੀ ਦਾ ਨਾਂ ਈਲਾਵੇਨਿਲ ਰੱਖਿਆ। ਇਹ ਕੁੜੀ ਬੁਲੰਦ ਇਰਾਦੇ ਵਾਲੀ ਨਿਕਲੀ; ਆਜ਼ਾਦ ਖਿਆਲ। ਮਗਰੋਂ ਉਸ ਨੇ ਆਪਣਾ ਨਾਂ ਖੁਦ ਰੱਖਿਆ। ਕਵਿਤਾ ਪੜ੍ਹਨ ਦਾ ਸ਼ੌਕ ਉਸ ਨੂੰ ਬਚਪਨ ਵਿਚ ਹੀ ਪੈ ਗਿਆ ਸੀ। ਉਹ 17 ਵਰ੍ਹਿਆਂ ਦੀ ਹੋਈ ਤਾਂ ਖੁਦ ਕਵਿਤਾ ਲਿਖਣ ਲੱਗ ਪਈ। ਅੱਜ ਉਸ ਦੀ ਗਿਣਤੀ ਅੰਗਰੇਜ਼ੀ ਦੀਆਂ ਗਿਣਵੀਆਂ ਧੜੱਲੇਦਾਰ ਲਿਖਾਰੀਆਂ ਵਿਚ ਹੁੰਦੀ ਹੈ।




## ਅਦਾ, ਅਦਾਕਾਰੀ ਅਤੇ ਅੰਦਾਜ਼



*ਧੜੱਲੇਦਾਰ ਸ਼ਖਸੀਅਤ ਦੀ ਮਾਲਕ ਮੀਨਾ ਕੰਦਾਸਾਮੀ ਨੇ ਅਦਾਕਾਰੀ ਦੇ ਖੇਤਰ ਵਿਚ ਵੀ ਆਪਣੀ ਕਲਾ ਦਾ ਜਲੌਅ ਦਿਖਾਇਆ ਹੈ। ਉਸ ਨੇ ਮਲਿਆਲੀ ਫਿਲਮ 'ਓਰਾਲਪੋਕਮ' ਵਿਚ ਨਾਇਕਾ ਦਾ ਕਿਰਦਾਰ ਨਿਭਾਇਆ। ਇਹ ਫਿਲਮ ਸਾਨਲ ਕੁਮਾਰ ਸ਼ਸ਼ੀਧਰਨ ਨੇ ਬਣਾਈ ਸੀ। ਕੁੱਲ 26 ਲੱਖ ਰੁਪਏ ਵਿਚ ਬਣੀ ਇਸ ਫਿਲਮ ਲਈ ਸਮੁੱਚੇ ਫੰਡ ਆਮ ਜਨਤਾ ਤੋਂ ਇਕੱਠੇ ਕੀਤੇ ਗਏ ਸਨ। ਫਿਲਮ ਦੀ ਕਹਾਣੀ ਕੁਦਰਤੀ ਆਫਤ ਦੀ ਮਾਰ ਹੇਠ ਆਏ ਵਕਤਾਂ ਦੀ ਹੈ ਅਤੇ ਇਮਾਨਦਾਰ ਤੀਵੀਂ-ਮਰਦ ਦੇ ਰਿਸ਼ਤੇ ਦੀ ਬਾਤ ਇਸ ਫਿਲਮ ਵਿਚ ਬਾਖੂਬੀ ਪਾਈ ਗਈ ਹੈ। 19ਵੇਂ ਕੇਰਲ ਕੌਮਾਂਤਰੀ ਫਿਲਮ ਮੇਲੇ ਵਿਚ ਇਸ ਫਿਲਮ ਨੂੰ ਸਰਵੋਤਮ ਫਿਲਮ ਦਾ ਇਨਾਮ ਮਿਲਿਆ ਸੀ। ਇਸ ਤੋਂ ਇਲਾਵਾ ਸਾਲ 2014 ਲਈ ਫਿਲਮਸਾਜ਼ ਸਾਨਲ ਕੁਮਾਰ ਸ਼ਸ਼ੀਧਰਨ ਨੂੰ ਕੇਰਲ ਰਾਜ ਦਾ ਸਰਵੋਤਮ ਨਿਰਦੇਸ਼ਕ ਦਾ ਇਨਾਮ ਮਿਲਿਆ। ਇਸ ਫਿਲਮ ਵਿਚ ਅਦਾਕਾਰੀ ਲਈ ਮੀਨਾ ਕੰਦਾਸਾਮੀ ਦੀਆਂ ਖੂਬ ਸਿਫਤਾਂ ਹੋਈਆਂ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਜੁਲਾਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-280



*'ਗੂਗਲ ਬਾਬਾ' ਗੱਡਾ-ਰੇੜ੍ਹੀ ਉਤੇ ਵੀ ਜਾ ਗੱਜਿਆ।*
*ਪੇਂਡੂ ਮੁੰਡੇ ਝੱਟ ਰੋਕਿਆ ਵੱਛਾ ਜਾਂਦਾ ਭੱਜਿਆ।*

## ਕੈਪਸ਼ਨ ਮੁਕਾਬਲਾ-278



ਵਿਉਂਤ ਬਣਾਵੇ ਮੇਲੇ ਜਾਣ ਦੀ
ਚੁੱਕ ਕੇ 'ਸੀਲ' ਕੁੱਕੜ ਦੋ ਕੁੱਛੜ।
ਪੇਂਡੂ ਮੇਲਾ ਜਦੋਂ ਭਰ ਜਾਊ
ਲੜਾਈਏ ਟੋਨੀ ਦੇ ਕੁੱਕੜ ਨਾਲ ਕੁੱਕੜ।
ਦੂਜੇ ਤੋਂ ਫਿਰ ਦੋੜ ਲੁਆਈਏ
ਫੜ੍ਹ ਲਏ ਭਾਵੇਂ ਤਾਇਆ ਜਾਂ ਫੁੱਫੜ।
ਇਕ ਵਾਰ ਤਾਂ ਰੌਣਕ ਲੱਗ ਜਾਊ
ਜਦੋਂ ਝਕਾਣੀ ਦੇਹ ਘੁਮਾਊ ਕੁੱਕੜ।
'ਕੁੱਕੜੂੰ ਘੜੂੰ! ਪਲੀਲੇ ਵਿਚ ਤੂੰ'
ਫਿਰ ਨਾ ਕਦੇ ਸੁਣਾਊ ਕੁੱਕੜ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
***ਫੋਨ: 408-912-3438***

---

ਭੂਆ ਆਈ ਨਾਲ ਆਇਆ ਫੁੱਫੜ
ਕਹਿੰਦੇ ਕਰੋ ਸੇਵਾ, ਧਰ ਲਓ ਕੁੱਕੜ।
ਅੱਖ ਬਚਾ ਕੇ ਮੈਂ ਕੁੱਕੜ ਚੁੱਕ ਲਿਆਈ
ਰਹਿ ਗਈ ਉਨ੍ਹਾਂ ਦੀ ਸਕੀਮ ਧਰੀ ਧਰਾਈ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਐਵੇਂ ਬਾਂਗਾਂ ਦੇਈ ਜਾਵੇਂ
ਆ ਮੈਂ ਬੁੱਕਲ ਵਿਚ ਉਠਾਵਾਂ।
ਤੂੰ ਹੀ ਮੇਰਾ ਖੇਡ ਖਿਡਾਉਣਾ
ਚੂਚਿਆਂ ਨੂੰ ਵੀ ਨਾਲ ਰਲਾਵਾਂ।
ਨਾਲ ਤੇਰੇ ਮੈਂ ਖੇਡ ਖੇਡ ਕੇ
ਆਪਣਾ ਮਨ ਪ੍ਰਚਾਵਾਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਚੌਧਰੀਆਂ ਵਾਂਗੂੰ ਆਕੜ ਕੇ ਤੁਰਦਾ
ਇਹ ਮੇਰਾ ਲਾਲ ਕਲਗੀ ਵਾਲਾ ਕੁੱਕੜ।
ਜਿੰਨਾ ਮਰਜੀ ਲਾਡ ਲਡਾਓ ਇਸ ਨੂੰ
ਠੂੰਗਾਂ ਮਾਰ ਕੇ ਜਾਵੇ ਮੁੱਕਰ।
ਬਿੱਲੀ ਆਵੇ, ਬਿਪਤਾ ਆਵੇ, ਸ਼ੋਰ ਮਚਾਵੇ
ਟੱਬਰ ਆਪਣੇ ਦੀ ਰਾਖੀ ਕਰਦਾ ਘੁੱਕਰ।

***-ਜਗਜੀਤ ਕੌਰ, ਚੰਡੀਗੜ੍ਹ।***

---

ਰੰਗ-ਬਰੰਗੇ ਦੇਸੀ ਕੁੱਕੜ
ਹੋ ਰਹੇ ਨੇ ਅਲੋਪ
ਮੋਬਾਇਲਾਂ ਦੇ ਅਲਾਰਮ ਹੁਣ
ਬੰਦੇ ਨੂੰ ਜਗਾਉਂਦੇ।
ਹੁਣ ਇਨ੍ਹਾਂ ਦੇ ਸਾਥ ਦੀ
ਕੁੱਕੜੀਆਂ ਨੂੰ ਵੀ ਨਹੀਂ ਲੋੜ
ਟੀਕਿਆਂ ਨਾਲ ਹੀ ਅੰਡੇ ਨਿਕਲ ਆਉਂਦੇ।
ਲਹੂ-ਲੁਹਾਣ ਅਖਾੜੇ ਹੋ ਗਏ ਵਰਜਿਤ
ਇਨ੍ਹਾਂ ਦੀ ਤਾਕਤ-ਪਰਖ ਲਈ ਸੀ
ਜੋ ਕਰਵਾਉਂਦੇ।

***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਧੌਣ ਨੂੰ ਜਦ ਅਕੜਾਵੇ,
ਕੁਕੜੂੰ ਘੜੂੰ ਦੀ ਆਵਾਜ਼ ਲਗਾਵੇ,
ਬਾਂਗ ਦੇ ਕੇ ਦਿਨ ਚੜ੍ਹਾਵੇ,
ਫੁੱਲਿਆ ਨਹੀਂ ਸਮਾਉਂਦਾ ਕੁੱਕੜ।
ਮੇਰਾ ਮਨ ਪਰਚਾਉਂਦਾ ਕੁੱਕੜ।
ਹੱਥ ਕਿਸੇ ਨੂੰ ਲਾਉਣ ਨ੍ਹੀਂ ਦੇਣਾ,
ਕੁੱਕਰ ਵਿਚ ਪਕਾਉਣ ਨ੍ਹੀਂ ਦੇਣਾ,
ਆ ਜਾਵੇ ਭਾਵੇਂ ਫੁੱਫੜ ਦਾ ਫੁੱਫੜ।

***-ਦਵਿੰਦਰ ਕੌਰ***

---

ਘਰ ਦੀ ਕੁੱਕੜੀ ਦਾਲ ਬਰਾਬਰ
ਹਰ ਸ਼ੈਅ ਦੇ ਦੋ ਪਾਸੇ।
ਇਕ, ਭੁੱਖਾ ਢਿੱਡ ਕੀ ਨਾ ਖਾਵੇ
ਦੂਜਾ, ਲੱਗਦੀ ਸੋਹਣੀ ਮੂਰਤ।
ਕਲਗੀ ਵੀ ਹੈ ਸਿਰ 'ਤੇ
ਨੱਚਦਾ ਟੱਪਦਾ ਬਾਂਗ ਦਿੰਦਾ
ਨਹੀਂ ਲੋੜ ਅਲਾਰਮ ਦੀ।
ਕਿੰਨਾ ਸੋਹਣਾ ਦਿਲ ਨੂੰ ਮਨਮੋਹਣਾ
ਉਚਾਰਦਾ ਜਦੋਂ 'ਕੁੱਕੜੂ ਘੜੂੰ'
ਸਾਰਾ ਮੁਹੱਲਾ ਉਠ ਖੜ੍ਹਦਾ,
ਕਰ ਕਾਬੂ ਮਰੋੜੀ ਧੌਣ
ਹੋ ਗਿਆ ਨਿਰਜਿੰਦ ਜਦ
ਤਲੋ, ਲਾਓ ਤੁੜਕਾ ਜੋ ਮਰਜੀ
ਬਣ ਗਈ ਉਹ ਖੁਰਾਕ ਤੁਹਾਡੀ।

***-ਦਰਸ਼ਨਪਾਲ ਦੋਸਾਂਝ***

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 4234 Monet Dr., Stockton, CA 95206
2. 2903 Stallion Way, San Jose, CA 95121
3. 4292 Solar Cir., Union City, CA 94587
4. 950 Wildgrass Ct., Gilroy, CA 95020
5. 32442 Woodland Dr., Union City, CA 94587
6. 1946 Winterpark Way, San Jose, CA 95122
7. 1485 E. Grant Line Rd., Tracy, CA 95304

**Call for Listing Special 2017**



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

Fremont Office:
86 Pilgrim Loop
Fremont CA 94539
Tel:510-440-9292
Fax:510-656-8941

E-mail: jassi@jassigill.com
or
Visit us @ www.jassigill.com
for hot listings

Follow us on zillow.com
and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

# ਵਸਤਾਂ ਦੇ ਜੰਗਲ ਵਿਚ ਗੁਆਚਿਆ ਮਨੁੱਖ

***ਜਦੋਂ ਤੋਂ ਮੰਡੀ ਦਾ ਪ੍ਰਤਾਪ ਵਧਿਆ ਹੈ, ਹਰ ਮਨੁੱਖ ਵੱਧ ਤੋਂ ਵੱਧ ਵਸਤਾਂ ਇਕੱਠੀਆਂ ਕਰਨ ਦੇ ਰਾਹ ਪੈ ਗਿਆ ਹੈ। ਪੂੰਜੀਵਾਦ ਦੇ ਇਸ ਦੌਰ ਵਿਚ ਦਿਖਾਵਾ ਹੀ ਸਭ ਕੁਝ ਤੈਅ ਕਰ ਰਿਹਾ ਹੈ ਅਤੇ ਮਨੁੱਖ ਇਸ ਗੇੜ ਵਿਚ ਫਸਿਆ ਲਗਾਤਾਰ ਭੱਜ ਰਿਹਾ ਹੈ। ਇਸ ਦੌੜ ਦਾ ਕਿਤੇ ਕੋਈ ਅੰਤ ਨਹੀਂ ਦਿਸਦਾ। ਸਮਕਾਲੀ ਮਸਲਿਆਂ ਬਾਰੇ ਕਲਮ ਚਲਾਉਣ ਵਾਲੇ ਲਿਖਾਰੀ ਗੁਰਚਰਨ ਸਿੰਘ ਨੂਰਪੁਰ ਨੇ ਵਸਤਾਂ ਦੇ ਇਸ ਜੰਗਲ ਵਿਚ ਘਿਰੇ/ਗੁਆਚੇ ਮਨੁੱਖ ਦੀ ਤ੍ਰਾਸਦੀ ਆਪਣੇ ਇਸ ਲੇਖ ਵਿਚ ਬਿਆਨ ਕੀਤੀ ਹੈ। -ਸੰਪਾਦਕ***

ਕੋਈ ਸੰਨਿਆਸੀ ਕਿਸੇ ਪਹਾੜੀ ਰਸਤੇ 'ਤੇ ਚੱਲ ਰਿਹਾ ਸੀ। ਪਹਾੜ ਦੀ ਚੜ੍ਹਾਈ ਅਤੇ ਸਿਰ 'ਤੇ ਚੁੱਕੇ ਚੀਜ਼ਾਂ ਵਸਤਾਂ ਦੇ ਭਾਰ ਨੇ ਉਸ ਨੂੰ ਥਕਾ ਦਿੱਤਾ। ਉਹ ਕੁਝ ਕਦਮ ਚਲਦਾ ਤੇ ਸਾਹੋ-ਸਾਹੀ ਹੋ ਕੇ ਰੁਕ ਜਾਂਦਾ। ਇਸ ਦੌਰਾਨ ਇਕ ਪਹਾੜੀ ਕੁੜੀ ਜੋ ਨਿੱਕੇ ਬੱਚੇ ਨੂੰ ਚੁੱਕੀ ਪਹਾੜ ਦੀ ਚੜ੍ਹਾਈ ਆਰਾਮ ਨਾਲ ਚੜ੍ਹ ਰਹੀ ਸੀ, ਉਸ ਦੇ ਕੋਲ ਦੀ ਲੰਘੀ। ਸੰਨਿਆਸੀ ਨੇ ਉਤਸੁਕ ਹੋ ਕੇ ਕੁੜੀ ਨੂੰ ਪੁੱਛਿਆ, "ਬੇਟੀ ਤੂੰ ਏਨਾ ਭਾਰ ਲੈ ਕੇ ਕਿਵੇਂ ਆਰਾਮ ਨਾਲ ਚਲਦੀ ਜਾ ਰਹੀ ਏਂ?" ਕੁੜੀ ਬੋਲੀ, "ਤੁਹਾਨੂੰ ਦੇਖਣ ਵਿਚ ਗਲਤੀ ਲੱਗੀ ਹੈ, ਇਹ ਭਾਰ ਕਦੋਂ ਏ? ਇਹ ਤਾਂ ਮੇਰਾ ਭਰਾ ਏ, ਭਾਰ ਤਾਂ ਤੁਸੀਂ ਚੁੱਕਿਆ ਹੋਇਆ ਹੈ!" ਜਿਉਣ ਲਈ ਜਿਸ ਦੀ ਵੱਧ ਲੋੜ ਹੁੰਦੀ ਹੈ, ਉਸ ਨੂੰ ਅਕਸਰ ਅਸੀਂ ਅਣਗੌਲਿਆ ਕਰੀ ਰੱਖਦੇ ਹਾਂ ਅਤੇ ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਕਿੰਨੀ ਹੀ ਤਰ੍ਹਾਂ

**ਗੁਰਚਰਨ ਸਿੰਘ ਨੂਰਪੁਰ**
ਫੋਨ: +91-98550-51099

ਦੇ ਵਾਧੂ ਬੋਝ ਉਮਰ ਭਰ ਢੋਂਹਦੇ ਰਹਿੰਦੇ ਹਾਂ।

ਦੁਨੀਆ ਨੂੰ ਜਿੱਤਣ ਦਾ ਸੁਪਨਾ ਲੈ ਕੇ ਮਕਦੂਨੀਆਂ ਤੋਂ ਤੁਰੇ ਸਿਕੰਦਰ ਬਾਦਸ਼ਾਹ ਦਾ ਸਾਹਮਣਾ ਜਦੋਂ ਕਾਲਕਟ ਨਾਂ ਦੇ ਫ਼ਕੀਰ ਨਾਲ ਹੋਇਆ ਤਾਂ ਸਿਕੰਦਰ ਨੇ ਕਿਹਾ- "ਮੈਂ ਦੁਨੀਆ ਨੂੰ ਜਿੱਤਣ ਤੁਰਿਆ ਉਹ ਸਿਕੰਦਰ ਹਾਂ ਜਿਸ ਦੇ ਪੈਰਾਂ ਵਿਚ ਸਲਤਨਤਾਂ ਝੁਕਦੀਆਂ, ਤੁਹਾਨੂੰ ਮਿਲਣ ਆਇਆ ਹਾਂ, ਜੋ ਚਾਹੋ ਪਲ ਵਿਚ ਤੁਹਾਡੇ ਲਈ ਹਾਜ਼ਰ ਕਰ ਸਕਦਾ ਹਾਂ। ਉਠ ਕੇ ਮੇਰੇ ਨਾਲ ਵਾਰਤਾਲਾਪ ਕਰੋ।" ਆਪਣੀ ਝੌਂਪੜੀ ਦੇ ਬਾਹਰ ਧੁੱਪ ਸੇਕ ਰਹੇ ਕਾਲਕਟ ਨੇ ਕਿਹਾ- "ਜੇ ਮੇਰੇ ਲਈ ਕੁਝ ਕਰ ਸਕਦੇ ਹੋ ਤਾਂ ਜ਼ਰਾ ਕੁ ਪਾਸੇ ਹੋ ਕੇ ਖੜ੍ਹੋ, ਧੁੱਪ ਆਉਣ ਦਿਓ, ਹੋਰ ਕੁਝ ਨਹੀਂ ਚਾਹੀਦਾ।" ਬੇਪ੍ਰਵਾਹ ਕਾਲਕਟ ਸਾਹਵੇਂ ਛਿੱਥੇ ਪੈ ਕੇ ਸਿਕੰਦਰ ਨੇ ਫਿਰ ਪੁੱਛਿਆ, "ਇਹ ਬੇਪ੍ਰਵਾਹੀ ਕਿਥੋਂ ਆਈ?" ਕਾਲਕਟ ਨੇ ਜਵਾਬ ਦਿੱਤਾ, "ਇਹ ਬੇਪ੍ਰਵਾਹੀ ਉਦੋਂ ਆਉਂਦੀ ਹੈ, ਜਦੋਂ ਬੰਦਾ ਅੰਦਰੋਂ ਭਰਿਆ ਹੋਇਆ ਹੁੰਦਾ ਹੈ। ਜਦੋਂ ਅੰਦਰੋਂ ਖਾਲੀ ਹੋਵੇ ਤਾਂ ਉਹ ਦੁਨੀਆ ਭਰ ਦੀ ਧਨ-ਦੌਲਤ ਇਕੱਠਾ ਕਰਨ ਲਈ ਹਰ ਹਰਬਾ ਵਰਤਦਾ ਹੈ, ਦਿਨ-ਰਾਤ ਭੱਜਦਾ ਹੈ। ਜਿੰਨਾ ਵੱਧ ਖਾਲੀ ਹੁੰਦਾ ਹੈ, ਓਨਾ ਵਧੇਰੇ ਭਰਨ ਦੀ ਕੋਸ਼ਿਸ਼ ਕਰਦਾ ਹੈ। ਅਗਲੇ ਪਲ ਖਲਾਅ ਹੋਰ ਵਧਦਾ ਜਾਂਦਾ ਹੈ, ਇਹ ਖਲਾਅ ਕਦੇ ਨਹੀਂ ਭਰਦਾ। ਬੰਦਾ ਸਾਰੀ ਹਯਾਤੀ ਇਸ ਨੂੰ ਭਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ, ਪਰ ਖਲਾਅ ਹੋਰ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ।"

ਸਾਡੇ ਮਨਾਂ ਅੰਦਰਲਾ ਸਿਕੰਦਰ ਹੋਰ ਇਕੱਠਾ ਕਰਨ ਲਈ ਦਿਨ-ਰਾਤ ਭਟਕਦਾ ਹੈ। ਬਾਜ਼ਾਰ ਨੇ ਇਸ ਭਟਕਣਾ ਨੂੰ ਹਜ਼ਾਰਾਂ ਗੁਣਾਂ ਵਧਾ ਦਿੱਤਾ ਹੈ। ਜਿਥੇ ਸਮਾਜ ਦਾ ਵੱਡਾ ਵਰਗ ਆਪਣੀਆਂ ਨਿੱਤ ਦਿਨ ਦੀਆਂ ਲੋੜਾਂ ਦੀ ਪੂਰਤੀ ਲਈ ਨੱਠ-ਭੱਜ ਕਰਦਾ ਹੈ, ਉਥੇ ਸਾਧਨ ਪ੍ਰਾਪਤ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਲਈ ਨਿੱਤ ਨਵੀਆਂ ਤਰਕੀਬਾਂ ਸੋਚੀਆਂ ਜਾ ਰਹੀਆਂ ਹਨ। ਮਨੁੱਖੀ ਲੋੜਾਂ ਦੀ ਪੂਰਤੀ ਲਈ ਨਹੀਂ, ਬਲਕਿ ਮਨੁੱਖ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਮਝ ਕੇ ਇਸ ਲਈ ਮਸਨੂਈ ਲੋੜਾਂ ਪੈਦਾ ਕਰਨ ਦੀਆਂ ਖੋਜਾਂ ਹੋ ਰਹੀਆਂ ਹਨ; ਭਾਵ ਬਾਜ਼ਾਰ ਸਾਨੂੰ ਉਹ ਕੁਝ ਵੀ ਖਰੀਦਣ ਲਈ ਉਕਸਾਉਂਦਾ ਹੈ ਜਿਹਦੀ ਸਾਨੂੰ ਲੋੜ ਨਹੀਂ ਹੁੰਦੀ। ਇਸ਼ਤਿਹਾਰਬਾਜ਼ੀ ਦਾ ਤਲਿਸਮੀ ਸੰਸਾਰ ਸਾਡੇ ਅੱਗੇ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਪਰੋਸ ਰਿਹਾ ਹੈ ਅਤੇ ਦੱਸ ਰਿਹਾ ਹੈ ਕਿ ਦੁਨੀਆ ਦੇ ਹਾਣ ਦੇ ਹੋਣ ਲਈ ਇਹ ਸਭ ਕੁਝ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਬਾਜ਼ਾਰ ਦੀ ਪਹੁੰਚ ਹੁਣ ਸਾਡੇ ਘਰਾਂ ਤੱਕ ਨਹੀਂ, ਬਲਕਿ ਇਸ ਤੋਂ ਕਿਤੇ ਅਗਾਂਹ ਸਾਡੇ ਜ਼ਿਹਨ ਤੱਕ ਹੈ। ਬਾਜ਼ਾਰ ਦੀ ਇਹ ਸਮਰੱਥਾ ਹੈ ਕਿ ਇਹ ਇਕੋ ਨੁਸਖੇ ਨਾਲ ਮੋਟਿਆਂ ਨੂੰ ਪਤਲੇ ਅਤੇ ਪਤਲਿਆਂ ਨੂੰ ਮੋਟੇ ਹੋਣ ਦਾ ਦਾਅਵਾ ਕਰ ਕੇ ਸਫਲਤਾਪੂਰਵਕ ਆਪਣਾ ਸੌਦਾ ਵੇਚ ਸਕਦਾ ਹੈ।

ਖਾਹਸ਼ਾਂ ਦੀ ਪੂਰਤੀ ਲਈ ਹਵਨ ਸਮੱਗਰੀਆਂ ਵੇਚੀਆਂ ਜਾ ਰਹੀਆਂ ਹਨ। ਕਰਾਮਾਤੀ ਢੰਗ ਨਾਲ ਕਿਸਮਤ ਬਦਲਣ ਦੇ ਗੁਰ ਵੇਚੇ ਜਾ ਰਹੇ ਹਨ। ਤਰੱਕੀ ਦੇ ਸ਼ਾਰਟਕੱਟ ਰਸਤੇ ਸੁਝਾਏ ਜਾ ਰਹੇ ਹਨ। ਵੱਡੇ-ਛੋਟੇ ਟੋਟਕੇ ਦੱਸ ਕੇ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਦੀਆਂ ਤਰਕੀਬਾਂ ਵੇਚੀਆਂ ਜਾ ਰਹੀਆਂ ਹਨ। ਸਕੂਲਾਂ-ਕਾਲਜਾਂ ਵਿਚ ਬੱਚਿਆਂ ਨੂੰ ਨਿੰਗਰ ਕਦਰਾਂ-ਕੀਮਤਾਂ ਨਹੀਂ, ਬਲਕਿ ਵਿਸ਼ਾ ਮਾਹਿਰ ਪੈਦਾ ਕਰਨ ਦੀ ਕਵਾਇਦ ਚੱਲ ਰਹੀ ਹੈ। ਸਿੱਖਿਆ ਨੂੰ ਹੁਣ ਬੱਚਿਆਂ/ਨੌਜਵਾਨਾਂ ਵਿਚ ਗੁਣਵੱਤਾ ਪੈਦਾ ਕਰਨ ਲਈ ਨਹੀਂ, ਬਲਕਿ ਪੈਸਾ ਲਾ ਕੇ ਪੈਸਾ ਕਮਾਉਣ ਦੇ ਸਾਧਨ ਵਜੋਂ ਵੇਖਿਆ ਜਾ ਰਿਹਾ ਹੈ। ਸਿੱਖਿਆ ਦੇਣ ਵਾਲੇ ਹੁਣ ਪਰਉਪਕਾਰੀ ਨਹੀਂ ਰਹੇ, ਬਲਕਿ ਵਪਾਰੀ ਬਣ ਗਏ ਹਨ।

ਸਿੱਖਿਆ ਲੈਣ ਵਾਲਿਆਂ ਨੂੰ ਸਿਖਿਆਰਥੀ



ਨਹੀਂ, ਬਲਕਿ ਗਾਹਕ ਵਜੋਂ ਵੇਖਿਆ ਜਾਣ ਲੱਗਿਆ ਹੈ। ਇਹੋ ਕਾਰਨ ਹੈ ਕਿ ਸਿੱਖਿਆ ਵੇਚਣ ਵਾਲਿਆਂ ਅਤੇ ਇਸ ਦੇ ਗਾਹਕਾਂ ਵਿਚ ਆਪਸੀ ਸਬੰਧ ਵਿਗੜ ਰਹੇ ਹਨ। ਨਿੰਗਰ ਕਦਰਾਂ-ਕੀਮਤਾਂ ਦੇ ਅਰਥ ਬਦਲ ਗਏ ਹਨ। ਪੈਸਾ ਅਤੇ ਚੇਨ ਚਲਾ ਕੇ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਜੋ ਆਪਣੇ ਗਾਹਕਾਂ ਨੂੰ ਵਿਕਰੇਤਾ ਵੀ ਬਣਾ ਲੈਂਦੀਆਂ ਹਨ, ਉਨ੍ਹਾਂ ਨੂੰ ਇਹੀ ਸਿਖਾਉਂਦੀਆਂ ਹਨ। ਹੁਣ ਤੱਕ ਕੋਈ ਵੀ ਬੰਦਾ ਹੱਥੀਂ ਮਿਹਨਤ ਕਰ ਕੇ ਅਮੀਰ ਨਹੀਂ ਹੋਇਆ, ਬਲਕਿ ਅਮੀਰ ਉਹ ਬਣਦਾ ਹੈ ਜੋ ਹੱਥੀਂ ਕਿਰਤ ਕਰਨ ਦੀ ਬਜਾਇ ਦਿਮਾਗ ਤੋਂ ਕੰਮ ਲਵੇ। ਦੂਜੇ ਅਰਥਾਂ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਅਮੀਰ ਤਾਂ ਹੀ ਹੋ ਸਕਦੇ ਹੋ, ਜੇ ਤੁਸੀਂ ਚਾਲਬਾਜ਼ੀਆਂ ਕਰਨੀਆਂ ਸਿੱਖ ਜਾਓਗੇ। ਹੱਥੀਂ ਮਿਹਨਤ ਕਰਨ ਦਾ ਸੰਕਲਪ ਸਮਾਜ ਵਿਚੋਂ ਮਨਫ਼ੀ ਹੋ ਰਿਹਾ ਹੈ, ਪਰ ਬਹੁਤ ਸਾਰੀ ਵਿਅਰਥ ਨੱਠ-ਭੱਜ ਲਗਾਤਾਰ ਵਧ ਰਹੀ ਹੈ।

ਮਨ ਦੀ ਭਟਕਣਾ ਦੇ ਵਧਣ ਨਾਲ ਸਮਾਜ ਵਿਚ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਪੈਦਾ ਹੋ ਰਹੇ ਹਨ। ਵੱਡੀ ਗਿਣਤੀ ਵਿਚ ਲੋਕ ਨਿਰਾਸ਼ਾ ਦਾ ਸ਼ਿਕਾਰ ਬਣ ਰਹੇ ਹਨ। ਜਦੋਂ ਮਨੁੱਖਾਂ ਦੀਆਂ ਇਛਾਵਾਂ ਬੇਲਗਾਮ ਹੋ ਜਾਣ ਅਤੇ ਕਿਰਤ ਦੇ ਸਾਧਨ ਸੁੰਗੜ ਜਾਣ ਤਾਂ ਲੋਕ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋਣ ਲਗਦੇ ਹਨ। ਜ਼ਿੰਦਗੀ ਦਾ ਸੁਹਜ ਸਵਾਦ ਲਗਾਤਾਰ ਗੁਆਚ ਰਿਹਾ ਹੈ। ਸਾਡੇ ਆਲੇ-ਦੁਆਲੇ ਵਸਤਾਂ ਦੇ ਅੰਬਾਰ ਲੱਗ ਗਏ ਹਨ। ਮਕਾਨਾਂ ਕੋਠੀਆਂ ਦੇ ਕੱਦ ਵੱਡੇ ਹੋ ਰਹੇ ਹਨ, ਪਰ ਮਨੁੱਖਾਂ ਦੇ ਕਿਰਦਾਰ ਬੌਣੇ ਹੋ ਰਹੇ ਹਨ। ਸਾਡੇ ਦੁਆਰਾ ਹੰਢਾਈਆਂ/ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਤਾਦਾਦ ਲਗਾਤਾਰ ਵਧ ਰਹੀ ਹੈ, ਪਰ ਮਨਾਂ ਅੰਦਰਲਾ ਖਾਲੀਪਣ ਵੀ ਉਸੇ ਮਿਕਦਾਰ ਵਿਚ ਵਧ ਰਿਹਾ ਹੈ। ਟੀ. ਵੀ. ਚੈਨਲਾਂ ਅਤੇ ਇੰਟਰਨੈਟ ਦੀ ਦੁਨੀਆ ਨੇ ਬਾਜ਼ਾਰ ਦੀ ਹਰ ਵਸਤ ਨੂੰ ਸਾਡੇ ਕਰੀਬ ਕਰ ਦਿੱਤਾ ਹੈ। ਬੇਲਗਾਮ ਖਾਹਸ਼ਾਂ ਦਾ ਸਤਾਇਆ ਮਨੁੱਖ ਲਗਾਤਾਰ ਬੇਚੈਨੀ ਦੇ ਆਲਮ ਵਿਚ ਹੈ।

ਸਮਾਜ ਦੇ ਬਹੁਤ ਸਾਰੇ ਲੋਕਾਂ ਕੋਲ ਭਾਵੇਂ ਪੈਸਾ ਹੈ, ਪਰ ਖੁਸ਼ਹਾਲੀ ਨਹੀਂ ਹੈ। ਅਮਰੀਕਾ ਵਰਗੇ ਵਿਕਸਤ ਦੇਸ਼ ਜਿਥੇ ਪੈਸੇ ਦੀ ਚਮਕ-ਦਮਕ ਸਾਡੇ ਨਾਲੋਂ ਕਿਤੇ ਵੱਧ ਹੈ, ਬਹੁਗਿਣਤੀ ਲੋਕ ਮਾਨਸਿਕ ਤਣਾਅ ਦੇ ਸ਼ਿਕਾਰ ਹਨ। ਜੀਵਨ ਦੇ ਨਿਰਬਾਹ ਲਈ ਪੈਸਾ ਜ਼ਰੂਰੀ ਹੈ, ਪਰ ਮਨੁੱਖ ਦੀਆਂ ਸਭ ਸਰਗਰਮੀਆਂ ਹੀ ਪੈਸੇ ਲਈ ਹੋਣ, ਇਹ ਉਸ ਦੀ ਸੋਚ ਦਾ ਦਿਵਾਲੀਆਪਣ ਹੈ।

ਜਦੋਂ ਵੀ ਮਨੁੱਖ ਕਿਰਤ ਅਤੇ ਕੁਦਰਤ ਨਾਲੋਂ ਟੁੱਟਦਾ ਹੈ ਤਾਂ ਉਸ ਅੰਦਰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਮੁਸ਼ਕਿਲਾਂ, ਸਮੱਸਿਆਵਾਂ ਅਤੇ ਵਿਕਾਰ ਪੈਦਾ ਹੁੰਦੇ ਹਨ। ਸਾਡੇ ਸਮਾਜ ਦੀ ਵੀ ਅਜਿਹੀ ਹਾਲਤ ਹੈ। ਅਸੀਂ ਆਪਣੇ ਖਾਸੇ ਨਾਲੋਂ ਟੁੱਟ ਕੇ ਖੋਖਲੇ ਹੋ ਰਹੇ ਹਾਂ। ਇਨ੍ਹਾਂ ਖਾਲੀ ਥਾਵਾਂ ਨੂੰ ਭਰਨ ਲਈ ਕਈ ਤਰ੍ਹਾਂ ਦੇ ਅਡੰਬਰ ਰਚਣ ਦੀ ਕੋਸ਼ਿਸ਼ ਵਿਚ ਹਾਂ। ਆਪਣੀ ਅਹਿਮੀਅਤ ਦਿਖਾਉਣ ਆਪਣੀ ਹਉਮੈ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਸਾਡੇ ਸਮਾਜ ਵਿਚ ਲਗਾਤਾਰ ਵਧ ਰਹੀ ਹੈ।

ਕਰਜ਼ੇ ਚੁੱਕ ਕੇ ਵੀ ਵਿਆਹਾਂ-ਸ਼ਾਦੀਆਂ 'ਤੇ ਵੱਡੇ ਇਕੱਠ ਕਰਨੇ, ਮਹਿੰਗੇ ਖਾਣੇ ਤੇ ਮਹਿੰਗੀਆਂ ਸ਼ਰਾਬਾਂ, ਬਰਾਤ ਵਿਚ ਆਏ ਸਾਕ-ਸਬੰਧੀਆਂ ਨੂੰ ਸੋਨੇ ਦੇ ਕੜੇ, ਮੁੰਦਰੀਆਂ ਦੇ ਥਾਲ ਭਰ ਕੇ ਪੇਸ਼ ਕਰਨੇ, ਮਰਗਾਂ ਦੇ ਭੋਗਾਂ 'ਤੇ ਵੱਡੇ ਇਕੱਠ ਕਰ ਕੇ ਬੇ-ਹਿਸਾਬਾ ਪੈਸਾ ਖ਼ਰਚ ਕਰਨਾ, ਇਹ ਸਭ ਕੁਝ ਮਨ ਦੇ ਖਾਲੀਪਣ ਨੂੰ ਭਰਨ ਦੀ ਵਿਆਰਥ ਕੋਸ਼ਿਸ਼ ਹੀ ਹੈ। ਬੰਦੇ ਨੇ ਜੇ ਦੋ ਮੰਜ਼ਲੀ ਕੋਠੀ ਪਾਈ ਹੈ ਤਾਂ ਵਿਤੋਂ ਵੱਧ ਪੈਸਾ ਖ਼ਰਚ ਕੇ ਉਸ ਦੇ ਬਰਾਬਰ ਜਾਂ ਉਸ ਤੋਂ ਉਚੀ ਕੋਠੀ ਪਾ ਕੇ ਪਿੰਡ ਵਿਚ ਆਪਣਾ ਮਾਣ-ਸਨਮਾਨ ਬਹਾਲ ਕਰਨ ਦੀ ਕੋਸ਼ਿਸ਼ ਕਰਨਾ ਇਹ ਦਰਸਾਉਂਦਾ ਹੈ ਕਿ ਅਸੀਂ ਅੰਦਰੋਂ ਭਰੇ ਹੋਏ ਨਹੀਂ ਹਾਂ, ਕਿਸੇ ਭਟਕਣਾ ਦੇ ਸ਼ਿਕਾਰ ਹਾਂ। ਜੇ ਇਹ ਵਿਚਾਰਿਆ ਜਾਵੇ ਕਿ ਪਿੰਡ ਵਿਚ ਰਹਿੰਦੇ ਚਾਲੀ-ਪੰਜਾਹ ਘਰ ਸਾਡੀ ਬਹਿ ਜਾ ਬਹਿ ਜਾ ਨਾ ਵੀ ਕਰਨ ਤਾਂ ਕੀ ਫ਼ਰਕ ਪਵੇਗਾ? ਆਪਣੇ ਆਲੇ-ਦੁਆਲੇ ਰਹਿੰਦੇ ਲੋਕਾਂ ਵਿਚ ਸਾਡੇ ਕਰਜ਼ਾ ਚੁੱਕ ਕੇ ਪਾਏ ਘਰ ਦੀ ਚਰਚਾ ਜੇ ਨਾ ਵੀ ਹੋਵੇਗੀ ਤਾਂ ਕੀ ਅਸੀਂ ਇਸ ਨਾਲ ਛੋਟੇ ਪੈ ਜਾਵਾਂਗੇ?

ਕਿਸੇ ਸਮੇਂ ਧਰਮ ਕਰਮ ਨਾਲ ਜੁੜੀਆਂ ਸਰਗਰਮੀਆਂ ਅਤੇ ਮਾਨਵਵਾਦੀ ਸੋਚਾਂ ਵਾਲੇ ਇਨਸਾਨ ਮਨੁੱਖ ਨੂੰ ਲੋਭ, ਲਾਲਚ, ਇਛਾਵਾਂ, ਲਾਲਸਾਵਾਂ ਤੋਂ ਸੁਚੇਤ ਰਹਿਣ ਦੀ ਗੱਲ ਕਰਦੇ ਸਨ। ਸਾਡੀ ਲੋਕਧਾਰਾ ਕਹਿੰਦੀ ਹੈ- 'ਸਾਢੇ ਤਿੰਨ ਹੱਥ ਧਰਤੀ ਤੇਰੀ, ਬਹੁਤੀਆਂ ਜਗੀਰਾਂ ਵਾਲਿਆ'। ਅਜਿਹੀਆਂ ਸਿੱਖਿਆਵਾਂ ਮਨੁੱਖ ਨੂੰ ਲੁੱਟ-ਖਸੁੱਟ ਕਰ ਕੇ ਧਨ ਇਕੱਠਾ ਕਰਨ ਤੋਂ ਸੁਚੇਤ ਕਰਦੀਆਂ ਸਨ, ਪਰ ਅੱਜ ਦੇ ਦੌਰ ਵਿਚ ਆਮ ਲੋਕਾਂ ਦੀ ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਵੀ ਮਾਇਆ ਦੇ ਇਸ ਤਲਿਸਮੀ ਵਹਿਣ ਵਿਚ ਵਹਿ ਗਏ ਹਨ। ਮੋਹ ਮਾਇਆ ਤੋਂ ਸੁਚੇਤ ਰਹਿਣ ਦਾ ਹੋਕਾ ਦੇਣ ਅਤੇ ਮਾਇਆ ਨੂੰ ਨਾਗਣੀ ਦੱਸਣ ਵਾਲਿਆਂ ਨੇ ਹੀ ਸਭ ਤੋਂ ਵੱਧ ਮਾਇਆ ਇਕੱਠੀ ਕੀਤੀ ਹੈ।

ਵੱਡੇ ਵੱਡੇ ਡੇਰੇ, ਮਹਿੰਗੇ ਠਾਠ-ਬਾਠ, ਮਹਿੰਗੀਆਂ ਗੱਡੀਆਂ ਅਤੇ ਵੱਡੇ-ਵੱਡੇ ਅਡੰਬਰ ਰਚਾ ਕੇ ਇਨ੍ਹਾਂ ਵਿਚ ਇਕ-ਦੂਜੇ ਤੋਂ ਵੱਧ ਮਹਿਮਾ ਕਰਾਉਣ ਦੀ ਦੌੜ ਲੱਗੀ ਹੋਈ ਹੈ। ਸ਼ਰਧਾ ਨੂੰ ਕਾਰੋਬਾਰ ਬਣਾ ਲਿਆ ਗਿਆ ਹੈ ਅਤੇ ਇਸ ਤੋਂ ਮੋਟੀਆਂ ਕਮਾਈਆਂ ਕਰ ਕੇ ਵੱਧ ਤੋਂ ਵੱਧ ਧਨ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮਨ ਦੀ ਭਟਕਣਾ ਨੂੰ ਸ਼ਾਂਤ ਕਰਨ ਕਰਨ ਲਈ ਲਾਲਸਾਵਾਂ ਲਗਾਤਾਰ ਵਧਦੀਆਂ ਰਹਿੰਦੀਆਂ ਹਨ।

ਅਸੀਂ ਸਭ ਇਸ ਧਰਤੀ 'ਤੇ ਕੁਝ ਸਮਾਂ ਰਹਿਣ ਲਈ ਆਏ ਹਾਂ। ਅਸੀਂ ਇਸ ਮਿੱਟੀ ਤੋਂ ਪੈਦਾ ਹੋਏ ਅਤੇ ਇਕ ਨਾ ਇਕ ਦਿਨ ਇਸ ਮਿੱਟੀ ਵਿਚ ਹੀ ਸਮਾ ਜਾਣਾ ਹੈ। ਇਹ ਧਰਤੀ ਸਾਡੇ ਲਈ ਖੁਰਾਕ ਪੈਦਾ ਕਰਦੀ ਹੈ। ਇਹ ਕੁਦਰਤੀ ਖੁਰਾਕ ਅਤੇ ਕੁਦਰਤੀ ਰਹਿਣ-ਸਹਿਣ ਅਤੇ ਆਪਸੀ ਭਾਈਚਾਰਾ, ਮੋਹ, ਮੁਹੱਬਤ ਹੀ ਮਨੁੱਖ ਲਈ ਚੰਗੀ ਜ਼ਿੰਦਗੀ ਜਿਊਣ ਦੀਆਂ ਮੂਲ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਅੱਜ ਬਹੁਤ ਜ਼ਰੂਰੀ ਹੈ ਕਿ ਮਨੁੱਖ ਬੇਤਹਾਸ਼ਾ ਪੈਸਾ-ਧਨ-ਦੌਲਤ ਇਕੱਠੀ ਕਰਨ ਦੀ ਬਜਾਏ ਧਰਮਾਂ, ਮਜ਼ਹਬਾਂ, ਜਾਤਾਂ-ਪਾਤਾਂ ਤੋਂ ਉਪਰ ਉਠ ਕੇ ਇਸ ਸਮਾਜ ਅਤੇ ਆਲੇ-ਦੁਆਲੇ ਨੂੰ ਚੰਗਾ ਬਣਾਉਣ ਲਈ ਯਤਨਸ਼ੀਲ ਹੋਵੇ। ਇਹ ਹੀ ਮਨੁੱਖਤਾ ਦੀ ਮੁਕਤੀ ਦਾ ਰਾਹ ਹੈ। ਕਿਸੇ ਵਿਦਵਾਨ ਨੂੰ ਇਕ ਸ਼ਖਸ ਨੇ ਪੁੱਛਿਆ- 'ਜ਼ਿੰਦਗੀ ਦਾ ਜਸ਼ਨ ਕਿਸ ਦਿਨ ਮਨਾਉਣਾ ਚਾਹੀਦਾ ਹੈ?' ਵਿਦਵਾਨ ਦਾ ਜਵਾਬ ਸੀ, 'ਮੌਤ ਤੋਂ ਇਕ ਦਿਨ ਪਹਿਲਾਂ'। ਸਵਾਲ ਕਰਨ ਵਾਲੇ ਨੇ ਮੁੜ ਪੁੱਛਿਆ, 'ਮੌਤ ਦਾ ਤਾਂ ਕੋਈ ਭਰੋਸਾ ਹੀ ਨਹੀਂ, ਕਦੋਂ ਵਾਪਰ ਜਾਵੇ'। ਵਿਦਵਾਨ ਨੇ ਜਵਾਬ ਦਿੱਤਾ, 'ਹਾਂ, ਇਹੋ ਹੀ ਮੈਂ ਕਿਹਾ ਹੈ, ਹਰ ਦਿਨ ਨੂੰ ਜਸ਼ਨ ਬਣਾ ਕੇ ਜੀਓ'।

# ਅਧਿਆਪਕ ਨੂੰ ਵੀ ਸੰਭਲਣ ਦੀ ਲੋੜ

"ਬਲਿਹਾਰੀ ਗੁਰ ਆਪਣੇ ਜਿਸ ਗੋਬਿੰਦ ਦੀਆ ਮਿਲਾਇ॥" ਸੰਤ ਕਬੀਰ ਜੀ ਅਨੁਸਾਰ ਗੁਰੂ ਦਾ ਰੁਤਬਾ ਭਗਵਾਨ ਨਾਲੋਂ ਵੱਡਾ ਹੈ, ਜਿਸ ਨੇ ਸਾਨੂੰ ਦੁਨੀਆਂ ਵਿਚ ਵਿਚਰਨ ਲਈ ਜੀਵਨ ਜਾਚ ਸਿਖਾਈ। ਅਧਿਆਪਕ ਉਹ ਦੀਵਾ ਹੈ ਜੋ ਆਪਣੇ ਆਪ ਨੂੰ ਬਾਲ ਕੇ ਵਿਦਿਆਰਥੀਆਂ ਦਾ ਜੀਵਨ ਰੁਸ਼ਨਾਉਂਦਾ ਹੈ। ਪਿਛਲੇ ਸਮਿਆਂ ਵਿਚ ਸਾਡੇ ਅਧਿਆਪਕ ਸਾਦੀ ਦਿੱਖ ਵਾਲੇ ਉਚੇ ਤੇ ਸੁੱਚੇ ਆਚਰਨ ਦੇ ਧਾਰਨੀ ਹੁੰਦੇ ਸਨ। ਉਨ੍ਹਾਂ ਦਾ ਖਾਣਾ ਪੀਣ, ਰਹਿਣ ਸਹਿਣ ਤੇ ਪਹਿਰਾਵਾ ਸਭ ਸਾਦੇ ਹੁੰਦੇ ਸਨ।



ਸਵਾਲ ਹੈ ਕਿ ਕੀ ਉਹ ਸਾਨੂੰ ਗਿਆਨ ਨਹੀਂ ਸੀ ਦਿੰਦੇ? ਪਰ ਉਹ ਤਾਂ ਬਿਨਾ ਕਿਸੇ ਭੇਦ-ਭਾਵ ਤੇ ਬਿਨਾ ਕਿਸੇ ਲਾਲਚ ਤੋਂ ਬੱਚਿਆਂ ਨੂੰ ਪੜ੍ਹਾਉਂਦੇ ਸਨ। ਉਹ ਜਿਸ ਪਿੰਡ ਵਿਚ ਪੜ੍ਹਾਉਂਦੇ, ਉਥੋਂ ਦੇ ਹੋ ਕੇ ਰਹਿ ਜਾਂਦੇ। ਉਹ ਪਿੰਡ ਜਾਂ ਕਸਬਾ ਉਨ੍ਹਾਂ ਦਾ ਆਪਣਾ ਹੋ ਜਾਂਦਾ। ਸਾਰਾ ਪਿੰਡ ਉਨ੍ਹਾਂ ਦੀ ਇੱਜਤ ਕਰਦਾ। ਮਾਂ ਬਾਪ ਵਲੋਂ ਦਿੱਤੀ ਖੁੱਲ੍ਹ ਨਾਲ ਉਹ ਬੱਚਿਆਂ ਨੂੰ ਸਹੀ ਸੇਧ ਦੇਣ ਲਈ ਮਾਰਦੇ ਜਾਂ ਦੁਲਾਰਦੇ ਸਨ। ਇੱਕ ਹੀ ਮਾਸਟਰ ਸਾਰੇ ਵਿਸ਼ੇ ਪੜ੍ਹਾਉਂਦਾ ਤੇ ਸਹੀ ਸੇਧ ਦਿੰਦਾ। ਸਾਰੇ ਬੱਚੇ ਅਧਿਆਪਕ ਦਾ ਦਿਲੋਂ ਸਤਿਕਾਰ ਕਰਦੇ। ਅਧਿਆਪਕ ਦਾ ਕਿਹਾ ਹਰ ਸ਼ਬਦ ਬੱਚਿਆਂ ਲਈ ਪੱਥਰ 'ਤੇ ਲਕੀਰ ਹੁੰਦਾ।

ਸਵਾਲ ਹੈ, ਕੀ ਆਧੁਨਿਕ ਯੁੱਗ ਦਾ ਅਧਿਆਪਕ ਆਪਣੇ ਬੱਚਿਆਂ ਨਾਲ ਅਜਿਹਾ ਰੁਤਬਾ ਕਾਇਮ ਕਰਨ ਵਿਚ ਸਫਲ ਰਿਹਾ ਹੈ? ਕੀ ਦਿਨੋਂ ਦਿਨ ਸਕੂਲ ਸਿਰਫ ਤੇ ਸਿਰਫ ਫੈਸ਼ਨ ਰੈਂਪ ਹੀ ਬਣਦੇ ਨਹੀਂ ਲੱਗ ਰਹੇ? ਆਪਣੇ ਹੀ ਪਹਿਰਾਵੇ ਤੋਂ ਭਟਕੇ ਅਧਿਆਪਕ ਕੀ ਬੱਚਿਆਂ ਨੂੰ ਸ ਹੀ ਸੇਧ ਦੇ ਸਕਣਗੇ? ਇਹ ਸੱਚ ਹੈ ਕਿ ਅਧਿਆਪਕਾਂ ਵਲੋਂ ਪਹਿਨੇ ਕੱਪੜੇ, ਜੁੱਤੀਆਂ ਤੇ ਵਾਲਾਂ ਦੇ ਸਟਾਈਲ ਨੂੰ ਬੱਚੇ ਆਪਣੀ ਨਿਜੀ ਜ਼ਿੰਦਗੀ ਵਿਚ ਅਪਨਾਉਣ ਦੀ ਕੋਸ਼ਿਸ਼ ਕਰਦੇ ਹਨ। ਪਹਿਲਾਂ ਅਧਿਆਪਕ ਦੇ ਹੱਥ ਵਿਚ ਸਿਰਫ ਕਿਤਾਬਾਂ ਹੀ ਹੁੰਦੀਆਂ ਸਨ ਪਰ ਅਜੋਕੇ ਅਧਿਆਪਕਾਂ ਕੋਲ ਮੋਬਾਈਲ ਫੋਨ, ਲੈਪਟਾਪ ਤੇ ਟੈਬਲੇਟ ਵੇਖਣ ਨੂੰ ਮਿਲਦੇ ਹਨ। ਸਭਿਆਚਾਰਕ ਪਹਿਰਾਵੇ ਵਾਲੇ ਮੈਡਮ ਜਦੋਂ ਕਿਸੇ ਕਲਾਸ ਵਿਚ ਜਾਂਦੇ ਤਾਂ ਸਤਿਕਾਰਤ ਲੱਗਦੇ। ਪਰ ਆਧੁਨਿਕ ਅਧਿਆਪਕ ਆਪਣੇ ਪਹਿਰਾਵੇ ਨੂੰ ਨਾ ਸਮਝਦੀਆਂ ਹੋਈਆਂ ਟੌਪ ਜੀਨ ਨਾਲ ਸਕੂਲ ਜਾਂਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ। ਉਹ ਆਪਣੇ ਕਿੱਤੇ ਨੂੰ ਹੀ ਨਹੀਂ ਸਮਝਦੀਆਂ ਕਿ ਇਹ ਕਿੰਤਾ ਇੱਜਤ ਤੇ ਮਾਣ ਵਾਲਾ ਹੈ।

ਅਧਿਆਪਕ ਦਾ ਜੀਵਨ ਸੱਚਾ ਸੁੱਚਾ ਤੇ ਸਿੱਖਿਆ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਉਥੇ ਅਧਿਆਪਕ ਦਾ ਉਦੇਸ਼ ਸਿਰਫ ਪੈਸਾ ਕਮਾਉਣਾ ਹੀ ਨਹੀਂ, ਸਿਰਫ ਵਿਦਿਆਰਥੀਆਂ ਨੂੰ ਗਿਆਨਵਾਨ ਬਣਾਉਣਾ ਵੀ ਹੋਵੇ। ਅਫਸੋਸ ਅੱਜ ਕੱਲ੍ਹ ਕੌਣ ਸਮਝਦਾ ਹੈ ਸਕੂਲਾਂ ਨੂੰ ਰੌਸ਼ਨੀ ਵੰਡਣ ਵਾਲੀ ਇਬਾਦਤਗਾਹ! ਅੱਜ ਅਧਿਆਪਕ ਕਾਰਾਂ, ਸਕੂਟਰਾਂ ਤੇ ਮੋਟਰਸਾਈਕਲਾਂ 'ਤੇ ਆਉਂਦੇ ਹੱਥ ਵਿਚ ਮੋਬਾਇਲ ਫੜੀ ਹਾਜ਼ਰੀ ਭਰਦੇ, ਲੈਕਚਰ ਦਿੰਦੇ ਤੇ ਉਸੇ ਤਰ੍ਹਾਂ ਚਲੇ ਜਾਂਦੇ ਹਨ। ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਬੱਚਿਆਂ ਨੂੰ ਕੁਝ ਸਮਝ ਆਇਆ ਜਾਂ ਨਹੀਂ। ਅਸਲ ਵਿਚ ਸਮਝਾਉਣ ਲਈ ਤਾਂ ਉਨ੍ਹਾਂ ਨੇ ਘਰਾਂ ਵਿਚ ਟਿਊਸ਼ਨ ਸੈਂਟਰ ਖੋਲ੍ਹੇ ਹੋਏ ਹਨ। ਪੁਰਾਣੇ ਅਧਿਆਪਕ ਬਿਨਾ ਕਿਸੇ ਸੁਆਰਥ ਤੋਂ ਇਮਤਿਹਾਨਾਂ ਸਮੇਂ ਬੱਚਿਆਂ ਨੂੰ ਸਕੂਲ ਵਿਚ ਵੀ ਪੰਜ-ਪੰਜ ਵਜੇ ਤੱਕ ਪੜ੍ਹਾਉਂਦੇ ਰਹਿੰਦੇ ਸਨ।

*-ਹਰਮਿੰਦਰ ਸਿੰਘ ਭੱਟ*
*ਫੋਨ: 91-99140-62205*

# ਕਾਂਗਰਸ ਦੀ ਸੁਸਤੀ ਨਾਲ ਵਿਗੜੀ ਏਕਤਾ ਦੀ ਖੇਡ

ਨਿਤੀਸ਼ ਕੁਮਾਰ ਵੱਲੋਂ ਜੋ ਕੀਤਾ ਗਿਆ, ਉਸ ਦਾ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਨੂੰ ਅੰਦਾਜ਼ਾ ਨਹੀਂ ਸੀ। ਉਨ੍ਹਾਂ ਨੇ ਵਿਰੋਧੀ ਏਕਤਾ ਨੂੰ ਪੂਰੀ ਤਰ੍ਹਾਂ ਨਾਲ ਖੇਰੂੰ-ਖੇਰੂੰ ਕਰ ਦਿੱਤਾ, ਪਰ ਇਸ ਲਈ ਉਨ੍ਹਾਂ ਦੇ ਕੋਲ ਠੋਸ ਕਾਰਨ ਹਨ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਾਮਨਾਥ ਕੋਵਿੰਦ ਜਿਸ ਕੋਰੀ ਜਾਤੀ ਦੇ ਪੁੱਤਰ (ਗੁਜਰਾਤ ਤੇ ਮਹਾਰਾਸ਼ਟਰ ਦੇ ਲਿਹਾਜ਼ ਨਾਲ ਕੋਲੀ) ਹਨ, ਇਹ ਜਾਤੀ ਮਹਾਂਦਲਿਤ ਸ਼੍ਰੇਣੀ ਵਿਚ ਆਉਂਦੀ ਹੈ ਅਤੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਮੀਰਾ

**ਅਭੈ ਕੁਮਾਰ ਦੂਬੇ**

ਕੁਮਾਰ ਜਾਟਵ ਜਾਤੀ ਦੇ ਹਨ। ਨਿਤੀਸ਼ ਕੁਮਾਰ ਖੁਦ ਨੂੰ ਮਹਾਂਦਲਿਤ ਵੋਟਾਂ ਦੇ ਚੈਂਪੀਅਨ ਵਜੋਂ ਦੇਖਦੇ ਹਨ। ਭਾਰਤੀ ਜਨਤਾ ਪਾਰਟੀ ਸਿਰਫ ਉਤਰ ਪ੍ਰਦੇਸ਼ ਵਿਚ ਹੀ ਨਹੀਂ, ਬਲਕਿ ਬਿਹਾਰ ਵਿਚ ਵੀ ਇਨ੍ਹਾਂ ਛੋਟੇ-ਛੋਟੇ ਦਲਿਤ ਸਮੂਹਾਂ ਦੀ ਚੋਣ ਸ਼ਕਤੀ ਵਿਚ ਆਪਣਾ ਚੋਣਾਵੀ ਭਵਿਖ ਦੇਖਦੀ ਹੈ। ਕੋਵਿੰਦ ਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਭਾਜਪਾ ਬਿਹਾਰ ਵਿਚ ਨਿਤੀਸ਼ ਦੇ ਮਹਾਂਦਲਿਤ ਆਧਾਰ ਨੂੰ ਆਪਣੇ ਵੱਲ ਖਿੱਚ ਲੈਣਾ ਚਾਹੁੰਦੀ ਸੀ ਅਤੇ ਇਸ ਨੂੰ ਪਛਾਣ ਕੇ ਹੀ ਨਿਤੀਸ਼ ਨੇ ਜਲਦੀ ਹੀ ਆਪਣੀ ਵਿਰੋਧੀ ਪਾਰਟੀ ਦੇ ਉਮੀਦਵਾਰ ਦਾ ਸਮਰਥਨ ਦੇਣ ਦਾ ਫੈਸਲਾ ਕਰ ਲਿਆ ਜਿਸ ਨੂੰ ਲਾਲੂ ਯਾਦਵ ਇਤਿਹਾਸਕ ਗਲਤੀ ਕਰਾਰ ਦੇ ਰਹੇ ਹਨ। ਇਹ ਦਰਅਸਲ ਨਿਤੀਸ਼ ਦੀ ਸਵੈ-ਰੱਖਿਆ ਦੀ ਪੇਸ਼ਬੰਦੀ ਹੈ।

ਦੋ ਸਾਲ ਬਾਅਦ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਵਿਰੋਧੀ ਧਿਰ ਨਰੇਂਦਰ ਮੋਦੀ ਨੂੰ ਟੱਕਰ ਦੇ ਸਕੇਗੀ ਜਾਂ ਨਹੀਂ, ਇਸ ਦੀ ਝਲਕ ਰਾਸ਼ਟਰਪਤੀ ਚੋਣਾਂ ਲਈ ਹੋ ਰਹੀ ਸਿਆਸੀ ਪੇਸ਼ਬੰਦੀ ਤੋਂ ਮਿਲ ਸਕਦੀ ਹੈ। ਨਵਾਂ ਰਾਸ਼ਟਰਪਤੀ ਚੁਣਨ ਦੇ ਸਵਾਲ 'ਤੇ ਸਰਕਾਰ ਨੂੰ ਚੁਣੌਤੀ ਦੇਣ ਲਈ ਰਣਨੀਤਕ ਰੂਪ ਰੇਖਾ ਬਣਾਉਣ ਲਈ ਹੋਈਆਂ ਵਿਰੋਧੀ ਧਿਰ ਦੀਆਂ ਬੈਠਕਾਂ ਦੇ ਸਿਲਸਿਲੇ ਤੋਂ ਆਮ ਆਦਮੀ ਪਾਰਟੀ ਦੀ ਗੈਰ-ਹਾਜ਼ਰੀ ਦੇਖ ਕੇ ਪਹਿਲਾਂ ਤੋਂ ਹੀ ਲੱਗ ਰਿਹਾ ਸੀ ਕਿ ਵਿਰੋਧੀ ਏਕਤਾ ਦਾ ਭਵਿਖ ਕੁਝ ਖਾਸ ਵਧੀਆ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਬੈਠਕਾਂ ਵਿਚ ਦਿੱਲੀ ਵਿਚ ਸਰਕਾਰ ਚਲਾ ਰਹੀ, ਪੰਜਾਬ ਵਿਚ ਮੁੱਖ ਵਿਰੋਧੀ ਦਲ ਦਾ ਕਿਰਦਾਰ ਨਿਭਾਅ ਰਹੀ ਅਤੇ ਦਿਨ-ਰਾਤ ਮੋਦੀ ਸਰਕਾਰ ਨਾਲ ਭਿੜਦੀ ਰਹਿਣ ਵਾਲੀ ਆਮ ਆਦਮੀ ਪਾਰਟੀ ਆਪਣੀ ਮਰਜ਼ੀ ਨਾਲ ਗੈਰ-ਹਾਜ਼ਰ ਨਹੀਂ ਰਹੀ, ਸਗੋਂ ਉਸ ਨੂੰ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਵਿਰੋਧੀ ਏਕਤਾ ਦਾ ਹਿੱਸਾ ਨਹੀਂ ਬਣਨ ਦਿੱਤਾ। ਤ੍ਰਿਣਮੂਲ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਨੇ ਇਸ ਪਾਰਟੀ ਨੂੰ ਵੀ ਬੁਲਾਉਣ ਦਾ ਪ੍ਰਸਤਾਵ ਰੱਖਿਆ ਸੀ, ਪਰ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਇਸ ਦਾ ਵਿਰੋਧ ਕੀਤਾ। ਧਿਆਨ ਰਹੇ ਕਿ ਘੱਟੋ-ਘੱਟ 5 ਅਜਿਹੀਆਂ ਖੇਤਰੀ ਪਾਰਟੀਆਂ ਹਨ ਜਿਨ੍ਹਾਂ ਕੋਲ ਰਾਸ਼ਟਰਪਤੀ ਚੁਣਨ ਲਈ ਮੌਜੂਦਾ ਚੋਣ ਮੰਡਲ ਦੀਆਂ ਵੋਟਾਂ ਦਾ 13.06 ਫ਼ੀਸਦੀ ਹਿੱਸਾ ਹੈ। ਇਹ ਹਨ ਅੰਨਾ ਡੀ.ਐਮ.ਕੇ., ਬੀਜੂ ਜਨਤਾ ਦਲ, ਵਾਈ.ਐਸ.ਆਰ. ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਰਾਸ਼ਟਰੀ ਲੋਕ ਦਲ। ਸਮਝਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚੋਂ ਅੰਨਾ ਡੀ.ਐਮ.ਕੇ. ਅਤੇ ਵਾਈ.ਐਸ.ਆਰ. ਕਾਂਗਰਸ, ਭਾਜਪਾ ਦੇ ਨਾਲ ਜਾਣ ਦਾ ਮਨ ਬਣਾ ਚੁੱਕੀਆਂ ਹਨ। ਇਸ ਕਾਰਨ ਬਾਕੀ ਤਿੰਨ ਪਾਰਟੀਆਂ ਦੇ ਵੋਟ ਹੋਰ ਵੀ ਜ਼ਿਆਦਾ ਅਹਿਮ ਹੋ ਜਾਂਦੇ ਹਨ। ਉਂਜ ਵੀ ਜੇ ਇਨ੍ਹਾਂ 5 ਪਾਰਟੀਆਂ ਦੇ ਵੋਟ ਵਿਰੋਧੀ ਧਿਰ ਨਾਲ ਜੁੜ ਜਾਣ ਤਾਂ ਵੀ ਉਸ ਦੇ ਵੋਟ ਕੌਮੀ ਜਮਹੂਰੀ ਗਠਜੋੜ ਦੇ 48.64 ਫ਼ੀਸਦੀ ਵੋਟਾਂ ਤੋਂ ਕੁਝ ਘਟ ਭਾਵ 48.53 ਫ਼ੀਸਦੀ ਹੀ ਹੋ ਸਕਦੇ ਹਨ। ਜ਼ਾਹਰ ਹੈ ਕਿ ਵਿਰੋਧੀ ਧਿਰ ਪਹਿਲਾਂ ਤੋਂ ਹੀ ਸੱਤਾਧਾਰੀ ਧਿਰ ਤੋਂ ਪਿੱਛੇ ਚੱਲ ਰਹੀ ਹੈ ਅਤੇ ਫਿਰ ਵੀ ਕਾਂਗਰਸ ਅਤੇ ਰਾਸ਼ਟਰੀ ਕਾਂਗਰਸ ਪਾਰਟੀ ਆਪਣੀ ਨਿੱਜੀ ਪਸੰਦ, ਨਾਪਸੰਦ ਦੇ ਆਧਾਰ 'ਤੇ ਵਿਰੋਧੀ ਏਕਤਾ ਬਣਾਉਣਾ ਚਾਹੁੰਦੀਆਂ ਹਨ।

ਕਾਂਗਰਸ ਦੀ 'ਆਪ' ਤੋਂ ਨਾਰਾਜ਼ਗੀ ਸੁਭਾਵਿਕ ਹੋਣ ਦੇ ਬਾਵਜੂਦ ਮੌਜੂਦਾ ਹਾਲਾਤ ਵਿਚ ਗੈਰ-ਰਾਜਨੀਤਕ ਕਿਸਮ ਦੀ ਹੈ। ਕੇਜਰੀਵਾਲ ਦੀ ਪਾਰਟੀ ਜਿਥੇ ਜਾਂਦੀ ਹੈ, ਉਥੇ ਕਾਂਗਰਸ ਦੇ ਸਮਰਥਨ ਆਧਾਰ 'ਤੇ ਦਾਅਵਾ ਕਰਦੀ ਹੈ। ਦਿੱਲੀ ਵਿਚ ਉਹ ਉਸ ਨੂੰ ਪੂਰੀ ਤਰ੍ਹਾਂ ਹਾਸਲ ਕਰ ਚੁੱਕੀ ਹੈ ਅਤੇ ਪੰਜਾਬ ਵਿਚ ਹਾਸਲ ਕਰਦੇ ਕਰਦੇ ਰਹਿ ਗਈ ਹੈ। ਦੂਸਰਾ, ਉਹ ਕੌੜੇ ਬੋਲ ਵੀ ਬੋਲਦੇ ਹਨ, ਪਰ ਇਸ ਸ਼ਿਕਾਇਤ ਦੇ ਬਾਵਜੂਦ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਵਿਰੋਧੀ ਏਕਤਾ ਦੀ ਸੂਚੀ ਵੱਡੀ ਕਰਨ ਲਈ ਵਿਰੋਧੀ ਦਲਾਂ ਵਿਚ ਹੋਣ ਵਾਲੇ ਮੁਕਾਬਲੇ ਨੂੰ ਥੋੜ੍ਹੀ ਦੇਰ ਲਈ ਨਜ਼ਰਅੰਦਾਜ਼ ਕਰਨਾ ਜ਼ਰੂਰੀ ਹੈ। ਇਹ ਸੂਚੀ ਪਹਿਲੀ ਵਾਰ 1967 ਵਿਚ ਬਣੀ ਸੀ ਅਤੇ ਉਦੋਂ ਇਸ ਦਾ ਨਿਸ਼ਾਨਾ ਸੀ ਕਾਂਗਰਸ। ਉਸ ਸਮੇਂ ਸਮਾਜਵਾਦੀ, ਜਨਸੰਘੀ ਅਤੇ ਕਮਿਊਨਿਸਟ ਆਪਣੇ ਮਤਭੇਦਾਂ ਨੂੰ ਠੰਢੇ ਬਸਤੇ ਵਿਚ ਪਾ ਕੇ ਗੈਰ-ਕਾਂਗਰਸਵਾਦ ਦੀ ਰਣਨੀਤੀ ਦੇ ਮੰਚ 'ਤੇ ਆ ਗਏ ਸਨ। ਇਸ ਏਕਤਾ ਨੂੰ ਦੇਖ ਕੇ ਹੀ ਕਾਂਗਰਸ ਤੋਂ ਨਾਰਾਜ਼ ਧਿਰਾਂ (ਜਿਵੇਂ ਚਰਨ ਸਿੰਘ) ਨੂੰ ਵਿਰੋਧੀ ਧਿਰ ਨਾਲ ਆਉਣ ਵਿਚ ਹੀ ਆਪਣਾ ਭਵਿਖ ਦਿਖਾਈ ਦੇ ਰਿਹਾ ਸੀ। ਜੇ ਅੱਜ ਦੀ ਤਾਰੀਖ ਵਿਚ ਕਾਂਗਰਸ ਆਪਣੇ ਹਿਸਾਬ ਨਾਲ ਪਾਰਟੀਆਂ ਨੂੰ ਆਪਣੇ ਦਾਇਰੇ ਵਿਚ ਸ਼ਾਮਿਲ ਕਰੇਗੀ ਜਾਂ ਬਾਹਰ ਰੱਖੇਗੀ ਤਾਂ ਭਾਜਪਾ ਅੰਦਰ ਕੰਮ ਕਰ ਰਹੀ ਮੋਦੀ ਵਿਰੋਧੀ ਲਾਬੀ ਇਸ ਏਕਤਾ ਨੂੰ ਦਿਲਚਸਪੀ ਦੀਆਂ ਨਜ਼ਰਾਂ ਨਾਲ ਨਹੀਂ ਦੇਖ ਸਕੇਗੀ ਅਤੇ ਨਾ ਹੀ ਹੋਰ ਖੇਤਰੀ ਸ਼ਕਤੀਆਂ ਨੂੰ ਇਸ ਰਾਜਨੀਤੀ ਵਿਚ ਕੋਈ ਖਾਸ ਵਿਸ਼ਵਾਸ ਨਜ਼ਰ ਆਏਗਾ।



ਵਿਰੋਧੀ ਏਕਤਾ ਨੋਟਬੰਦੀ ਦੇ ਦੌਰਾਨ ਸਭ ਤੋਂ ਵਧੀਆ ਰੂਪ ਵਿਚ ਸਾਹਮਣੇ ਆਈ ਸੀ (ਹਾਲਾਂਕਿ ਵਿਰੋਧੀ ਏਕਤਾ ਦੇ ਉਸ ਮੁਜ਼ਾਹਰੇ ਵਿਚ ਨਿਤੀਸ਼ ਕੁਮਾਰ ਸ਼ਾਮਿਲ ਨਹੀਂ ਸਨ)। ਉਸ ਸਮੇਂ ਕਾਂਗਰਸ ਨੇ ਪਹਿਲਕਦਮੀ ਕਰਦਿਆਂ ਨੋਟਬੰਦੀ ਖਿਲਾਫ ਹੋਰ ਪਾਰਟੀਆਂ ਨੂੰ ਇਕਜੁਟ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਖਾਸ ਗੱਲ ਇਹ ਸੀ ਕਿ ਖੇਤਰੀ ਪਾਰਟੀਆਂ ਨੇ ਕਾਂਗਰਸ ਨੂੰ ਉਨ੍ਹਾਂ ਦੇ ਨਾਂ 'ਤੇ ਬੋਲਣ ਦਾ ਅਧਿਕਾਰ ਵੀ ਦੇ ਦਿੱਤਾ ਸੀ। ਇਹ ਵੱਡੀ ਸਫਲਤਾ ਸੀ ਜਿਸ ਦਾ ਸਭ ਤੋਂ ਹਾਂ-ਪੱਖੀ ਪਹਿਲੂ ਇਕ-ਦੂਜੇ ਦੀਆਂ ਵਿਰੋਧੀ ਪਾਰਟੀਆਂ ਦਾ ਇਕ ਮੰਚ 'ਤੇ ਆਉਣਾ ਸੀ। ਅੰਨਾ ਡੀ.ਐਮ.ਕੇ. ਅਤੇ ਡੀ.ਐਮ.ਕੇ., ਤ੍ਰਿਣਮੂਲ ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਅਤੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਆਪਸੀ ਮਤਭੇਦਾਂ ਨੂੰ ਭੁੱਲ ਕੇ ਇਕੱਠੀਆਂ ਖੜ੍ਹੀਆਂ ਹੋ ਗਈਆਂ ਸਨ। ਜ਼ਾਹਰ ਹੈ ਕਿ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਅਸਾਧਾਰਨ ਜਿੱਤ ਨੇ ਵਿਰੋਧੀ ਏਕਤਾ ਦੇ ਉਸ ਅਮਲ ਨੂੰ ਭੰਗ ਕਰ ਦਿੱਤਾ ਹੈ, ਪਰ ਕਾਂਗਰਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਨੋਟਬੰਦੀ ਖਿਲਾਫ ਅਰਵਿੰਦ ਕੇਜਰੀਵਾਲ ਨੇ ਜੋ ਤਰਕ ਦਿੱਤਾ ਸੀ, ਰਾਹੁਲ ਗਾਂਧੀ ਨੇ ਵੀ ਉਸ ਦਾ ਸਮਰਥਨ ਕੀਤਾ ਸੀ।

ਭਾਜਪਾ ਇਹ ਕਦੇ ਨਹੀਂ ਚਾਹੁੰਦੀ ਸੀ ਕਿ ਵਿਰੋਧੀ ਇਕਜੁਟ ਹੋ ਜਾਣ ਅਤੇ ਰਾਸ਼ਟਰਪਤੀ ਦੇ ਅਹੁਦੇ ਲਈ ਉਸ ਦੇ ਉਮੀਦਵਾਰ ਦੇ ਖਿਲਾਫ ਆਪਣਾ ਸਾਂਝਾ ਉਮੀਦਵਾਰ ਖੜ੍ਹਾ ਕਰਨ। ਅਜਿਹਾ ਹੋਣ ਨਾਲ ਹੋਇਆ ਵਿਰੋਧੀ ਏਕਾ ਰਾਸ਼ਟਰਪਤੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਹਾਰ ਜਾਣ ਤੋਂ ਬਾਅਦ ਵੀ ਇਕ ਤਰ੍ਹਾਂ ਨਾਲ ਵਿਰੋਧੀ ਰਾਜਨੀਤੀ ਦੀ ਸ਼ੁਰੂਆਤ ਕਰ ਸਕਦਾ ਹੈ ਅਤੇ ਰਾਜਨੀਤੀ ਵਿਚ ਅਜਿਹੀ ਸ਼ੁਰੂਆਤ ਦੂਰ ਤੱਕ ਜਾ ਸਕਦੀ ਹੈ। ਵਿਰੋਧੀ ਧਿਰ ਜੇ ਅਜਿਹਾ ਉਮੀਦਵਾਰ ਲਿਆਉਂਦੀ ਜੋ ਨੈਤਿਕ ਅਤੇ ਵਿਹਾਰਕ ਰੂਪ ਵਿਚ ਭਾਜਪਾ ਦੇ ਉਮੀਦਵਾਰ ਤੋਂ ਵਧੀਆ ਹੁੰਦਾ, ਤਾਂ ਰਾਸ਼ਟਰਪਤੀ ਦੀ ਚੋਣ ਵਿਚ ਕੁਝ ਅਜਿਹਾ ਹੋਣ ਦੀ ਸੰਭਾਵਨਾ ਸੀ ਜੋ ਆਉਣ ਵਾਲੀ ਰਾਜਨੀਤੀ ਲਈ ਖੇਡ ਬਦਲਣ ਵਾਲਾ ਸਾਬਤ ਹੋ ਸਕਦਾ ਸੀ। ਦਰਅਸਲ ਇਹ ਖੇਡ ਦੋ-ਧਾਰੀ ਹੈ। ਜਿਵੇਂ ਅਸੀਂ ਜਾਣਦੇ ਹਾਂ ਕਿ ਰਾਸ਼ਟਰਪਤੀ ਦੀ ਚੋਣ ਵਿਚ ਸੰਸਦ ਮੈਂਬਰ ਆਪਣੀ ਵਿਧਾਇਕ ਪਾਰਟੀ ਦੇ ਆਦੇਸ਼ 'ਤੇ ਵੋਟ ਪਾਉਣ ਲਈ ਮਜਬੂਰ ਨਹੀਂ ਹੁੰਦੇ ਅਤੇ ਪਾਰਟੀ ਲਾਈਨ ਦੀ ਨਾ ਮੰਨਣ ਲਈ ਵੀ ਉਨ੍ਹਾਂ ਖਿਲਾਫ ਦਲਬਦਲ ਵਿਰੋਧੀ ਕਾਨੂੰਨ ਲਾਗੂ ਨਹੀਂ ਕੀਤਾ ਜਾ ਸਕਦਾ। ਜੇ ਵਿਰੋਧੀ ਏਕਤਾ ਦੇ ਰਾਜਨੀਤਕ ਉਦੇਸ਼ ਪ੍ਰਭਾਵੀ ਨਾ ਰਹੇ ਤਾਂ ਹੋ ਸਕਦਾ ਹੈ ਕਿ ਵਿਰੋਧੀ ਧਿਰ ਦੇ ਕੁਝ ਸੰਸਦ ਮੈਂਬਰ ਅਤੇ ਵਿਧਾਇਕ ਭਾਜਪਾ ਦੇ ਉਮੀਦਵਾਰ ਨੂੰ ਵੋਟ ਪਾ ਦੇਣ। ਜੇ ਅਜਿਹਾ ਹੋਇਆ ਤਾਂ 2019 ਦੇ ਆਉਣ ਤੋਂ ਪਹਿਲਾਂ ਹੀ ਮੋਦੀ ਦੀ ਚੋਣਾਂ ਵਿਚ ਜਿੱਤ ਦੀ ਸ਼ੁਰੂਆਤ ਹੋ ਜਾਵੇਗੀ।

ਕੋਵਿੰਦ ਅਤੇ ਮੀਰਾ ਕੁਮਾਰ ਦੀ ਟੱਕਰ ਨਾਲ ਜੋ ਰਾਜਨੀਤੀ ਬਣੀ ਹੈ, ਉਸ ਤੋਂ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਕਾਂਗਰਸ ਸਾਂਝੀ ਵਿਰੋਧੀ ਧਿਰ ਦੀ ਅਗਵਾਈ ਕਰਨ ਵਿਚ ਢਿੱਲੀ ਗਤੀ ਦਾ ਪ੍ਰਦਰਸ਼ਨ ਕਰ ਰਹੀ ਹੈ। ਉਹ ਸੋਚ ਵਿਚ ਭਾਜਪਾ ਤੋਂ ਪਿੱਛੇ ਹੈ। ਚੇਨਈ ਵਿਚ ਹੋਏ ਵਿਚਾਰ-ਵਟਾਂਦਰੇ ਦੇ ਦੌਰਾਨ ਹੀ ਜੇ ਨਿਤੀਸ਼ ਦੇ ਪ੍ਰਸਤਾਵ 'ਤੇ ਕਾਂਗਰਸ ਮੰਨ ਜਾਂਦੀ ਤਾਂ ਅੱਜ ਕੋਵਿੰਦ ਦੇ ਮੁਕਾਬਲੇ ਮੀਰਾ ਕੁਮਾਰ ਨਾ ਹੋ ਕੇ ਸੰਭਾਵੀ ਤੌਰ 'ਤੇ ਗੋਪਾਲ ਕ੍ਰਿਸ਼ਨ ਗਾਂਧੀ ਦੀ ਸ਼ਖਸੀਅਤ ਹੁੰਦੀ ਅਤੇ ਰਾਸ਼ਟਰਪਤੀ ਚੋਣ ਦੀ ਰਾਜਨੀਤੀ ਦੀ ਰੂਪ-ਰੇਖਾ ਇਕਦਮ ਬਦਲ ਜਾਂਦੀ। ਉਸ ਸਮੇਂ ਮਾਰਕਸਵਾਦੀ ਪਾਰਟੀ ਅਤੇ ਡੀ.ਐਮ.ਕੇ. ਵੀ ਇਸੇ ਪੱਖ ਵਿਚ ਹੀ ਸਨ। ਜੇ ਨਿਤੀਸ਼ ਦਾ ਉਮੀਦਵਾਰ ਹੀ ਵਿਰੋਧੀ ਧਿਰ ਦਾ ਸਾਂਝਾ ਉਮੀਦਵਾਰ ਬਣਦਾ ਤਾਂ ਉਹ ਕੋਵਿੰਦ ਨੂੰ ਸਮਰਥਨ ਨਹੀਂ ਦੇ ਸਕਦੇ ਸਨ, ਪਰ ਕਾਂਗਰਸ ਦੀ ਸੁਸਤ ਚਾਲ ਨੇ ਇਸ ਪੈਂਤੜੇ ਨੂੰ ਵਿਗਾੜ ਦਿੱਤਾ।

# ਪਾਕਿਸਤਾਨ 'ਚ ਸਿਆਸਤਦਾਨਾਂ ਤੇ ਫੌਜੀ ਜਨਰਲਾਂ ਦੀ ਸਿਆਸਤ

ਪਾਕਿਸਤਾਨ ਵਿਚ ਉਦੋਂ ਇਤਿਹਾਸ ਸਿਰਜਿਆ ਗਿਆ, ਜਦੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਸੰਯੁਕਤ ਜਾਂਚ ਟੀਮ (ਜੇ.ਆਈ.ਟੀ.) ਸਾਹਮਣੇ ਪੇਸ਼ ਹੋਣਾ ਪਿਆ। ਇਹ ਜਾਂਚ ਟੀਮ ਸੁਪਰੀਮ ਕੋਰਟ ਵੱਲੋਂ ਪ੍ਰਧਾਨ ਮੰਤਰੀ ਦੀ ਵਿਦੇਸ਼ਾਂ ਵਿਚਲੀ ਅਥਾਹ ਦੌਲਤ ਅਤੇ ਜਾਇਦਾਦ ਦੀ ਪੜਤਾਲ ਲਈ ਬਣਾਈ ਗਈ ਹੈ। ਉਂਜ ਤਾਂ ਕੋਈ ਇਹ ਵੀ ਕਹਿ ਸਕਦਾ ਹੈ ਕਿ ਸ਼ਰੀਫ਼ ਤੋਂ ਪਹਿਲੇ ਪ੍ਰਧਾਨ ਮੰਤਰੀਆਂ ਨੂੰ ਅਤੀਤ ਵਿਚ ਸਰਬ-ਸਮਰੱਥ ਸਥਾਪਤੀ ਹੱਥੋਂ ਇਸ ਤੋਂ ਕਿਤੇ ਭੈੜੇ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਹੈ। ਜ਼ੁਲਫ਼ਿਕਾਰ ਅਲੀ

**ਆਰਿਫ਼ ਨਿਜ਼ਾਮੀ**

ਭੁੱਟੋ ਨੂੰ ਤਾਨਾਸ਼ਾਹ ਜਨਰਲ ਜ਼ਿਆ ਉਲ ਹੱਕ ਵੱਲੋਂ ਆਪਣੀਆਂ ਹੱਥਠੋਕਾ ਅਦਾਲਤਾਂ ਰਾਹੀਂ ਫਾਹੇ ਟੰਗ ਦਿੱਤਾ ਗਿਆ ਸੀ। ਭੁੱਟੋ ਦੇ ਕੱਟੜ ਵਿਰੋਧੀਆਂ ਵੱਲੋਂ ਵੀ ਬਾਅਦ ਵਿਚ ਇਸ ਨੂੰ 'ਨਿਆਇਕ ਕਤਲ' ਦਾ ਨਾਂ ਦਿੱਤਾ ਗਿਆ। ਭੁੱਟੋ ਦੀ ਬੇਟੀ ਬੇਨਜ਼ੀਰ ਭੁੱਟੋ ਨੂੰ ਦੋ ਵਾਰ ਅਹੁਦੇ ਤੋਂ ਲਾਂਭੇ ਕੀਤਾ ਗਿਆ। ਅਖੀਰ ਉਨ੍ਹਾਂ ਨੂੰ ਰਾਵਲਪਿੰਡੀ ਦੀ ਸੜਕ 'ਤੇ ਕਤਲ ਕਰ ਦਿੱਤਾ ਗਿਆ। ਬੇਨਜ਼ੀਰ ਭੁੱਟੋ ਨੂੰ ਵਿਰੋਧੀ ਧਿਰ ਵਿਚ ਹੁੰਦਿਆਂ ਵੀ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ। ਇਹ ਕੰਮ ਨਵਾਜ਼ ਸ਼ਰੀਫ਼ ਦੇ ਚਹੇਤੇ ਸੈਫ-ਉਰ-ਰਹਿਮਾਨ ਦੀ ਅਗਵਾਈ ਹੇਠਲੀ ਇਹਤਸਾਬ (ਜਵਾਬਦੇਹੀ) ਬਿਊਰੋ ਵੱਲੋਂ ਕੀਤਾ ਗਿਆ। ਇਨ੍ਹਾਂ ਦੋਸ਼ਾਂ ਦੀ ਭਰੋਸੇਯੋਗਤਾ ਭਾਵੇਂ ਜੋ ਵੀ ਹੋਵੇ, ਇਨ੍ਹਾਂ ਨੂੰ ਸਿਆਸਤ ਤੋਂ ਪ੍ਰੇਰਿਤ ਹੀ ਮੰਨਿਆ ਗਿਆ ਸੀ। ਇਸੇ ਸਮੇਂ ਦੌਰਾਨ ਬੇਨਜ਼ੀਰ ਦੇ ਪਤੀ ਆਸਿਫ ਅਲੀ ਜ਼ਰਦਾਰੀ ਨੂੰ ਵੀ ਅੱਠ ਸਾਲ ਜੇਲ੍ਹ ਵਿਚ ਰਹਿਣਾ ਪਿਆ। ਅਜੇ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਯੂਸੁਫ਼ ਰਜ਼ਾ ਗਿਲਾਨੀ ਨੂੰ ਜਸਟਿਸ ਇਫ਼ਤਿਖ਼ਾਰ ਮੁਹੰਮਦ ਚੌਧਰੀ ਦੀ ਅਗਵਾਈ ਹੇਠਲੀ ਸੁਪਰੀਮ ਕੋਰਟ ਦੇ ਵਿਰੋਧੀ ਰਵੱਈਏ ਕਰ ਕੇ ਅਦਾਲਤ ਦੀ ਮਾਨਹਾਨੀ ਦੇ ਦੋਸ਼ਾਂ ਤਹਿਤ ਅਹੁਦਾ ਛੱਡਣਾ ਪਿਆ ਸੀ।

ਇਨ੍ਹਾਂ ਸਾਰੇ ਮਾਮਲਿਆਂ ਦੀ ਤੁਲਨਾ ਵਿਚ ਤਾਂ ਸ਼ਰੀਫ਼ ਅਤੇ ਉਨ੍ਹਾਂ ਦੇ ਪਰਿਵਾਰ ਖਿਲਾਫ਼ ਚੱਲ ਰਹੀ ਕਾਨੂੰਨੀ ਕਾਰਵਾਈ ਨੂੰ ਕਿਤੇ ਵੱਧ 'ਸਭਿਅਕ' ਕਿਹਾ ਜਾ ਸਕਦਾ ਹੈ। ਜੁਡੀਸ਼ੀਅਲ ਅਕੈਡਮੀ ਵਿਖੇ ਜਾਂਚ ਟੀਮ ਦੀ ਪੁੱਛਗਿੱਛ ਲਈ ਜਾਣ ਸਮੇਂ ਤਾਂ ਨਵਾਜ਼ ਸ਼ਰੀਫ਼ ਬੜੇ ਆਤਮ-ਵਿਸ਼ਵਾਸ ਵਿਚ ਨਜ਼ਰ ਆਏ, ਪਰ ਜਦੋਂ ਉਹ ਬਾਹਰ ਆਏ ਤਾਂ ਇਹ ਆਤਮ-ਵਿਸ਼ਵਾਸ ਕੁਝ ਘਟਿਆ ਨਜ਼ਰ ਆਇਆ। ਸ਼ਰੀਫ਼ 35 ਸਾਲਾਂ ਤੋਂ ਸਿਆਸਤ ਵਿਚ ਹਨ, ਮੁਲਕ ਦੇ ਸਭ ਤੋਂ ਵੱਡੇ ਸੂਬੇ ਦੇ ਮੁੱਖ ਮੰਤਰੀ ਅਤੇ ਤਿੰਨ ਵਾਰ ਮੁਲਕ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਜਿਹੇ ਮੌਕੇ ਜਨਤਕ ਤੌਰ 'ਤੇ ਕਿਵੇਂ ਪੇਸ਼ ਆਉਣਾ ਹੈ, ਇਸੇ ਕਰ ਕੇ ਉਹ ਆਪਣੀ ਵਾਪਸੀ ਮੌਕੇ ਜੁਡੀਸ਼ੀਅਲ ਅਕੈਡਮੀ ਦੇ ਬਾਹਰ ਇਕੱਠੇ ਹੋਏ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਬੜੇ ਸ਼ਾਂਤ ਨਜ਼ਰ ਆਏ। ਉਂਜ ਉਨ੍ਹਾਂ ਉਥੇ ਲਿਖਤੀ ਬਿਆਨ ਹੀ ਪੜ੍ਹਿਆ ਜੋ ਬੜਾ ਸੋਚ-ਸਮਝ ਕੇ ਲਿਖਿਆ ਜਾਪਦਾ ਸੀ। ਪ੍ਰਧਾਨ ਮੰਤਰੀ ਨੇ ਇਸ਼ਾਰਾ ਕੀਤਾ ਕਿ ਉਨ੍ਹਾਂ ਖਿਲਾਫ਼ ਸਾਜ਼ਿਸ਼ ਘੜੀ ਗਈ ਹੈ। ਉਨ੍ਹਾਂ ਦਲੀਲ ਦਿੱਤੀ ਕਿ ਜਾਂਚ ਉਨ੍ਹਾਂ ਦੀ ਨਿੱਜੀ ਦੌਲਤ ਬਾਰੇ ਹੈ ਅਤੇ ਇਸ ਦਾ ਸਰਕਾਰ ਵਿਚਲੇ ਉਨ੍ਹਾਂ ਦੇ ਕਾਰਜਕਾਲਾਂ ਨਾਲ ਕੋਈ ਲੈਣਾ-ਦੇਣਾ ਨਹੀਂ, ਪਰ ਇਹ ਦਾਅਵਾ ਦਲੀਲਪੂਰਨ ਕਿਵੇਂ ਕਿਹਾ ਜਾ ਸਕਦਾ ਹੈ? ਪ੍ਰਧਾਨ ਮੰਤਰੀ ਸਮੇਤ ਕੌਮੀ ਅਸੈਂਬਲੀ ਦੇ ਹਰ ਮੈਂਬਰ ਨੇ ਚੋਣ ਕਮਿਸ਼ਨ ਸਾਹਮਣੇ ਆਪਣੀ ਜਾਇਦਾਦ ਦੇ ਵੇਰਵੇ ਐਲਾਨਣੇ ਹੁੰਦੇ ਹਨ, ਇਸ ਦਾ ਭਾਵ ਹੈ ਕਿ ਜਨਤਕ ਨੁਮਾਇੰਦੇ ਹੋਣ ਦੇ ਨਾਤੇ ਉਨ੍ਹਾਂ ਦੇ ਮਾਮਲੇ ਵਿਚ ਜਨਤਕ ਅਤੇ ਨਿੱਜੀ ਵਿਚਕਾਰ ਕੋਈ ਲਾਲ ਲਕੀਰ ਨਹੀਂ ਰਹਿ ਜਾਂਦੀ। ਸ਼ਰੀਫ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਚੋਣ ਕਮਿਸ਼ਨ ਸਾਹਮਣੇ ਦਿੱਤੇ ਗਏ ਤਾਜ਼ਾ ਵੇਰਵਿਆਂ ਮੁਤਾਬਿਕ ਉਹ ਅਰਬਪਤੀ ਹਨ ਅਤੇ 2013 ਦੇ ਬਾਅਦ ਤੋਂ ਉਨ੍ਹਾਂ ਦੀ ਇਸ ਦੌਲਤ ਵਿਚ ਵਿਆਪਕ ਵਾਧਾ ਹੋਇਆ ਹੈ।

ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਜਿਵੇਂ ਅਤੀਤ ਵਿਚ ਹਰ ਚੁਣੀ ਹੋਈ ਸਰਕਾਰ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ ਹੈ, ਉਸੇ ਤਰ੍ਹਾਂ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਸਪੈਸ਼ਲ ਬੈਂਚ ਨੂੰ ਸੌਂਪੀ ਗਈ ਜੇ.ਆਈ.ਟੀ. ਦੀ ਰਿਪੋਰਟ ਵੀ ਇਸੇ ਪ੍ਰਭਾਵ ਨੂੰ ਮਜ਼ਬੂਤ ਕਰਦੀ ਜਾਪਦੀ ਹੈ।

ਅੱਠ ਸਫ਼ਿਆਂ ਦੀ ਇਸ ਰਿਪੋਰਟ ਮੁਤਾਬਿਕ 'ਸਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ' (ਐਸ.ਈ.ਈ.ਸੀ.), 'ਫੈਡਰਲ ਬਿਊਰੋ ਆਫ ਰੈਵੇਨਿਊ' (ਐਫ.ਬੀ.ਆਰ.), ਕੌਮੀ ਜਵਾਬਦੇਹੀ ਬਿਊਰੋ ਅਤੇ ਸੰਘੀ ਜਾਂਚ ਏਜੰਸੀ (ਐਫ.ਆਈ.ਏ.) ਸਮੇਤ ਸਰਕਾਰੀ ਵਿਭਾਗਾਂ ਨੇ ਜਾਂਚ ਨੂੰ ਪ੍ਰਭਾਵਿਤ ਕਰਨ ਅਤੇ ਰੋੜੇ ਅਟਕਾਉਣ ਦੇ ਯਤਨ ਕੀਤੇ। ਇਥੋਂ ਤੱਕ ਕਿ ਨਾਗਰਿਕ ਸੂਹੀਆ ਏਜੰਸੀ ਆਈ.ਬੀ. ਅਤੇ ਪ੍ਰਧਾਨ ਮੰਤਰੀ ਨਿਵਾਸ 'ਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਦੋਸ਼ ਵੀ ਲਾਏ ਗਏ ਹਨ। ਸੁਭਾਵਿਕ ਰੂਪ ਵਿਚ ਸਰਕਾਰ ਵੱਲੋਂ ਇਨ੍ਹਾਂ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਗਿਆ ਹੈ। ਨੈਸ਼ਨਲ ਬੈਂਕ ਆਫ ਪਾਕਿਸਤਾਨ ਦੇ ਮੁਖੀ ਸਈਦ ਅਹਿਮਦ, ਸ਼ਰੀਫ਼ ਦੇ ਪੁੱਤਰ ਹੁਸੈਨ ਸ਼ਰੀਫ਼ ਅਤੇ ਚਚੇਰੇ ਭਰਾ ਤਾਰਿਕ ਸ਼ਫ਼ੀ ਨੇ ਤਾਂ ਜੇ.ਆਈ.ਟੀ. ਵੱਲੋਂ ਉਨ੍ਹਾਂ ਨਾਲ ਦੁਰਵਿਹਾਰ ਕੀਤੇ ਜਾਣ ਦੀ ਸ਼ਿਕਾਇਤ ਵੀ ਸੁਪਰੀਮ ਕੋਰਟ ਕੋਲ ਕੀਤੀ ਹੈ। ਚਿੱਟ-ਕੱਪੜੀਏ ਅਪਰਾਧ ਦੀ ਜਾਂਚ ਕਰਨ ਵਾਲੀ ਕਿਸੇ ਵੀ ਏਜੰਸੀ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕਥਿਤ ਦੋਸ਼ੀਆਂ ਜਾਂ ਗਵਾਹਾਂ ਨਾਲ ਆਮ ਅਪਰਾਧੀਆਂ ਵਰਗਾ ਵਿਹਾਰ ਨਾ ਹੋਵੇ। ਫਿਰ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲਾ ਕੰਮ ਇਹ ਹੋਇਆ ਕਿ ਹੁਸੈਨ ਸ਼ਰੀਫ਼ ਦੀ ਕਟਹਿਰੇ ਵਿਚ ਖੜ੍ਹੇ ਦੀ ਫੋਟੋ ਮੀਡੀਆ ਨੂੰ ਲੀਕ ਕਰ ਦਿੱਤੀ ਗਈ।

> ***ਸਿਆਸਤਦਾਨਾਂ ਨੂੰ ਤਾਂ ਬੜੀ ਤਤਪਰਤਾ ਨਾਲ ਜਵਾਬਦੇਹ ਬਣਾਇਆ ਜਾਂਦਾ ਹੈ, ਪਰ ਜਮਹੂਰੀਅਤ ਨੂੰ ਕੁਚਲਣ ਵਾਲੇ ਫ਼ੌਜੀ ਜਰਨੈਲ ਹਰ ਕੰਮ ਕਰ ਕੇ ਸਾਫ਼ ਬਚ ਕੇ ਨਿਕਲ ਜਾਂਦੇ ਹਨ। ਮੁਲਕ ਵਿਚ ਵੰਡੀਆਂ ਦਾ ਬੀਜ ਬੀਜਣ ਵਾਲੇ ਅਤੇ ਆਪਣੀਆਂ ਨੀਤੀਆਂ ਨਾਲ ਪੱਛਮੀ ਪਾਕਿਸਤਾਨ ਵਿਚ ਵਿਸ਼ਾਲ ਦੌਲਤ ਇਕੱਠੀ ਕਰਨ ਵਾਲੇ ਜਨਰਲ ਅਯੂਬ ਖਾਨ ਅਤੇ ਫਿਰ ਉਨ੍ਹਾਂ ਦੇ ਉਤਰਾਧਿਕਾਰੀ ਜਨਰਲ ਯਾਹੀਆ ਖਾਨ ਬਿਨਾਂ ਕਿਸੇ ਜਵਾਬਦੇਹੀ ਤੋਂ ਘਰ ਵਿਚ ਕੁਦਰਤੀ ਮੌਤ ਮਰੇ।***

ਸੁਪਰੀਮ ਕੋਰਟ ਨੇ ਤੁਰੰਤ ਮਾਮਲੇ ਦਾ ਨੋਟਿਸ ਤਾਂ ਲਿਆ, ਪਰ ਇਸ ਨੇ ਆਪਣਾ ਫ਼ੈਸਲਾ ਰਾਖਵਾਂ ਰੱਖਣਾ ਹੀ ਠੀਕ ਸਮਝਿਆ। ਦੋਸ਼ ਲਾਏ ਜਾ ਰਹੇ ਹਨ ਕਿ ਜੇ.ਆਈ.ਟੀ. ਦੇ ਕੰਮ-ਕਾਰ ਵਿਚ ਖੁਫ਼ੀਆ ਅਧਿਕਾਰੀਆਂ ਦੀ ਸ਼ਮੂਲੀਅਤ ਹੈ। ਅਪੁਸ਼ਟ ਰਿਪੋਰਟਾਂ ਮੁਤਾਬਿਕ ਜਾਂਚ ਟੀਮ ਦੇ ਕਾਰ-ਵਿਹਾਰ 'ਤੇ ਆਈ.ਐਸ.ਆਈ. ਅਤੇ ਮਿਲਟਰੀ ਇੰਟੈਲੀਜੈਂਸ ਦੇ ਨੁਮਾਇੰਦਿਆਂ ਦਾ ਗਲਬਾ ਹੈ।

ਖੈਰ, ਜੋ ਵੀ ਹੋਵੇ, ਪ੍ਰਧਾਨ ਮੰਤਰੀ ਨੂੰ ਇਹ ਵੀ ਮਨ ਵਿਚ ਰੱਖਣਾ ਚਾਹੀਦਾ ਹੈ ਕਿ 'ਪਨਾਮਾ ਲੀਕਸ' ਉਨ੍ਹਾਂ ਦੇ ਵਿਰੋਧੀਆਂ ਦੇ ਮਨਾਂ ਦੀ ਉਪਜ ਨਹੀਂ। ਇਸ ਦੇ ਲਪੇਟੇ ਵਿਚ ਕਈ ਮੁਲਕਾਂ ਦੇ ਆਗੂ ਆਏ ਹਨ ਜਿਨ੍ਹਾਂ ਵਿਚੋਂ ਕਿਸੇ ਨੇ ਅਸਤੀਫ਼ਾ ਦੇ ਦਿੱਤਾ ਅਤੇ ਕਿਸੇ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਅਹੁਦਾ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਸ਼ਰੀਫ਼ ਕੋਲ ਵੀ ਅਸਤੀਫ਼ਾ ਦੇਣ ਦਾ ਬਦਲ ਸੀ, ਪਰ ਉਹ ਇਹ ਦਾਅਵਾ ਕਰਦਿਆਂ ਆਪਣੇ ਅਹੁਦੇ 'ਤੇ ਬਰਕਰਾਰ ਰਹੇ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕੀਤਾ।

ਉਂਜ ਸ਼ਰੀਫ਼ ਖਿਲਾਫ਼ ਜਾਂਚ ਨੇ ਇਸ ਗੱਲ ਸਬੰਧੀ ਦੋਹਰੇ ਮਿਆਰਾਂ ਨੂੰ ਵੀ ਇਕ ਵਾਰ ਫਿਰ ਸਾਹਮਣੇ ਲਿਆਂਦਾ ਹੈ ਕਿ ਸਿਆਸਤਦਾਨਾਂ ਨੂੰ ਤਾਂ ਬੜੀ ਤਤਪਰਤਾ ਨਾਲ ਜਵਾਬਦੇਹ ਬਣਾਇਆ ਜਾਂਦਾ ਹੈ, ਪਰ ਜਮਹੂਰੀਅਤ ਨੂੰ ਕੁਚਲਣ ਵਾਲੇ ਫ਼ੌਜੀ ਜਰਨੈਲ ਹਰ ਕੰਮ ਕਰ ਕੇ ਸਾਫ਼ ਬਚ ਕੇ ਨਿਕਲ ਜਾਂਦੇ ਹਨ। ਮੁਲਕ ਵਿਚ ਵੰਡੀਆਂ ਦਾ ਬੀਜ ਬੀਜਣ ਵਾਲੇ ਅਤੇ ਆਪਣੀਆਂ ਨੀਤੀਆਂ ਨਾਲ ਪੱਛਮੀ ਪਾਕਿਸਤਾਨ ਵਿਚ ਵਿਸ਼ਾਲ ਦੌਲਤ ਇਕੱਠੀ ਕਰਨ ਵਾਲੇ ਜਨਰਲ ਅਯੂਬ ਖਾਨ ਅਤੇ ਫਿਰ ਉਨ੍ਹਾਂ ਦੇ ਉਤਰਾਧਿਕਾਰੀ ਜਨਰਲ ਯਾਹੀਆ ਖਾਨ (ਜਿਨ੍ਹਾਂ ਵੇਲੇ ਪਾਕਿਸਤਾਨ ਦੇ ਦੋ ਟੁਕੜੇ ਹੋਏ), ਬਿਨਾਂ ਕਿਸੇ ਜਵਾਬਦੇਹੀ ਤੋਂ ਘਰ ਵਿਚ ਕੁਦਰਤੀ ਮੌਤ ਮਰੇ। ਇਸਲਾਮ ਦੇ ਨਾਂ 'ਤੇ ਵਿਚਾਰਧਾਰਕ ਤਾਨਾਸ਼ਾਹੀ ਠੋਸਣ ਵਾਲੇ ਜਨਰਲ ਜ਼ਿਆ ਦੀ ਮੌਤ ਭੇਤ ਭਰੇ ਜਹਾਜ਼ ਹਾਦਸੇ ਵਿਚ ਹੋਈ। ਫਿਰ ਹਾਲ ਹੀ ਦੌਰਾਨ ਜਨਰਲ ਮੁਸ਼ੱਰਫ਼ ਵੀ ਆਪਣੇ ਚਹੇਤੇ ਤਤਕਾਲੀ ਫ਼ੌਜੀ ਮੁਖੀ ਰਹੀਲ ਸ਼ਰੀਫ਼ ਸਦਕਾ ਬਿਨਾਂ ਕਿਸੇ ਸੇਕ ਦੇ ਬਚ ਕੇ ਨਿਕਲ ਗਏ ਅਤੇ ਮੁਲਕ ਦੀ 'ਜਮਹੂਰੀ' ਸਰਕਾਰ ਅਤੇ 'ਸੁਤੰਤਰ' ਅਦਾਲਤਾਂ ਬੇਵਸੀ ਨਾਲ ਵੇਖਦੇ ਹੀ ਰਹਿ ਗਏ। ਇਹ ਪਾਕਿਸਤਾਨੀ ਤਰਜ਼ ਵਾਲੀ ਜਮਹੂਰੀਅਤ ਦੀ ਵੱਡੀ ਤ੍ਰਾਸਦੀ ਹੈ ਕਿ ਇਥੇ ਕੁਝ ਸੰਸਥਾਵਾਂ ਬਾਕੀਆਂ ਨਾਲੋਂ ਵਧੇਰੇ 'ਬਰਾਬਰ' ਹਨ, ਪਰ ਇਹ ਸਭ ਕੁਝ ਕਹਿਣ ਦਾ ਮਤਲਬ ਇਹ ਵੀ ਨਹੀਂ ਹੈ ਕਿ ਸ਼ਰੀਫ਼ ਖਿਲਾਫ਼ ਕਾਰਵਾਈ ਨਹੀਂ ਹੋਣੀ ਚਾਹੀਦੀ। ਜੇ ਉਹ ਦੋਸ਼ੀ ਹਨ ਤਾਂ ਬਣਦੀ ਕਾਨੂੰਨੀ ਕਾਰਵਾਈ ਹੋਣੀ ਹੀ ਚਾਹੀਦੀ ਹੈ।


# ‘ਸੁਰੀਲਾ ਤੇ ਰਸੀਲਾ ਸ਼ੈਲੀਕਾਰ:ਪੂਰਨ ਸਿੰਘ ਪਾਂਧੀ’ ਬਾਰੇ ਮੇਰੇ ਪ੍ਰਭਾਵ

ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਸੰਪਾਦਿਤ ‘ਸੁਰੀਲਾ ਤੇ ਰਸੀਲਾ ਸ਼ੈਲੀਕਾਰ: ਪੂਰਨ ਸਿੰਘ ਪਾਂਧੀ’ ਪ੍ਰਸਿੱਧ ਲੇਖਕ ਪੂਰਨ ਸਿੰਘ ਪਾਂਧੀ ਬਾਰੇ ਅਭਿਨੰਦਨ ਗ੍ਰੰਥ ਹੈ, ਜਿਸ ਵਿਚ ਕੋਈ ਤਿੰਨ ਦਰਜਨ ਲੇਖਕਾਂ ਦੇ ਲਿਖੇ ਰੇਖਾ-ਚਿੱਤਰ ਹਨ, ਜੋ ਸ. ਪਾਂਧੀ ਦੀ ਵਿਦਵਤਾ, ਸਾਹਿਤਕ ਘਾਲਣਾ, ਵਿਲੱਖਣ ਸ਼ਖਸੀਅਤ ਅਤੇ ਉਨ੍ਹਾਂ ਦੀਆਂ ਮੌਲਿਕ ਰਚਨਾਵਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ। ਪ੍ਰਿੰ. ਸਾਹਿਬ ਦੇ ਕਹਿਣ ਅਨੁਸਾਰ ਕੁਝ ਦੋਸਤ ਲੇਖਕਾਂ ਦੀ ਇੱਕ ਗੈਰ-ਰਸਮੀ ਇਕੱਤਰਤਾ ਦੌਰਾਨ ਸ. ਪਾਂਧੀ ਬਾਰੇ ਅਭਿਨੰਦਨ ਗ੍ਰੰਥ ਤਿਆਰ ਕਰਨ ਦੀ ਵਿਉਂਤ ਬਣੀ ਅਤੇ ਇਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਨੂੰ ਸੌਂਪੀ ਗਈ।

ਉਨ੍ਹਾਂ ਦੱਸਿਆ ਕਿ ਅਖਬਾਰਾਂ ਵਿਚ ਇਸ ਬਾਰੇ ਸੂਚਨਾ ਦੇਣ ਦੀ ਢਿੱਲ ਸੀ ਕਿ ਵੱਖ-ਵੱਖ ਲੇਖਕਾਂ ਤੋਂ ਖੂਬਸੂਰਤ ਲੇਖ ਤੇ ਕਵਿਤਾਵਾਂ ਆਉਣੀਆਂ ਸ਼ੁਰੂ ਹੋ ਗਈਆਂ। ਅਸਚਰਜ ਵਾਲੀ ਗੱਲ ਇਹ ਕਿ ਕਿਸੇ ਵੀ ਲੇਖਕ ਨੂੰ ਇਸ ਬਾਰੇ ਕੋਈ ਫੋਨ ਜਾਂ ਈ-ਮੇਲ ਵਗੈਰਾ ਨਹੀਂ ਕੀਤੀ ਗਈ, ਸਗੋਂ ਇਸ ਅਭਿਨੰਦਨ ਗ੍ਰੰਥ ਵਿਚ ਸ਼ਾਮਲ 30 ਲੇਖ ਅਤੇ 4 ਕਵਿਤਾਵਾਂ ਆਪਣੇ ਆਪ ਹੀ ਸੰਪਾਦਕ ਕੋਲ ਪਹੁੰਚੀਆਂ। ਇਸ ਤੋਂ ਲੇਖਕਾਂ ਦਾ ਪਾਂਧੀ ਸਾਹਿਬ ਲਈ ਪਿਆਰ ਤੇ ਸਤਿਕਾਰ ਦਾ ਅੰਦਾਜ਼ਾ ਭਲੀ-ਭਾਂਤ ਲਾਇਆ ਜਾ ਸਕਦਾ ਹੈ।

ਜ਼ਿਲਾ ਮੋਗਾ ਦੇ ਪਿੰਡ ਰਾਮੂੰਵਾਲਾ ਕਲਾਂ ‘ਚ 1933 ਵਿਚ ਜਨਮੇ ਪੂਰਨ ਸਿੰਘ ਪਾਂਧੀ ਬਹੁ-ਪੱਖੀ ਵਿਦਵਾਨ ਹਨ। ਉਹ ਕਵੀ, ਕਹਾਣੀਕਾਰ, ਵਾਰਤਕਕਾਰ, ਸੰਗੀਤਕਾਰ, ਕਈ ਸਾਜ਼ਾਂ ਦੇ ਗਿਆਤਾ, ਗੁਰਮਤਿ ਤੇ ਗੁਰਬਾਣੀ ਦੇ ਗੂੜ੍ਹ ਗਿਆਨੀ, ਪ੍ਰਭਾਵਸ਼ਾਲੀ ਬੁਲਾਰੇ, ਬਹੁਤ ਮਿਲਣਸਾਰ, ਸੁਘੜ ਤੇ ਸੁਚੇਤ ਵਿਅਕਤੀ ਹਨ। ਪੰਜਾਬ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ 1956 ਤੋਂ 1991 ਤੱਕ 35 ਸਾਲ ਪੰਜਾਬੀ ਅਧਿਆਪਕ ਰਹੇ ਤੇ ਪੰਜ ਸਾਲ ਥਾਈਲੈਂਡ ਵਿਖੇ ਇੱਕ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਅਤੇ ਲੜਕੀਆਂ ਦੇ ਸਕੂਲ ਵਿਚ ਪੰਜਾਬੀ ਅਧਿਆਪਕ ਰਹੇ। ਅੱਜ ਕੱਲ੍ਹ ਬਰੈਂਪਟਨ ਵਿਚ ਆਪਣੇ ਸਪੁੱਤਰ ਨਵਤੇਜ ਸਿੰਘ ਕੋਲ ਜੀਵਨ ਦੇ ਸੁਖ ਮਾਣ ਰਹੇ ਹਨ। ਉਨ੍ਹਾਂ ਨੇ ਆਪਣੀ ਕਾਵਿ-ਮਈ ਤੇ ਅਰਥ-ਭਰਪੂਰ ਵਾਰਤਕ ਲੇਖਣੀ ਵਿਚ ਵੱਖ-ਵੱਖ ਵਿਸ਼ਿਆਂ ਉਪਰ ਦਰਜਨ ਪੁਸਤਕਾਂ ਦੀ ਸਿਰਜਣਾ ਕੀਤੀ। ਉਹ ਬਰੈਂਪਟਨ ਅਤੇ ਇਸ ਦੇ ਆਸ-ਪਾਸ ਹੋਣ ਵਾਲੇ ਲੱਗਭੱਗ ਹਰੇਕ ਸਾਹਿਤਕ ਸਮਾਗਮ ਵਿਚ ਸ਼ਿਰਕਤ ਕਰਦੇ ਹਨ ਅਤੇ ਸਾਹਿਤਕਾਰਾਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਹਰੇਕ ਸਭਾ/ ਸੁਸਾਇਟੀ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਦਿੰਦੀ ਹੈ।




ਇੱਥੇ ਇਹ ਵਰਨਣਯੋਗ ਹੈ ਕਿ ਸ. ਪਾਂਧੀ ਨੇ ਸ਼ੁਰੂ ਵਿਚ ਆਪਣਾ ਸਾਹਿਤਕ ਸਫਰ ਕਵਿਤਾ ਤੋਂ ਸ਼ੁਰੂ ਕੀਤਾ, ਭਿੰਨ ਭਿੰਨ ਵਿਸ਼ਿਆਂ ‘ਤੇ ਬਹੁਤ ਜਜ਼ਬਾਤੀ ਤੇ ਭਾਵਪੂਰਤ ਕਵਿਤਾਵਾਂ ਲਿਖੀਆਂ, ਜੋ ਸਾਹਿਤਕ ਰਸਾਲਿਆਂ ਵਿਚ ਛਪਦੀਆਂ ਰਹੀਆਂ ਤੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ। ਆਪਣੇ ਸਮੇਂ ਦੇ ਚੋਟੀ ਦੇ ਸਾਹਿਤਕਾਰਾਂ ਦੀ ਸੰਗਤ ਵਿਚ ਦਰਜਨਾਂ ਕਹਾਣੀਆਂ ਲਿਖੀਆਂ, ਜੋ ਅਖਬਾਰਾਂ ਤੇ ਸਾਹਿਤਕ ਰਸਾਲਿਆਂ ਵਿਚ ਛਪਦੀਆਂ ਰਹੀਆਂ। ਪਰ ਉਨ੍ਹਾਂ ਨੇ ਨਾ ਕਵਿਤਾਵਾਂ ਦੀ ਅਤੇ ਨਾ ਹੀ ਕਹਾਣੀਆਂ ਦੀ ਕੋਈ ਕਿਤਾਬ ਛਪਾਉਣ ਤੇ ਪੰਜਾਬੀ ਪਾਠਕਾਂ ਵਿਚ ਪਹੁੰਚਾਉਣ ਦੀ ਖੇਚਲ ਕੀਤੀ। ਫਿਰ ਉਨ੍ਹਾਂ ਦਾ ਝੁਕਾਅ ਵਾਰਤਕ ਵੱਲ ਹੋ ਗਿਆ।

ਸ. ਪਾਂਧੀ ਦੀਆਂ ਵਾਰਤਕ ਪੁਸਤਕਾਂ ਦਾ ਵਿਸ਼ਾਲ ਖੇਤਰ ਧਾਰਮਿਕਤਾ ਤੋਂ ਸ਼ੁਰੂ ਹੋ ਕੇ ਅਧਿਆਤਮਵਾਦ, ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਸਦਾਚਾਰਕ ਅਤੇ ਵਿਗਿਆਨਕ ਸੋਚ ਦੀ ਪਰਿਕਰਮਾ ਕਰਦਾ ਹੋਇਆ ਸੰਗੀਤ ਵੱਲ ਵਧਦਾ ਹੈ। ਉਨ੍ਹਾਂ ਦੀਆਂ ਕੁਝ ਕਿਤਾਬਾਂ ਹਨ: ‘ਸਿਰੁ ਨੀਵਾਂ ਕਰਿ ਦੇਖੁ’, ‘ਬੁਲੰਦ ਪਰਵਾਜ਼:ਸਾਥੀ ਰਣਧੀਰ ਗਿੱਲ’, ‘ਜੀਵਨੀ ਸੰਤ ਚੰਦਾ ਸਿੰਘ’, ‘ਜੀਵਨੀ ਗਿਆਨੀ ਸ਼ੇਰ ਸਿੰਘ’, ‘ਗੁਰੂ ਅੰਗਦ ਦੇਵ ਜੀ’, ‘ਵਿਸਾਖੀ ਅਤੇ ਸਿੱਖ’, ‘ਕਿਵ ਸਚਿਆਰਾ ਹੋਈਐ’, ‘ਹਰਮਨ ਦੇ ਦਿਲ ਦੀ ਕਹਾਣੀ।’ ਪਿੰਡ ਰਾਮੂੰਵਾਲਾ ਕਲਾਂ ਬਾਰੇ ਜਾਣਕਾਰੀ ਦੇਣ ਵਾਲੀ ਉਨ੍ਹਾਂ ਦੀ ਪੁਸਤਕ ਹੈ, ‘ਤੇਰੀਆਂ ਗੱਲਾਂ ਤੇਰੇ ਨਾਲ’ ਜੋ ਗਿਆਨੀ ਗੁਰਦਿੱਤ ਸਿੰਘ ਦੀ ‘ਮੇਰਾ ਪਿੰਡ’ ਦੇ ਪੱਧਰ ਦੀ ਪੁਸਤਕ ਹੈ। ‘ਸੰਗੀਤ ਦੀ ਦੁਨੀਆਂ’ ਕਲਾਸੀਕਲ ਗਾਇਕੀ ਬਾਰੇ ਐਨਸਾਈਕਲੋਪੀਡੀਆ ਦਾ ਦਰਜਾ ਰੱਖਦੀ ਹੈ।

ਇਸ ਅਭਿਨੰਦਨ ਗ੍ਰੰਥ ਵਿਚ ਜਿੱਥੇ ਡਾ. ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਨੂੰ ਗੰਭੀਰ ਅਤੇ ਬੇਖੌਫ ਹੋ ਕੇ ਰਹਿਨਮਾਈ ਕਰਨ ਵਾਲਾ ‘ਪਹੁੰਚਿਆ ਹੋਇਆ ਪਾਂਧੀ’, ‘ਸੁਰੀਲੀ ਸ਼ਖਸੀਅਤ ਅਤੇ ਸੁਰੀਲੀ ਵਾਰਤਾ ਦਾ ਸਿਰਜਕ’ ਕਿਹਾ ਹੈ, ਉਥੇ ਬਲਦੇਵ ਸਿੰਘ ਸੜਕਨਾਮਾ ਉਨ੍ਹਾਂ ਨੂੰ ‘ਗਿਆਨ ਅਤੇ ਨਿਮਰਤਾ ਦੀ ਧਾਰਾ’ ਅਤੇ ਬਹੁ-ਪੱਖੀ ਤੇ ਵਿਲੱਖਣ ਸ਼ਖਸੀਅਤ ਕਹਿੰਦਾ ਹੈ। ਇਸੇ ਤਰ੍ਹਾਂ ਕਿਰਪਾਲ ਸਿੰਘ ਪੰਨੂੰ ਤੇ ਜਰਨੈਲ ਸਿੰਘ ਕਹਾਣੀਕਾਰ ਉਨ੍ਹਾਂ ਨੂੰ ‘ਨਿਵੇਕਲੇ ਰਾਹਾਂ ਦਾ ਪਾਂਧੀ’ ਤੇ ‘ਸੁਚੱਜੇ ਅਤੇ ਸਾਰਥਿਕ ਰਾਹਾਂ ਦਾ ਪਾਂਧੀ’ ਕਹਿੰਦੇ ਹਨ। ਪ੍ਰਿੰ. ਬਲਕਾਰ ਸਿੰਘ ਬਾਜਵਾ ‘ਨਿਮਰਤਾ ਦੀ ਮੂਰਤ’ ਕਰਾਰ ਦਿੰਦਾ ਹੈ। ਆਪਣੇ ਬੇਟੇ ਨਵਤੇਜ ਸਿੰਘ ਦਾ ਉਹ ‘ਰਹਿਬਰ ਬਾਪੂ ਜੀ’ ਹੈ ਅਤੇ ਹੁਣੇ ਪਿਛਲੇ ਹਫਤੇ ਹੀ ਸਦੀਵੀ-ਵਿਛੋੜਾ ਦੇ ਗਏ ਇਕਬਾਲ ਰਾਮੂੰਵਾਲੀਆ ਦਾ ਉਹ ‘ਯਾਰ-ਚਾਚਾ’ ‘ਵਿਦਵਾਨ ਚਾਚਾ’ ਅਤੇ ‘ਇਮਾਨਦਾਰ ਖਜ਼ਾਨਚੀ ਚਾਚਾ’ ਹੈ। ਉਸ ਦਾ ਪਿਤਾ ਸ਼੍ਰੋਮਣੀ ਕਵੀਸ਼ਰ ਸਵਰਗੀ ਕਰਨੈਲ ਸਿੰਘ ਪਾਰਸ ਸ. ਪਾਂਧੀ ਨੂੰ ਬਹੁ-ਪੱਖੀ ਵਿਦਵਾਨ ਤੇ ਤਿੰਨਾਂ ਰਾਮੂੰਵਾਲੀਆਂ ਵਿਚੋਂ ਪਰਖਿਆ ਹੋਇਆ ਆਦਰਯੋਗ, ਇਤਬਾਰਯੋਗ ਤੇ ਇਮਾਨਦਾਰ ਬੰਦਾ ਆਖਦਾ ਹੈ। ਪਾਰਸ ਵੱਲੋਂ ਕੈਨੇਡਾ ਤੋਂ ਲੱਖਾਂ ਰੁਪਈਏ ਸ. ਪਾਂਧੀ ਨੂੰ ਭੇਜੇ ਜਾਂਦੇ ਰਹੇ, ਜੋ ਪਾਂਧੀ ਪਿੰਡ ਦੀ ਭਲਾਈ ਸਕੀਮਾਂ ਲਈ ਖਰਚਦਾ ਰਿਹਾ।

ਬਲਬੀਰ ਸਿੰਘ ਮੋਮੀ ਉਨ੍ਹਾਂ ਨਾਲ ਨੌਕਰੀ ਦੌਰਾਨ ਕਾਂਗਰਸੀ ਸਰਕਾਰ ਵੱਲੋਂ ‘ਸਜ਼ਾ’ ਦੇ ਤੌਰ ‘ਤੇ ਭੇਜੇ ਗਏ ਫਿਰੋਜ਼ਪੁਰ ਦੇ ਪੱਛੜੇ ਇਲਾਕੇ ਦੇ ਸਕੂਲਾਂ ਵਿਚ ਗੁਜ਼ਾਰੇ ਹੋਏ ਦਿਨਾਂ ਦੀ ਬਾਤ ਪਾਉਂਦਾ ਹੈ, ਜਿੱਥੇ ਉਹ ਕਾਨਿਆਂ ਦੀਆਂ ਕੁੱਲੀਆਂ ਦੇ ਪਛੜੇ ਪਿੰਡ ਵਿਚ ਕਹਿਰਾਂ ਮਾਰੀਆਂ ਗਰਮੀਆਂ, ਭਿਆਨਕ ਸਰਦੀਆਂ ਅਤੇ ਮੀਂਹਾਂ ਤੇ ਝੱਖੜਾਂ ਵਿਚ ਕੁੱਲੀਆਂ ਵਿਚ ਗੁਜ਼ਾਰਾ ਕਰਦੇ ਰਹੇ ਪਰ ਹੰਕਾਰੀ ਕਾਂਗਰਸੀਆਂ ਦੀ ਈਨ ਨਹੀਂ ਮੰਨੀ, ਆਪਣੇ ਅਸੂਲ ਤੋਂ ਪਿੱਛੇ ਨਹੀਂ ਹਟੇ ਅਤੇ ਆਪਣੇ ਸਟੈਂਡ ’ਤੇ ਡਟੇ ਰਹੇ ਹਨ।

ਬਕਲਮ ਖੁਦ ਡਾ. ਸੁਖਦੇਵ ਸਿੰਘ ਝੰਡ, ਬਲਦੇਵ ਸਿੰਘ ਸਹਿਦੇਵ, ਪ੍ਰਸਿੱਧ ਪੱਤਰਕਾਰ ਸੁਰਜਨ ਜ਼ੀਰਵੀ, ਸਾਥੀ ਲੁਧਿਆਣਵੀ, ਕੁਲਵਿੰਦਰ ਖਹਿਰਾ, ਪ੍ਰੋ. ਜਾਗੀਰ ਸਿੰਘ ਕਾਹਲੋਂ, ਹਰਚੰਦ ਸਿੰਘ ਬਾਸੀ, ਜਰਨੈਲ ਸਿੰਘ ਅੱਚਰਵਾਲ, ਡਾ. ਹਰਵਿੰਦਰ ਕੌਰ ਚੀਮਾ, ਬਲਜਿੰਦਰ ਕੌਰ ਗੁਲਾਟੀ, ਹਰਭਜਨ ਕੌਰ ਗਿੱਲ, ਸੁੱਚਾ ਸਿੰਘ ਮਾਂਗਟ, ਪਰਮਜੀਤ ਕੌਰ ਦਿਓਲ, ਪ੍ਰਿੰਸੀਪਲ ਬਲਵੀਰ ਸਿੰਘ ਗਿੱਲ ਡਾਲਾ ਆਦਿ ਸੁਘੜ ਸੁਜਾਨ ਲੇਖਕਾਂ ਨੇ ਸ. ਪਾਂਧੀ ਨੂੰ ਭਾਵਨਾ ਭਰੀ ਪੁਸ਼ਪਾਂਜਲੀ ਅਰਪਣ ਕੀਤੀ ਹੈ।

ਸ. ਪਾਂਧੀ ਦਾ ਜਿਗਰੀ ਜੋਟੀਦਾਰ ਗੁਰਦੇਵ ਸਿੰਘ ਮਾਨ ਉਨ੍ਹਾਂ ਨੂੰ ‘ਮੇਰੇ ਸਜਨ ਮੀਤ ਮੁਰਾਰੇ ਜੀਓ’ ਕਹਿ ਕੇ ਯਾਦ ਕਰਦਾ ਹੈ। ਉਹ ਉਨ੍ਹਾਂ ਨਾਲ ਪਹਿਲੀ ਵਾਰ ਟੋਰਾਂਟੋ ਵਿਚ ਹੋਈ ਮੁਲਾਕਾਤ ਨੂੰ ‘ਲਵ ਐਟ ਫਸਟ ਸਾਈਟ’ ਦਾ ਨਾਮ ਦਿੰਦਾ ਹੈ ਅਤੇ ਕਹਿੰਦਾ ਹੈ, “ਇਨ੍ਹਾਂ ਦੀ ਸ਼ਖਸੀਅਤ ਵਿਚੋਂ ਕਦੇ ਮੈਨੂੰ ਭਾਈ ਵੀਰ ਸਿੰਘ ਦਾ, ਕਦੇ ਭਾਈ ਕਾਨ੍ਹ ਸਿੰਘ ਨਾਭਾ ਦਾ ਅਤੇ ਕਦੀ ਗੁਰਬਖਸ਼ ਸਿੰਘ ਪ੍ਰੀਤਲੜੀ ਵਰਗਾ ਝਲਕਾਰਾ ਦਿਸਦਾ ਹੈ।”

ਸਭ ਤੋਂ ਵਿਲੱਖਣ ਗੱਲ ਇਸ ਪੁਸਤਕ ਵਿਚ ‘ਪਾਂਧੀ ਜੀ ਨਾਲ ਖੁੱਲ੍ਹੀਆਂ ਗੱਲਾਂ’ ਕਾਲਮ ਦੀ ਹੈ। ਜਿਸ ਵਿਚ ਸ. ਪਾਂਧੀ ਦੀ ਬਹੁ-ਪੱਖੀ ਵਿਦਵਤਾ, ਵਿਸ਼ਾਲ ਗਿਆਨ ਭੰਡਾਰ ਤੇ ਗਹਿਰ ਗੰਭੀਰ ਜਾਣਕਾਰੀ ਦੇ ਦਰਸ਼ਨ ਹੁੰਦੇ ਹਨ। ਇਸ ਤੋਂ ਇਲਾਵਾ ਡਾ. ਗੁਰਬਖਸ਼ ਸਿੰਘ ਭੰਡਾਲ, ਪ੍ਰੋ. ਮਹਿੰਦਰਦੀਪ ਗਰੇਵਾਲ, ਗੁਰਦਾਸ ਮਿਨਹਾਸ, ਪਰਮਜੀਤ ਕੌਰ ਦਿਓਲ ਅਤੇ ਸੁੰਦਰਪਾਲ ਕੌਰ ਰਾਜਾਸਾਂਸੀ ਆਦਿ ਦੀਆਂ ਕਵਿਤਾਵਾਂ ਬਹੁਤ ਉਤਮ ਤੇ ਮਹਾਨ ਕਵਿਤਾਵਾਂ ਸ਼ਾਮਲ ਹਨ।

ਪੂਰਨ ਸਿੰਘ ਪਾਂਧੀ ਦੀ ਵਾਰਤਕ ਦਾ ਉਤਮ ਤੇ ਨਿਵੇਕਲਾ ਗੁਣ ਉਨ੍ਹਾਂ ਦੀ ਬੋਲੀ ਸਰਲ, ਸਪੱਸ਼ਟ ਅਤੇ ਕਾਵਿਕ-ਸ਼ੈਲੀ ਦਾ ਹੋਣਾ ਹੈ। ਵਾਰਤਕ ਵਿਚ ਸਮ-ਅਰਥੀ ਤੇ ਬਹੁ-ਅਰਥੀ ਸ਼ਬਦ ਬੋਲੀ ਦੀ ਸਪੱਸ਼ਟਤਾ, ਰਵਾਨਗੀ ਤੇ ਸੁਹਜ ਸੁਆਦ ਵਿਚ ਵਾਧਾ ਕਰਦੇ ਹਨ। ਸ. ਪਾਂਧੀ ਅਨੁਸਾਰ ਸੰਗੀਤ ਸਭ ਤੋਂ ਕੋਮਲ, ਸੂਖਮ ਤੇ ਬਿਖਮ ਕਲਾ ਹੈ; ਜੋ ਮਨੁੱਖ ਨੂੰ ਅੰਤਰ-ਸ਼ੁੱਧਤਾ ਪ੍ਰਦਾਨ ਕਰਦਾ ਹੈ, ਪਰ ਉਨ੍ਹਾਂ ਨੂੰ ਇਹ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਅਜੋਕੇ ਸਿੱਖ ਕੀਰਤਨੀਏ, ਸੰਗੀਤਕਾਰ ਤੇ ਗਾਇਕ ਇਸ ਤੋਂ ਭਟਕ ਗਏ ਹਨ ਅਤੇ ਸਰਲ ਜਿਹੀਆਂ ਪ੍ਰਚਲਿਤ ਤਰਜ਼ਾਂ ਤੇ ਕੇਵਲ ਚਾਰ ਮਾਤਰਾ ਕਹਿਰਵੇ ਨਾਲ ਹੀ ਬੁੱਤਾ ਸਾਰਦੇ ਦੇਖੇ ਜਾਂਦੇ ਹਨ। ਕੀਰਤਨੀਆਂ, ਸੰਗੀਤਕਾਰਾਂ ਅਤੇ ਗਾਇਕਾਂ ਨੂੰ ਸੰਗੀਤ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਚੰਗੀ ਤਰ੍ਹਾਂ ਰਿਆਜ਼ ਕਰਕੇ ਲੋਕਾਂ ਸਾਹਮਣੇ ਆਉਣਾ ਚਾਹੀਦਾ ਹੈ। ਲੇਖਕਾਂ ਵੱਲੋਂ ਸ. ਪਾਂਧੀ ਨੂੰ ਸਾਹਿਤਕਾਰਾਂ ਦਾ ਹਮਦਰਦ, ਮਦਦਗਾਰ ਅਤੇ ਬੇ-ਹੱਦ ਮਿਲਣਸਾਰ ਦਰਸਾਇਆ ਗਿਆ ਹੈ। ਉਹ ਗੁਰਮਤਿ ਦੇ ਗਿਆਤਾ, ਕੁਦਰਤ ਤੇ ਕਲਾ ਦੇ ਪ੍ਰੇਮੀ, ਕੋਮਲ ਤੇ ਉਤਮ ਵਿਚਾਰਾਂ ਦੇ ਮਾਲਕ ਹਨ।

ਪੁਸਤਕ ਦੇ ਅਖੀਰ ਵਿਚ 16 ਪੰਨਿਆਂ ‘ਤੇ ਦਿੱਤੀਆਂ ਰੰਗਦਾਰ ਤਸਵੀਰਾਂ ਜਿੱਥੇ ਇਸ ਦੀ ਖੂਬਸੂਰਤੀ ਵਿਚ ਵਾਧਾ ਕਰਦੀਆਂ ਹਨ, ਉਥੇ ਸ. ਪਾਂਧੀ ਦੇ ਜੀਵਨ ਨਾਲ ਜੁੜੀਆਂ ਅਨਮੋਲ ਯਾਦਾਂ ਨੂੰ ਵੀ ਪੂਰੀ ਤਰ੍ਹਾਂ ਉਜਾਗਰ ਕਰਦੀਆਂ ਹਨ। ਕੁਲ ਮਿਲਾ ਕੇ ਸ. ਪਾਂਧੀ ਬਾਰੇ ਸੰਪਾਦਿਤ ਇਹ ਅਭਿਨੰਦਨ ਗ੍ਰੰਥ ਉਨ੍ਹਾਂ ਦੇ ਸਮੁੱਚੇ ਜੀਵਨ, ਉਨ੍ਹਾਂ ਦੀ ਵਿਲੱਖਣ ਸ਼ਖਸੀਅਤ ਅਤੇ ਹੁਣ ਤੱਕ ਦੀਆਂ ਪ੍ਰਾਪਤੀਆਂ ‘ਤੇ ਭਰਪੂਰ ਰੌਸ਼ਨੀ ਪਾਉਂਦਾ ਹੈ। ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਇੱਕ ਵਧੀਆ ਸੰਦਰਭ-ਸਰੋਤ ਕਿਹਾ ਜਾ ਸਕਦਾ ਹੈ। ਸਾਹਿਤ ਪ੍ਰੇਮੀਆਂ ਲਈ ਇਹ ਇੱਕ ਮਾਣਯੋਗ ਤੇ ਸਾਂਭਣਯੋਗ ਤੁਹਫਾ ਹੈ। ਇਸ ਉਦਮ ਲਈ ਪ੍ਰਿੰਸੀਪਲ ਸਰਵਣ ਸਿੰਘ ਪ੍ਰਸ਼ੰਸਾ ਦੇ ਹੱਕਦਾਰ ਹਨ। ਇਸ ਅਭਿਨੰਦਨ ਗ੍ਰੰਥ ਨੂੰ ਜੀ ਆਇਆਂ ਆਖਦਿਆਂ ਪੂਰਨ ਸਿੰਘ ਪਾਂਧੀ ਨੂੰ ਹਾਰਦਿਕ ਮੁਬਾਰਕਬਾਦ!



*ਪੰਜਾਬੀ ਸਭਿਆਚਾਰ ਮੰਚ ਵਲੋਂ ਸ. ਪੂਰਨ ਸਿੰਘ ਪਾਂਧੀ ਦਾ ਸਨਮਾਨ*

---

# ਅਮਰੀਕਾ ਦੇ ਰੈਡ ਇੰਡੀਅਨ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਆਪਣੀ 1980 ਦੀ ਅਮਰੀਕੀ ਫੇਰੀ ਸਮੇਂ ਉਥੋਂ ਦੇ ਰੈਡ ਇੰਡੀਅਨ ਵਸਨੀਕਾਂ ਨੂੰ ਮਿਲਣਾ ਚਾਹੁੰਦਾ ਸਾਂ।

ਮੈਂ ਭਾਰਤ ਵਿਚ ਰਹਿੰਦਿਆਂ ਰੈਡ ਇੰਡੀਅਨ ਲੋਕਾਂ ਬਾਰੇ ਸੁਣਿਆ ਸੀ। ਉਨ੍ਹਾਂ ਦੀਆਂ ਕੁਝ ਆਦਤਾਂ ਭਾਰਤੀ ਲੋਕਾਂ ਨਾਲ ਮਿਲਦੀਆਂ-ਜੁਲਦੀਆਂ ਸਨ। ਉਨ੍ਹਾਂ ਦੀ ਮੁਹੱਬਤ ਅਤੇ ਗੁੱਸਾ ਭਾਰਤੀਆਂ ਵਰਗੇ ਹਨ। ਉਹ ਕਿਸੇ ਦਾ ਦੁਖਦਾ ਦਿਲ ਨਹੀਂ ਦੁਖਾਉਂਦੇ। ਅਮਰੀਕਨਾਂ ਨੇ ਉਨ੍ਹਾਂ ਨੂੰ ਧੱਕ ਕੇ ਇਕ ਥਾਂ ਇਕੱਠੇ ਕਰ ਰਖਿਆ ਸੀ। ਉਹ ਭੋਲੇ ਲੋਕ ਸਨ, ਚਲਾਕ ਲੋਕਾਂ ਦਾ ਮੁਕਾਬਲਾ ਨਾ ਕਰ ਸਕੇ। ਇਸ ਤੋਂ ਪਹਿਲਾਂ ਸਭਿਆ ਲੋਕਾਂ ਦਾ ਇਹ ਵਰਤਾਰਾ ਮੈਂ ਅੰਡੇਮਾਨ ਤੇ ਨਿਕੋਬਾਰ ਦੇ ਲੋਕਾਂ ਨਾਲ ਹੋਇਆ ਵੇਖ ਆਇਆ ਸਾਂ।

ਵਿਉਂਤੇ ਪ੍ਰੋਗਰਾਮ ਅਨੁਸਾਰ ਇਕ ਸੋਸ਼ਲ ਵਰਕਰ ਮੈਨੂੰ ਚਿਰੋਕੀ ਨੇਸ਼ਨ ਨਾਂ ਦੇ ਰੈਡ ਇੰਡੀਅਨਾਂ ਕੋਲ ਲੈ ਗਿਆ। ਚਿਰੋਕੀ ਨੇਸ਼ਨ ਦੇ ਮੁਖੀ ਨੇ ਮੈਨੂੰ ਆਪਣੇ ਘਰ ਸਿੱਟ-ਡਾਊਨ ਡਿਨਰ ‘ਤੇ ਬੁਲਾਇਆ। ਇਹ ਲੋਕ ਅਜਿਹਾ ਡਿਨਰ ਖਾਸ ਬੰਦਿਆਂ ਲਈ ਕਰਦੇ ਹਨ ਤਾਂ ਕਿ ਸਾਰੇ ਇਕ ਮੇਜ਼ ‘ਤੇ ਬੈਠ ਕੇ ਖਾਣਾ ਖਾ ਸਕਣ ਤਾਂ ਜੋ ਇਕ ਦੂਜੇ ਨਾਲ ਨਿੱਘੀ ਜਾਣ ਪਛਾਣ ਬਣ ਸਕੇ।

ਮੈਂ ਇਨ੍ਹਾਂ ਰੈਡ ਇੰਡੀਅਨਾਂ ਦੀ ਕਹਾਣੀ ਪੜ੍ਹੀ ਸੀ ਕਿ ਕਿਸ ਤਰ੍ਹਾਂ ਨਿਊ ਯਾਰਕ, ਨਿਊ ਜਰਸੀ ਤੇ ਸੈਲਿਸਬਰੀ ਵਿਚ ਕਾਬਜ਼ ਹੋਏ ਬਸਤੀਵਾਦੀਆਂ ਨੇ ਕੁਦਰਤ ਦੀ ਗੋਦ ’ਚ ਪਲਦੇ ਲੋਕਾਂ ਉਤੇ ਜ਼ੁਲਮ ਕੀਤੇ ਤੇ ਕਿਵੇਂ ਉਨ੍ਹਾਂ ਨੂੰ ਘਰੋਂ ਬੇਘਰ ਕਰਕੇ ਹੁਣ ਆਪਣੀ ਸਭਿਅਤਾ ਦੀਆਂ ਫੜਾਂ ਮਾਰਦੇ ਸਨ। ਕਿਵੇਂ ਉਨ੍ਹਾਂ ਦੀ ਜਾਰਜੀਆ, ਅਲਬਾਮਾ ਤੇ ਟੈਨੇਸੀ ਦੀ ਉਪਜਾਊ ਜਮੀਨ ਉਤੇ ਕਬਜ਼ਾ ਕਰਕੇ ਇਥੇ ਉਨ੍ਹਾਂ ਨੂੰ ਖੇਤੀ ਲਈ ਜੰਗਲ ਦੇ ਕੇ ਬੜਾ ਅਹਿਸਾਨ ਜਤਾ ਰਹੇ ਸਨ।

ਖਾਣਾ ਖਾਣ ਤੋਂ ਪਹਿਲਾਂ ਨੇਸ਼ਨ ਦੇ ਮੁਖੀ ਨੇ ਜੋ ਅਰਦਾਸ ਕੀਤੀ, ਮੈਂ ਉਸ ਦਾ ਅਰਥ ਪੁੱਛਿਆ ਤਾਂ ਬਿਲਕੁਲ ਹੀ ਪੰਜਾਬੀ ਅਰਦਾਸ ਵਰਗੀ ਸੀ।

ਦੇਂਦਾ ਦਾਤਾ ਏਕ ਹੈ
ਸਭ ਕੋ ਦੇਵਣਹਾਰ।
ਦਿੰਦਿਆਂ ਤੋਟ ਨਾ ਆਵਈ
ਅਟੁੱਟ ਭਰੇ ਭੰਡਾਰ।

ਮੈਨੂੰ ਏਦਾਂ ਜਾਪਿਆ ਜਿਵੇਂ ਮੈਂ ਆਪਣੇ ਹੀ ਘਰ ਬੈਠਾ ਹੋਵਾਂ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਆਪਣੇ ਪਿੰਡ ਸੂਨੀ ਵਿਖੇ। ਮੇਰੇ ਸੌਣ ਕਮਰੇ ’ਚ ਮੇਰੇ ਪੜ੍ਹਨ ਲਈ ਕਈ ਪੁਸਤਕਾਂ ਸਨ। ਉਨ੍ਹਾਂ ਲੋਕਾਂ ਦੇ ਜੀਵਨ ਦੀ ਬਾਤ ਪਾਉਂਦੀਆਂ। ਉਨ੍ਹਾਂ ਦੇ ਰਸਮ ਰਿਵਾਜ ਪਰੰਪਰਕ ਸਨ। ਮੌਤ ਮਗਰੋਂ ਮਰਨ ਵਾਲਿਆਂ ਦੇ ਸਮਾਨ ਦਾ ਮੁੱਲ ਪਾਇਆ ਜਾਂਦਾ ਸੀ। ਖੁਰਪਾ, ਦਾਤੀ, ਪੰਘੂੜੀ, ਤਵੇ, ਪਤੀਲੇ, ਤਖਤ ਪੋਸ, ਰਜਾਈਆਂ ਨੀਲਾਮ ਕੀਤੇ ਜਾਂਦੇ ਤੇ ਆਮਦਨ ਸਾਂਝੇ ਖਾਤੇ ਵਿਚ ਜਮ੍ਹਾਂ ਕਰ ਲਈ ਜਾਂਦੀ ਸੀ।

ਉਨ੍ਹਾਂ ਦੀਆਂ ਚਿੱਠੀਆਂ, ਉਨ੍ਹਾਂ ਦੇ ਭੋਲੇਪਨ, ਹੌਸਲੇ ਤੇ ਈਮਾਨਦਾਰੀ ਦਾ ਸਬੂਤ ਸਨ। ਇਕ ਆਈ-ਨੋ-ਲੀ ਨਾਂ ਦੇ ਬੰਦੇ ਦੀਆਂ ਚਿੱਠੀਆਂ ਤਾਂ ਮੇਰੇ ਮਨ ਵਿਚ ਵਸ ਗਈਆਂ ਸਨ।

“ਹੁਣ! ਮੈਂ ਆਈ-ਨੋ-ਲੀ ਹਾਂ। ਏਸ ਵਰ੍ਹੇ ਬੜਾ ਕੰਮ ਸੀ। ਵਿਹਲ ਕਿੱਥੇ? ਹੁਣ! ਅਸੀਂ ਗਿਗਦੀ ਦੀਆਂ ਸਭ ਚੀਜ਼ਾਂ ਵੇਚ ਦਿੱਤੀਆਂ ਹਨ। ਅਠਾਈ ਡਾਲਰ ਵਿਚ। ਹੁਣ! ਮੈਂ ਤੀਹ ਡਾਲਰ ਸਹਾਇਤਾ ਫੰਡ ਵਿਚ ਭੇਜ ਦਿੱਤੇ ਹਨ। ਇਸ ਦਾ ਮਤਲਬ ਕਿ ਮੈਂ ਦੋ ਡਾਲਰ ਆਪਣੇ ਕੋਲੋਂ ਪਾਏ ਹਨ। ਹੈਟ ਮੈਨੂੰ ਚਾਹੀਦੀ ਸੀ, ਮੈਂ ਰੱਖ ਲਈ ਹੈ। ਇਸ ਦੇ ਪੈਸੇ ਮੇਰੇ ਵੱਲ ਹਨ। ਤੌਫੀਕ ਹੁੰਦਿਆਂ ਦੇ



ਦਿਆਂਗਾ। ਮੈਂ ਆਈ-ਨੋ-ਲੀ ਹਾਂ। ਹੁਣ! ਅੱਜ ਮੇਰੀ ਤਬੀਅਤ ਠੀਕ ਨਹੀਂ। ਪਰ ਜਿੰਦਾ ਹਾਂ। ਤਸੋਵਾ ਰਾਜ਼ੀ ਹੈ। ਨੀ-ਲੋ-ਸੀ ਕਾਫੀ ਬੀਮਾਰ ਹੈ। ਪਰ ਲਾ-ਸੀ-ਨੀ ਤੇ ਮੈਂ ਹਾਲੇ ਜ਼ਿੰਦਾ ਹਾਂ। ਹੁਣ ਤਿੰਨ ਅਪਰੈਲ ਨੂੰ ਸੂ-ਲੇ ਮਰ ਗਿਆ। ਉਹ ਤੁਰ ਨਹੀਂ ਸੀ ਸਕਿਆ। ਆਪਣੇ ਸਾਥੀਆਂ ਤੋਂ ਪਿੱਛੇ ਰਹਿ ਗਿਆ ਸੀ। ਜਦੋਂ ਦੇ ਇਥੇ ਆਏ ਹਾਂ ਪੰਜ ਮੌਤਾਂ ਹੋ ਚੁਕੀਆਂ ਹਨ। ਹੁਣ! ਸਾਡੀ ਇਥੋਂ ਹੀ ਸਲਾਮ ਕਬੂਲ ਕਰੋ। ਅਸੀਂ ਇਥੇ ਹਾਂ। ਮੈਂ ਆਈ-ਨੋ-ਲੀ ਤੇ ਤੇਰੀ ਚਾਚੀ ਈ-ਨੀ। ਅਸੀਂ ਹੁਣ ਠੀਕ ਹਾਂ। ਕੁਝ ਸਾਥੀ ਬੀਮਾਰ ਹਨ। ਬਹੁਤ ਬੀਮਾਰ ਹਨ। ਹੁਣ! ਮੈਂ ਬੰਦ ਕਰਦਾ ਹਾਂ। ਮੇਰਾ ਹੁਣ ਸਲਾਮ।”

ਕਿੰਨੀ ਵਾਰੀ ‘ਹੁਣ’ ਲਿਖਿਆ ਸੀ। ਬੀਮਾਰੀ ਦਾ ਵਾਰ-ਵਾਰ ਜ਼ਿਕਰ ਕੀਤਾ ਸੀ। ਕਿਨ੍ਹਾਂ ਹਾਲਤਾਂ ’ਚ ਰਹਿੰਦੇ ਸਨ। ਕਿਵੇਂ ਮਰੇ ਸਨ। ਦੁੱਖਾਂ ਦੀ ਵਾਰਤਾ।

ਇਕ ਹੋਰ ਚਿੱਠੀ ਵਿਚ ਇਕ ਬੁੜ੍ਹੀ ਦੇ ਮਰਨ ਤੋਂ ਪਿੱਛੋਂ ਉਸ ਦੇ ਘਰੋਂ ਨਿਕਲੀਆਂ ਚੀਜ਼ਾਂ ਦਾ ਮੁੱਲ ਪਾਇਆ ਗਿਆ ਸੀ। ਚੀਜ਼ਾਂ ਕੀ ਸਨ? ਕਾਲਾ ਕੋਟ। ਨੀਲੇ ਕੱਪੜੇ ਦਾ ਪੀਸ। ਪੇਟੀ ਵਾਲੀ ਵਰਦੀ। ਕੁਝ ਰਜਾਈਆਂ। ਕੁਝ ਹੋਰ ਰਜਾਈਆਂ। ਡੱਚ ਅੰਗੀਠੀ। ਇਕ ਹੋਰ ਡੱਚ ਅੰਗੀਠੀ। ਪਿੱਤਲ ਦਾ ਜਿੰਦਰਾ। ਘੋੜੇ ਵਾਲਾ ਹੱਲ। ਕੁਲਹਾੜਾ। ਖੁਰਪੀ। ਖੁਰਪੀ ਬਾਰੇ ਲਿਖਿਆ ਸੀ, ਕਿਸੇ ਹੋਰ ਦੀ ਸੀ ਤੇ ਉਸ ਨੂੰ ਮੁਫਤ ਮਿਲੀ ਹੋਈ ਸੀ।

ਪੈਸੇ ਦੇ ਮਾਮਲੇ ’ਚ ਉਹ ਲੋਕ ਕਿੰਨੇ ਈਮਾਨਦਾਰ ਸਨ। ਕਿਸੇ ਦਾ ਧੇਲਾ ਨਹੀਂ ਸਨ ਰੱਖਦੇ। ਪੈਸੇ ਪੈਸੇ ਦਾ ਹਿਸਾਬ ਰੱਖਦੇ ਸਨ। ਪਾਈ-ਪਾਈ ਗਿਣੀ ਜਾਂਦੀ ਸੀ ਉਸ ਦਾ ਹਿਸਾਬ ਰੱਖਿਆ ਜਾਂਦਾ ਸੀ।

ਮੇਰੇ ਮਨ ਵਿਚ ਰੈਡ ਇੰਡੀਅਨ ਲੋਕਾਂ ਪ੍ਰਤੀ ਅਪਣੱਤ ਜਾਗ ਪਈ। ਉਨ੍ਹਾਂ ਵਿਚ ਬਹੁਤ ਕੁਝ ਆਪਣਾ ਸੀ। ਮੈਂ ਉਨ੍ਹਾਂ ਨੂੰ ਅਲਵਿਦਾ ਕਹਿਣ ਸਮੇਂ ਅਪਣੱਤ ਦੀ ਭਾਵਨਾ ਨਾਲ ਨੱਕੋ ਨੱਕ ਭਰਿਆ ਮਹਿਸੂਸ ਕਰ ਰਿਹਾ ਸਾਂ।

**ਤਿੰਨ ਲੜੀਆਂ ਦਾ ਇਕੱਠਿਆਂ ਟੁੱਟਣਾ:** ਪੰਜਾਬੀ ਸਾਹਿਤ ਤੇ ਪੱਤਰਕਾਰੀ ਨਾਲ ਜੁੜੇ ਮੇਰੇ ਤਿੰਨ ਮਿੱਤਰਾਂ ਦਾ ਇਕੱਠਿਆਂ ਤੁਰ ਜਾਣਾ ਦੁਖਦਾਈ ਵੀ ਹੈ ਤੇ ਨਾ ਪੂਰਾ ਹੋਣੇ ਵਾਲਾ ਘਾਟਾ ਵੀ। ਅਜਮੇਰ ਔਲਖ (75) ਨਾਟਕ ਜਗਤ ਦਾ ਧਰੂ ਤਾਰਾ ਸੀ, ਇਕਬਾਲ ਰਾਮੂੰਵਾਲੀਆ (72) ਆਪਣੇ ਪਿਤਾ ਕਰਨੈਲ ਸਿੰਘ ਪਾਰਸ ਦੀ ਸਾਹਿਤਕ ਆਤਮਾ ਨੂੰ ਪਰਨਾਇਆ ਅਤੇ ਪੂਰਨ ਸਿੱਖੀ ਸਰੂਪ, ਹੁਕਮ ਚੰਦ ਸ਼ਰਮਾ (70) ਪੱਤਰਕਾਰੀ ਦਾ ਮਹਾਰਥੀ। ਘੱਲੇ ਆਏ ਨਾਨਕਾ ਸੱਦੇ ਉਠੀ ਜਾਏ! ਜੋ ਉਸ ਨੂੰ ਮਨਜ਼ੂਰ!!


**ਅੰਤਿਕਾ:** ਸ਼ਮੀਮ ਰਾਂਚੀਰੀ

ਚਲਨੇ ਕੋ ਚਲ ਰਹਾ ਹੂੰ
ਪਰ ਇਸ ਕੀ ਖਬਰ ਨਹੀਂ
ਮੈਂ ਹੂੰ ਸਫਰ ਮੇ ਯਾ
ਮੇਰੀ ਮੰਜ਼ਿਲ ਸਫਰ ਮੇ ਹੈ।

# ਬਕਲਮ ਖ਼ੁਦ ਦੀ ਕੋਠੀ ਲੱਗਣ ਦੀ ਬਾਤ

## ਦੁੱਖ ਪਰਦੇਸਾਂ ਦੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਇਹ 'ਕੋਠੀ ਲੱਗੇ' ਬਜ਼ੁਰਗ ਜਦੋਂ ਕਿਸੇ ਪਾਰਕ ਵਿਚ 'ਕੱਠੇ ਹੁੰਦੇ ਹਨ ਤਾਂ ਆਪੋ ਵਿਚ ਦੁਖੜੇ ਫੋਲਦੇ ਹਨ। ਹਥਲੇ ਲੇਖ ਵਿਚ ਪ੍ਰਿੰ. ਬਾਜਵਾ ਨੇ ਆਪਣਾ ਜੀਵਨ ਸਫਰ ਬਿਆਨਿਆ ਹੈ ਕਿ ਕਿਵੇਂ ਉਨ੍ਹਾਂ ਨੂੰ ਆਪਣਾ ਘਰ ਬਣਾਉਣ ਲਈ ਤੰਗੀਆਂ ਵਿਚੋਂ ਲੰਘਣਾ ਪਿਆ। ਬੱਚੇ ਕੈਨੇਡਾ ਜਾ ਵੱਸੇ ਤੇ ਉਨ੍ਹਾਂ ਨੂੰ ਵੀ ਕੋਠੀ ਲੱਗਣਾ ਪਿਆ। -ਸੰਪਾਦਕ***



**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

ਕੋਠੀ ਮਾਮਲੇ ਕੱਤਦਿਆਂ ਮੈਨੂੰ ਅੰਮ੍ਰਿਤਾ ਦੇ ਸ਼ੇਅਰ 'ਸਾਈਂ ਵੇ ਤੇਰੇ ਚਰਖੇ ਨੇ ਅੱਜ ਕੱਤ ਲਿਆ ਕੱਤਣ ਵਾਲੀ ਨੂੰ' ਵਾਂਗ ਹੀ ਕੱਤ ਦਿੱਤੈ। ਮੈਂ ਤਾਂ 'ਕੋਠੀ ਲੱਗਿਆਂ 'ਤੇ ਇੱਕ ਪਾਰਕੀ ਸੱਥ ਚਰਚਾ' ਨਾਲ ਪੀੜ੍ਹੀ, ਚਰਖਾ ਚੁੱਕ ਦਿੱਤਾ ਸੀ। ਪਾਠਕਾਂ ਦਾ ਹੁੰਗਾਰਾ ਪਹਿਲੇ ਲੇਖ ਨਾਲ ਹੀ ਆਉਣ ਲੱਗ ਪਿਆ ਸੀ। ਕਿਉਂਕਿ ਇਹ ਕਿੱਸੇ ਥੋੜ੍ਹੇ ਬਹੁਤੇ ਫਰਕ ਨਾਲ ਸਾਡੇ ਸਭ ਦੇ ਹੀ ਹਨ। ਵੈਨਕੂਵਰ ਤੋਂ ਇੱਕ ਬਾਈ ਦਾ ਫੋਨ ਆਇਆ। ਉਸ ਦੇ ਲਹਿਜੇ ਵਿਚ ਸ਼ਲਾਘਾ ਦੇ ਨਾਲ ਗਿਲਾ ਵੀ ਟਪਕਦਾ ਸੀ। ਉਸ ਕਿਹਾ, "ਤੁਸੀਂ ਪ੍ਰਿੰਸੀਪਲ ਸਰਵਣ ਸਿੰਘ ਦੇ 'ਹੈਰਾਨ ਹਾਂ! ਕਿਵੇਂ ਬਚਿਆ ਆ ਰਿਹਾਂ' ਵਾਂਗ ਆਪਣੇ ਕੋਠੀ ਦੇ ਕਿੱਸੇ ਬਾਰੇ ਕਿਉਂ ਨਹੀਂ ਲਿਖਦੇ...।"

"ਵੀਰ ਜੀ! ਬਿਨਾ ਨਿਜੀ ਅਨੁਭਵ ਦੇ ਕਲਮ ਨਹੀਂ ਤੁਰਦੀ, ਲਿਖਿਆ ਕਿੱਥੇ ਜਾਂਦੈ, ਕਿਤੇ ਕਿਤੇ ਮੇਰੀ ਜਮੀਨ, ਜਾਇਦਾਦ, ਕੋਠੀ ਦਾ ਹਾਲ ਦਰਜ ਹੈ, ਕਦੀ ਹੈਡਮਾਸਟਰ, ਕਦੀ ਸੂਬੇਦਾਰ ਦਾ ਮੁੰਡਾ ਆਦਿ ਨਾਂਵਾਂ ਥੱਲੇ, ਪਹਿਲੇ ਲੇਖਾਂ 'ਚ ਤਾਂ ਸਿੱਧਾ ਸਪਸ਼ਟ, ਮੇਰੀ ਹੀ ਕੋਠੀ ਦਾ ਕਿੱਸਾ ਸੀ।" ਉਤਰ ਨਾਲ ਉਹ ਸਹਿਮਤ ਨਹੀਂ ਸੀ। ਸਮੁੱਚੇ ਤੌਰ 'ਤੇ ਸਭ ਪਾਠਕਾਂ ਦੀਆਂ ਇਛਾਵਾਂ, ਭਾਵਨਾਵਾਂ ਦੇ ਸਤਿਕਾਰ ਵਜੋਂ, ਸੁਹਿਰਦ ਵੀਰਨੋ! ਚਰਖਾ ਫਿਰ ਡਾਹ ਲਿਐ।

ਵੈਸੇ ਅਸੀਂ ਕੋਠੀਆਂ ਵਾਲੇ ਕਿੱਥੇ ਹਾਂ। ਕੱਚੇ ਕੋਠਿਆਂ ਵਿਚ ਜੰਮੇ-ਪਲੇ ਹਾਂ। ਉਹੀ ਕੋਠੇ ਜਿੱਥੇ ਸਾਡੇ ਵਡੇਰੇ, ਤਾਏ ਚਾਚੇ, ਮਾਂ-ਪਿਉ ਤੇ ਭੈਣ ਭਰਾ ਜਨਮਦੇ ਆਏ। ਉਨ੍ਹਾਂ ਕੱਚੀਆਂ ਕੋਠੜੀਆਂ ਦੀ ਮੈਨੂੰ ਪੂਰੀ ਸੰਭਾਲ ਹੈ। ਕਾਨਿਆਂ ਵਾਲੀਆਂ ਫਿਰਕੀਆਂ ਤੇ ਲਕੜ ਦੇ ਬਾਲੇ ਛਤੀਰਾਂ ਵਾਲੇ ਛੱਤ ਹੁੰਦੇ ਸਨ। ਜਿਹੜੇ ਘਰ ਦੇ ਚੁੱਲ੍ਹੇ ਚੌਂਕੇ ਦੇ ਧੂੰਏਂ ਨਾਲ ਧੁਆਂਖੇ, ਕਾਲੇ ਸ਼ਾਹ ਹੋ ਗਏ ਹੋਏ ਸਨ। ਛੱਤਾਂ 'ਚ ਚਿੜੀਆਂ ਆਲ੍ਹਣੇ ਪਾਉਂਦੀਆਂ ਤੇ ਬੋਟ ਪਾਲਦੀਆਂ। ਛੱਤਾਂ 'ਚੋਂ ਘਾਹ ਫੂਸ ਦੀਆਂ ਤਿੜਾਂ ਸਿਹਰਿਆਂ ਵਾਂਗ ਲਟਕਦੀਆਂ ਤੇ ਝੂਮਦੀਆਂ ਹੁੰਦੀਆਂ। ਉਨ੍ਹਾਂ ਦੇ ਚਹਿਕਣ ਤੇ ਟਹਿਕਣ ਦੀਆਂ ਆਵਾਜ਼ਾਂ ਨਾਲ ਇੱਕ ਇਲਾਹੀ ਰਾਗ ਕੰਨਾਂ 'ਚ ਘੁਲਦਾ ਰਹਿੰਦਾ। ਆਥਣ ਸਵੇਰ ਤਾਂ ਬਹੁਤਾ ਹੀ ਰਸਭਿੰਨਾ ਲੱਗਦਾ। ਜਦੋਂ ਉਹ ਆਲ੍ਹਣਿਆਂ ਵਿਚ ਆਉਂਦੀਆਂ, ਉਦੋਂ ਹਾਲੀ, ਪਾਲੀ ਵੀ ਪੱਠਾ-ਦੱਥਾ, ਮਾਲ ਡੰਗਰ ਲੈ ਘਰੀਂ ਪਰਤ ਆਉਂਦੇ। ਏਦਾਂ ਦੇ ਅਲੌਕਿਕ ਦ੍ਰਿਸ਼ ਵੇਖੇ ਤੇ ਮਾਣੇ ਹੋਏ ਹਨ।

ਏਦਾਂ ਦੇ ਕੋਠਿਆਂ 'ਚ ਰਹਿੰਦਿਆਂ, ਸਾਡੇ ਤਾਏ, ਚਾਚੇ ਤੇ ਬਾਪ ਵੱਡੇ ਹੋਏ। ਜਮੀਨਾਂ ਸੌੜੀਆਂ ਸਨ। ਬਰਾਨੀ ਜਮੀਨਾਂ। ਕਿਤੇ ਕਿਤੇ ਖੂਹ ਵੀ ਸਨ। ਹਾੜੀ ਸਾਉਣੀ ਦਾਣੇ ਭੜੋਲਿਆਂ 'ਚ ਪੈਂਦੇ ਤੇ ਹੋਰ ਲੋੜਾਂ ਪੂਰੀਆਂ ਹੁੰਦੀਆਂ। ਡੰਗਰ ਚਾਰਦਾ, ਹਲ ਵਾਹੁੰਦਾ ਮੇਰਾ ਬਾਪ ਆਪਣੇ ਇੱਕ ਯਾਰ ਨਾਲ 1909 ਦੀ ਇੱਕ ਰਾਤ ਚੋਰੀ ਭੱਜ ਗਿਆ ਤੇ ਫੌਜ 'ਚ ਭਰਤੀ ਜਾ ਹੋਇਆ। ਜਿਵੇਂ ਸਾਉਣ ਭਾਦੋਂ ਦੀਆਂ ਕੜਕਦੀਆਂ ਧੁੱਪਾਂ, ਚਮਾਸਿਆਂ ਤੋਂ ਤੰਗ ਆਇਆ ਜੱਟ ਸਾਧ ਬਣਿਆ ਸੀ। ਸ਼ਾਹੀ ਅਨਪੜ੍ਹ ਸੀ। ਮਿਹਨਤ ਕੀਤੀ। ਤਰੱਕੀ ਕਰਦਾ ਗਿਆ। ਪਹਿਲੀ ਤੇ ਦੂਜੀ ਜੰਗ ਵਿਚ ਲੜਿਆ। ਆਖਿਰ 1942 ਵਿਚ ਫੌਜ 'ਚੋਂ ਔਨਰੇਰੀ ਕੈਪਟਨ ਅਤੇ ਮਾਣਮੱਤੇ ਐਸ ਬੀ, ਓ ਬੀ ਆਈ ਦੇ ਖਿਤਾਬਾਂ ਨਾਲ ਸੇਵਾ ਮੁਕਤ ਹੋਇਆ।

ਫੌਜੀ ਨੌਕਰੀ ਦੌਰਾਨ ਵੀਹਵੀਂ ਸਦੀ ਦੇ 20ਵਿਆਂ ਵਿਚ ਪਿੰਡ ਦੋ ਮੰਜ਼ਲਾ ਮਮਟੀ ਵਾਲਾ ਘਰ ਉਸਾਰ ਲਿਆ। ਨਾਲ ਹੀ ਲਾਗ ਦੇ ਪਿੰਡ ਭਰੋਕਿਆਂ ਤੋਂ ਆਪਣੀ ਜੱਦੀ ਜਮੀਨ ਨਾਲ ਲੱਗਦੀ 25 ਕਿੱਲੇ ਜਮੀਨ ਵੀ ਖਰੀਦੀ। ਇਸ ਵਿਚ ਖੂਹ ਲਵਾਇਆ ਤੇ ਇੱਕ ਕਿੱਲੇ ਕੁ ਦੇ ਵਾਗਲੇ ਵਿਚ ਤੂੜੀ ਪੱਠੇ ਲਈ ਲੰਮੀ ਕੁੜ, ਅੱਗੇ ਇੱਕ ਓਡਾ ਹੀ ਲੰਮਾ ਵਰਾਂਡਾ ਬਣਵਾਇਆ। ਇਸ ਦੇ ਨਾਲ ਹੀ ਇੱਕ ਕਮਰਾ ਆਪਣੇ ਬਹਿਣ ਉਠਣ ਲਈ। ਸਾਹਮਣੇ ਇੱਕ ਛੋਟਾ ਜਿਹਾ ਬਗੀਚਾ ਵੀ। ਇਸ ਸਭ ਕੁਝ 'ਚ ਮੈਂ ਖੇਡਦਾ ਮੱਲਦਾ ਰਿਹਾਂ। ਉਦੋਂ ਮੈਂ ਚੌਥੀ ਪੰਜਵੀਂ ਵਿਚ ਪੜ੍ਹਦਾ ਹੁੰਦਾ ਸੀ। ਅੱਜ ਇਹ ਸਭ ਕੁਝ ਓਵੇਂ ਹੀ ਲੱਗਦੈ ਜਿਵੇਂ ਐਨ. ਆਰ. ਆਈ. ਪਿੱਛੇ ਆਪਣੀਆਂ ਜਾਇਦਾਦਾਂ ਤੇ ਕੋਠੀਆਂ ਬਣਾਉਂਦੇ ਹਨ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਹ ਮਾਣਮੱਤਾ ਸਾਰਾ ਕੁਝ 17 ਅਗਸਤ 1947 ਨੂੰ ਛੱਡ ਸਿਰਾਂ 'ਤੇ ਗਠੜੀਆਂ ਰੱਖ ਭਾਰਤ ਵੱਲ ਭੱਜ ਤੁਰੇ। ਮਸੀਂ ਜਾਨਾਂ ਬਚੀਆਂ। ਸ਼ਰਨਾਰਥੀ ਬਣ ਆਜ਼ਾਦ ਭਾਰਤ ਵਿਚ ਆ ਗਏ। ਖਾਨਾ ਬਦੋਸ਼ਾਂ ਵਾਂਗ ਕੁਝ ਸਮਾਂ ਏਧਰ ਓਧਰ ਭਟਕਦੇ ਰਹੇ। ਫਿਰ ਪੱਕੀ ਅਲਾਟਮੈਂਟ ਕਪੂਰਥਲੇ ਦੇ ਪਿੰਡ ਫੂਲੇਵਾਲ ਵਿਚ ਹੋ ਗਈ। ਉਜਾੜੇ ਦੇ ਸਦਮੇ ਕਰਕੇ ਬਾਪ ਨੇ ਆਪਣੀ ਸਾਰੀ ਹਿੰਮਤ ਸਾਨੂੰ ਪੰਜਾਂ ਭਰਾਵਾਂ ਨੂੰ ਪੜ੍ਹਾਉਣ 'ਤੇ ਝੋਕ ਦਿੱਤੀ। ਸਾਨੂੰ ਹੋਰ ਕਿਸੇ ਲਾਲਚ ਵਿਚ ਪੈਣ ਹੀ ਨਹੀਂ ਦਿੱਤਾ। ਉਹ ਕਹਿੰਦੇ ਸਨ-ਬੰਦੇ ਦੀ ਜਾਇਦਾਦ, ਮਿਲਖਾਂ ਦਾ ਕੋਈ ਵਸਾਹ ਭਰੋਸਾ ਨਹੀਂ ਜੇ ਲੋਕੋ, ਬੰਦੇ ਦੀ ਵਿੱਦਿਆ ਅਸਲ ਕਮਾਈ ਏ, ਇਸ ਨੂੰ ਕੋਈ ਨਹੀਂ ਖੋਹ ਸਕਦਾ, ਇਸ ਵੰਡ ਨੇ ਵੱਡੇ ਵੱਡਿਆਂ ਨੂੰ, ਮਹਿਲ ਮਾੜੀਆਂ ਵਾਲਿਆਂ ਨੂੰ, ਰੜੇ ਲਿਆ ਸੁੱਟਿਆ। ਉਨ੍ਹਾਂ ਦੀ ਇਸੇ ਦੇਣ ਕਰਕੇ ਅੱਜ ਅਸੀਂ ਇਸ ਮੌਜੂਦਾ ਸਥਿਤੀ ਵਿਚ ਪਹੁੰਚੇ ਮੌਜਾਂ ਕਰ ਰਹੇ ਹਾਂ।

ਮੈਂ ਰਣਧੀਰ ਕਾਲਜ ਕਪੂਰਥਲੇ ਤੋਂ ਬੀ ਏ ਕਰ, ਡੀ ਏ ਵੀ ਕਾਲਜ ਜਲੰਧਰ, ਖਾਲਸਾ ਕਾਲਜ ਅੰਮ੍ਰਿਤਸਰ, ਹਰਗੋਬਿੰਦ ਖਾਲਸਾ ਟਰੇਨਿੰਗ ਕਾਲਜ ਗੁਰੂਸਰ ਸੁਧਾਰ, ਸਰਕਾਰੀ ਟਰੇਨਿੰਗ ਕਾਲਜ ਜਲੰਧਰ ਤੋਂ ਹੁੰਦਾ ਹੋਇਆ 1961 ਤੱਕ ਐਮ ਏ, ਐਮ ਐਡ ਹੋ ਗਿਆ। ਐਮ ਐਡ ਕਰਦਿਆਂ ਹੀ ਜੀ ਐਚ ਜੀ ਖਾਲਸਾ ਟਰੇਨਿੰਗ ਕਾਲਜ ਵਿਚ ਬਤੌਰ ਲੈਕਚਰਾਰ 8 ਜਨਵਰੀ 1962 ਨੂੰ ਲੱਗ ਗਿਆ। ਇਥੇ ਜ਼ਿੰਦਗੀ ਕੁਝ ਐਸੀ ਲੀਹੇ ਪਈ ਕਿ ਕਦੀ ਕਾਰਜਕਾਰੀ ਪ੍ਰਿੰਸੀਪਲ, ਕਦੀ ਪੂਰਾ ਪ੍ਰਿੰਸੀਪਲ, ਕਦੀ ਫਿਰ ਪ੍ਰੋਫੈਸਰ ਅਤੇ ਫਿਰ ਪ੍ਰਿੰਸੀਪਲ ਦਾ ਉਲਟ ਫੇਰ ਚੱਲੀ ਗਿਆ। ਆਖੀਰ ਇਥੋਂ ਹੀ 30 ਅਕਤੂਬਰ 1995 ਨੂੰ ਸੇਵਾ ਮੁਕਤ ਹੋਇਆ, ਜਿੱਥੇ 1959 ਵਿਚ ਬੀ ਟੀ ਕਰਨ ਆਇਆ ਸੀ।

ਫਿਰੋਜ਼ਪੁਰ ਰੋਡ 'ਤੇ ਚੁੰਗੀ ਲਾਗੇ ਆਪਣੀ ਬਣਾਈ ਪੱਕੀ ਰਿਹਾਇਸ਼ ਵਿਚ ਬੋਰੀ ਬਿਸਤਰਾ ਲਿਆ ਟਿਕਾਇਆ। ਹੁਣ ਵੀਰਨੋ, ਇਸ ਨੂੰ ਭਾਵੇਂ ਕਹਿ ਲਵੋ ਕੋਠੀ, ਭਾਵੇਂ ਕਹਿ ਲਓ ਪੱਕਾ ਘਰ, ਦੀ ਕਹਾਣੀ ਤੁਹਾਡੇ ਨਾਲ ਸਾਂਝੀ ਕਰਦਾਂ।

1970 ਵਿਚ ਮੇਰੇ ਇੱਕ ਸਨੇਹੀ ਨੇ ਦੱਸਿਆ ਕਿ ਪੱਖੋਵਾਲ ਰੋਡ 'ਤੇ ਜਵੱਦੀ ਲਾਗੇ ਪਲਾਟ ਵਿਕ ਰਹੇ ਹਨ। ਅਸੀਂ ਦੋਵੇਂ ਜਣੇ ਮੋਟਰ ਸਾਈਕਲ 'ਤੇ ਵੇਖਣ ਚਲੇ ਗਏ। 500 ਗਜ ਦੇ ਪਲਾਟ ਦਾ ਕੋਈ 11 ਕੁ ਹਜ਼ਾਰ ਵਿਚ ਸੌਦਾ ਹੋ ਗਿਆ। ਚਾਰ ਚੁਫੇਰੇ ਪਲਾਟ ਬੁਰਜੀਆਂ ਲੱਗੀਆਂ ਹੋਈਆਂ ਸਨ। ਲੋਕ ਕਹਿਣ ਕਿੱਥੇ ਉਜਾੜ ਜਿਹੀ ਥਾਂ 'ਤੇ ਪਲਾਟ ਲੈ ਲਿਆ। ਇੱਕ ਵਾਰ ਨਿਰਾਸ਼ ਹੋ ਕੇ ਪਲਾਟ ਵੇਚਣ ਲਾ ਦਿੱਤਾ। ਇੱਕ ਸੁਹਿਰਦ ਪਰਿਵਾਰ ਸਨੇਹੀ ਨੂੰ ਰਜਿਸਟਰੀ ਫੜਾ ਦਿੱਤੀ। ਬੱਸ ਵੇਚ ਦਿਓ ਜੀ। ਉਹਨੇ ਵੇਚਣ ਨਾ ਦਿੱਤਾ। 1975 ਵਿਚ ਐਮਰਜੈਂਸੀ ਚੁੱਕੀ ਗਈ। ਰੀਅਲ ਅਸਟੇਟ ਦੇ ਭਾਅ ਇੱਕ ਦਮ ਚੜ੍ਹ ਗਏ। ਉਹੀ ਪਲਾਟ ਪਚਾਸੀ ਹਜ਼ਾਰ ਦਾ ਵਿਕਿਆ। ਇਸ ਸੌਦੇ ਨੇ ਨੌਕਰੀ ਪੇਸ਼ਾ ਬੰਦੇ ਦਾ ਹੌਂਸਲਾ ਵਧਾ ਦਿੱਤਾ। ਘਰ ਤਾਂ ਬਣਾਉਣਾ ਹੀ ਬਣਾਉਣਾ ਸੀ। ਚਾਰ ਜੀਆਂ ਦੇ ਪਰਿਵਾਰ ਦੀ ਇੱਕੋ ਤਨਖਾਹ। ਮੇਰੇ ਯੂਨੀਅਨਇਜ਼ਮ ਨੇ ਘਰ ਵਾਲੀ ਦੀ ਨੌਕਰੀ ਦੀ ਬਲੀ ਲੈ ਲਈ ਹੋਈ ਸੀ। ਪਰਿਵਾਰ ਦੀ ਇੱਛਾ ਫਿਰੋਜ਼ਪੁਰ ਰੋਡ 'ਤੇ ਕੋਈ ਪਲਾਟ ਲੈਣ ਦੀ ਸੀ।

80ਵਿਆਂ ਦੇ ਅਰੰਭ ਵਿਚ ਚੁੰਗੀ ਨੇੜੇ ਸੜਕ ਤੋਂ ਥੋੜ੍ਹਾ ਹਟਵਾਂ 500 ਗਜ ਦਾ ਪਲਾਟ ਮਿਲ ਗਿਆ। ਇਸ 'ਤੇ 65 ਹਜ਼ਾਰ ਰੁਪਏ ਲੱਗੇ। ਅਗਲੇ ਸਾਲ ਨਾਲ ਲੱਗਦਾ ਏਡਾ ਹੀ ਇੱਕ ਹੋਰ ਪਲਾਟ 50 ਹਜ਼ਾਰ 'ਚ ਹੀ ਮਿਲ ਗਿਆ। ਸੋਚਿਆ, ਸੇਵਾ ਮੁਕਤੀ ਪਿੱਛੋਂ 1000 ਗਜ ਵਿਚ ਖੁੱਲ੍ਹਾ-ਡੁੱਲ੍ਹਾ ਮਕਾਨ ਬਣਾਵਾਂਗਾ ਅਤੇ ਕਿਚਨ ਗਾਰਡਨਿੰਗ ਵਗੈਰਾ ਕਰਿਆ ਕਰਾਂਗੇ। ਹੱਥੀਂ ਕੰਮ ਕਰਨ ਦਾ ਸ਼ੌਕ ਸੀ। ਇੱਟਾਂ ਵੀ ਸੁਟਾ ਲਈਆਂ। ਪਰ 'ਬੈਟਰ ਹਾਫ' ਇਥੇ ਘਰ ਬਣਾਉਣਾ ਨਾ ਮੰਨੀ। ਅਖੇ ਇਹਦੇ ਲਾਗੇ ਇੱਕ ਫੈਕਟਰੀ ਹੈ। ਇਸੇ ਥਾਂ ਨੇੜੇ ਅੱਜਕੱਲ੍ਹ ਐਮ ਬੀ ਡੀ ਮਾਲ ਹੈ। ਵਧੀਆ ਕੋਠੀਆਂ ਬਣ ਗਈਆਂ ਹਨ। ਦੂਜੇ ਪਾਸੇ ਰਾਜਗੁਰੂ ਨਗਰ ਲੱਗਦੈ।

1991 ਦੇ ਸ਼ੁਰੂ ਵਿਚ ਹੀ ਚੁੰਗੀ ਲਾਗੇ ਦੀਆਂ ਕਾਲੋਨੀਆਂ ਵਿਚ ਭਾਲ ਕੀਤੀ। ਨਵੀਂ ਨਵੀਂ ਕੱਟੀ ਜਾ ਰਹੀ ਕੋਹਿਨੂਰ ਪਾਰਕ ਵਿਚ ਇੱਕ 500 ਗਜ ਦਾ ਪਲਾਟ ਪਸੰਦ ਆ ਗਿਆ। ਇਆਲੀ ਚੌਕ ਬੱਸ ਅੱਡਾ ਨੇੜੇ ਹੀ ਲੱਗਦਾ ਸੀ। 30 ਫੁੱਟੀਆਂ ਪੱਕੀਆਂ ਸੜਕਾਂ ਬਣੀਆਂ ਹੋਈਆਂ ਸਨ। ਪਲਾਟਾਂ ਦੀਆਂ ਬੁਰਜੀਆਂ ਲੱਗੀਆਂ ਹੋਈਆਂ ਸਨ। ਮਸੀਂ ਇੱਕ ਅੱਧੇ ਪਲਾਟ 'ਚ ਉਸਾਰੀ ਹੋਈ ਹੋਈ ਸੀ। ਗੁਰਦੁਆਰਾ ਬਣਿਆ ਹੋਇਆ ਸੀ। ਨਾਲ ਹੀ ਪਾਰਕ ਲਈ ਜਗ੍ਹਾ ਛੱਡੀ ਹੋਈ ਸੀ। ਬਾਕੀ ਚਾਰ ਚੁਫੇਰੇ ਖੇਤ ਅਤੇ ਖਾਲੀ ਪਲਾਟਾਂ 'ਚ ਡੰਗਰ ਚੁਗਦੇ ਹੁੰਦੇ। ਉਧਰੋਂ ਸੇਵਾ ਮੁਕਤੀ ਦਾ ਸਮਾਂ ਭੱਜਾ ਆ ਰਿਹਾ ਸੀ। ਫਿਕਰ ਸੀ, ਟਿੰਡ ਫੁਹੜੀ, ਲੀਰ ਪਰਾਂਦਾ ਕਿੱਥੇ ਰੱਖਾਂਗੇ! ਨੌਕਰੀ ਤਾਂ ਕਿਰਾਏ ਦੀਆਂ ਰਿਹਾਇਸ਼ਾਂ 'ਚ ਕੱਟ ਲਈ। ਹੁਣ ਤਾਂ ਆਪਣੀ ਕੁੱਲੀ ਦੇ ਛੱਤ ਵਾਸਤੇ ਕੁਝ ਕਰਨਾ ਹੀ ਪੈਣੈ। ਇਨ੍ਹਾਂ ਸੋਚਾਂ 'ਚ ਦਫਤਰ ਬੈਠਿਆਂ ਹੀ ਆਪਣੀਆਂ ਲੋੜਾਂ ਅਨੁਸਾਰ 90 ਦੇ ਕੋਨਾਂ 'ਤੇ ਸਿੱਧੀਆਂ ਲਕੀਰਾਂ ਖਿੱਚ ਲੋੜਾਂ ਤੇ ਚਾਹਤਾਂ ਅਨੁਸਾਰ ਨਕਸ਼ਾ ਆਪ ਹੀ ਤਿਆਰ ਕਰ ਲਿਆ। ਹਰ ਸੰਭਵ ਸਰੋਤ ਤੋਂ ਮਾਇਕ ਵਸੀਲੇ ਜੋੜੇ। ਮਜਬੂਰੀ ਵੱਸ ਕਿਸੇ ਆਰਕੀਟੈਕਟ ਨੂੰ ਪੈਸੇ ਦੇਣੇ ਫਜ਼ੂਲ ਸਮਝੇ। ਇੱਕ ਰਾਜਸਥਾਨੀ ਮਿਸਤਰੀ ਠੇਕੇਦਾਰ ਨਾਲ ਲੇਬਰ ਠੇਕਾ ਤੈਅ ਕਰ ਲਿਆ। ਪੁਲ ਸੁਧਾਰ ਦੇ ਫੱਲੇਵਾਲੀਏ ਮੁੰਡਿਆਂ ਨੇ ਮੋਟਰ ਦਾ ਬੋਰ ਕਰ ਦਿੱਤਾ। ਬਿਜਲੀ ਦੇ ਖੰਬੇ ਦੂਰ ਦੂਰ ਸਨ। 500 ਤੋਂ ਹਜ਼ਾਰ ਗਜ ਦੀ ਦੂਰੀ ਤੋਂ ਆਪਣੀਆਂ ਤਾਰਾਂ ਪਾ ਦੋਸਤਾਂ ਕੋਲੋਂ ਬਿਜਲੀ ਲਈ ਤੇ ਮੋਟਰ ਚਾਲੂ ਕਰ ਦਿੱਤੀ।

ਕੋਠੀ ਦੀ 13 ਅਪਰੈਲ 1992 ਨੂੰ ਨੀਂਹ ਰੱਖ ਦਿੱਤੀ। ਨੀਂਹ ਦੀ ਪਹਿਲੀ ਇੱਟ ਸਭ ਤੋਂ ਛੋਟੇ ਮਾਮੇ ਦੇ ਪੁੱਤ ਪ੍ਰੋ. ਗੁਰਭਜਨ ਗਿੱਲ ਨੇ ਰੱਖੀ। ਅਰਦਾਸ ਵੀ ਉਨ੍ਹੇ ਹੀ ਕੀਤੀ। ਕਿਸੇ ਭਾਈ ਜੀ ਨੂੰ ਤਕਲੀਫ ਨਾ ਦਿੱਤੀ। ਮਿਸਤਰੀਆਂ ਤੇ ਮਜ਼ਦੂਰਾਂ ਨੂੰ ਖੁੱਲ੍ਹੇ ਲੱਡੂ ਵੰਡ ਕੰਮ ਸ਼ੁਰੂ ਕਰ ਦਿੱਤਾ। ਉਸਾਰੀ ਦੇ ਹਰ ਪੱਖ, ਹਰ ਅਵਸਥਾ, ਹਰ ਮੁਸ਼ਕਿਲ ਪਿੱਛੇ ਇੱਕ ਕਹਾਣੀ ਏ। ਭੁੱਲ ਨਹੀਂ ਸਕਦੀਆਂ ਉਹ! ਬਣਾਉਣ ਵੇਲੇ ਇੱਕੋ ਸਾਧਨ ਤਨਖਾਹ ਹੀ ਸੀ। ਪ੍ਰਾਵੀਡੈਂਟ ਫੰਡ, ਰਿਸ਼ਤੇਦਾਰਾਂ, ਯਾਰਾਂ ਬੇਲੀਆਂ ਤੋਂ ਫੜ-ਫੁੜ ਕੰਮ ਤੋਰੀ ਗਏ। ਲੈਂਟਰ ਪਿੱਛੋਂ ਅਗਲੇ ਕੰਮਾਂ ਲਈ ਪੈਸਾ ਚਾਹੀਦਾ ਸੀ। ਚਾਰ ਕੁ ਸਾਲ ਪਹਿਲਾਂ ਕੈਨੇਡਾ ਗਏ ਦੋਹਾਂ ਮੁੰਡਿਆਂ ਨੂੰ ਵੰਗਾਰਿਆ। 'ਓਏ ਸ਼ੇਰੋ!, ਜਾਣਦਾ ਆਂ, ਤੁਸੀਂ ਵੀ ਪਹਿਲੇ ਸਾਲਾਂ 'ਚ ਓਧਰ, ਕੋਈ ਸੌਖੇ ਨਹੀਂ, ਪਰ ਏਧਰ ਤੁਹਾਡੇ ਬਾਪੂ ਦਾ ਗੱਡਾ ਫਸ ਗਿਆ, ਇਹਨੂੰ ਕੱਢੋ, ਕੰਮ ਸਿਰੇ ਲੱਗੇ, ਦੋ ਢਾਈ ਲੱਖ ਦਾ ਜੁਗਾੜ ਛੇਤੀ ਕਰੋ।'

ਇੱਕ ਵੇਲੇ ਵਾਸ਼ਰੂਮ ਦੀਆਂ ਟਾਈਲਾਂ ਖਰੀਦਣ, ਲਵਾਉਣ ਵਾਸਤੇ 20 ਕੁ ਹਜ਼ਾਰ ਦੀ ਲੋੜ ਸੀ। ਨੰਗਲ ਵਾਲੇ ਇੱਕ ਸਨੇਹੀ ਐਕਸੀਅਨ ਨੂੰ ਵੰਗਾਰਿਆ। ਚੰਡੀਗੜ੍ਹੋਂ ਮੀਟਿੰਗ ਅਟੈਂਡ ਕਰਕੇ ਸ਼ਾਮੀਂ ਸਿੱਧਾ ਨੰਗਲ ਪਹੁੰਚਿਆ। ਅਗਲੇ ਦਿਨ ਪੈਸੇ ਲੈ ਵਾਪਸੀ 'ਤੇ ਟਾਈਲਾਂ ਵਾਲੇ ਨੂੰ ਅਦਾਇਗੀ ਕੀਤੀ। ਰੁਕਿਆ ਕੰਮ ਚਾਲੂ ਹੋਇਆ। ਕੇਰਾਂ ਸਹੁਰਿਆਂ ਨੇ 25 ਹਜ਼ਾਰ ਦੇ ਕੇ ਮੁੰਡਾ ਭੇਜਿਆ। ਉਹਨੂੰ ਅੱਡੇ ਤੋਂ ਲੈਣ ਗਿਆ। ਰਸਤੇ 'ਚ ਅਗਰਵਾਲ ਟਿੰਬਰ ਵਾਲਿਆਂ ਦਾ ਹੀ ਮਸੀਂ ਸਰਿਆ।



ਏਦਾਂ ਕੰਮ ਹੌਲੀ ਹੌਲੀ ਹੁੰਦੇ-ਹਵਾਂਦੇ ਰਹੇ। ਇੱਕ ਦਿਨ ਕਾਲੋਨੀ ਦਾ ਉਹੋ ਮੁਖਤਿਆਰ, ਜਿਸ ਤੋਂ ਇਹ ਪਲਾਟ ਲਿਆ ਸੀ ਆ ਗਿਆ, ਕਹਿੰਦਾ, "ਆਹ ਨਾਲ ਲੱਗਦਾ 233 ਗਜ ਦਾ ਪਲਾਟ ਵੀ ਲੈ ਲਓ। ਉਸੇ ਰੇਟ 'ਤੇ ਹੀ।" ਪੈਸੇ ਪੱਖੋਂ ਹੱਥ ਤੰਗ ਹੋਣ ਕਰਕੇ ਨਾਂਹ ਕਰ ਦਿੱਤੀ। ਇੱਕ ਪਾਸੇ ਉਹ ਜ਼ੋਰ ਪਾਈ ਗਿਆ, ਦੂਜੇ ਪਾਸੇ ਸੱਸ ਨੇ ਹੌਂਸਲਾ ਦਿੱਤਾ, "ਲੈ ਲੈ ਪੁੱਤ! ਨਾਲ ਲੱਗਦੇ ਥਾਂ ਕਿਸਮਤ ਨਾਲ ਹੀ ਮਿਲਦੇ ਆ।"

ਲਓ ਜੀ! ਔਖੇ ਸੌਖੇ ਸੌਦਾ ਮਾਰ ਹੀ ਲਿਆ। ਕੋਠੀ ਦਾ ਇਸ ਛੋਟੇ ਪਲਾਟ ਵਾਲਾ ਪਾਸਾ ਬਲਾਈਂਡ ਰੱਖਿਆ ਹੋਇਆ ਸੀ। ਇਸ ਪਾਸੇ ਦੀ ਕੰਧ ਵਿਚ ਦੋ ਬਾਰੀਆਂ ਕਢਾ ਲਈਆਂ ਜਿਸ ਨਾਲ ਡਰਾਇੰਗ ਤੇ ਡਾਈਨਿੰਗ ਰੂਮ ਵਾਹਵਾ ਚਾਨਣਨੁਮਾ, ਧੁੱਪਨੁਮਾ, ਹਵਾਦਾਰ ਬਣ ਗਿਆ। ਕੋਈ ਛੇ ਕੁ ਮਹੀਨਿਆਂ ਵਿਚ ਆਪਣਾ ਪੱਕਾ ਘਰ ਸਿਰ ਲੁਕਾਉਣਯੋਗ ਹੋ ਗਿਆ। ਰਗੜਾਈ ਚੱਲਦੀ 'ਤੇ ਹੀ ਕਾਲਜ ਕੁਆਟਰਾਂ 'ਚੋਂ ਡੇਰਾ ਡੰਡਾ ਚੁੱਕ ਅਕਤੂਬਰ 1992 'ਚ ਇਸ ਸੁਪਨਈ ਆਲ੍ਹਣੇ 'ਚ ਆ ਬੈਠੇ। ਬਾਕੀ ਕੰਮ ਵਿਚ ਰਹਿੰਦਿਆਂ ਕਰਾਈ ਗਏ। ਕਾਲਜ ਇਥੋਂ ਜਾਣ ਲੱਗ ਪਿਆ। ਏਸੇ ਸਾਲ ਪੰਜਾਬ ਯੂਨੀਵਰਸਟੀ ਦੀ ਸੈਨੇਟ ਦੀ ਚੋਣ ਆ ਗਈ। ਉਸਾਰੀ ਦੀ ਹਰ ਕਿਸਮ ਦੀ ਨਿਗਰਾਨੀ, ਪੈਸੇ ਦਾ ਪ੍ਰਬੰਧ ਕਰਨਾ, ਸੈਨੇਟ ਦੀ ਜਲੇਬੀ ਵਲ ਸਿਆਸਤ ਨਾਲ ਜੂਝਣਾ, ਕਾਲਜ ਦਾ ਕੰਮ ਆਦਿ ਨੇ ਚੰਗੀਆਂ ਹੀਲਾਂ, ਚਾਲਾਂ ਕਢਾਈਆਂ।

ਵਿਰਕਾਂ ਦੀ ਧੀ, ਪਤਨੀ ਦੀ ਮਾਤਾ, ਬੜੇ ਧੜੱਲੇਦਾਰ ਬੀਬੀ ਸੀ। ਡਾਂਗ ਫੜ ਮੇਰੇ ਉਸਾਰੀ ਦੇ ਕੰਮਾਂ ਵਿਚ ਪਹਿਰੇਦਾਰ ਤੇ ਨਿਗਰਾਨ ਬਣੀ ਰਹੀ। ਉਹਦੀ ਦੇਣ ਨੂੰ ਮੈਂ ਕਦੀ ਵੀ ਭੁੱਲ ਨਹੀਂ ਸਕਦਾ। ਗ੍ਰਹਿ ਪ੍ਰਵੇਸ਼ ਵਾਲਾ ਰਸਮੀ ਕਾਰਜ ਵੀ ਅੱਗੋਂ 1993 ਦੀ ਫਰਵਰੀ-ਮਾਰਚ 'ਚ ਕੀਤਾ। ਸਮੁੱਚੀ ਕੋਠੀ ਨੂੰ ਪੇਂਟ, ਪਾਲਿਸ਼ ਤਾਂ ਗ੍ਰਹਿ ਪ੍ਰਵੇਸ਼ ਪਿੱਛੋਂ 1994 'ਚ ਜਾ ਕੇ ਮਸੀਂ ਮੁੱਕਾ। ਰਹਿੰਦੀ ਸਰਵਿਸ ਇਥੋਂ ਹੀ ਕਾਲਜ ਜਾਂਦਾ ਰਿਹਾ। ਆਪਣੇ ਇਸ ਆਲ੍ਹਣੇ ਨੂੰ ਆਪਣੀ ਦ੍ਰਿਸ਼ਟੀ, ਜੀਵਨ ਸ਼ੈਲੀ ਦੀਆਂ ਜ਼ਰੂਰਤਾਂ, ਖਾਹਿਸ਼ਾਂ ਅਨੁਸਾਰ ਤਿਆਰ ਕੀਤਾ। ਕਿਚਨ ਗਾਰਡਨ ਲਈ ਥਾਂ ਰੱਖਿਆ। ਪਿਛਲੇ ਤੇ ਅਗਲੇ ਪਾਸੇ ਦੀ ਖੁੱਲ੍ਹੀ ਵਿਉਂਤਬੰਦੀ ਕੀਤੀ। ਮੋਹਰਲੇ ਲਾਅਨ 'ਚ ਰੀਝ ਨਾਲ ਪੀ.ਏ.ਯੂ. 'ਚੋਂ ਲਿਆ ਫੁੱਲ ਬੂਟੇ ਲਾਏ।

ਜਦੋਂ ਹੇਮਕੁੰਟ ਸਾਹਿਬ ਦੇ ਯਾਤਰੀ ਗੋਬਿੰਦ ਘਾਟ ਤੋਂ ਚੱਲ ਕੇ ਇੱਕ ਦਿਨ ਵਿਚ ਗੋਬਿੰਦ ਧਾਮ ਪਹੁੰਚਦੇ ਹਨ। ਅਗਲੇ ਦਿਨ ਸਵੇਰੇ ਹੀ ਹੇਮਕੁੰਟ ਸਾਹਿਬ ਦੀ ਕਠਨ ਅਤੇ ਬਰਫਾਂ ਭਰੀ ਉਚਾਈ ਵਾਲੇ ਪੰਧ 'ਤੇ ਤੁਰ ਪੈਂਦੇ ਹਨ। ਇਸ ਔਖੇ ਪੰਧ 'ਤੇ ਥੋੜ੍ਹਾ ਚੱਲ ਕੇ ਖੱਬੇ ਪਾਸੇ ਨੂੰ ਸੁੰਦਰ ਲਈਅਰ ਵੈਲੀ (ਫਲਾਵਰ ਵੈਲੀ) ਵੱਲ ਨੂੰ ਰਾਹ ਨਿਕਲਦਾ ਹੈ। ਕਹਿੰਦੇ ਹਨ, ਵੇਖਣਯੋਗ ਥਾਂ ਹੈ। ਇੱਥੇ ਸ਼ਾਂਤੀ ਤੇ ਸੁੰਦਰਤਾ ਦਾ ਇੱਕ ਅਦਭੁਤ ਨਜ਼ਾਰਾ ਵੇਖਣ ਨੂੰ ਮਿਲਦੈ। ਚਾਰ ਚੁਫੇਰੇ ਪਹਾੜ ਅਤੇ ਵਾਦੀ ਵਿਚ ਫੁੱਲਾਂ ਦੀਆਂ ਸੁੰਗਧੀਆਂ ਭਰਿਆ ਦੈਵੀ ਨਜ਼ਾਰਾ ਅੱਖਾਂ ਅਤੇ ਆਤਮਾ ਨੂੰ ਰੂਹਾਨੀ ਸਕੂਨ ਦਿੰਦਾ ਹੈ, ਇੱਕ ਬਹਿਸ਼ਤੀ ਨਜ਼ਾਰਾ।

ਹੋਰ ਕੋਈ ਮੰਨੇ ਜਾਂ ਨਾ ਮੰਨੇ ਮੇਰੀ ਤਾਂ ਇਹ ਲਈਅਰ ਵੈਲੀ ਅਨੰਦ ਵਾਦੀ ਏ। ਇਉਂ ਹੀ ਮਹਿਸੂਸ ਕੀਤਾ ਜਦੋਂ ਨੌਕਰੀ ਤੋਂ ਰਿਟਾਇਰ ਹੋ 31 ਅਕਤੂਬਰ 1995 ਨੂੰ ਆਪਣੇ ਇਸ ਰੈਣ ਬਸੇਰੇ 'ਚ ਸਵੇਰੇ ਉਠਿਆ। ਪ੍ਰਸ਼ਾਸਕੀ ਬੋਝਾਂ ਦਾ ਜੂਲਾ ਮੋਢਿਆਂ ਤੋਂ ਲਹਿ ਗਿਆ ਹੋਇਆ ਸੀ। ਹੌਲਾ ਫੁੱਲ ਮਹਿਸੂਸ ਕੀਤਾ। ਆਪਣਾ ਪੱਕਾ ਘਰ ਜਿਸ ਵਿਚ ਪੂਰਾ ਪ੍ਰਭੂਸਤਾ ਸੰਪੰਨ ਸਾਂ, ਚਾਹਤ ਪੂਰੀ ਹੋਈ ਮਹਿਸੂਸ ਹੋਈ। ਇਸ ਖੁੱਲ੍ਹੀ, ਪ੍ਰਭੂਸਤਾ ਸੰਪੰਨ ਫਿਜ਼ਾ ਵਿਚ ਆਖਰੀ ਸਮਾਂ ਚੰਗਾ ਗੁਜ਼ਰਨ ਲੱਗਾ। ਨੌਕਰੀ ਦੇ ਝਮੇਲਿਆਂ ਤੋਂ ਮੁਕਤ ਇੱਕ ਪੂਰਨ ਅਨੰਦ ਵਾਦੀ। ਗੌਰਮੈਂਟ ਏਡਿੱਡ ਪ੍ਰਾਈਵੇਟ ਕਾਲਜ ਪ੍ਰਬੰਧਨ ਦੀ ਦੋਗਲੀ, ਟੀਰੀ, ਦੰਭੀ ਸਿਆਸੀ ਵਰਤਾਰੇ ਤੋਂ ਪੂਰੀ ਰਾਹਤ ਮਿਲੀ ਮਹਿਸੂਸ ਹੋਈ। ਪੂਰੀ ਸੰਤੁਸ਼ਟੀ 'ਚ ਸਮਾਂ ਲੰਘਣ ਲੱਗ ਪਿਆ। ਪੂਰੇ ਮਲੰਗ ਮੌਲੇ ਦੇ ਫੱਕਰੀ ਅਨੰਦ 'ਚ ਗੜੂੰਦ ਹੋ ਗਿਆ। ਦੋਵੇਂ ਮੁੰਡੇ ਕੈਨੇਡਾ ਸਨ। ਉਨ੍ਹਾਂ ਤੋਂ ਦੂਰ ਰਹਿਣ ਕਰਕੇ ਕੁਝ ਉਦਰੇਵਾਂ ਕਦੀ ਕਦੀ ਜ਼ਰੂਰ ਮਹਿਸੂਸ ਹੁੰਦਾ। ਦੋਹਾਂ ਪਾਸਿਆਂ 'ਚ ਕੁਝ ਪਿਤਰੀ ਮੋਹ ਦੀ ਖਿੱਚ ਸੀ। ਇਕੱਠੇ ਹੋਣ ਦੀ ਕੁਦਰਤੀ ਖਿੱਚ ਕਦੀ ਕਦੀ ਜ਼ਰੂਰ ਸਤਾਉਂਦੀ।

***(ਚਲਦਾ)***

## ਮਿਨੀ ਕਹਾਣੀ

### ਰਸਗੁੱਲੇ

ਇਕ ਦਿਨ ਇਕ ਸ਼ਹਿਰ ਵਿਚ ਰੱਬ ਨੇ ਸੁਣਿਆ ਕਿ ਇਕ ਔਰਤ ਬਹੁਤ ਵਧੀਆ ਰਸਗੁੱਲੇ ਬਣਾਉਂਦੀ ਹੈ ਤੇ ਅੱਜ ਉਸ ਨੇ ਬਣਾਏ ਹਨ। ਰੱਬ ਉਸ ਔਰਤ ਦੇ ਪਤੀ ਦੇ ਮਿੱਤਰ ਦਾ ਰੂਪ ਧਾਰ ਕੇ ਉਸ ਦੇ ਘਰ ਗਿਆ। ਪਤੀ ਉਸ ਸਮੇਂ ਘਰੇ ਨਹੀਂ ਸੀ। ਔਰਤ ਅਤੇ ਰੱਬ ਨੇ ਦੀਨ ਦੁਨੀਆਂ ਦੀਆਂ ਢੇਰ ਸਾਰੀਆਂ ਗੱਲਾਂ ਕੀਤੀਆਂ।

ਅਖੀਰ ਉਹ ਰਸੋਈ ਵਿਚ ਗਈ ਅਤੇ ਚਾਹ ਬਣਾ ਕੇ ਲੈ ਆਈ। ਹੁਣ ਤਾਂ ਰੱਬ ਨੂੰ ਬੇਸ਼ਰਮ ਹੋ ਕੇ ਕਹਿਣਾ ਪਿਆ, "ਭਾਬੀ ਜੀ, ਬਹੁਤ ਦਿਨ ਹੋ ਗਏ ਤੁਸੀਂ ਰਸਗੁੱਲੇ ਨਹੀਂ ਖਵਾਏ।"

"ਹਾਂ, ਕੀ ਦੱਸਾਂ ਭਰਾ ਜੀ, ਸਭ ਕੁਝ ਮਹਿੰਗਾ ਹੋ ਗਿਆ ਹੈ। ਹੁਣ ਬਣਾਉਣ ਦਾ ਹੌਸਲਾ ਨਹੀਂ ਪੈਂਦਾ। ਜਦੋਂ ਬਣਾਵਾਂਗੇ ਤਾਂ ਤੁਹਾਨੂੰ ਵੀ ਜਰੂਰ ਖਵਾਵਾਂਗੇ।"

ਰੱਬ ਸਮਝ ਗਿਆ ਕਿ ਸਿੱਧੀ ਉਂਗਲ ਨਾਲ ਘਿਉ ਨਿਕਲਣ ਵਾਲਾ ਨਹੀਂ ਹੈ। ਉਹ ਸੂਖਮ ਰੂਪ ਵਿਚ ਆ ਗਿਆ ਅਤੇ ਔਰਤ ਨੂੰ ਉਸ ਦੇ ਝੂਠ ਦੀ ਸਜ਼ਾ ਦੇਣ ਲਈ ਸਾਰੇ ਦੇ ਸਾਰੇ ਰਸਗੁੱਲੇ ਖਾ ਗਿਆ ਜੋ ਉਸ ਨੂੰ ਸੁਆਦ ਵੀ ਬਹੁਤ ਲੱਗੇ।

ਅਗਲੇ ਦਿਨ ਉਸ ਕੁੜੀ ਨੂੰ ਬਹੁਤ ਕੁੱਟ ਪਈ ਜੋ ਘਰ ਦੀ ਸਫਾਈ ਕਰਨ ਆਉਂਦੀ ਸੀ।

***-ਵਿਸ਼ਣੂ ਨਾਗਰ***
***ਅਨੁਵਾਦ: ਮੁਲਖ ਸਿੰਘ ਪਿੱਪਲੀ***
***ਫੋਨ: 91-94162-55877***

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ

ਸੁਰਜੀਤ ਸਿੰਘ ਪੰਛੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੂਜੇ ਸਾਰੇ ਧਰਮਾਂ ਦੇ ਗ੍ਰੰਥਾਂ ਨਾਲੋਂ ਵੱਖਰੀ ਤਰ੍ਹਾਂ ਅਰੰਭ ਹੁੰਦਾ ਹੈ। ਬਾਈਬਲ ਬਹੁਤ ਸਾਰੇ ਦੇਵਤਿਆਂ ਦੇ ਨਾਂਵਾਂ ਨਾਲ ਸ਼ੁਰੂ ਹੁੰਦੀ ਹੈ। ਹਿਬਰੂ ਸ਼ਬਦ ਅਲਾਹਿਮ ਜਾਂ ਅਲੋਹਿਮ ਸਾਮੀ ਭਾਸ਼ਾ ਦੇ ਅੱਲ੍ਹਾ ਜਾਂ ਰੱਬ ਦੇ ਬਹੁ-ਵਚਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਦੇ ਗਿਣਤੀ ਵਾਲੇ ਅੱਖਰ ੧ (ਇਕ) ਨਾਲ ਸ਼ੁਰੂ ਹੁੰਦਾ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ਮੂਲ ਮੰਤਰ ਮੰਗਲਾਚਰਨ ਹੈ। ਸਾਡੇ ਕੀਰਤਨੀਏ, ਕਥਾਕਾਰ ਜਾਂ ਕਵੀਸ਼ਰ ਆਦਿ ਪਰਮਾਤਮਾ ਦੀ ਸਿਫਤ ਦੇ ਸ਼ਬਦਾਂ ਨਾਲ ਸ਼ੁਰੂ ਕਰਦੇ ਹਨ। ਕਿੱਸਾਕਾਰ ਅਤੇ ਵਾਰਾਂ ਦੇ ਰਚੈਤਾ ਵੀ ਅਰੰਭ ਵਿਚ ਅਕਾਲ ਪੁਰਖ ਦੀ ਉਸਤਤ ਦੇ ਸ਼ਬਦ ਲਿਖਦੇ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਨੇ 'ਜਪੁ' ਸਾਹਿਬ ਦੀ ਬਾਣੀ ਲਿਖਣ ਤੋਂ ਪਹਿਲਾਂ ਮੂਲ ਮੰਤਰ ਵੀ ਅਕਾਲ ਪੁਰਖ ਦੀ ਉਸਤਤ ਵਿਚ ਲਿਖਿਆ ਹੈ। ਮੂਲ ਮੰਤਰ: ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ, "ਅਕਾਲ ਪੁਰਖ ਇਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ (ਭਾਵ, ਜਿਸ ਦਾ ਸਰੀਰ ਨਾਸ ਰਹਿਤ ਹੈ) ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।"

ਮੂਲਮੰਤਰ ਅਕਾਲ ਪੁਰਖ ਪਰਮਾਤਮਾ ਦੀ ਪੂਰਨ ਵਿਆਖਿਆ ਹੈ ਕਿ ਉਹ ਹੈ ਕੀ?

੧ ਲਿਖਣ ਦਾ ਭਾਵ ਪਰਮਾਤਮਾ ਇਕ ਹੈ ਅਤੇ ਕੇਵਲ ਇਕ, ਹੋਰ ਦੂਜਾ ਕੋਈ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਵਾਰ ਇਸ ਦੀ ਪ੍ਰੋੜ੍ਹਤਾ ਕੀਤੀ ਗਈ ਹੈ।

ਸਾਹਿਬੁ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥
(ਪੰਨਾ 350 ਰਾਗ ਆਸਾ ਮ:1)

ਇਸ ਦਾ ਅਰਥ ਇਹ ਵੀ ਹੈ ਕਿ ਉਹ ਕਿਸੇ ਹੋਰ ਤੱਤਾਂ ਦਾ ਮਿਸ਼ਰਨ ਨਹੀਂ। ਉਹ ਨਿਰੋਲ ਹੈ:

ਰੂਪੁ ਨ ਰੇਖ ਨ ਰੰਗੁ ਕਿਛੁ
ਤ੍ਰਿਹੁ ਗੁਣ ਤੇ ਪ੍ਰਭ ਭਿੰਨ॥
(ਪੰਨਾ 283 ਗਉੜੀ ਸੁਖਮਣੀ ਮ: 1)

ਅਕਾਲ ਪੁਰਖ ਦਾ ਸਾਨੀ ਕੋਈ ਨਹੀਂ, ਉਹ ਅਦੁਤੀ ਹੈ:

ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥
(ਪੰਨਾ 9 ਜਪੁਜੀ ਸਾਹਿਬ)

ਅਕਾਲ ਪੁਰਖ ਪੂਰਾ ਸੂਰਾ ਤੇ ਸ਼ਕਤੀਸ਼ਾਲੀ ਹੈ:

ਤਿਸੁ ਬਿਨੁ ਘੜੀ ਨ ਜੀਵੀਐ
ਭਾਈ ਸਰਬ ਕਲਾ ਭਰਪੂਰਿ।
(ਪੰਨਾ 640 ਰਾਗ ਸੋਰਠਿ ਮ: 5)

ਅਕਾਲ ਪੁਰਖ ਦਾ ਕੋਈ ਵਾਰਸ ਨਹੀਂ। ਉਹ ਸਰਬ ਵਿਆਪਕ ਤੇ ਹਰ ਤਰ੍ਹਾਂ ਸਮਰੱਥ ਹੈ। ਉਸ ਦੀ ਕੋਈ ਸੀਮਾ ਨਹੀਂ। ਉਹ ਅਨੰਤ ਹੈ। ਰਹੱਸਪੂਰਨ ਹੈ ਅਤੇ ਅਕਥ ਹੈ:

ਪੁੜੁ ਧਰਤੀ ਪੁੜੁ ਪਾਣੀ ਆਸਣੁ
ਚਾਰਿ ਕੁੰਟ ਚਉਬਾਰਾ॥
ਸਗਲ ਭਵਣ ਕੀ ਮੂਰਤਿ ਏਕਾ
ਮੁਖਿ ਤੇਰੈ ਟਕਸਾਲਾ॥੧॥
(ਪੰਨਾ 596 ਰਾਗ ਸੋਰਠਿ ਮ: 1)

ਬਾਈਬਲ ਤੇ ਕੁਰਾਨ ਆਦਿ ਗ੍ਰੰਥ ਪਹਿਲਾਂ ਜ਼ੁਬਾਨੀ ਗਾਏ ਤੇ ਸੁਣੇ ਜਾਂਦੇ ਸਨ, ਲਿਖਤੀ ਰੂਪ ਵਿਚ ਨਹੀਂ ਸਨ। ਗੁਰੂ ਅਰਜਨ ਦੇਵ ਵਲੋਂ ਸੰਕਲਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਤੀ ਰੂਪ ਵਿਚ ਹੈ। ਇਸ ਨੂੰ ਚੁੱਪ-ਚਾਪ ਵੀ ਪੜ੍ਹਿਆ ਜਾ ਸਕਦਾ ਹੈ, ਗਾਇਨ ਕੀਤਾ ਜਾ ਸਕਦਾ ਅਤੇ ਸਾਜ਼ਾਂ ਨਾਲ ਗਾਇਆ ਵੀ ਜਾ ਸਕਦਾ ਹੈ। ਇਸ ਨੂੰ ਗਾਉਣ ਲਈ ਰਾਗਾਂ ਦੇ ਨਾਂ ਵੀ ਦਿੱਤੇ ਗਏ ਹਨ।

ਇਸ ਮਹਾਨ ਗ੍ਰੰਥ ਦੀ ਬਾਣੀ ਅਲਹਾਮ ਸ਼ਬਦ ਹੈ, ਅਕਾਸ਼ਬਾਣੀ ਹੈ। ਗੁਰੂ ਜੀ ਲਿਖਦੇ ਹਨ:

(ੳ) ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥
(ਪੰਨਾ 628 ਰਾਗ ਸੋਰਠਿ ਮ: 5)

(ਅ) ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥
(ਰਾਗ ਸੂਹੀ ਮ: 5 ਗੁਣਵੰਤੀ ਪੰਨਾ 763)

ਗੁਰੂ ਗ੍ਰੰਥ ਸਾਹਿਬ ਦੀ ਹੋਰਨਾਂ ਧਰਮ ਗ੍ਰੰਥਾਂ ਨਾਲੋਂ ਵਿਲੱਖਣਤਾ ਇਹ ਹੈ ਕਿ ਗੁਰੂ ਸਾਹਿਬਾਨ ਨੇ ਆਪ ਇਸ ਵਿਚਲੀ ਬਾਣੀ ਨੂੰ ਲਿਖਿਆ ਤੇ ਸੰਭਾਲਿਆ। ਇਸ ਲਈ ਇਸ ਦੀ ਪ੍ਰਮਾਣਿਕਤਾ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਦੀ ਬਾਣੀ 'ਪੱਟੀ ਲਿਖੀ' ਜੋ ਰਾਗ ਆਸਾ ਦੇ ਮੁੱਢ ਵਿਚ ਹੈ। 'ਲਿਖੀ' ਸ਼ਬਦ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਇਹ ਬਾਣੀ ਆਪ ਲਿਖੀ। ਗੁਰੂ ਜੀ ਦੇ ਸਾਥੀਆਂ ਹੱਸੂ ਤੇ ਸੀਹਾਂ, ਸੈਦੋ ਜੱਟ ਅਤੇ ਮਨਮੁੱਖ ਨੇ ਵੀ ਬਾਣੀ ਸੰਭਾਲਣ ਵਿਚ ਮੁੱਖ ਯੋਗਦਾਨ ਪਾਇਆ। ਭਾਈ ਗੁਰਦਾਸ ਅਨੁਸਾਰ ਜਦੋਂ ਗੁਰੂ ਜੀ ਮੱਕੇ ਗਏ ਤਾਂ ਉਨ੍ਹਾਂ ਦੀ ਕੱਛ ਵਿਚ ਆਪਣੀ ਲਿਖੀ ਬਾਣੀ ਦੀ ਪੋਥੀ ਸੀ। ਗੁਰੂ ਨਾਨਕ ਦੇਵ ਤੋਂ ਪਿਛੋਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇਵ ਦੀ ਬਾਣੀ ਦੇ ਨਾਲ ਆਪਣੀ ਬਾਣੀ ਸੰਭਾਲੀ ਅਤੇ ਅੱਗੇ ਅੱਗੇ ਗੁਰੂ ਅਰਜਨ ਦੇਵ ਤੱਕ ਸੰਭਾਲਦੇ ਗਏ। ਗੁਰੂ ਅਰਜਨ ਦੇਵ ਨੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਸੰਭਾਲੀ ਗਈ ਭਗਤਾਂ ਦੀ, ਭੱਟਾਂ ਆਦਿ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਭਾਈ ਗੁਰਦਾਸ ਦੀ ਸਹਾਇਤਾ ਨਾਲ ਸੰਭਾਲਿਆ। ਇਸ ਤਰ੍ਹਾਂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਆਪਣੇ ਅਸਲੀ ਅਤੇ ਪ੍ਰਮਾਣਿਕ ਰੂਪ ਵਿਚ ਹੈ।

ਮੈਕਾਲਿਫ ਲਿਖਦਾ ਹੈ, "ਬਹੁਤ ਸਾਰੇ ਮਹਾਨ ਅਧਿਆਪਕਾਂ (ਪ੍ਰਚਾਰਕਾਂ) ਨੂੰ ਸੰਸਾਰ ਜਾਣਦਾ ਹੈ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਦੀ ਇਕ ਲਾਈਨ ਵੀ ਨਹੀਂ ਛੱਡੀ। ਅਸੀਂ ਕੇਵਲ ਓਹੀ ਜਾਣਦੇ ਹਾਂ ਜੋ ਉਨ੍ਹਾਂ ਨੇ ਰੀਤੀ ਰਾਹੀਂ ਪ੍ਰਚਾਰਿਆ ਜਾਂ ਇਕ ਦੂਜੇ ਤੋਂ ਪ੍ਰਾਪਤ ਸੂਚਨਾਵਾਂ ਰਾਹੀਂ ਪ੍ਰਾਪਤ ਕੀਤਾ, ਪਰ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਨੂੰ ਸੰਭਾਲਿਆ ਗਿਆ ਹੈ ਅਤੇ ਅਸੀਂ ਝਟ ਜਾਣ ਜਾਂਦੇ ਹਾਂ ਕਿ ਉਨ੍ਹਾਂ ਨੇ ਕੀ ਸਿੱਖਿਆ ਦਿੱਤੀ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਬਾ ਫਰੀਦ (ਸੂਫੀ ਮੁਸਲਮਾਨ), ਰਵਿਦਾਸ (ਚਮਾਰ), ਧੰਨਾ (ਜੱਟ), ਕਬੀਰ (ਜੁਲਾਹਾ), ਸੈਨ (ਨਾਈ), ਨਾਮਦੇਵ (ਬਿਠਲ ਭਗਤ), ਸੂਰਦਾਸ (ਕ੍ਰਿਸ਼ਨ ਭਗਤ) ਆਦਿ ਭਾਰਤ ਦੇ ਵੱਖ ਵੱਖ ਭਾਗਾਂ, ਜਾਤਾਂ, ਧਰਮਾਂ ਦੇ ਸਨ ਜਿਨ੍ਹਾਂ ਦੀਆਂ ਰਚਨਾਵਾਂ ਦੇ ਵੱਖ ਵੱਖ ਫੁੱਲਾਂ ਨਾਲ ਗੁੰਦਿਆ ਗੁਲਦਸਤਾ ਹੈ ਜਿਸ ਵਿਚੋਂ ਇਕੋ ਇਕ ਅਕਾਲ ਪੁਰਖ, ਪਰਮਾਤਮਾ ਦੀ ਮਹਿਕ ਆਉਂਦੀ ਹੈ ਜੋ ਮਨੁੱਖ ਨੂੰ ਰੂਹਾਨੀ ਸਰੂਰ ਵਿਚ ਰੰਗ ਦਿੰਦੀ ਹੈ। ਸਭ ਭਗਤਾਂ ਨੂੰ ਗੁਰੂ ਸਾਹਿਬਾਨ ਦੇ ਬਰਾਬਰ ਸਨਮਾਨ ਦਿੱਤਾ ਗਿਆ ਹੈ। ਵੱਖਰੇਪਣ ਦੀ ਕੋਈ ਭਾਵਨਾ ਨਹੀਂ। ਨੀਚ ਕਹਿ ਕੇ ਦੁਰਕਾਰੇ ਲੋਕਾਂ ਦੀ ਭਾਸ਼ਾ ਨੂੰ ਪੂਰਾ ਪੂਰਾ ਮਾਣ ਸਤਿਕਾਰ ਦਿੱਤਾ ਗਿਆ ਹੈ। ਬਾਣੀ ਦੀ ਰਚਨਾ ਕਰਨ ਵਾਲੇ ਲੋਕਾਂ ਨਾਲ ਬਰਾਬਰ ਖਲੋਤੇ ਹਨ:

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
(ਸਿਰੀ ਰਾਗੁ ਮ: 1 ਪੰਨਾ 15)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਜੋਤਿ ਰੂਪ ਅਕਾਲ ਪੁਰਖ ਨੂੰ ਹਰ ਇਕ ਵਿਚ ਵਸਿਆ ਸਮਝਿਆ ਗਿਆ ਹੈ। ਇਸੇ ਕਾਰਨ ਸਭ ਨੂੰ ਸਮਾਨ ਆਦਰ ਮਾਣ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ, ਜਿਵੇਂ ਸੂਰਜ ਸਭ ਨੂੰ ਇਕ ਸਮਾਨ ਰੋਸ਼ਨੀ ਵੰਡਦਾ ਹੈ, ਉਸੇ ਤਰ੍ਹਾਂ ਅਕਾਲ ਪੁਰਖ ਮਨੁੱਖ ਜਾਤੀ ਨੂੰ ਇਕੋ ਜੋਤਿ ਦਿੰਦਾ ਹੈ,

ਏਕੋ ਏਕੁ ਆਪਿ ਇਕੁ ਏਕੈ
ਏਕੈ ਹੈ ਸਗਲਾ ਪਾਸਾਰੇ॥
(ਆਸਾ ਮ: 5 ਪੰਨਾ 379)

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥
(ਰਾਗ ਆਸਾ ਮ: 1 ਪੰਨਾ 12)

ਆਪਣੇ ਆਪ ਨੂੰ ਦੂਜਿਆਂ ਨਾਲੋਂ ਨੀਵਾਂ ਸਮਝਣਾ ਜਿਸ ਦਾ ਕਾਰਨ ਉਚਿਆਂ ਵੱਲੋਂ ਨੀਵਿਆਂ ਨੂੰ ਘ੍ਰਿਣਾ ਕੀਤੀ ਜਾਂਦੀ ਸੀ, ਪਰ ਗ੍ਰੰਥ ਸਾਹਿਬ ਵਿਚ ਰਵਿਦਾਸ ਭਗਤ ਜੋ ਆਪਣੇ ਆਪ ਨੂੰ ਮੁਰਦਾ ਪਸ਼ੂਆਂ ਨੂੰ ਢੋਣ ਵਾਲਾ ਚਮਾਰ ਨੀਚ ਕਹਿੰਦਾ ਹੈ, ਨੂੰ ਵੀ ਪੂਰਨ ਸਤਿਕਾਰ ਦਿੱਤਾ ਗਿਆ ਹੈ:

(1) ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ
ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ॥
(ਭਗਤ ਰਵਿਦਾਸ, ਪੰਨਾ 659)

(2) ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
(ਭਗਤ ਰਵਿਦਾਸ, ਪੰਨਾ 1293)

ਆਪਸੀ ਸਤਿਕਾਰ ਵੱਖ ਵੱਖ ਮਜ਼ਹਬਾਂ, ਕੌਮੀ ਏਕਤਾ ਲਈ ਮਹੱਤਵਪੂਰਨ ਸੱਚਾਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੀ ਜੀਵਨੀ ਨਹੀਂ ਹੈ। ਇਹ ਕੇਵਲ ਪਰਮ ਸ਼ਕਤੀ ਅਕਾਲ ਪੁਰਖ ਨੂੰ ਸਮਰਪਿਤ ਹੈ। ਇਸ ਵਿਚ ਕਿਸੇ ਲਗ ਮਾਤਰ ਨੂੰ ਬਦਲਣ ਦੀ ਆਗਿਆ ਨਹੀਂ ਹੈ। ਇਸ ਵਿਚ ਮਿਲਾਵਟ ਨੂੰ ਰੋਕਣ ਦਾ ਯਤਨ ਹੈ। ਗ੍ਰੰਥ ਸਾਹਿਬ ਪੁਨਰ-ਕ੍ਰਿਤ ਜਾਂ ਮਿਲਾਵਟ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਕਤੀ ਪ੍ਰਾਪਤ ਕਰਨ ਲਈ ਵਰਤਾਂ, ਰੀਤਾਂ ਅਤੇ ਰਸਮਾਂ ਨੂੰ ਰੱਦ ਕਰਦੀ ਹੈ। ਇਹ ਯੋਗ, ਸਰੀਰ ਨੂੰ ਕਸ਼ਟ ਦੇਣ, ਤਪ ਅਤੇ ਤਿਆਗ ਨੂੰ ਵੀ ਰੱਦ ਕਰਦੀ ਹੈ। ਸਿੱਖ ਧਰਮ ਦੇਵੀ ਦੇਵਤਿਆਂ, ਪੱਥਰਾਂ, ਬੁੱਤਾਂ, ਸਮਾਧ ਅਤੇ ਸਿਵਿਆਂ ਨੂੰ ਮੱਥਾ ਟੇਕਣ ਤੋਂ ਵੀ ਰੋਕਦਾ ਹੈ। ਕੇਵਲ ਇਕ ਅਕਾਲ ਪੁਰਖ, ਦੇਹ ਰਹਿਤ ਨੂੰ ਹੀ ਮੰਨਣ ਦੀ ਪ੍ਰੇਰਨਾ ਦਿੰਦਾ ਹੈ।

ਸੰਸਾਰ ਵਿਚ ਅਨੇਕਾਂ ਧਰਮਾਂ ਅਤੇ ਜਾਤਾਂ ਦੇ ਲੋਕ ਵਸਦੇ ਹਨ। ਗੁਰਬਾਣੀ ਕਹਿੰਦੀ ਹੈ,

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕਿ ਤਤੇ ਇਕਿ ਬੋਲਨਿ ਮਿਠੇ।
(ਮਾਰੂ ਮ: 5 ਪੰਨਾ 1019)

ਗੁਰਬਾਣੀ ਇਨ੍ਹਾਂ ਨੂੰ ਨਕਾਰਦੀ ਨਹੀਂ। ਪੁਨਰ ਪਰਿਭਾਸ਼ਾ ਦਾ ਆਧਾਰ ਇਕ ਜੋਤਿ, ਇਕ ਅਕਾਲ ਪੁਰਖ ਹੈ:

(1) ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ।
(ਭੈਰਉ ਮ: 3 ਪੰਨਾ 1127)

(2) ਮਿਹਰ ਮਸੀਤਿ ਸਿਦਕੁ ਮੁਸਲਾ
ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ।
(ਵਾਰ ਮਾਝ ਮ: 1, ਪੰਨਾ 140)

ਗੁਰੂ ਨਾਨਕ ਨੇ ਯੋਗਿ ਮੱਤ ਦੇ ਸਾਰੇ ਤੱਤਾਂ ਨੂੰ ਕਾਇਮ ਰਖਦਿਆਂ ਮੁੜ ਪਰਿਭਾਸ਼ਤ ਕੀਤਾ ਹੈ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ।
(ਜਪੁਜੀ ਸਾਹਿਬ ਪੰਨਾ 6)

ਇਸੇ ਤਰ੍ਹਾਂ ਮੁਸਲਮਾਨ ਦੀਆਂ ਪੰਜ ਨਮਾਜ਼ਾਂ ਨੂੰ ਪੁਨਰ ਪਰਿਭਾਸ਼ਤ ਕੀਤਾ ਹੈ:

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ।
(ਵਾਰ ਮਾਝ ਮ: 1 ਪੰਨਾ 141)

ਇਸ ਤਰ੍ਹਾਂ ਪੁਨਰ ਪਰਿਭਾਸ਼ਿਤ ਕਰਦਿਆਂ ਬਾਣੀਕਾਰ ਹਉਮੈ ਤੋਂ ਪ੍ਰੇਰਿਤ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਭਾਸ਼ਾ ਤੇ ਸਭਿਆਚਾਰ ਦੇ ਖੇਤਰ ਵਿਚ ਸਹਿਨਸ਼ੀਲਤਾ ਦਾ ਪੱਖ ਪੂਰਦਾ ਹੈ ਅਤੇ ਭਾਸ਼ਾ, ਰੂਪ ਤੇ ਸਭਿਆਚਾਰ ਦੀ ਵੰਡ ਨੂੰ ਨਕਾਰਦਾ ਹੈ। ਗੁਰੂ ਸਾਹਿਬਾਨ ਨੇ ਨੀਚਾਂ ਦੀ ਭਾਸ਼ਾ ਅਤੇ ਲਿਪੀ ਨੂੰ ਆਪਣੀ ਬਾਣੀ ਦਾ ਆਧਾਰ ਬਣਾਇਆ, ਆਮ ਆਦਮੀ ਦੀ ਭਾਸ਼ਾ ਨੂੰ ਸਜਾਇਆ, ਸੰਵਾਰਿਆ ਤੇ ਵਾਚਿਆ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਹਰ ਤਰ੍ਹਾਂ ਦੇ ਭਾਸ਼ਾਈ, ਉਪ-ਭਾਸ਼ਾਈ ਰੰਗ ਬਿਖਰੇ ਹੋਏ ਹਨ। ਭਾਰਤ ਦੇ ਹਰ ਕੋਨੇ ਦੇ ਸ਼ਬਦ ਇਸ ਵਿਚ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਤੋਂ ਪਹਿਲਾਂ ਭਾਰਤੀ ਸਮਾਜ ਭਾਸ਼ਾ, ਸਭਿਆਚਾਰ ਤੇ ਸੰਸਕ੍ਰਿਤੀ ਕੁਲੀਨਤੰਤਰ ਦੇ ਹਉਮੈ, ਦੰਭ ਤੇ ਦਮਨ ਦਾ ਸ਼ਿਕਾਰ ਸੀ। ਜਾਤ ਪਾਤ ਤੇ ਧਾਰਮਿਕ ਸੰਪਰਦਾਇਕ ਵਿਰੋਧ ਸਿਖਰਾਂ 'ਤੇ ਸੀ। ਜਬਰ ਤੇ ਜ਼ੁਲਮ ਆਪਣੇ ਆਪ ਨੂੰ ਉਚੀਆਂ ਸਮਝਣ ਵਾਲੀਆਂ ਜਾਤੀਆਂ ਦਾ ਹਥਿਆਰ ਸੀ। ਰਾਮ ਭਗਤ, ਸ਼ਿਵ ਭਗਤ, ਕ੍ਰਿਸ਼ਨ ਭਗਤ ਆਪਣੇ ਆਪ ਨੂੰ ਇਕ ਦੂਜੇ ਤੋਂ ਉਤਮ ਸਮਝਦੇ ਸਨ। ਨੀਚ ਸਮਝੇ ਜਾਣ ਵਾਲੇ ਹੀਣ ਅਤੇ ਨਿਰਬਲ ਸਮਝਦੇ ਸਨ। ਇਸਲਾਮੀ ਜਬਰ ਜ਼ੁਲਮ ਦੇ ਸਮੇਂ ਹਾਲਤ ਹੋਰ ਵੀ ਮਾੜੀ ਹੋ ਗਈ ਸੀ। ਮੁਸਲਮਾਨਾਂ ਤੋਂ ਬਿਨਾ ਦੂਜਿਆਂ ਨੂੰ ਕਾਫਰ ਸਮਝਦੇ ਸਨ। ਉਨ੍ਹਾਂ ਦਾ ਅਪਮਾਨ ਕੀਤਾ ਜਾਂਦਾ ਤੇ ਆਪਣੇ ਆਪ ਨੂੰ ਸੱਚਾ-ਸੁੱਚਾ ਸਮਝਿਆ ਜਾਂਦਾ ਸੀ। ਧਰਮ ਵੀ ਜਬਰੀ ਬਦਲਿਆ ਜਾਂਦਾ ਸੀ। ਹਿੰਦੂਆਂ ਤੇ ਮੁਸਲਮਾਨਾਂ ਵਿਚ ਵੱਡੀ ਖਾਈ ਸੀ:

ਸਚ ਕਿਨਾਰੇ ਰਹਿ ਗਯਾ
ਖਹਿ ਮਰਦੇ ਬਾਮਣ ਮਉਲਾਣੇ॥
(ਭਾਈ ਗੁਰਦਾਸ 1-21-7)

ਗੁਰੂ ਗ੍ਰੰਥ ਸਾਹਿਬ ਵਿਚ ਭਾਂਤ ਭਾਂਤ ਦੇ ਸਥਾਨਕ ਬਿਰਤਾਂਤ ਮਹਾਂ-ਬਿਰਤਾਤਾਂ ਵਿਚ ਤੋੜ ਭੰਨ ਕੇ ਆਪਣੀ ਥਾਂ ਬਣਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਇਸੇ ਪ੍ਰਸੰਗ ਵਿਚ ਸਮਝਣਾ ਚਾਹੀਦਾ ਹੈ। ਇਸ ਵਿਚ ਗਿਆਰ੍ਹਵੀਂ ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਤੱਕ ਦੇ ਬਿਰਤਾਂਤ ਸਮੋਏ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਦੇ ਰਚਨਕਾਰਾਂ ਦੀ ਬਾਣੀ ਨਵੀਂ ਪਰੰਪਰਾ ਹੈ, ਜੋ ਆਮ ਆਦਮੀ ਦੀ ਇਤਿਹਾਸ ਨਾਲ ਟਕਰਾਅ ਦੀ ਪਰੰਪਰਾ ਹੈ, ਜੋ ਸਥਾਨਕ ਹਾਲਾਤ ਨੂੰ ਹਰ ਥਾਂ ਵੰਗਾਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਮੁੱਢਲਾ ਰਚੈਤਾ ਬਾਬਾ ਫਰੀਦ ਅੱਲਾ, ਮਲਕ-ਉਲ-ਮੌਤ, ਪੁਰਸਲਾਤ, ਨਮਾਜ਼, ਮਸਤੀ ਆਦਿ ਗੈਰ-ਭਾਰਤੀ ਮੁਸਲਮਾਨੀ ਸ਼ਬਦਾਂ ਦੀ ਵਰਤੋਂ ਕਰਦਾ ਹੈ। ਇਨ੍ਹਾਂ ਸ਼ਬਦਾਂ ਦਾ ਤਦਭਵ ਰੂਪ ਵੀ ਵਰਤਦਾ ਹੈ। ਗੁਰੂ ਅਰਜਨ ਦੇਵ ਦਵੈਤ ਦੀ ਨਹੀਂ, ਆਦਰ ਦੀ ਨਿਗ੍ਹਾ ਨਾਲ ਦੇਖਦੇ ਹਨ। ਬਾਬਾ ਫਰੀਦ ਦੀ ਬਾਣੀ ਪਵਿਤਰ ਅਪਵਿਤਰ ਦੀ ਵੰਡ ਨੂੰ ਨਕਾਰਦੀ ਹੈ। ਬਾਬਾ ਫਰੀਦ ਸਰੀਰ ਨੂੰ ਨਕਾਰਨ ਦੀ ਥਾਂ ਇਸ ਨਾਲ ਪ੍ਰੇਮ ਨੂੰ ਰੱਬੀ ਪ੍ਰੇਮ ਲਈ ਵਰਤਦੇ ਹਨ:

ਅਜੁ ਨ ਸੁਤੀ ਕੰਤ ਸਿਉ
ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ
ਤੁਮ ਕਿਉ ਰੈਣਿ ਵਿਹਾਇ॥
(ਸਲੋਕ ਬਾਬਾ ਫਰੀਦ ਪੰਨਾ 1379)

ਗੁਰਬਾਣੀ ਦੇਹ ਨੂੰ ਨਕਾਰਦੀ ਨਹੀਂ। ਇਹ ਤਾਂ ਸਰੀਰ ਨੂੰ ਹਰੀ ਦਾ ਮੰਦਿਰ ਸਮਝਦੀ ਹੈ। ਸਾਰੇ ਬ੍ਰਹਮ ਵਿਸ਼ਨੂੰ ਮਹੇਸ਼ ਸਰੀਰ ਵਿਚ ਹੀ ਸਨ। ਗੁਰਬਾਣੀ ਰੱਬ ਦੀ ਪ੍ਰਾਪਤੀ ਲਈ ਸਰੀਰ ਨੂੰ ਪੀੜਤ ਕਰਨ, ਭਾਵ ਤਪ ਕਰਨ, ਪੁੱਠੇ ਲਟਕਣ ਆਦਿ ਨੂੰ ਨਕਾਰਦੀ ਹੈ। ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਦਰਸ਼ਨ ਨੂੰ ਅਕਾਲ ਪੁਰਖ ਦੇ ਉਸ ਸੰਕਲਪ ਦੁਆਲੇ ਵਿਉਂਤਿਆਂ ਜੋ ਕੁਰਾਨ ਦੇ ਅਤਿ ਨੇੜੇ ਸੀ। ਉਹ ਉਸ ਅਕਾਲ ਪੁਰਖ ਨੂੰ ਸਵੀਕਾਰਦੇ ਹਨ ਜਿਸ ਦੇ ਹੁਕਮ ਵਿਚ ਸਾਰੀ ਕਾਇਨਾਤ ਹੈ, ਪਰ ਇਸ ਨੂੰ ਇਸਲਾਮੀ ਧਰਮ ਦੇ ਨਿਸਚੇਵਾਦੀ ਤੱਤ ਦੇ ਰੂਪ ਵਿਚ ਨਹੀਂ ਲੈਂਦੇ।

ਗੁਰੂ ਗ੍ਰੰਥ ਸਾਹਿਬ ਵਿਚ ਉਹ ਰੂਪਕ ਵਰਤੇ ਗਏ ਹਨ ਜੋ ਆਮ ਲੋਕ ਜੀਵਨ ਦੇ ਦੁਨਿਆਵੀ ਵਿਹਾਰ ਵਿਚ ਆਪਣੇ ਮਨੋਭਾਵ ਪ੍ਰਗਟਾਉਣ ਲਈ ਵਰਤਦੇ ਸਨ। ਗੁਰੂ ਸਾਹਿਬਾਨ ਨੇ ਇਨ੍ਹਾਂ ਵਿਚ ਵਿਸ਼ੇ ਜਾਂ ਰੂਪ ਪੱਖੋਂ ਲੋੜ ਅਨੁਸਾਰ ਪਰਿਵਰਤਨ ਕਰਦਿਆਂ ਲਚਕ ਰੱਖੀ ਹੈ। ਵਾਰ 'ਚ ਕਿਸੇ ਨਾਇਕ ਦੇ ਗੁਣਾਂ ਦਾ ਗਾਇਨ ਕੀਤਾ ਜਾਂਦਾ ਹੈ, ਪਰ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦਾ ਗੁਣ ਗਾਇਨ ਕੀਤਾ ਹੈ। ਵਾਰ ਤੋਂ ਬਿਨਾ ਘੋੜੀਆਂ, ਲਾਵਾਂ, ਪਹਿਰੇ, ਅਲਾਹੁਣੀਆਂ, ਕਰਹਲੇ ਆਦਿ ਦੇ ਰੂਪਾਂ ਦੀ ਵਰਤੋਂ ਕੀਤੀ ਹੈ। ਗੁਰਬਾਣੀ ਵਿਚ ਲੋਕ ਰੂਪਾਕਾਰ, ਮੁਹਾਵਰੇ, ਛੰਦ ਤੇ ਧੁਨੀਆਂ ਦੀ ਵਿਸ਼ੇਸ਼ ਮਹੱਤਤਾ ਹੈ। ਅਕਾਲ ਪੁਰਖ ਦੇ ਗੁਣ ਗਾਇਨ ਦੀ ਵਿਧੀ, ਅਹਿਸਾਸ ਲੋਕਾਂ ਦੀ ਆਪਣੀ ਯੋਗਤਾ, ਆਪਣੇ ਦੇਸ਼ ਅਤੇ ਕਾਲ ਅਨੁਸਾਰ ਕਰਦੇ ਹਨ:

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ॥
ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥
(ਜਪੁਜੀ ਸਾਹਿਬ)

ਗੁਰੂ ਗ੍ਰੰਥ ਸਾਹਿਬ 'ਚ ਧਾਰਮਿਕ ਤਾਨਾਸ਼ਾਹੀ ਲਈ ਕੋਈ ਥਾਂ ਨਹੀਂ। ਮੁਕਤੀ ਜਾਂ ਜਗਤ ਦੇ ਉਧਾਰ ਦੀ ਹਰ ਵਿਧੀ ਗੁਰਬਾਣੀ ਵਿਚ ਸਵੀਕ੍ਰਿਤ ਹੈ:

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥
(ਵਾਰ ਬਿਲਾਵਲ ਮ: 3 ਪੰਨਾ 853)

ਜਾਤ-ਪਾਤ, ਉਚ-ਨੀਚ, ਭਾਂਤ ਭਾਂਤ ਦੇ ਦੇਵੀ ਦੇਵਤਿਆਂ ਦੇ ਪੈਰੋਕਾਰਾਂ ਦੇ ਪਰਸਪਰ ਵਿਰੋਧੀ ਜੁੱਟ ਸਮਾਜਿਕ ਜੀਵਨ ਨੂੰ ਵਿਗਾੜਨ ਲੱਗੇ ਹੋਏ ਸਨ। ਗੁਰੂ ਨਾਨਕ ਦੇਵ ਨੇ ਇਕ ਓਅੰਕਾਰ ਦੇ ਚਿੰਨ੍ਹ ਨਾਲ ਵਾਹਿਗੁਰੂ ਦੇ ਇਕੋ ਇਕ ਹੋਣ ਦਾ ਸੰਦੇਸ਼ ਦਿੱਤਾ ਅਤੇ ਮੁੜ ਰੂਪ ਤੇ ਨਾਮ ਵੱਲ ਮੋੜਿਆ। ਉਨ੍ਹਾਂ ਅਕਾਲ ਪੁਰਖ ਦੇ ਇਕਤਵ ਨੂੰ ਕਦੇ ਵੀ ਉਸ ਦੀ ਪ੍ਰਾਪਤੀ ਦੇ ਇਕੋ ਰਾਹ ਤੱਕ ਸੀਮਤ ਨਹੀਂ ਕੀਤਾ। ਵਾਹਿਗੁਰੂ ਦੇ ਗੁਣਾਂ ਵਾਂਗ ਉਸ ਦੀ ਪ੍ਰਾਪਤੀ ਦੇ ਰਾਹ ਵੀ ਅਨੇਕ ਹੋ ਸਕਦੇ ਹਨ। ਗੁਰੂ ਨਾਨਕ ਦੇਵ ਨੇ ਜਾਤ-ਪਾਤ, ਉਚ-ਨੀਚ ਦੇ ਭਰਮਾਂ ਨੂੰ ਦੂਰ ਕਰਦਿਆਂ ਸਭ ਨੂੰ ਅਕਾਲ ਪੁਰਖ ਦੀ ਰਚਨਾ ਦੱਸਿਆ ਅਤੇ ਸਭ ਨੂੰ ਸਮਾਨ ਸਮਝਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਕਿਹਾ ਤੇ ਸੱਭੇ 'ਸਾਂਝੀਵਾਲ ਸਦਾਇਨ' ਦਾ ਉਪਦੇਸ਼ ਦਿੱਤਾ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ 36 ਲੇਖਕਾਂ ਦੀ ਬਾਣੀ 31 ਰਾਗਾਂ ਵਿਚ ਸਲੋਕ, ਵਾਰਾਂ ਤੇ ਸਵੱਈਆਂ ਵਿਚ ਹੈ। ਇਸ ਵਿਚ ਕੁੱਲ 5872 ਸ਼ਬਦ ਹਨ। ਇਨ੍ਹਾਂ ਵਿਚ 4956 ਸ਼ਬਦ ਛੇ ਗੁਰੂ ਸਾਹਿਬਾਨ (ਪਹਿਲੇ ਪੰਜ ਅਤੇ ਨੌਵੇਂ ਗੁਰੂ) ਦੇ ਹਨ, ਬਾਕੀ ਦੇ ਸ਼ਬਦਾਂ ਵਿਚੋਂ 15 ਭਗਤਾਂ ਤੇ ਸੰਤਾਂ ਦੇ 778 ਸ਼ਬਦ, ਚਾਰ ਸਿਦਕੀ ਸਿੱਖਾਂ ਦੇ 17 ਸ਼ਬਦ ਅਤੇ ਗਿਆਰਾਂ ਭੱਟਾਂ ਦੇ 121 ਸਵੱਈਏ ਹਨ। ਇਹ ਤੀਹ ਸੰਤ ਬ੍ਰਾਹਮਣ, ਸ਼ੂਦਰ, ਮੁਸਲਮਾਨ ਅਤੇ ਹਿੰਦੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸਿੱਖਾਂ ਲਈ ਨਹੀਂ, ਸਗੋਂ ਕੁੱਲ ਮਨੁੱਖਤਾ ਲਈ ਰੱਬੀ ਸੁਨੇਹਾ ਹੈ।

ਗੁਰਬਾਣੀ ਸਿੱਖ ਲਈ ਗੁਰੂ ਅਤੇ ਸਿੱਖ ਗੁਰੂ ਦੀ ਬਾਣੀ ਦਾ ਸਰੂਪ ਹੈ। ਬਾਣੀ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ ਰੂਪੀ ਜਲ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ
ਮਾਨੈ ਪਰਤਖਿ ਗੁਰੂ ਨਿਸਤਾਰੇ॥
(ਰਾਗ ਨਟ ਪੰਨਾ 982)

ਗੁਰਬਾਣੀ ਦੁੱਖਾਂ ਦਾ ਨਾਸ਼ ਕਰਨ ਵਾਲੀ ਹੈ, ਜੇ ਕੋਈ ਆਪਣੇ ਮਨ ਵਿਚ ਵਸਾ ਲਵੇ। ਗੁਰਬਾਣੀ ਦਾ ਅਸਰ ਕਬੂਲਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਤੇ ਮਾਨਸਿਕ ਰੋਗ ਦੂਰ ਹੋ ਸਕਦੇ ਹਨ:

(1) ਦੂਖ ਵਿਸਾਰਣੁ ਸਬਦੁ ਹੈ
ਜੇ ਮੰਨਿ ਵਸਾਏ ਕੋਇ॥
(ਸਲੋਕ ਵਾਰਾਂ ਤੋਂ ਵਧੀਕ ਮ: 3 ਪੰਨਾ 1413)

(2) ਗੁਰਮਤੀ ਸਾਂਤਿ ਵਸੈ ਸਰੀਰ।
ਸਬਦੁ ਚੀਨਿ ਫਿਰਿ ਲਗੈ ਨ ਪੀਰ॥
(ਬਿਲਾਵਲ ਮ: 3 ਪੰਨਾ 842)

ਗੁਰਬਾਣੀ ਹਉਮੈ ਦੀ ਜ਼ਹਿਰ ਨੂੰ ਦੂਰ ਕਰ ਦਿੰਦੀ ਹੈ:

ਗੁਰੂ ਕੈ ਸਬਦਿ ਹਉਮੈ ਬਿਖੁ ਮਾਰੇ।
(ਰਾਗ ਭੈਰਉ ਮ: 3 ਪੰਨਾ 1133)

ਗੁਰਬਾਣੀ ਤੇ ਵਿਚਾਰ ਕਰ ਕੇ ਬੰਦੇ ਦਾ ਵਾਹਿਗੁਰੂ ਨਾਲ ਮਿਲਾਪ ਹੋ ਸਕਦਾ ਹੈ:

ਰੂੜੀ ਬਾਣੀ ਹਰਿ ਪਾਇਆ
ਗੁਰੂ ਸਬਦੀ ਬੀਚਾਰਿ।
ਆਪੁ ਗਇਆ ਦੁਖੁ ਕਟਿਆ
ਹਰਿ ਵਰੁ ਪਾਇਆ ਨਾਰਿ॥
(ਪੰਨਾ 937 ਓਅੰਕਾਰ ਮ: 1)

ਜਿਹੜਾ ਬੰਦਾ ਗੁਰਬਾਣੀ ਨੂੰ ਵਿਸਾਰ ਦਿੰਦਾ ਹੈ, ਉਹ ਰੋਗੀ ਵਾਂਗ ਕੁਰਲਾਉਂਦਾ ਹੈ:

ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥
(ਧਨਾਸਰੀ ਮ: 1 ਪੰਨਾ 661)

ਗੁਰਬਾਣੀ ਸੰਸਾਰ ਵਿਚ ਰੋਸ਼ਨੀ ਹੈ। ਇਹ ਵਾਹਿਗੁਰੂ ਦੀ ਮਿਹਰ ਨਾਲ ਸਾਡੇ ਮਨ ਵਿਚ ਆ ਕੇ ਵਸਦੀ ਹੈ:

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ॥
(ਪੰਨਾ 67 ਸਿਰੀ ਰਾਗ ਅਸ਼ਟਪਦੀਆ ਮ: 3)

ਗੁਰੂ ਗੋਬਿੰਦ ਸਿੰਘ ਨੇ ਇਸ ਗ੍ਰੰਥ ਨੂੰ ਜੋਤੀ ਜੋਤਿ ਸਮਾਉਣ ਸਮੇਂ ਨਾਂਦੇੜ ਸਾਹਿਬ (ਹਜ਼ੂਰ ਸਾਹਿਬ) ਵਿਚ ਸੰਗਤ ਨੂੰ ਬੁੱਧਵਾਰ, 6 ਅਕਤੂਬਰ 1708 ਈਸਵੀ (ਕੱਤਕ ਚੌਥ, ਸ਼ੁਕਲਾ ਪੱਖ, ਸੰਮਤ 1765 ਬਿ.) ਨੂੰ ਕਿਹਾ ਕਿ ਹੁਣ ਗੁਰੂ ਦੇਹਧਾਰੀ ਨਹੀਂ ਹੋਵੇਗਾ, ਏਹੋ ਹੀ ਗੁਰੂ ਹੋਵੇਗਾ। ਉਨ੍ਹਾਂ ਨੇ ਪੰਜ ਪੈਸੇ ਤੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ। ਉਸੇ ਦਿਨ ਤੋਂ ਹੀ ਗ੍ਰੰਥ ਸਾਹਿਬ ਦੇ ਅੱਗੇ 'ਗੁਰੂ' ਸ਼ਬਦ ਲਗਾ ਕੇ ਗੁਰੂ ਗ੍ਰੰਥ ਸਾਹਿਬ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਆਪ ਸ਼ਬਦ ਨੂੰ ਆਤਮਿਕ ਗੁਰੂ ਦਾ ਦਰਜਾ ਦਿੱਤਾ ਹੈ। ਜਦੋਂ ਸਿੱਧਾਂ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ਅਤੇ ਤੁਸੀਂ ਕਿਸ ਦੇ ਚੇਲੇ ਹੋ?

ਗੁਰੂ ਸਾਹਿਬ ਨੇ ਉਤਰ ਦਿੱਤਾ, "ਸ਼ਬਦ ਗੁਰੂ ਸੁਰਤ ਧੁਨ ਚੇਲਾ।"

# ਮਸ਼ੀਨੀ ਉਰਫ ਬਨਾਵਟੀ ਬੁੱਧੀ: ਨਫਾ ਅਤੇ ਨੁਕਸਾਨ

**ਵਿਗਿਆਨ ਨੇ ਮਨੁੱਖ ਨੂੰ ਬਹੁਤ ਕੁਝ ਦਿੱਤਾ ਹੈ ਪਰ ਨਾਲ ਇਹ ਵੀ ਇਕ ਸੱਚ ਹੈ ਕਿ ਇਸ ਨੇ ਤਬਾਹੀ ਵੀ ਬਹੁਤ ਮਚਾਈ ਹੈ। ਇਸ ਦਾ ਇਕ ਵੱਡਾ ਸਬੂਤ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਐਟਮ ਬੰਬ ਦੀ ਮਚਾਈ ਤਬਾਹੀ ਹੈ। ਕੰਪਿਊਟਰ ਨੇ ਮਨੁੱਖ ਦਾ ਕੰਮ ਬਹੁਤ ਆਸਾਨ ਕੀਤਾ ਹੈ ਪਰ ਨਾਲ ਹੀ ਸੰਸਾ ਇਹ ਹੈ ਕਿ ਇਸ ਕਾਰਨ ਬਹੁਤ ਸਾਰੀਆਂ ਨੌਕਰੀਆਂ ਜਾ ਸਕਦੀਆਂ ਹਨ ਅਤੇ ਕਿਸੇ ਸਮੇਂ ਖੁਦਾ ਨਾ ਕਰੇ, ਕੰਪਿਊਟਰ ਦੀ ਗਲਤੀ ਕਾਰਨ ਤਬਾਹੀ ਵੀ ਮੱਚ ਸਕਦੀ ਹੈ। ਇਸੇ ਸੰਸੇ ਨੂੰ ਲੇਖਕ ਬਲਬੀਰ ਸੂਦ ਨੇ ਇਸ ਲੇਖ ਵਿਚ ਜ਼ਾਹਰ ਕੀਤਾ ਹੈ। -ਸੰਪਾਦਕ**

ਕੰਪਿਊਟਰ ਸਾਇੰਸ ਦੇ ਪਿਤਾਮਾ ਅਮਰੀਕਾ ਵਾਸੀ ਜੌਨ ਮੈਕਾਰਥੀ ਨੇ ਸੰਨ 1955 ਵਿਚ 'ਬਨਾਵਟੀ ਬੁੱਧੀ' ਨਾਂ ਦਾ ਸ਼ਬਦ ਘੜਿਆ। ਬਨਾਵਟੀ ਬੁੱਧੀ ਇਕ ਉਹ ਸਿਧਾਂਤ ਹੈ ਜਿਸ ਰਾਹੀਂ ਇੱਕ ਸਵੈਚਾਲਿਤ ਕੰਪਿਊਟਰ/ਰੋਬੋਟ ਜੋ ਮਨੁੱਖ ਵਾਂਗੂ ਸੋਚਦਾ ਹੈ, ਤਰਕ ਕਰਦਾ ਹੈ ਅਤੇ ਫੈਸਲੇ ਲੈਣ ਦੀ ਯੋਗਤਾ, ਦ੍ਰਿਸ਼ਟੀਗਤ ਅਨੁਭਵ, ਭਾਸ਼ਾਈ ਪਛਾਣ, ਜਜ਼ਬਾਤ, ਆਪਣੀ ਗਲਤੀ ਦਾ ਸੁਧਾਰ ਆਪ ਹੀ ਕਰਨ ਦੇ ਸਮਰੱਥ ਹੈ। ਕੰਪਿਊਟਰ ਸਾਇੰਸ ਤਕਨੀਕ ਵਿਚ ਇਹ ਇਕ ਅਚਾਨਕ ਅਤੇ ਅਹਿਮ ਤਬਦੀਲੀ ਸਾਬਤ ਹੋਣ ਜਾ ਰਹੀ ਹੈ।

ਪ੍ਰੋ. ਰਿਚਰਡ ਸੁਸਕਿੰਡ, ਜੋ 'ਫਿਊਚਰ ਆਫ ਪ੍ਰੋਫੈਸ਼ਨਜ਼' ਨਾਂ ਦੀ ਕਿਤਾਬ ਦਾ ਸਹਾਇਕ ਲੇਖਕ

**ਬਲਬੀਰ ਸੂਦ**
ਫੋਨ: 91-94174-94610

ਹੈ, ਮੁਤਾਬਿਕ ਬਨਾਵਟੀ ਬੁੱਧੀ ਕੰਪਿਊਟਰ ਵਿਗਿਆਨ ਦਾ ਉਹ ਖੇਤਰ ਹੈ ਜਿਸ ਰਾਹੀਂ ਮੁਹਾਰਤ ਵਿਚ ਬੁਨਿਆਦੀ ਤਬਦੀਲੀ ਹੋਣ ਜਾ ਰਹੀ ਹੈ। ਵੱਡੇ-ਵੱਡੇ ਕਾਰਪੋਰੇਟ ਘਰਾਣੇ ਆਪਣੇ ਵਪਾਰ 'ਚ ਇਸ ਤਕਨੀਕ ਰਾਹੀਂ ਘੱਟ ਲਾਗਤ, ਤੇਜ ਗਤੀ ਅਤੇ ਮੁਕੰਮਲ ਪ੍ਰਵੀਨਤਾ ਹਾਸਲ ਕਰਕੇ ਵੱਧ ਮੁਨਾਫਾ ਕਮਾ ਸਕਣਗੇ। ਸ਼ੁਰੂਆਤੀ ਦੌਰ ਵਿਚ ਮਿਲਟਰੀ, ਜਾਂ ਜਿੱਥੇ ਮਨੁੱਖ ਦੀ ਜਾਨ ਦਾ ਖਤਰਾ ਹੁੰਦਾ ਸੀ, ਉਥੇ ਰੋਬੋਟ ਦੀ ਵਰਤੋਂ ਹੁੰਦੀ ਸੀ ਪ੍ਰੰਤੂ ਹੁਣ ਰੋਬੋਟ ਦੀ ਵਰਤੋਂ ਵੱਧ ਮੁਨਾਫੇ ਦੀ ਹੋੜ ਦਾ ਆਧਾਰ ਬਣ ਚੁਕੀ ਹੈ।

ਬਰਤਾਨੀਆ ਦੇ ਅਖਬਾਰ "ਗਾਰਡੀਅਨ" ਦੇ ਪੱਤਰਕਾਰ ਡਾਨ ਸ਼ੇਵਾਨ ਦੀ 11 ਅਪਰੈਲ 2017 ਦੀ ਰਿਪੋਰਟ ਮੁਤਾਬਿਕ ਫਾਸਟ ਬ੍ਰਿਕਸ ਨਾਮੀ ਆਸਟ੍ਰੇਲੀਅਨ ਕੰਪਨੀ ਨੇ ਹਾਡਰੀਅਨ ਐਕਸ ਨਾਂ ਦੀ ਇਕ ਮਸ਼ੀਨ ਤਿਆਰ ਕੀਤੀ ਹੈ ਜੋ 1000 ਇੱਟ ਸਿਰਫ ਇੱਕ ਘੰਟੇ ਵਿਚ ਪੱਥ ਦੇਵੇਗੀ ਜੋ ਦੋ ਕਾਮੇ 8 ਘੰਟਿਆਂ ਵਿਚ ਪੱਥਦੇ ਹਨ। ਸੈਨ ਫਰਾਂਸਿਸਕੋ ਆਧਾਰਤ ਸਿੰਬਲ ਰੋਬੋਟਿਕਸ ਦਾ 'ਟੈਲੀ' ਨਾਂ ਦਾ ਰੋਬੋਟ ਵੱਡੇ-ਵੱਡੇ ਸ਼ਾਪਿੰਗ ਮਾਲਾਂ ਵਿਚ ਗ੍ਰਾਹਕਾਂ ਦੇ ਨਾਲ-ਨਾਲ ਸੈਲਫਾਂ 'ਤੇ ਸਮਾਨ ਅਤੇ ਕੀਮਤਾਂ ਦੇ ਮਿਲਾਨ ਨੂੰ ਯਕੀਨੀ ਬਣਾਵੇਗਾ। ਇਸ ਦੀ ਕਿਸੇ ਹੱਦ ਤੱਕ ਵਰਤੋਂ ਅਮਾਜ਼ੋਨ ਨਾਂ ਦੀ ਕੰਪਨੀ ਦੇ ਸਟੋਰਾਂ ਵਿਚ ਹੋ ਵੀ ਰਹੀ ਹੈ।

ਸਵੀਡਨ ਦੀ ਐਗਰੀ ਡੀ ਲਾਵਲ ਨਾਂ ਦੀ ਕੰਪਨੀ ਨੇ ਵੈਸਟਫੇਲੀਆ, ਮਿਸ਼ਿਗਨ ਵਿਚ ਗਾਈਆਂ ਚੋਣ ਵਾਲਾ ਇੱਕ ਰੋਬੋਟ ਭੇਜਿਆ ਹੈ ਜੋ, ਗਾਈਆਂ ਜਦੋਂ ਵੀ ਦੁੱਧ ਦੇਣਾ ਚਾਹੁਣ, ਉਹ ਦੁੱਧ ਚੋਅ ਲਵੇਗਾ। ਲਾਸ ਏਂਜਲਸ ਟਾਇਮਜ਼ ਨਾਂ ਦੀ ਅਖਬਾਰ ਸਵੈਚਾਲਿਤ ਪ੍ਰੋਗਰਾਮਾਂ ਰਾਹੀਂ ਵਿੱਤੀ ਅਤੇ ਖੇਡ ਆਧਾਰਤ ਨਤੀਜਿਆਂ ਦੀਆਂ ਰਿਪੋਰਟਾਂ ਤਿਆਰ ਕਰ ਰਹੀ ਹੈ ਪ੍ਰੰਤੂ ਛੇਤੀ ਹੀ ਸਨਾਰਕ ਬੋਟ ਤਿਆਰ ਹੋ ਰਹੇ ਹਨ, ਜੋ ਅਖਬਾਰੀ ਰਿਪੋਰਟਾਂ ਹੋਰ ਵੀ ਤੇਜ ਗਤੀ ਨਾਲ ਤਿਆਰ ਕਰਕੇ ਉਤਪਾਦਕਤਾ ਨੂੰ ਵਧਾ ਦੇਣਗੇ।

ਡਿਜੀਟਲਾਈਜੇਸ਼ਨ ਨਾਲ ਸਬੰਧਤ ਜੀ-20 ਦੇ ਮੰਤਰੀਆਂ ਦੀ ਜਰਮਨੀ ਵਿਚ ਮੀਟਿੰਗ ਦੌਰਾਨ ਕੇਂਦਰੀ ਮੁੱਦਾ ਸੀ ਕਿ ਉਤਪਾਦਕਤਾ ਅਤੇ ਆਰਥਿਕ ਖੇਤਰ ਵਿਚ ਬਨਾਵਟੀ ਬੁੱਧੀ ਦੀਆਂ ਵਿਸ਼ਾਲ ਸੰਭਾਵਨਾਵਾਂ ਦਾ ਕਿਵੇਂ ਇਸਤੇਮਾਲ ਕੀਤਾ ਜਾਵੇ? ਅੰਤਰਰਾਸ਼ਟਰੀ ਬਹਿਸਾਂ ਵਿਚ ਇੰਟਰਨੈਟ ਦੀ ਅਹਿਮ ਭੂਮਿਕਾ ਹੋਵੇਗੀ।

ਪਿਛਲੇ ਸਾਲ ਨਿਊ ਜਰਸੀ ਦੀ ਕਾਊਂਟੀ ਮੋਨਮਾਊਥ ਵਿਚ ਆਟੋਮੈਟਿਕ ਕਾਰ ਦਾ ਸਫਲ ਪ੍ਰਦਰਸ਼ਨ ਕੀਤਾ ਗਿਆ। ਬੀਮਾ ਅਤੇ ਬੈਂਕ ਖੇਤਰਾਂ ਵਿਚ ਵੀ ਮਸ਼ੀਨੀ ਬੁੱਧੀ ਨੂੰ ਮਨੁੱਖੀ ਬੁੱਧੀ ਨਾਲੋਂ ਤਰਜੀਹ ਦਿੱਤੀ ਜਾ ਰਹੀ ਹੈ। ਸੰਨ 2030 ਤੱਕ 30% ਤੱਕ ਮਸ਼ੀਨੀ ਬੁੱਧੀ ਦੀ ਵਰਤੋਂ ਸ਼ੁਰੂ ਹੋ ਜਾਵੇਗੀ। ਸਭ ਤੋਂ ਵੱਧ ਆਵਾਜਾਈ/ਢੋਆ ਢੁਆਈ, ਉਤਪਾਦਕਤਾ, ਥੋਕ ਅਤੇ ਪ੍ਰਚੂਨ ਦੇ ਖੇਤਰ ਦਾ ਮਸ਼ੀਨੀਕਰਨ ਹੋਣ ਜਾ ਰਿਹਾ ਹੈ। ਡਾਕਟਰੀ ਖੇਤਰ ਵਿਚ ਰੋਜ਼ਮਰ੍ਹਾ ਦੇ ਕੰਮ ਜਿਵੇਂ ਬਲੱਡ ਪ੍ਰੈਸ਼ਰ ਚੈਕ ਕਰਨਾ, ਭਾਰ ਤੋਲਣਾ ਆਦਿ ਦਾ ਮਸ਼ੀਨੀਕਰਨ ਹੋ ਚੁਕਾ ਹੈ। ਸਰਜਰੀ ਵਿਚ ਵੀ ਰੋਬੋਟ ਦੀ ਸਫਲਤਾ ਸਹਿਤ ਵਰਤੋਂ ਕੀਤੀ ਜਾ ਰਹੀ ਹੈ। ਇਨਸਾਨ ਦੀਆਂ ਖਤਰਨਾਕ ਬਿਮਾਰੀਆਂ ਦੀ ਘੋਖ ਪੜਤਾਲ ਵੀ ਹੁਣ ਰੋਬੋਟ ਹੀ ਕਰੇਗਾ। ਐਕਸੋਸਕੈਲਟਨ ਨਾਮੀ ਰੋਬੋਟ ਅਧਰੰਗ ਦੇ ਮਰੀਜਾਂ ਨੂੰ ਤੁਰਨ ਵਿਚ, ਸਟਰੋਕ ਪਿਛੋਂ ਮਰੀਜਾਂ ਦੀ ਮਦਦ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਦੇ ਇਲਾਜ ਵਿਚ ਵੀ ਮਦਦਗਾਰ ਸਾਬਿਤ ਹੋ ਰਿਹਾ ਹੈ ਪ੍ਰਤੂ ਇਸ ਰਾਹੀਂ ਮਹਿੰਗਾ ਇਲਾਜ ਸਿਰਫ ਅਮੀਰ ਲੋਕ ਹੀ ਕਰਵਾ ਸਕਣਗੇ।

ਰੋਬੋਟ ਹੁਣ ਹਵਾਈ ਜਹਾਜ਼ ਨੂੰ ਸੁਰੱਖਿਅਤ ਢੰਗ ਨਾਲ ਅਸਮਾਨ ਵਿਚ ਉਡਾ ਅਤੇ ਧਰਤੀ 'ਤੇ ਉਤਾਰ ਸਕਣਗੇ। ਰੋਬੋਟ ਹੁਣ ਪਾਲਤੂ ਕੁੱਤੇ ਨੂੰ ਸੈਰ ਵੀ ਕਰਵਾਉਣਗੇ। 30 ਸਾਲਾਂ ਤੱਕ ਰੋਬੋਟ ਕਾਰਪੋਰੇਸ਼ਨਾਂ ਦੇ ਸੀ.ਈ.ਓ. ਹੋਣਗੇ ਜੋ ਭਾਵਨਾਵਾਂ ਤੋਂ ਉਪਰ ਉਠ ਕੇ ਤਰਕ ਆਧਾਰਤ ਤੇਜ ਗਤੀ ਗਿਣਤੀ ਮਿਣਤੀ ਰਾਹੀਂ ਵੱਧ ਮੁਨਾਫੇ ਵਾਲੇ ਫੈਸਲੇ ਲੈ ਸਕਣਗੇ। ਇਕ ਰਿਪੋਰਟ ਮੁਤਾਬਕ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਬਨਾਵਟੀ/ਮਸ਼ੀਨੀ ਬੁੱਧੀ ਦੀ ਤਾਕਤ ਵੱਧ ਰਹੀ ਹੈ ਜੋ ਆਰਥਿਕ ਸੰਭਾਵਨਾਵਾਂ 'ਚ ਤਬਦੀਲੀਆਂ ਨੂੰ ਪ੍ਰਭਾਵਿਤ ਕਰੇਗੀ।

ਨਿਜੀ ਖੇਤਰ ਦੀਆਂ ਕਾਰਪੋਰੇਸ਼ਨਾਂ ਨੇ ਬਨਾਵਟੀ/ਮਸ਼ੀਨੀ ਬੁੱਧੀ ਦੇ ਖੇਤਰ ਵਿਚ 300% ਵੱਧ ਪੂੰਜੀ ਨਿਵੇਸ਼ ਕੀਤਾ ਹੈ। ਇਕ ਹੋਰ ਰਿਪੋਰਟ ਮੁਤਾਬਕ ਗੂਗਲ, ਟਵਿੱਟਰ, ਇੰਟੈਲ, ਐਪਲ ਆਦਿ ਕੰਪਨੀਆਂ ਛੋਟੀ ਤੋਂ ਛੋਟੀ ਮਸ਼ੀਨੀ ਬੁੱਧੀ ਪੈਦਾ ਕਰਨ ਵਾਲੀਆਂ 100 ਤੋਂ ਵੀ ਵੱਧ ਕੰਪਨੀਆਂ ਵਿਚ ਧੜਾ ਧੜ ਵੱਧ ਤੋਂ ਵੱਧ ਪੂੰਜੀ ਨਿਵੇਸ਼ ਕਰ ਰਹੀਆਂ ਹਨ। ਇਕੱਲੇ ਅਮਰੀਕਾ ਵਿਚ ਤਕਨੀਕ ਦੇ 78 ਖੇਤਰਾਂ ਵਿਚ ਪੂੰਜੀ ਨਿਵੇਸ਼ ਹੋ ਰਿਹਾ ਹੈ। 15 ਮਾਰਚ 2017 ਦੀ ਬੈਂਗਲੋਰ ਆਧਾਰਤ ਇਕਨਾਮਿਕ ਟਾਈਮਜ਼ ਦੀ ਰਿਪੋਰਟ ਮੁਤਾਬਕ 2025 ਤੱਕ 100 ਤੋਂ 120 ਅਰਬ ਡਾਲਰ ਦਾ ਉਤਪਾਦਕਤਾ ਆਧਾਰਤ ਲਾਭ ਹੋ ਸਕਦਾ ਹੈ।

ਆਉਂਦੇ 7 ਤੋਂ 10 ਸਾਲਾਂ ਵਿਚ ਮਾਰਕਿਟ ਦੇ ਨਵੇਂ-ਨਵੇਂ ਖੇਤਰਾਂ ਵਿਚ 400 ਅਰਬ ਡਾਲਰ ਦਾ ਪੂੰਜੀ ਨਿਵੇਸ਼ ਹੋਵੇਗਾ। ਟਾਟਾ ਕੰਸਲਟੈਂਸੀ ਇਗਨੋ ਰਾਹੀਂ, ਵਿਪਰੋ ਹੋਮਜ਼ ਰਾਹੀਂ ਅਤੇ ਇਨਫੋਸਿਸ ਮਾਨਾ ਦੇ ਨਾਂ 'ਤੇ ਅਤੇ ਐਚ.ਸੀ. ਐਲ ਡਰਾਈ ਆਇਸ ਦੇ ਨਾਂ 'ਤੇ ਬਨਾਵਟੀ ਬੁੱਧੀ ਵਿਚ ਨਿਵੇਸ਼ ਕਰ ਰਹੇ ਹਨ। ਡੈਲੋਆਇਟ ਦੀ ਸੰਨ 2016 ਦੀ ਭਵਿੱਖਵਾਣੀ ਮੁਤਾਬਕ ਮਸ਼ੀਨੀ ਬੁੱਧੀ 31000 ਖੇਤਰਾਂ ਵਿਚ ਨੌਕਰੀਆਂ ਵਿਚ ਖਤਰਾ ਬਣ ਸਕਦੀ ਹੈ। ਆਉਂਦੇ 20 ਸਾਲਾਂ ਵਿਚ 38% ਕਿੱਤੇ ਅਰਥਹੀਣ ਹੋ ਜਾਣਗੇ। ਅਮਰੀਕਾ ਵਿਚ 38% ਅਤੇ ਜਰਮਨੀ ਵਿਚ 35% ਕਾਮਿਆਂ ਦੀ ਥਾਂ ਰੋਬੋਟ ਲੈ ਲੈਣਗੇ। ਹਰੇਕ ਸਾਲ 2 ਲੱਖ ਨੌਕਰੀਆਂ ਦਾ ਖਾਤਮਾ ਹੋ ਸਕਦਾ ਹੈ। ਵਰਲਡ ਇਕਨਾਮਿਕ ਫੋਰਮ ਦੀ ਤਾਜਾਤਰੀਨ ਭਵਿੱਖਵਾਣੀ ਅਨੁਸਾਰ ਸੰਨ 2020 ਤੱਕ 15 ਵਿਕਾਸਸ਼ੀਲ ਦੇਸ਼ਾਂ ਅੰਦਰ 50 ਲੱਖ ਨੌਕਰੀਆਂ ਖਤਮ ਹੋ



ਜਾਣਗੀਆਂ।

ਅੰਤਰਰਾਸ਼ਟਰੀ ਲੇਬਰ ਸੰਸਥਾ ਅਨੁਸਾਰ ਇੰਡੋਨੇਸ਼ੀਆ, ਵੀਅਤਨਾਮ, ਕੰਬੋਡੀਆ, ਥਾਈਲੈਂਡ ਆਦਿ ਦੇਸ਼ਾਂ ਵਿਚ 137 ਮਿਲੀਅਨ (ਕੁਝ ਕਿਰਤ ਸ਼ਕਤੀ ਦਾ 56% ਕੰਮ) ਖਾਸ ਕਰਕੇ ਸਰਕਾਰੀ ਖੇਤਰ ਵਿਚ, ਰੋਬੋਟ ਖੋਹ ਲਵੇਗਾ। ਮਕੈਨਜੀ ਐਂਡ ਕੰਪਨੀ ਦੀ ਰਿਪੋਰਟ ਮੁਤਾਬਕ ਕਾਮਿਆਂ ਵਲੋਂ ਕੀਤੇ ਜਾਣ ਵਾਲੇ ਕੰਮਾਂ ਵਿਚੋਂ 45% ਕੰਮਾਂ ਦਾ ਅਤੇ 60% ਕਿੱਤਿਆਂ ਦਾ ਮਸ਼ੀਨੀਕਰਨ ਹੋ ਜਾਵੇਗਾ। ਆਈ.ਡੀ.ਸੀ. ਦੇ ਖੋਜ ਡਾਇਰੈਕਟਰ ਜਿੰਗ ਬਿੰਗ ਝਾਂਗ ਅਨੁਸਾਰ ਮਸ਼ੀਨੀਕਰਨ ਰਾਹੀਂ ਤਬਦੀਲੀ ਲੱਖਾਂ ਲੋਕਾਂ ਦੀ ਰੋਜ਼ੀ/ਰੋਟੀ ਖੋਹ ਲਵੇਗੀ।

ਅਖਬਾਰ 'ਗਾਰਡੀਅਨ' ਦੀ 25 ਅਪਰੈਲ 2017 ਦੀ ਇਕ ਰਿਪੋਰਟ ਅਨੁਸਾਰ "ਹਰੇਕ ਵਿਅਕਤੀ ਨੂੰ ਫਿਕਰ ਹੈ ਕਿ ਉਸ ਦੀ ਕੰਮ ਤੋਂ ਛੁੱਟੀ ਹੋਣ ਵਾਲੀ ਹੈ।" 24 ਅਪਰੈਲ 2017 ਦੇ ਅਖਬਾਰ 'ਗਾਰਡੀਅਨ' ਵਿਚ ਹੀ ਅਲੀ ਬਾਬਾ ਦੇ ਜਨਮਦਾਤਾ ਜੈਕ ਮਾ ਅਨੁਸਾਰ "ਬਨਾਵਟੀ ਬੁੱਧੀ ਖੁਸ਼ੀਆਂ ਨਾਲੋਂ ਵੱਧ ਦੁਖ ਦੇਵੇਗੀ।" ਅਮਰੀਕਾ ਵਿਚ ਨੌਕਰੀਆਂ ਪੈਦਾ ਕਰਨ ਦਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਸੁਫਨਾ ਤਹਿਸ ਨਹਿਸ ਹੋ ਸਕਦਾ ਹੈ। ਜੁਮਲਿਆਂ ਦੇ ਮੱਕੜ ਜਾਲ ਦੇ ਮਾਹਿਰ ਨਰੇਂਦਰ ਮੋਦੀ ਦਾ ਤਰੋ ਤਾਜ਼ਾ ਜੁਮਲਾ (IT+IT=IT) ਸੂਚਨਾ ਤਕਨੋਲੋਜੀ+ਭਾਰਤੀ ਯੋਗਤਾ=ਭਾਰਤ ਦਾ ਭਵਿੱਖ ਵੀ ਇਕ ਜੁਮਲਾ ਬਣ ਕੇ ਹੀ ਰਹਿ ਗਿਆ, ਜਦੋਂ ਅਗਲੇ ਹੀ ਦਿਨ 7 ਸੂਚਨਾ ਤਕਨਾਲੋਜੀ ਨਾਲ ਸਬੰਧਤ ਕੰਪਨੀਆਂ ਨੇ 56000 ਨੌਕਰੀਆਂ ਖਤਮ ਕਰਨ ਦਾ ਐਲਾਨ ਕਰ ਦਿੱਤਾ। ਲੰਘੀ 15 ਮਈ ਨੂੰ ਰੈਨਸਮਵੇਅਰ ਨਾਂ ਦੇ ਵਾਇਰਸ ਨੇ 100 ਤੋਂ ਵੱਧ ਦੇਸ਼ਾਂ ਵਿਚ ਹਸਪਤਾਲਾਂ, ਕਾਰ ਫੈਕਟਰੀਆਂ, ਦੁਕਾਨਾਂ ਅਤੇ ਸਕੂਲਾਂ ਦੇ ਇਕ ਕਰੋੜ 70 ਲੱਖ ਕੰਪਿਊਟਰ ਜਾਮ ਕਰ ਦਿੱਤੇ। 20 ਅਪਰੈਲ 2017 ਦੀ ਅਖਬਾਰ 'ਗਾਰਡੀਅਨ' ਵਿਚ ਛਪੀ ਲੌਰੀ ਪੈਨੀ ਦੀ ਰਿਪੋਰਟ ਅਨੁਸਾਰ ਰੋਬੋਟ ਉਨ੍ਹਾਂ ਲੋਕਾਂ ਵਾਂਗੂੰ ਜਿਨ੍ਹਾਂ ਨੇ ਰੋਬੋਟ ਬਣਾਇਆ ਹੈ, ਨਸਲਵਾਦੀ, ਲਿੰਗਭੇਦੀ ਅਤੇ ਮਰਦ ਪ੍ਰਧਾਨ ਪਰਵਿਰਤੀਆਂ ਦਾ ਮਾਲਕ ਹੋਵੇਗਾ।

ਕੰਪਿਊਟਰ ਵਿਗਿਆਨੀ ਜੋਆਨਾ ਬਰਾਇਸਨ ਅਨੁਸਾਰ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਬਨਾਵਟੀ ਬੁੱਧੀ/ਮਸ਼ੀਨ ਪੱਖਪਾਤ ਕਰਦੀ ਹੈ ਪ੍ਰੰਤੂ ਇਹ ਸਾਰਾ ਕੁਝ ਸਾਡੇ ਪੱਖਪਾਤੀ ਰਵਈਏ ਤੋਂ ਹੀ ਸਿਖਦੀ ਹੈ। ਆਕਸਫਾਰਡ ਯੂਨੀਵਰਸਿਟੀ ਦਾ ਖੋਜਾ ਵਿਦਿਆਰਥੀ ਸੈਂਡਰਾ ਵਾਚਰ ਕਹਿੰਦਾ ਹੈ ਕਿ ਦੁਨੀਆਂ ਪੱਖਪਾਤੀ ਹੈ, ਇਤਿਹਾਸਕ ਅੰਕੜੇ ਪੱਖਪਾਤੀ ਹਨ। ਜੇ ਅਸੀਂ ਨਤੀਜੇ ਵੀ ਪੱਖਪਾਤੀ ਪ੍ਰਾਪਤ ਕਰਦੇ ਹਾਂ ਤਾਂ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ। ਲੰਘੀ 13 ਮਾਰਚ ਦੇ 'ਗਾਰਡੀਅਨ' ਵਿਚ ਛਪੀ ਮਾਈਕਰੋਸਾਫਟ ਦੇ ਖੋਜ ਵਿਦਿਆਰਥੀ ਕੇਟ ਕਰਾਫੋਰਡ ਦੀ ਰਿਪੋਰਟ ਅਨੁਸਾਰ ਬਨਾਵਟੀ/ਮਸ਼ੀਨੀ ਬੁੱਧੀ ਦੇ ਵਾਧੇ ਨਾਲ ਅੰਧਰਾਸ਼ਟਰਵਾਦ, ਸੱਜਪਛਾਖੜੀ ਏਕਾਅਧਿਕਾਰਵਾਦ ਅਤੇ ਫਾਸ਼ੀਵਾਦ ਦਾ ਉਭਾਰ ਹੋ ਰਿਹਾ ਹੈ ਕਿਉਂਕਿ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸਾਡਾ ਪੱਖਪਾਤ ਅੰਕੜਿਆਂ ਵਿਚ ਉਸਰ ਰਿਹਾ ਹੈ। ਕਰਾਫਰਡ ਅਨੁਸਾਰ ਸ਼ੋਸ਼ਲ ਮੀਡੀਆ ਉਪਰ ਲੋਕਾਂ ਦੀ ਪਸੰਦ ਅਤੇ ਨਾ ਪਸੰਦ ਦੇ ਆਧਾਰ 'ਤੇ ਉਨ੍ਹਾਂ ਦੇ ਧਾਰਮਿਕ ਵਿਚਾਰਾਂ ਦਾ ਪਤਾ ਲਾਇਆ ਜਾ ਸਕਦਾ ਹੈ।

ਮਾਈਕਰੋਸਾਫਟ ਦੇ ਸਹਿ ਬਾਨੀ ਬਿਲ ਗੇਟਸ ਦੇ ਕਥਨ ਅਨੁਸਾਰ ਅੰਤ ਵਿਚ ਵੀਹਾਂ ਸਾਲਾਂ ਬਾਅਦ ਸਵੈਚਾਲਿਤ ਕੰਪਿਊਟਰ ਨੌਕਰੀਆਂ ਖਤਮ ਹੀ ਕਰ ਦੇਣਗੇ। ਖਰਬਪਤੀ ਏਲਨ ਮੱਸਕ ਬਨਾਵਟੀ ਬੁੱਧੀ ਨੂੰ 'ਸ਼ੈਤਾਨ ਨੂੰ ਸੱਦਾ ਦੇਣ ਦੇ ਬਰਾਬਰ' ਕਹਿੰਦਾ ਹੈ। ਵਿਗਿਆਨੀ ਸਟੀਫਨ ਹਾਕਿੰਗ ਦਾ ਕਹਿਣਾ ਹੈ ਕਿ ਬਨਾਵਟੀ ਬੁੱਧੀ ਮਨੁੱਖੀ ਨਸਲ ਦਾ ਸੰਭਾਵਿਤ ਤੌਰ 'ਤੇ ਅੰਤ ਲਿਖਣ ਜਾ ਰਹੀ ਹੈ। ਮਿਟ ਟੈਕਨੋਲੋਜੀ ਦੇ ਪ੍ਰੋਫੈਸਰ ਟੌਮੀ ਜੈਕੋਲਾ ਦੇ ਕਥਨ ਅਨੁਸਾਰ ਪੂੰਜੀ ਨਿਵੇਸ਼, ਸਿਹਤ ਸਬੰਧੀ ਫੈਸਲੇ ਅਤੇ ਮਿਲਟਰੀ ਦੇ ਫੈਸਲੇ ਇਕ ਕਾਲੇ ਬਕਸ ਦੇ ਢੰਗ ਤਰੀਕੇ ਉਪਰ ਨਹੀਂ ਛੱਡੇ ਜਾ ਸਕਦੇ। ਮਿਟ ਟੈਕਨੋਲੋਜੀ ਦੇ ਸੀਨੀਅਰ ਸੰਪਾਦਕ ਬਿਲ ਨਾਇਟ ਅਨੁਸਾਰ ਬਨਾਵਟੀ ਬੁੱਧੀ/ਮਸ਼ੀਨ ਦੇ ਅੰਦਰੂਨੀ ਕੰਮ ਢੰਗ ਦੀ ਪਾਰਦਰਸ਼ਤਾ ਤੇ ਇਹ ਕਿਵੇਂ ਕੰਮ ਕਰਦੀ ਹੈ ਅਤੇ ਜੇ ਗਲਤ ਕਰਦੀ ਹੈ ਤਾਂ ਕਿਉਂ ਗਲਤ ਕਰਦੀ ਹੈ, ਦੀ ਵਿਆਖਿਆ ਇਸ ਦੇ ਰਾਹ ਵਿਚ ਇੱਕ ਵੱਡਾ ਰੋੜਾ ਸਾਬਿਤ ਹੋ ਰਿਹਾ ਹੈ।

ਸਟੀਫਨ ਹਾਕਿੰਗ, ਸਟੂਆਰਟ ਰੱਸਲ, ਏਲਨ ਮਸਕ, ਬਿਲ ਗੇਟਸ ਅਤੇ ਸਟੀਵ ਵੋਜ਼ਨਾਇਕ ਨੂੰ ਡਰ ਹੈ ਕਿ ਸੰਸਾਰ ਵਿਚ ਮੁਕਾਬਲੇਬਾਜ਼ੀ ਕਰਕੇ ਕੌਮਾਂ ਕੋਈ ਅਜਿਹੇ ਅਤਿ ਦਰਜੇ ਦੇ ਅਸੁਰਖਿਅਤ ਅਤੇ ਅਨੈਤਿਕ ਬਨਾਵਟੀ ਬੁੱਧੀ/ਮਸ਼ੀਨ ਵਿਕਸਿਤ ਨਾ ਕਰ ਲੈਣ। ਸੂਸਿਧਾ ਅਨੁਸਾਰ ਸਿੰਥੈਟਿਕ ਸੁਪਰ ਇੰਟੈਲੀਜੈਂਸ, ਐਸ.ਐਸ.ਆਈ. ਕੰਪਿਊਟਰ ਲੱਖਾਂ ਮਨੁੱਖਾਂ ਦੇ ਬਰਾਬਰ ਤਾਕਤ ਅਤੇ ਯੋਗਤਾ ਦਾ ਮਾਲਕ ਹੋਵੇਗਾ ਅਤੇ ਅੰਤ ਵਿਚ ਉਹ ਸਮਾਜਿਕ ਆਧਾਰ-ਜਿਵੇਂ ਬੁਨਿਆਦੀ ਆਧਾਰ, ਬਿਜਲੀ, ਪਾਣੀ, ਖੇਤੀਬਾੜੀ, ਵਾਤਾਵਰਣ, ਅਵਾਜਾਈ, ਢੋਆ ਢੁਆਈ, ਵਿਤੀ ਪ੍ਰਬੰਧ ਅਤੇ ਅੰਤ ਨੂੰ ਸਰਕਾਰ ਨੂੰ ਆਪਣੇ ਵੱਸ ਵਿਚ ਕਰਨ ਦੇ ਸਮਰੱਥ ਹੋਵੇਗਾ। ਬਜਾਰੀ ਮੰਦੀ, ਬੇਲਗਾਮ ਬਜਾਰੀ ਘੋੜ-ਦੌੜ, ਕਾਰਪੋਰੇਸ਼ਨਾਂ ਦੀਆਂ ਗੁਲਾਮ ਸਰਕਾਰਾਂ ਅਤੇ ਸੀਮਾ ਰਹਿਤ ਧੰਨ ਕਮਾਉਣ ਦੀ ਹੋੜ ਮਨੁੱਖਤਾ ਨੂੰ ਤਬਾਹੀ ਦੇ ਕੰਡੇ ਵੱਲ ਤੇਜੀ ਨਾਲ ਧੱਕ ਰਹੀ ਹੈ। ਵਿਗਿਆਨ ਦੀ ਆਖਰੀ ਖੋਜ ਬਨਾਵਟੀ ਬੁੱਧੀ ਮਨੁੱਖਤਾ ਦੇ ਤਾਬੂਤ ਵਿਚ ਆਖਰੀ ਕਿਲ ਸਾਬਿਤ ਹੋਵੇਗੀ।

ਅੱਜ ਉਸ ਭਾਵੁਕਤਾ ਭਰਪੂਰ ਬਨਾਵਟੀ ਬੁੱਧੀ ਦੀ ਖੋਜ ਦੀ ਲੋੜ ਹੈ ਜੋ ਸਰਮਾਏਦਾਰੀ ਦੁਆਰਾ ਪਰਿਵਾਰਕ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾ ਸਕੇ ਅਤੇ ਟੁਟੇ ਰਿਸ਼ਤਿਆਂ ਨੂੰ ਮੁੜ ਗੰਢ ਸਕੇ; ਜੋ ਮਾਤਾ-ਪਿਤਾ ਅਤੇ ਬੱਚਿਆਂ ਦਰਮਿਆਨ ਨੇੜਤਾ ਵਧਾ ਸਕੇ; ਜੋ ਮਨੁੱਖੀ ਅਗਿਆਨ, ਨੀਰਸਤਾ, ਭਵਿੱਖ ਦੀ ਚਿੰਤਾ, ਮਨੁੱਖ ਅੰਦਰ ਦੱਬੇ ਸਮਾਜ ਪ੍ਰਤੀ ਚੰਗੇ ਗੁਣਾਂ ਨੂੰ ਉਭਾਰ ਸਕੇ; ਜੋ ਵਿਦਿਆਰਥੀਆਂ ਦੇ ਸੁਭਾਅ ਮੁਤਾਬਿਕ ਵਿਸ਼ੇ ਦੀ ਚੋਣ ਲਈ ਮਦਦਗਾਰ ਹੋ ਸਕੇ; ਜੋ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦੇ ਕੂੜ ਪ੍ਰਚਾਰ ਤੋਂ ਸਮਾਜ, ਕੌਮ ਅਤੇ ਦੇਸ਼ ਨੂੰ ਬਚਾ ਸਕੇ, ਅਜਿਹੇ ਕਿੱਸੇ, ਕਹਾਣੀਆਂ, ਨਾਟਕ, ਨਾਵਲ ਆਦਿ ਪੈਦਾ ਕਰ ਸਕੇ ਜੋ ਦੇਖ, ਸੁਣ ਤੇ ਪੜ੍ਹ ਕੇ ਇੱਕ ਉਸਾਰੂ ਸਮਾਜ ਦੀ ਸਿਰਜਣਾ ਹੋ ਸਕੇ; ਅਜਿਹੀ ਬੁੱਧੀ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਕੇ ਬਾਬੇ ਨਾਨਕ, ਬਾਲੇ ਅਤੇ ਮਰਦਾਨੇ ਦੇ ਸਾਂਝੀਵਾਲਤਾ ਦੇ ਸੰਦੇਸ਼ ਅਨੁਸਾਰ ਨਸਲਵਾਦ, ਜਾਤਪਾਤ, ਖੇਤਰਵਾਦ ਲਿੰਗ ਭੇਦ ਆਦਿ ਨਕਾਰਦਿਆਂ ਪੂਰੀ ਦੁਨੀਆਂ ਨੂੰ ਆਪਸ ਵਿਚ ਜੋੜ ਸਕੇ। 'ਦੁਨੀਆਂ ਭਰ ਦੇ ਲਾਲੋ ਇਕ ਹੋ ਜਾਉ' ਨਾਅਰੇ ਦੇ ਥੱਲੇ ਬਾਬੇ ਨਾਨਕ ਦੇ ਲਾਲੋਆਂ ਦੀ ਏਕਤਾ ਹੀ ਸਾਮਰਾਜਵਾਦੀਆਂ/ਸਰਮਾਏਦਾਰੀ ਦੇ ਤਾਬੂਤ ਵਿਚ ਆਖਰੀ ਕਿੱਲ ਦਾ ਕੰਮ ਕਰੇਗੀ।

# ਏ.ਟੀ.ਐਮ. ਨਾਲ ਜੁੜੇ ਕੁਝ ਅਹਿਮ ਤੱਥ

ਏ.ਟੀ.ਐਮ. ਅੱਜ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ ਹੈ। ਇਸ ਨਾਲ ਨਕਦੀ ਦੀ ਅਤਿਅੰਤ ਸੌਖ ਹੋ ਗਈ ਹੈ। ਇਸ ਲਈ ਇਹ ਇੱਕ ਕ੍ਰਾਂਤੀਕਾਰੀ ਖੋਜ ਹੈ। ਆਓ ਏ.ਟੀ.ਐਮ. ਨਾਲ ਜੁੜੇ ਕੁਝ ਤੱਥ ਜਾਣੀਏ।

1. ਏ.ਟੀ.ਐਮ. ਸ਼ਬਦ ਦਾ ਮਤਲਬ

**ਬੇਅੰਤ ਬਾਜਵਾ**
ਫੋਨ: 91-97796-00642

ਆਟੋਮੈਟਿਡ ਟੈਲਰ ਮਸ਼ੀਨ ਹੁੰਦਾ ਹੈ।

2. ਏ.ਟੀ.ਐਮ. ਦੀ ਖੋਜ ਕਰਨ ਵਾਲੇ ਸਕਾਟਲੈਂਡ ਦੇ ਜੌਨ ਸ਼ੈਫਰਡ ਬੈਰਨ ਦਾ ਜਨਮ 23 ਜੂਨ 1925 ਨੂੰ ਮੇਘਾਲਿਆ ਦੇ ਸ਼ਹਿਰ ਸ਼ਿਲਾਂਗ ਵਿਚ ਹੋਇਆ ਸੀ। ਉਸ ਸਮੇਂ ਉਸ ਦੇ ਪਿਤਾ ਸ਼ਿਲਾਂਗ ਵਿਚ ਚੀਫ ਇੰਜੀਨੀਅਰ ਦੀ ਨੌਕਰੀ ਕਰਦੇ ਸਨ।

3. ਜੌਨ ਸ਼ੈਫਰਡ ਬੈਰਨ ਨੇ ਸੋਚਿਆ ਕਿ ਜਿਸ ਤਰ੍ਹਾਂ ਚੌਕਲੇਟ ਮਸ਼ੀਨ ਵਿਚੋਂ ਨਿਕਲਦੀ ਹੈ, ਉਸੇ ਤਰ੍ਹਾਂ ਪੈਸੇ ਕੱਢਣ ਵਾਲੀ ਮਸ਼ੀਨ ਵੀ ਹੋਣੀ ਚਾਹੀਦੀ ਹੈ ਤਾਂ ਜੋ 24 ਘੰਟੇ ਪੈਸੇ ਨਿਕਲ ਸਕਣ।

4. ਪਹਿਲੀ ਏ.ਟੀ.ਐਮ. 27 ਜੂਨ 1967 ਨੂੰ ਲੰਡਨ ਦੇ ਬਾਰਕਲੇਜ਼ ਬੈਂਕ ਨੇ ਲਾਈ ਸੀ।

5. ਦੁਨੀਆਂ ਵਿਚ 30 ਲੱਖ ਏ.ਟੀ.ਐਮ. ਹਨ ਅਤੇ ਪੂਰੇ ਭਾਰਤ ਵਿਚ ਢਾਈ ਲੱਖ ਏ.ਟੀ.ਐਮ. ਹਨ।

6. ਭਾਰਤ ਵਿਚ ਪਹਿਲੀ ਏ.ਟੀ.ਐਮ. 1987 ਵਿਚ ਹਾਂਗਕਾਂਗ ਐਂਡ ਸ਼ੰਘਾਈ ਬੈਂਕ ਨੇ ਮੁੰਬਈ ਵਿਚ ਲਾਈ ਸੀ।

7. ਜੌਨ ਸ਼ੈਫਰਡ ਬੈਰਨ ਏ.ਟੀ.ਐਮ. ਮਸ਼ੀਨ ਦਾ ਪਾਸਵਰਡ 6 ਅੰਕਾਂ ਦਾ ਕਰਨਾ ਚਾਹੁੰਦੇ ਸਨ ਪਰ ਪਤਨੀ ਦੇ ਕਹਿਣ 'ਤੇ ਇਸ ਨੂੰ 4 ਅੰਕਾਂ ਦਾ ਕਰ ਦਿੱਤਾ ਗਿਆ।

8. ਬਿਨਾ ਬੈਂਕ ਖਾਤੇ ਤੋਂ ਏ.ਟੀ.ਐਮ. ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਭਾਰਤ ਵਿਚ ਇਹ ਸੰਭਵ ਨਹੀਂ ਹੈ। ਯੂਰਪ ਦੇ ਦੇਸ਼ ਰੋਮਾਨੀਆ ਵਿਚਲੀ 84 ਫੀਸਦੀ ਆਬਾਦੀ ਕੋਲ ਬੈਂਕ ਖਾਤੇ ਨਹੀਂ ਹਨ, ਉਹ ਸਿਰਫ ਏ.ਟੀ.ਐਮ. ਦੀ ਵਰਤੋਂ ਕਰਦੇ ਹਨ।

9. ਪਹਿਲੀ ਤੈਰਨ ਵਾਲੀ ਏ.ਟੀ.ਐਮ. ਕੇਰਲ ਦੇ ਸ਼ਹਿਰ ਕੋਚੀ ਵਿਚ ਸਟੇਟ ਬੈਂਕ ਆਫ ਇੰਡੀਆ ਨੇ ਲਾਈ ਸੀ। ਇਸ ਦੀ ਮਾਲਕ ਕੇਰਲਾ ਸ਼ਿਪਿੰਗ ਐਂਡ ਇਨਲੈਂਡ ਨੈਵੀਗੇਸ਼ਨ ਕਾਰਪੋਰੇਸ਼ਨ ਸੀ।

10. ਏ.ਟੀ.ਐਮ. ਵਿਚੋਂ ਪੈਸੇ ਹੀ ਨਹੀਂ, ਸੋਨਾ ਵੀ ਨਿਕਲਦਾ ਹੈ। ਪਹਿਲੀ ਸੋਨਾ ਕੱਢਣ ਵਾਲੀ ਮਸ਼ੀਨ ਆਬੂਧਾਬੀ ਦੇ ਅਮੀਰਾਤ ਹੋਟਲ ਵਿਚ ਲਾਈ ਗਈ, ਜਿਸ ਵਿਚੋਂ 350 ਤਰ੍ਹਾਂ ਦੀਆਂ ਸੋਨੇ ਦੀਆਂ ਆਈਟਮਾਂ ਨਿਕਲਦੀਆਂ ਹਨ।

11. ਦੁਨੀਆਂ ਦੀ ਸਭ ਤੋਂ ਉਚੀ ਏ.ਟੀ.ਐਮ. ਨਾਥੁਲਾ ਵਿਚ ਲਾਈ ਗਈ ਹੈ। ਇਹ ਏ.ਟੀ.ਐਮ. ਸਮੁੰਦਰ ਤਲ ਤੋਂ 14300 ਫੁੱਟ ਉਚਾਈ 'ਤੇ ਹੈ। ਇਹ ਭਾਰਤ-ਚੀਨ ਸੀਮਾ ਉਤੇ ਫੌਜ ਲਈ ਲਾਈ ਗਈ ਹੈ।

12. ਅੰਟਾਰਕਟਿਕਾ ਵਿਚ ਸਿਰਫ ਇੱਕ ਹੀ ਏ.ਟੀ.ਐਮ. ਹੈ।

13. ਬ੍ਰਾਜ਼ੀਲ ਵਿਚ ਏ.ਟੀ.ਐਮ. ਵਿਚੋਂ ਪੈਸੇ ਕਢਾਉਣ ਲਈ ਪਾਸਵਰਡ ਦੀ ਥਾਂ ਫਿੰਗਰ ਪ੍ਰਿੰਟਸ (ਉਂਗਲੀਆਂ ਦੇ ਨਿਸ਼ਾਨ) ਦੀ ਵਰਤੋਂ ਹੁੰਦੀ ਹੈ।

14. ਕਈ ਵਾਰ ਚੋਰ ਪੂਰੀ ਏ.ਟੀ.ਐਮ. ਨੂੰ ਪੁੱਟ ਕੇ ਲੈ ਜਾਂਦੇ ਹਨ ਤਾਂ ਉਹ ਬਹੁਤੀ ਦੂਰ ਨਹੀਂ ਜਾ ਸਕਦੇ, ਕਿਉਂਕਿ ਏ.ਟੀ.ਐਮ. ਵਿਚ ਜੀ.ਪੀ.ਐਸ. ਲੱਗਾ ਹੁੰਦਾ ਹੈ।

15. ਏ.ਟੀ.ਐਮ. ਲਈ ਵਰਤਿਆ ਜਾਣ ਵਾਲਾ 1234 ਪਾਸਵਰਡ 11 ਫੀਸਦੀ ਲੋਕਾਂ ਦਾ ਹੈ ਅਤੇ ਸਭ ਤੋਂ ਘੱਟ ਪਾਸਵਰਡ 8068 ਹੈ।

16. ਪਾਸਵਰਡ 1234 ਨੂੰ ਜੇ ਉਲਟਾ ਕਰਕੇ 4321 ਭਰ ਦੇਈਏ ਤਾਂ ਨਜ਼ਦੀਕੀ ਪੁਲਿਸ ਸਟੇਸ਼ਨ ਵਿਚ ਪਤਾ ਲੱਗ ਜਾਂਦਾ ਹੈ ਕਿ ਇਹ ਝੂਠ ਹੈ।

## ਤੁਰ ਗਏ ਲਿਖਾਰੀ ਇਕਬਾਲ ਰਾਮੂਵਾਲੀਆ ਦੀ ਕਲਮ ਤੋਂ

# ਗੁੰਗੀ ਪੱਤਝੜ

*ਕੈਨੇਡਾ ਵੱਸਦਾ ਇਕਬਾਲ ਰਾਮੂਵਾਲੀਆ ਇਸ ਫਾਨੀ ਸੰਸਾਰ ਨੂੰ ਆਖਰੀ ਅਲਵਿਦਾ ਕਹਿ ਗਿਆ ਹੈ। ਪਹਿਲਾਂ-ਪਹਿਲ ਉਹਨੇ ਕਵਿਤਾ ਲਿਖੀ, ਫਿਰ ਨਾਵਲ ਤੇ ਕਹਾਣੀ। ਦੋ ਭਾਗਾਂ ਵਿਚ ਸਵੈ-ਜੀਵਨੀ 'ਸੜਦੇ ਸਾਜ਼ ਦੀ ਸਰਗਮ' ਅਤੇ 'ਬਰਫ ਵਿਚੋਂ ਉਗਦਿਆਂ' ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕ ਉਸ ਦੀਆਂ ਲਿਖਤਾਂ ਦਾ ਅਨੰਦ ਮਾਣ ਚੁੱਕੇ ਹਨ। ਉਸ ਨੂੰ ਸ਼ਰਧਾਂਜਲੀ ਵਜੋਂ ਉਹਦੀ ਸਵੈ-ਜੀਵਨੀ ਵਿਚੋਂ ਇਕ ਲੇਖ 'ਗੁੰਗੀ ਪਤਝੜ' ਛਾਪ ਰਹੇ ਹਾਂ। ਇਸ ਵਿਚ ਉਹਦੇ ਕੈਨੇਡਾ ਪੁੱਜਣ ਦੇ ਮੁਢਲੇ ਦਿਨਾਂ ਦਾ ਜ਼ਿਕਰ ਹੈ। ਇਸ ਲੇਖ ਵਿਚ ਕਮਾਲ ਦਾ ਦ੍ਰਿਸ਼ ਚਿਤਰਨ ਹੈ। ਜਾਪਦਾ ਹੈ, ਉਹ ਸਮਾਂ ਤੁਹਾਡੇ ਅੰਗ-ਸੰਗ ਖਹਿ ਕੇ ਲੰਘਿਆ ਹੋਵੇ! ਇਹੀ ਇਕਬਾਲ ਦੀਆਂ ਲਿਖਤਾਂ ਦੀ ਤਾਕਤ ਹੈ। -ਸੰਪਾਦਕ*



ਸੰਨ 1975, ਸਤੰਬਰ ਮਹੀਨੇ ਦੀ 24 ਤਰੀਕ। ਇੰਗਲੈਂਡ ਦੇ ਸ਼ਹਿਰ ਲੰਡਨ ਵਿਚ ਪੰਜ ਦਿਨ ਸਾਊਥਹਾਲ ਦੇ ਬਾਜ਼ਾਰਾਂ ਵਿਚ ਰੌਣਕਾਂ ਦੇਖਣ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ 'ਹਾਹਾ-ਹਾਹਾ' ਅਤੇ ਬੀਅਰ ਦੀਆਂ ਗਲਾਸੀਆਂ ਖੜਕਾਉਣ ਤੋਂ ਬਾਅਦ, ਅਸੀਂ ਹੀਥਰੋ ਹਵਾਈ ਅੱਡੇ ਤੋਂ ਟੋਰਾਂਟੋ ਵਾਲੇ ਜਹਾਜ਼ ਵਿਚ ਸਵਾਰ ਹੋ ਗਏ। ਬੱਦਲਾਂ ਤੋਂ ਉਪਰ ਹੋ ਕੇ ਜਹਾਜ਼ ਨੇ ਆਪਣੇ ਮੌਰਾਂ ਤੇ ਪੂਛ ਨੂੰ ਗੁਣੀਏਂ ਵਿਚ ਕੀਤਾ ਹੀ ਸੀ ਕਿ ਪਿਛਲੇ ਪਾਸੇ ਸੀਟਾਂ ਦੀਆ ਕਤਾਰਾਂ ਦਰਮਿਆਨ ਟਰਾਲੀਆਂ ਪ੍ਰਗਟ ਹੋਣ ਲੱਗੀਆਂ।

'ਕੀ ਪੀਓਂਗੇ, ਸਰ?' ਟਰਾਲਿ ਉਪਰ ਚਿਣੀਆਂ ਸਕਾਚ, ਬੀਅਰ ਤੇ ਵਾਈਨ ਦੀਆਂ ਬੋਤਲਾਂ ਮੇਰੇ ਵੱਲ ਗੇੜ ਕੇ ਚਿੱਟੀ ਵਰਦੀ ਵਾਲੀ ਲਿਪਸਟਿਕ ਮੁਸਕਰਾਈ।

ਬਲੈਕ ਨਾਈਟ ਦੀਆਂ ਦੋ ਗਲਾਸੀਆਂ ਨੇ ਮੇਰੇ ਸਿਰ ਵਿਚ ਧੁੰਦ ਛਿੜਕਣੀ ਸ਼ੁਰੂ ਕਰ ਦਿੱਤੀ। ਏਨੇ ਨੂੰ ਖਾਣੇ ਦੀਆਂ ਟਰੇਆਂ ਹਾਜ਼ਰ ਹੋਣ ਲੱਗੀਆਂ।

---

ਜਾਗੋ-ਮੀਟੀ ਵਿਚ ਸੱਤ ਕੁ ਘੰਟੇ ਗੁਜ਼ਾਰਨ ਤੋਂ ਬਾਅਦ, ਛੱਤ ਵਿਚੋਂ ਪਾਇਲਟ ਦੀ ਭਰੜਾਈ ਆਵਾਜ਼, ਸਕਾਚ ਦੀਆਂ ਗਲਾਸੀਆਂ ਰਾਹੀਂ ਮੇਰੇ ਸਿਰ ਵਿਚ ਜੰਮੀ ਬੇਸੁਰਤ, ਭੁਲਾਵੇਂ ਅੱਖਰਾਂ ਵਾਂਙਣ ਖਿਲਰ ਗਈ। ਅਰਧ-ਖੁੱਲ੍ਹੀਆਂ ਅੱਖਾਂ ਵਿਚ ਮੇਰਾ ਚਿਹਰਾ ਖੱਬੇ ਪਾਸੇ ਵਾਲੀਆਂ ਸੀਟਾਂ ਦੀ ਕਤਾਰ ਵੱਲੀਂ ਘੁੰਮ ਗਿਆ: ਲੁੜਕੇ ਹੋਏ ਸਿਰ, ਤੇ ਲਮਕੇ ਹੋਏ ਬੁੱਲ੍ਹ! ਕਈ ਠੋਡੀਆਂ, ਛਾਤੀਆਂ ਵਿਚ ਖੁੱਭੀਆਂ ਹੋਈਆਂ ਅਤੇ ਕਈ ਕੰਨ ਸੱਜੇ ਖੱਬੇ ਮੋਢਿਆਂ ਉਤੇ ਝੁਕੇ ਹੋਏ। ਸਪੀਕਰ ਵਿਚ ਭਰੜਾਉਂਦੀ ਹੋਈ ਪਾਇਲਟ ਦੀ ਆਵਾਜ਼ ਇਨ੍ਹਾਂ ਦੇ ਉਪਰੋਂ ਦੀ ਛਾਲ ਮਾਰ ਕੇ ਇਨ੍ਹਾਂ ਦੀਆਂ ਸੀਟਾਂ ਦੀਆਂ ਢੋਆਂ ਵਿਚ ਜਜ਼ਬ ਹੋ ਗਈ।

ਸੁਖਸਾਗਰ (ਲਿਖਾਰੀ ਦੀ ਪਤਨੀ) ਦਾ ਸਿਰ ਉਹਦੇ ਸੱਜੇ ਪਾਸੇ ਵਾਲੀ ਕੰਧ ਨਾਲ ਜੁੜਿਆ ਹੋਇਆ ਸੀ। ਮੈਂ ਉਸ ਦੇ ਮੋਢੇ ਨੂੰ ਹਲੂਣਿਆ।

'ਕੀ ਹੋ ਗਿਆ? ਕੀ ਹੋ ਗਿਆ?' ਆਪਣੇ ਪੂਰੇ ਧੜ ਨੂੰ ਝਟਕੇ ਮਾਰ ਕੇ ਉਸ ਨੇ ਅੱਖਾਂ ਖੋਲ੍ਹੀਆਂ, ਸੁੰਗੇੜੀਆਂ ਅਤੇ ਫਿਰ ਆਪਣਾ ਚਿਹਰਾ ਮੇਰੇ ਵੱਲੀਂ ਘੁੰਮਾਇਆ।

ਆਪਣੀਆਂ ਨੈਣ-ਗੋਲੀਆਂ ਦੀ ਅਸਥਿਰਤਾ ਨੂੰ ਉਪਰ ਨੀਚੇ, ਸੱਜੇ ਖੱਬੇ ਫੇਰਦੀ ਉਹ ਬੋਲੀ: 'ਕਿੱਥੇ ਆਂ ਆਪਾਂ?'

'ਅਨਾਊਂਸਮੈਂਟ ਕੀਤੀ ਐ ਪਾਇਲਟ ਨੇ।' ਆਪਣੇ ਹੱਥ ਨੂੰ ਆਪਣੀ ਸੱਜੀ ਵੱਖੀ ਕੋਲ ਉਤਾਰ ਕੇ ਮੈਂ ਸੀਟ-ਬੈਲਟ ਟਟੋਲਣ ਲੱਗਾ।

'ਕਿਉਂ ਜਗਾ'ਤਾ ਮੈਨੂੰ?' ਸੁਖਸਾਗਰ ਨੇ ਆਪਣੇ ਸੱਜੇ ਪੰਜੇ ਨੂੰ ਢਾਲ ਬਣਾ ਕੇ ਉਬਾਸੀ ਦੇ ਸਾਹਮਣੇ 'ਤਾਇਨਾਤ' ਕਰ ਲਿਆ- 'ਮੈਂ ਤਾਂ ਘੁਡਾਣੀ ਵਾਲੇ ਘਰ ਵਿਚ ਪਹੁੰਚੀ ਹੋਈ ਸੀ!'

'ਹੱਛਾਅਅ?' ਮੇਰੀ ਉਬਾਸੀ ਬੋਲੀ- 'ਨਸ਼ਾ ਹੁੰਦੈ ਸਿਰ ਦਰਦ ਦੀਆਂ ਗੋਲੀਆਂ 'ਚ।'

'ਪਰ ਆਹ ਧੁਰਲੀਆਂ ਜਿਹੀਆਂ ਕਾਹਤੋਂ ਮਾਰੀ ਜਾਂਦੈ ਜਹਾਜ਼?' ਸੁਖਸਾਗਰ ਨੇ ਕੰਬਲ ਨੂੰ ਆਪਣੇ ਮੋਢਿਆਂ ਵੱਲ ਖਿੱਚ ਲਿਆ।

'ਉਤਰਾਈ ਸ਼ੁਰੂ ਕਰ'ਤੀ ਐ ਜਹਾਜ਼ ਨੇ।'

ਸੀਟ-ਬੈਲਟ ਦੀ ਜੀਭ ਨੂੰ ਉਸ ਦੇ ਲਾਕ ਦੇ ਮੂੰਹ ਵਿਚ ਫਸਾਉਣ ਤੋਂ ਬਾਅਦ ਆਪਣੇ ਚਿਹਰੇ ਨੂੰ ਸੱਜੇ ਪਾਸੇ ਦੀ ਖਿੜਕੀ ਕੋਲ ਲਿਜਾ ਕੇ ਸੁਖਸਾਗਰ ਨੇ ਆਪਣੀਆਂ ਅੱਖਾਂ, ਹੇਠਾਂ ਜ਼ਮੀਨ ਵੱਲੀਂ ਲਟਕਾਅ ਦਿੱਤੀਆਂ।

'ਨ੍ਹੇਰਾ ਈ ਨ੍ਹੇਰਾ ਐ! ਕੁਛ ਵ'ਨੀ ਦਿਸਦਾ ਥੱਲੇ।'

ਆਪਣੇ ਧੜ ਨੂੰ ਸੱਜੇ ਹੱਥ ਬੈਠੀ ਸਾਗਰ ਦੀ ਝੋਲੀ ਉਪਰ ਝੁਕਾਅ ਕੇ ਮੈਂ ਆਪਣੇ ਸਿਰ ਨੂੰ ਖਿੜਕੀ ਵੱਲ ਵਧਾਇਆ ਅਤੇ ਆਪਣੀਆਂ ਨਜ਼ਰਾਂ ਵਿਚਲੀ ਉਤਸੁਕਤਾ ਨੂੰ ਜਹਾਜ਼ ਦੀ ਖਿੜਕੀ ਦੇ ਬਾਹਰ ਖੰਭਾਂ ਦੁਆਰਾ ਚੀਰੇ ਜਾ ਰਹੇ ਹਨੇਰੇ ਦੀ ਸੰਘਣਾਈ ਵਿਚ ਚੋਭ ਦਿੱਤਾ।

'ਬਾਹਰ ਤਾਂ ਵਾਕਿਆ ਈ ਕੁਛ ਨੀ ਦਿਸਦਾ।'

'ਏਥੇ ਦਿਸਣਾ ਈ ਕੁਛ ਨੀ।' ਸੁਖਸਾਗਰ ਆਪਣੇ ਸਿਰ ਨੂੰ ਸੱਜੇ ਖੱਬੇ ਗੇੜਨ ਲੱਗੀ- 'ਚੰਗੇ ਭਲੇ ਮੌਜਾਂ ਕਰਦੇ ਸੀ ਕਾਲਜਾਂ ਵਿਚ, ਚਾਰ ਪੀਰੀਅਡ ਬੱਚਿਆਂ ਨਾਲ ਗੁਜ਼ਾਰ ਕੇ ਘਰ ਆ ਜਾਈਦਾ ਸੀ। ਨਾਲੇ ਸ਼ੁਗਲ, ਨਾਲੇ ਕਮਾਈ।'

'ਕਿਤੇ ਸੱਚੀਂ ਹੀ ਹਨੇਰੇ ਵਿਚ ਨਾ ਖੁੱਭ ਜਾਈਏ ਕੈਨੇਡਾ ਵਿਚ ਆ ਕੇ!' ਮੈਂ ਸੋਚਣ ਲੱਗਾ।

ਹੁਣ ਮੈਂ ਆਪਣਾ ਮੱਥਾ ਖਿੜਕੀ ਦੇ ਬਿਲਕੁਲ ਨੇੜੇ ਲਿਜਾ ਕੇ ਆਪਣੀਆਂ ਨਜ਼ਰਾਂ ਹੇਠਾਂ ਧਰਤੀ ਵੱਲ ਲਮਕਾਅ ਦਿੱਤੀਆਂ।

'ਗਹੁ ਨਾਲ ਦੇਖ ਮੈਡਮ, ਅਹੁ ਦੇਖ ਹੇਠਾਂ ਧਰਤੀ ਉਪਰ ਟਿਮ-ਟਿਮਾਉਂਦੀਆਂ ਮੱਧਮ ਜਿਹੀਆਂ ਬੱਤੀਆਂ... ਹਨੇਰੇ ਦੇ ਬਿਲਕੁਲ ਥੱਲੇ! ਹਨੇਰਾ ਸਦਾ ਨਹੀਂ ਰਹਿੰਦਾ ਮੈਡਮ!'

ਦਸਾਂ ਕੁ ਮਿੰਟਾਂ ਬਾਅਦ ਸੁਖਸਾਗਰ ਨੇ ਖਿੜਕੀ ਵਿਚਦੀ ਆਪਣੀਆਂ ਅੱਖਾਂ ਇਕ ਵਾਰ ਫੇਰ ਹਿਠਾਂਅ ਸੁੱਟ ਦਿੱਤੀਆਂ।

'ਹਾਏ ਹਾਏ!' ਉਸ ਦਾ ਮੂੰਹ ਸ਼ਿੰਗਾਰਦਾਨੀ ਵਾਂਙੂ ਖੁੱਲ੍ਹ ਗਿਆ- 'ਆਹ ਦੇਖੋ ਹੇਠਾਂ!'

ਸੁਖਸਾਗਰ ਦੀ ਝੋਲੀ ਉਪਰ ਪਹਿਲਾਂ ਵਾਂਗ ਹੀ ਟੇਢਾ ਹੋ ਕੇ ਮੈਂ ਆਪਣੇ ਚਿਹਰੇ ਨੂੰ ਖਿੜਕੀ ਦੇ ਹਵਾਲੇ ਕਰ ਦਿੱਤਾ: ਥੱਲੇ ਜਿਥੋਂ ਤੀਕਰ ਮੇਰੀ ਨਜ਼ਰ ਗਈ, ਇਕ ਦੂਜੀ ਨੂੰ ਕੱਟਦੀਆਂ ਸੜਕਾਂ ਦੇ ਦੋਹੀਂ ਪਾਸੀਂ ਪਹਿਰੇਦਾਰਾਂ ਵਾਂਙ ਸਿੱਧੀਆਂ-ਸਤੌਰ ਖਲੋਤੀਆਂ ਖੰਭਿਆਂ ਦੀਆਂ ਅਮੁੱਕ ਕਤਾਰਾਂ। ਖੰਭਿਆਂ ਦੇ ਸਿਰਾਂ ਵਿਚੋਂ ਸੜਕਾਂ ਉਤੇ ਬਰਸ ਰਹੀ ਰੌਸ਼ਨੀ। ਸੜਕਾਂ ਉਪਰ ਏਨੀ ਤੇਜ਼ ਰਫ਼ਤਾਰ ਨਾਲ ਭੱਜਦੀਆਂ ਕਾਰਾਂ ਦੀਆਂ ਏਨੀਆਂ ਕਤਾਰਾਂ ਮੈਂ ਪਹਿਲੀ ਵਾਰ ਦੇਖ ਰਿਹਾ ਸਾਂ। ਹੈੱਡ-ਲਾਈਟਾਂ ਨਾਲ ਸੜਕਾਂ ਦੀਆਂ ਕੁਲੱਤਣ ਨੂੰ ਧੋਂਦੀਆਂ ਹੋਈਆਂ ਲੰਬੂਤਰੀਆਂ ਕਾਰਾਂ।

ਅਸਮਾਨ ਤੋਂ ਹੇਠਾਂ ਤੱਕਿਆਂ ਟੋਰਾਂਟੋ ਸ਼ਹਿਰ ਮੈਨੂੰ ਧਰਤੀ ਉਪਰ ਦੂਰ ਤੀਕਰ ਵਿਛਿਆ ਅਸਮਾਨ ਦਾ ਪੱਲਾ ਜਾਪਿਆ ਜਿਸ ਉਪਰ ਨਿੱਕਾ ਨਿੱਕਾ ਚੰਦ-ਤਾਰਿਆਂ ਦਾ ਭਰਵਾਂ ਛਿੱਟਾ ਦਿੱਤਾ ਹੋਇਆ ਸੀ। ਰੌਸ਼ਨੀਆਂ ਦਾ ਇਹ ਝੁਰਮਟ ਦੱਖਣ ਵਾਲੇ ਪਾਸੇ ਜਿਥੇ ਜਾ ਕੇ ਖਤਮ ਹੁੰਦਾ ਸੀ, ਉਸ ਤੋਂ ਅੱਗੇ ਗਹਿਰੇ ਹਨੇਰੇ ਦਾ ਕੰਬਲ ਸੀ, ਬਹੁਤ ਦੂਰ ਤੀਕਰ ਫੈਲਿਆ ਹੋਇਆ।

ਟੋਰਾਂਟੋ ਦੇ ਟਿਮ-ਟਿਮਾਉਂਦੇ ਸਿਰ ਉਪਰ ਦੀ ਗੇੜਾ ਕੱਢਣ ਤੋਂ ਬਾਅਦ ਹਵਾਈ ਜਹਾਜ਼ ਨੇ ਆਪਣੀ ਚੁੰਝ, ਸ਼ਹਿਰ ਦੀ ਪੱਛਮੀ ਬਾਹੀ ਵਿਚ ਵਿਛੇ ਏਅਰਪੋਰਟ ਵੱਲੀਂ ਮੋੜੀ। ਹਵਾਈ ਜਹਾਜ਼ਾਂ ਦੇ ਸਫਰ ਨਾਲ ਬਾਵਾਸਤਾ ਲੋਕ ਜਾਣਦੇ ਹਨ ਕਿ ਲੋਹੇ ਦੇ ਇਨ੍ਹਾਂ ਪੰਖੇਰੂਆਂ ਲਈ ਬਹੁਤੇ ਅਣਸੁਖਾਵੇਂ ਪਲ ਅਕਸਰ ਹੀ ਉਡਾਣ ਭਰਨ ਵੇਲੇ, ਤੇ ਜਾਂ ਫਿਰ ਰਨਵੇਅ 'ਤੇ ਉਤਰਨ ਵੇਲੇ ਹੀ ਵਾਪਰਦੇ ਹਨ। ਇਸੇ ਲਈ ਬੱਦਲਾਂ ਤੋਂ ਉਪਰਲੇ ਪਾਸੇ ਹੋਣ ਲਈ ਜਹਾਜ਼ ਜਦ ਰਨਵੇਅ ਉਪਰ ਸਿਰਤੋੜ ਦੌੜਦਾ ਹੈ, ਜਾਂ ਉਤਰਨ ਵੇਲੇ ਆਪਣੇ ਪਿਛਲੇ ਚੱਕਿਆਂ ਦੀ ਛੋਹ ਨੂੰ ਰਨਵੇਅ ਦੀ ਲੁੱਕ ਨਾਲ ਘਸਾਉਣ ਦੀ ਤਿਅਰੀ ਕਰਦਾ ਹੈ, ਤਾਂ ਮੁਸਾਫ਼ਰਾਂ ਦੀਆਂ ਛਾਤੀਆਂ ਵਿਚ ਗੁੰਗਾ ਧੁੜਕੂ ਜਾਗ ਉਠਦਾ ਹੈ।

---

ਸਾਡੇ ਜਹਾਜ਼ ਦੇ ਪਿਛਲੇ ਪਹੀਏ ਆਖਰ ਹਲਕੇ ਜਿਹੇ ਝਟਕੇ ਨਾਲ ਰਨਵੇਅ ਨੂੰ ਨਤਮਸਤਕ ਹੋਏ ਅਤੇ ਕਈ ਕੁਇੰਟਲ ਵਜ਼ਨ ਨਾਲ ਲੱਦੇ ਜਹਾਜ਼ ਨੂੰ ਏਅਰਪੋਰਟ ਦੀ ਇਮਾਰਤ ਵੱਲ ਦੌੜਾਉਣ ਲੱਗੇ।

ਜਹਾਜ਼ ਦੇ ਰੁਕਦਿਆਂ ਹੀ ਹੈਂਡਬੈਗ ਸੰਭਾਲਦੇ ਮੁਸਾਫ਼ਰਾਂ ਦੀ ਭੀੜ ਜਹਾਜ਼ ਦੇ ਦਰਵਾਜ਼ਿਆਂ ਵੱਲ ਵਗਣ ਲੱਗੀ।

ਇੰਮੀਗਰੇਸ਼ਨ ਕਾਊਂਟਰ ਤੋਂ ਆਪਣੇ ਪਾਸਪੋਰਟਾਂ ਵਿਚ 'ਲੈਂਡਡ' ਹੋਣ ਦੀਆਂ ਮੋਹਰਾਂ ਲੁਆ ਕੇ ਅਸੀਂ ਆਪਣੇ ਸੂਟਕੇਸਾਂ ਨਾਲ ਲੱਦੀਆਂ ਟਰਾਲੀਆਂ ਨੂੰ ਵੱਡ-ਆਕਾਰੀ ਦਰਵਾਜ਼ੇ ਦੇ ਮੱਥੇ ਉਪਰ ਲਾਲ ਅੱਖਰਾਂ ਵਿਚ ਦਗਦੇ 'ਐਗਜ਼ਿਟ' (ਬਾਹਰ ਜਾਣ ਦਾ ਰਸਤਾ) ਦੇ ਨਿਸ਼ਾਨ ਵੱਲ ਧੱਕਣ ਲੱਗੇ। ਦਰਵਾਜ਼ਾ ਖੁੱਲ੍ਹਿਆ ਤਾਂ ਬਾਹਰ ਰਛਪਾਲ (ਲਿਖਾਰੀ ਦਾ ਭਰਾ) ਅਤੇ ਉਸ ਦੇ ਦੋਸਤਾਂ ਨੇ ਆਪਣੇ ਹੱਥਾਂ ਨੂੰ ਸਿਰਾਂ ਤੋਂ ਉਚੇ ਚੁੱਕ ਕੇ ਲਹਿਰਾਉਣਾ ਸ਼ੁਰੂ ਕਰ ਦਿੱਤਾ।



*ਕੈਨੇਡਾ ਦੇ ਉਘੇ ਸ਼ਹਿਰ ਟੋਰਾਂਟੋ ਦਾ ਅੰਬਰੀ ਨਜ਼ਾਰਾ ਜਿਸ ਦਾ ਜ਼ਿਕਰ ਇਸ ਲੇਖ ਵਿਚ ਆਇਆ ਹੈ।*

---

ਗੱਡੀਆਂ ਦੀਆਂ ਡਿੱਕੀਆਂ (ਟਰੰਕਾਂ) ਵਿਚ ਸਮਾਨ ਟਿਕਾਅ ਕੇ ਏਅਰਪੋਅਟ ਦੀ ਬੁੱਕਲ ਵਿਚੋਂ ਬਾਹਰ ਨਿਕਲੇ ਤਾਂ ਆਲੇ-ਦੁਆਲੇ ਦੀ ਹਰ ਚੀਜ਼ ਇਉਂ ਜਾਪੇ, ਜਿਵੇਂ ਹਵਾ ਭਰ ਕੇ ਫੁਲਾਈ ਹੋਈ ਹੋਵੇ! ਸੜਕਾਂ ਸੱਜੇ ਖੱਬੇ ਕਿਨਾਰਿਆਂ ਵੱਲ ਦੂਰ ਤੀਕਰ ਖਿੱਚੀਆਂ ਹੋਈਆਂ। ਹੋਟਲਾਂ ਦੀਆਂ ਇਮਾਰਤਾਂ ਦੇ ਸਿਰ ਬੱਦਲਾਂ ਵਿਚ ਘੁਸੇ ਹੋਏ। ਕਾਰਾਂ ਇਉਂ ਜਾਪਣ, ਜਿਵੇਂ ਭਾਰਤ ਵਿਚਲੀਆਂ ਅੰਬੈਸਡਰਾਂ ਨੂੰ ਵੱਡੇ ਵੱਡੇ ਜਮੂਰਾਂ ਨਾਲ ਅੱਗਿਓਂ ਪਿਛਿਓਂ ਖਿੱਚ ਕੇ ਵਧਾਇਆ ਹੋਵੇ, ਤੇ ਟਰੱਕ? ਜਿਵੇਂ ਸੁਧਾਰ ਬਾਜ਼ਾਰ ਦੀਆਂ ਪੰਜ ਪੰਜ, ਛੇ ਛੇ ਦੁਕਾਨਾਂ ਨੂੰ ਜੋੜ ਕੇ ਸੜਕ ਉਤੇ ਖਿੱਚਿਆ ਜਾ ਰਿਹਾ ਹੋਵੇ!

ਸ਼ੀਸ਼ੇ ਵਾਂਗ ਪੱਧਰੀਆਂ ਸੜਕਾਂ ਉਤੇ ਪੰਦਰਾਂ ਕੁ ਮਿੰਟ ਰੁੜ੍ਹਨ ਤੋਂ ਬਾਅਦ ਸਾਡੀਆਂ ਕਾਰਾਂ ਛੇ ਕੁ ਮੰਜ਼ਲਾਂ ਉਚੀ ਇਮਾਰਤ ਵੱਲ ਮੁੜੀਆਂ। ਮੇਰੀ ਸੁਰਤ ਵਿਚ ਰਛਪਾਲ ਵੱਲ ਲਿਖੀਆਂ ਦਰਜਨਾਂ ਚਿੱਠੀਆਂ ਦਾ ਸਿਰਨਾਵਾਂ ਬੋਲ ਉਠਿਆ: ਹਾਂ ਇਕਬਾਲ ਸਿਆਂ, ਮੈਂ ਹੀ ਆਂ 6-ਅਰਬਨਡੇਲ ਕੋਰਟ!

---

ਲਿਫ਼ਟ ਦਾ ਬੁਢੇਪਾ ਹੌਲੀ ਹੌਲੀ ਉਪਰ ਵੱਲ ਖਿਸਕਣ ਲੱਗਾ।

ਅਪਾਰਟਮੈਂਟ ਵਿਚ ਦਾਖਲ ਹੋਏ ਤਾਂ ਲਿਵਿੰਗ-ਰੂਮ ਵਿਚ ਮਧਰੇ ਕੱਦ ਦੇ ਕਾਫੀ ਟੇਬਲ ਉਪਰ ਖਲੋਤੀਆਂ 'ਕੈਨੇਡੀਅਨ ਕਲੱਬ' ਦੀਆਂ ਦੋ ਕੱਦਾਵਰ ਬੋਤਲਾਂ ਅਤੇ ਛੇ ਸੱਤ ਖਾਲੀ ਗਲਾਸ ਸਾਨੂੰ ਛੇ ਸੱਤ ਮਰਦਾਂ ਨੂੰ ਦੇਖਦਿਆਂ ਹੀ ਖਿੜ ਉਠੇ।

ਰਛਪਾਲ ਨੇ ਮਸਾਲੇ ਵਿਚ ਭੁੰਨੀ 'ਕੁੜ-ਕੁੜ' ਦਾ ਡੌਂਗਾ ਭਰ ਕੇ ਕੈਨੇਡੀਅਨ ਕਲੱਬ ਦੀਆਂ ਬੋਤਲਾਂ ਦੇ ਪੈਰਾਂ ਕੋਲ ਲਿਆ ਧਰਿਆ। ਸਾਡੇ ਚਚੇਰੇ ਭਰਾ ਰਣਜੀਤ ਗਿੱਲ ਨੇ ਬੋਤਲ ਵਿਚਲਾ ਸਰੂਰ ਗਲਾਸਾਂ ਵਿਚ ਉਤਾਰਿਆ ਤਾਂ ਕਲੱਬ ਸੋਢੇ ਦੀ ਬੋਤਲ ਦਾ ਢੱਕਣ ਰਛਪਾਲ ਦੀ ਮੁੱਠੀ ਵਿਚਕਾਰ ਕੜੱਕ ਕੜੱਕ ਗਿੜਨ ਲੱਗਾ।

ਪੰਦਰਾਂ ਵੀਹਾਂ ਮਿੰਟਾਂ ਵਿਚ ਹੀ ਬੋਤਲਾਂ ਦੇ ਗੁਆਂਢ ਵਿਚ ਪਈ ਥਾਲੀਨੁਮਾ ਪਲੇਟ ਉਪਰ ਹੱਡਾਰੋੜੀ ਉਭਰ ਆਈ।

---

ਅਗਲੀ ਸਵੇਰ ਸਵਖਤੇ ਹੀ ਲਿਵਿੰਗ-ਰੂਮ ਦੇ ਕਾਫ਼ੀ ਟੇਬਲ ਉਪਰ ਪਈਆਂ ਚਾਹ ਦੀਆਂ ਪਿਆਲੀਆਂ ਵਿਚ ਚਮਚਾ ਫੇਰ ਰਿਹਾ ਰਛਪਾਲ ਬੋਲਿਆ: ਨੀਂਦ ਆ'ਗੀ ਸੀ ਚੰਗੀ ਮੱਲਾ?

ਮੈਂ ਆਪਣੀ ਉਬਾਸੀ ਆਪਣੀ ਮੁੱਠੀ ਦੇ ਹਵਾਲੇ ਕਰਦਿਆਂ ਆਪਣਾ ਸਿਰ ਸੱਜੇ ਖੱਬੇ ਝਟਕਿਆ: ਰਾਤ ਤਾਂ ਜ਼ਿਆਦਾ ਈ ਮਸਤਾਨੇ ਕਰ'ਤਾ ਤੁਸੀਂ ਚੌੜ ਚੌੜ ਵਿਚ!

ਪਿਆਲੀਆਂ ਨੂੰ ਸਿੰਕ ਦੇ ਹਵਾਲੇ ਕਰ ਕੇ ਰਛਪਾਲ ਨੇ ਆਪਣੀਆਂ ਉਂਗਲਾਂ ਕਿਚਨ-ਕਾਊਂਟਰ ਉਪਰ ਖਲੋਤੇ ਲੰਚ ਬਾਕਸ ਵੱਲੀਂ ਵਧਾ ਦਿੱਤੀਆਂ।

'ਮੈਂ ਤੇ ਰਣਜੀਤ ਨੇ ਤਾਂ ਨਿਕਲ ਜਾਣੈ ਬੱਸ ਦੋ ਕੁ ਮਿੰਟਾਂ ਵਿਚ।' ਉਹ ਬੋਲਿਆ।

'ਸੱਤ ਵਜੇ ਤੋਂ ਪਹਿਲਾਂ ਕਾਰਡ ਪੰਚ ਕਰਨਾ ਹੁੰਦੈ ਫੈਕਟਰੀ ਵਿਚ... ਅਹੁ ਸਾਹਮਣੇ ਪਲਾਜ਼ਾ ਐ... ਦਸ ਵਜੇ ਖੁੱਲ੍ਹ ਜਾਂਦੈ, ਤੁਸੀਂ ਦੋਵੇਂ ਜਣੇ ਘੁੰਮ ਆਇਓ ਓਥੇ।'

'ਰਜਿੰਦਰ ਨੂੰ ਲੈ ਜਾਂ'ਗੇ ਨਾਲ!' ਸੁਖਸਾਗਰ ਬੋਲੀ।

'ਉਹ ਤੇ ਗੁਰਪਾਲ (ਰਣਜੀਤ ਦੀ ਪਤਨੀ) ਤਾਂ ਚਲੀਆਂ ਗਈਆਂ ਕੰਮ 'ਤੇ ਅੱਧਾ ਘੰਟਾ ਪਹਿਲਾਂ।' ਰਛਪਾਲ ਬੋਲਿਆ।

---

ਅਗਲੀਆਂ ਕਈ ਸ਼ਾਮਾਂ ਪਲਾਜ਼ਿਆਂ ਦੇ ਫਰਸ਼ਾਂ ਦੀ ਲਿਸ਼ਕ ਅਤੇ ਸਟੋਰਾਂ ਵਿਚ ਪਏ ਸਮਾਨ ਦੀ ਸੁਥਰਤਾ ਨਾਲ ਵਾਕਫ਼ੀਅਤ ਕਰਨ ਅਤੇ ਰਛਪਾਲ ਹੋਰਾਂ ਦੇ ਦੋਸਤਾਂ-ਸਨੇਹੀਆਂ ਦੇ ਘਰੀਂ ਕੱਚ ਕੇ ਗਲਾਸਾਂ ਅਤੇ ਪਲੇਟਾਂ ਚਮਚਿਆਂ ਨਾਲ ਗੁਫ਼ਤਗੂ ਕਰਨ ਵਿਚ ਗੁਜ਼ਰ ਗਏ।

ਇਕ ਦਿਨ ਰਛਪਾਲ ਕਹਿਣ ਲੱਗਾ: ਅਹੁ ਸਾਹਮਣੇ ਇੰਟਰ-ਸੈਕਸ਼ਨ (ਚੁਰਸਤਾ) ਐ, ਇਸਲਿੰਗਟਨ ਤੇ ਬਰਗਾਮੌਂਟ ਦਾ; ਉਥੇ 'ਟੋਰਾਂਟੋ ਸਟਾਰ' ਦਾ ਬਾਕਸ ਲੱਗਿਆ ਹੋਇਐ ਨੀਲੇ ਰੰਗ ਦਾ, ਉਦ੍ਹੇ ਵਿਚ ਝੀਤ ਜਿਹੀ ਬਣੀ ਹੋਈ ਐ, ਉਸ ਵਿਚ ਪੈਸੇ ਪਾ ਕੇ ਅਖਬਾਰ ਚੁੱਕ ਲਿਆਇਆ ਕਰ, ਤੇ 'ਹੈਲਪ ਵਾਂਟਡ' ਵਾਲੇ ਸਫ਼ੇ 'ਤੇ ਨਜ਼ਰ ਮਾਰ ਲਿਆ ਕਰ।

---

'ਟੋਰਾਂਟੋ ਸਟਾਰ' ਹੁਣ ਹਰ ਸਵੇਰ ਸਾਡੇ ਡਾਈਨਿੰਗ ਟੇਬਲ ਉਪਰ ਵਿਛਿਆ ਹੁੰਦਾ। ਮੈਂ ਚਾਹ ਦੇ ਪਿਆਲੇ ਨੂੰ ਚੁਸਕਦਾ ਅਤੇ ਮੇਰੀ ਨਜ਼ਰ ਅਖਬਾਰ ਦੇ ਪਹਿਲੇ ਸੈਕਸ਼ਨ ਦੇ ਅੱਠ ਦਸ ਸਫ਼ਿਆਂ ਵਿਚ ਗਸ਼ਤ ਕਰਨ ਲਗਦੀ। ਇਨ੍ਹਾਂ ਵਿਚ ਕਿਧਰੇ ਕੈਨੇਡਾ ਦੇ ਅਤੇ ਸਾਡੇ ਸੂਬੇ ਆਂਟੇਰੀਓ ਦੇ ਸਿਆਸੀ ਲੀਡਰ ਸ਼ਬਦੋ-ਸ਼ਬਦੀ ਹੋ ਰਹੇ ਹੁੰਦੇ; ਕਿਧਰੇ ਪਿਛਲੀ ਰਾਤੀਂ ਸ਼ਰਾਬਖਾਨਿਆਂ ਵਿਚ ਬੀਅਰ ਦੀਆਂ ਬੋਤਲਾਂ ਨਾਲ ਜ਼ਖ਼ਮੀ ਹੋਏ ਮੱਥਿਆਂ ਦਾ ਖਰੂਦ ਲੜਖੜਾਉਂਦਾ ਅਤੇ ਕਿਧਰੇ ਸੜਕਾਂ ਉਪਰ ਗੱਡੀਆਂ ਦੀਆਂ ਟੱਕਰਾਂ ਦੇ ਵਿਰਲੇ ਵਿਰਲੇ ਖੜਾਕੇ ਸੁਣਦੇ।

ਫਿਰ ਮੈਂ ਅਗਲੇ ਸੈਕਸ਼ਨ ਵਿਚ ਅੱਖਾਂ ਖੁਭੋ ਦਿੰਦਾ: ਓਥੇ ਘਰਾਂ ਦੀਆਂ ਨਿੱਕੀਆਂ-ਵੱਡੀਆਂ ਤਸਵੀਰਾਂ ਦੇ ਬੰਦ ਦਰਵਾਜ਼ੇ ਖੁੱਲ੍ਹਣ ਲਗਦੇ। ਤਸਵੀਰਾਂ ਦੇ ਹੇਠਾਂ ਲਿਖਿਆਂ ਹੁੰਦਾ: ਐਨੇ ਬੈੱਡਰੂਮ; ਸਾਰੇ ਘਰ ਵਿਚ ਹਾਰਡਵੁਡ ਫਰਸ਼; ਐਨੇ ਵਾਸ਼ਰੂਮ, ਫਿਨਿਸ਼ਡ ਬੇਸਮੈਂਟ; ਖੁੱਲ੍ਹਾ-ਡੁੱਲ੍ਹਾ ਪਿਛਲਾ ਵਿਹੜਾ; ਬਸ ਸਟਾਪ ਤੇ ਸਕੂਲ ਦੇ ਲਾਗੇ!

ਤਸਵੀਰਾਂ ਵਾਲੇ ਘਰਾਂ ਦੇ ਬੈੱਡਰੂਮਾਂ ਵਿਚ ਝਾਤੀਆਂ ਮਾਰਦਾ ਮਾਰਦਾ ਮੈਂ ਪਿਛਲੇ ਵਿਹੜਿਆਂ ਵਿਚ ਮੂਲੀਆਂ, ਗਾਜਰਾਂ, ਟਮਾਟਰਾਂ ਅਤੇ ਧਨੀਏ ਦੀਆਂ ਕਿਆਰੀਆਂ ਦੇ ਸੁਪਨੇ ਬੀਜਣ ਲੱਗ ਜਾਂਦਾ।


ਫਿਰ ਮੇਰੀ ਨਜ਼ਰ ਇਨ੍ਹਾਂ ਘਰਾਂ ਤੋਂ ਥੱਲੇ ਮੋਟੇ ਅੱਖਰਾਂ ਵਿਚ ਲਿਖੀਆਂ ਇਨ੍ਹਾਂ ਦੀਆਂ ਕੀਮਤਾਂ ਉਪਰ ਉਤਰਦੀ, ਤਾਂ ਪੈਂਟ ਦੀ ਜੇਬ ਵਿਚ ਦੜਿਆ ਮੇਰਾ ਬਟੂਆ ਇਕ ਦਮ ਸੁੰਗੜ ਜਾਂਦਾ।

ਇਕ ਦਿਨ ਦੁਪਹਿਰੇ ਜਦੋਂ ਮੈਂ 'ਟੋਰਾਂਟੋ ਸਟਾਰ' ਦੇ ਕਾਲਮਾਂ ਵਿਚੋਂ ਚੁਗੇ ਫੋਨ ਨੰਬਰਾਂ ਨੂੰ ਕਾਗਜ਼ ਦੀ ਸ਼ੀਟ ਉਪਰ ਚਿਣ ਰਿਹਾ ਸਾਂ, ਤਾਂ ਫੋਨ ਦੀ ਘੰਟੀ ਹਰਕਤ ਵਿਚ ਆ ਗਈ।

'ਕਿਵੇਂ ਐ ਮੱਲਾ?' ਰਛਪਾਲ ਦੀ ਆਵਾਜ਼ ਗੁਟਕੀ।

'ਟਰਾਂਟੋ ਸਟਾਰ ਪੜ੍ਹ ਰਿਹਾ।'

'ਇਉਂ ਕਰੀਂ, ਅੱਜ ਫੋਨ ਕਰ'ਲੀਂ ਆਪਣੇ ਡਾਕਟਰ ਨੂੰ... ਡਾਕਟਰ ਮੋਜ਼ਜ਼ ਹੈ ਉਹਦਾ ਨਾਮ,




ਤੇ ਆਹ ਫੋਨ ਨੰਬਰ ਲਿਖ ਲਾ, ਉਹਦੇ ਦਫ਼ਤਰ ਦਾ: 746-????

'ਕੀ ਗੱਲ ਹੋ ਗਈ? ਸੁੱਖ ਐ?'

'ਅਪੋਐਂਟਮੈਂਟ ਬਣਾ'ਲੀਂ ਆਵਦੇ ਲਈ ਤੇ ਸੁਖਸਾਗਰ ਲਈ, ਉਹਦੇ ਨਾਲ ਕੱਲ੍ਹ ਜਾਂ ਪਰਸੋਂ ਦੀ ਸ਼ਾਮ ਨੂੰ ਸਾਢੇ ਪੰਜ ਤੋਂ ਬਾਅਦ ਦੀ...।'

'ਪਰ ਅਸੀਂ ਤਾਂ ਠੀਕ-ਠੀਕ ਆਂ।'

'ਤੁਹਾਡੀ ਫ਼ਾਇਲ ਖੁਲ੍ਹਾਉਣੀ ਐਂ।'

'ਫਾਇਲ?'

'ਹਾਂ, ਏਥੇ ਹਰ ਬੰਦੇ ਨੂੰ ਆਪਣਾ ਪੱਕਾ ਫੈਮਿਲੀ ਡਾਕਟਰ ਬਣਾਉਣਾ ਪੈਂਦੈ... ਡਾਕਟਰ ਤੁਹਾਡਾ ਸਾਰਾ 'ਰੈਕਡ' ਰਖਦੈ... ਇੰਮੀਗਰੇਸ਼ਨ ਦਾ... ਫੈਮਿਲੀ ਦਾ... ਡਾਕਟਰ ਦੇ ਕਲਿਨਿਕ ਵਿਚ ਕੀਤੇ ਹਰ ਵਿਜ਼ਿਟ ਦਾ... ਹਰ ਬਿਮਾਰੀ ਦਾ!'

ਰਛਪਾਲ ਵੱਲੋਂ 'ਓ.ਕੇ. ਬਾਏ' ਹੋਣ ਤੋਂ ਬਾਅਦ ਜਕੋ-ਤਕੀ ਕਰਦਿਆਂ ਮੈਂ ਆਪਣੀ ਪਹਿਲੀ ਉਂਗਲ ਫੋਨ ਡਾਇਲ ਦੀ ਗੋਲਾਈ ਵੱਲ ਸੇਧ ਦਿੱਤੀ।

'ਮੋ'ਨਿੰਗ!' ਅੱਗਿਓਂ ਮੁਲਾਇਮ ਜਿਹੀ

(ਬਾਕੀ ਅਗਲੇ ਸਫੇ 'ਤੇ)

ਆਵਾਜ਼ ਆਈ- 'ਡਾਕਟਰ ਮੋਜ਼ਜ਼ ਆਫ਼ਿਸ, ਮਿ'ਐਲਪ ਯੋ?'

ਮੇਰੇ ਹੱਥ ਵਿਚ ਫੜਿਆ ਰਿਸੀਵਰ ਕੰਬਣ ਲੱਗਾ। ਕੀ ਕਹਿ'ਗੀ ਇਹ- 'ਮਿ'ਐਲਪ ਯੋ, ਮਿ'ਐਲਪ ਯੋ?' ਸੈਕਟਰੀ ਦੀ ਅੰਗਰੇਜ਼ੀ ਦੇ ਅੱਧੇ ਕੁ ਅਰਬ ਮੇਰੇ ਮੱਥੇ ਵਿਚ ਡਿਗਣ-ਉਠਣ, ਡਿਗਣ-ਉਠਣ ਕਰਨ ਲੱਗੇ। ਕੀ ਕਹਾਂ ਹੁਣ ਏਹਨੂੰ?

ਜੀ ਕੀਤਾ ਫੋਨ ਸੁਖਸਾਗਰ ਦੇ ਕੰਨ ਨਾਲ ਲਾ ਦਿਆਂ!

'ਹੈਲੋਅਅ?' ਮੇਰੇ ਵੱਲੋਂ ਲਮਕ ਰਹੀ ਚੁੱਪ ਨੂੰ ਸੁਣਦਿਆਂ, ਦੂਸਰੇ ਬੰਨਿਓਂ ਸੈਕਟਰੀ ਨੇ ਆਪਣੀ ਹੈਲੋ ਨੂੰ ਪੀਂਘ ਦੇ ਹੁਲਾਰੇ ਵਾਂਙੂੰ ਦੂਰ ਤੀਕ ਲਮਕਾ ਦਿੱਤਾ- 'ਆਅ ਯੋ ਦੇਅਆ?'

'ਯ... ਯ... ਯੈੱਸ!'

'ਹੌ ਕਨਾ'ਈ ਐਲਪਯੋ, ਸਾਅ?'

'ਕਨਾ'ਈ?' ਮੈਂ ਆਪਣੇ ਆਪ ਨੂੰ ਪੁੱਛਣ ਲੱਗਾ- 'ਇਹ ਕਨਾ'ਈ ਕੀ ਹੋਈ?'

ਏਸ ਗੱਲ ਦਾ ਇਲਮ ਮੈਨੂੰ ਬਹੁਤ ਦੇਰ ਬਾਅਦ ਹੋਇਆ ਕਿ ਤੁਹਾਡੇ ਵੱਲੋਂ 'ਪਾਅਡਨ ਮੀ?' ਕਹਿਣ ਨਾਲ ਤੁਹਾਡੇ ਨਾਲ ਗੱਲ ਕਰ ਰਹੇ ਬੰਦੇ ਨੂੰ ਇਸ਼ਾਰਾ ਮਿਲ ਜਾਂਦਾ ਹੈ ਕਿ ਉਸ ਦੀ ਗੱਲ ਤੁਹਾਡੇ ਪੂਰੀ ਤਰ੍ਹਾਂ ਪੱਲੇ ਨਹੀਂ ਪਈ।

'ਮ... ਮ... ਮਾਈ ਨੇਮ ਇਜ਼ ਇ... ਇ... ਇਕਬਾਲ ਗਿੱਲ।' ਮੈਂ ਆਪਣੇ ਬੁੱਲ੍ਹਾਂ ਦੀ ਕੰਬਣੀ ਨੂੰ ਸੰਭਾਲਦਿਆਂ ਬੋਲਿਆ।

'ਯਾ, ਮਿਸਟਾਅ ਗਿੱਲ, ਹੌ ਕਨਾ'ਈ ਐਲਪ ਯੋ?'

'ਆਈ... ਆਈ... ਡੌਂਟ ਅੰਡਰਸਟੈਂਡ ਯੂਅਰ ਕ... ਕ... ਕੁਇਸਸ਼ਨ?' ਪਲੀਜ਼ ਟਾਕ ਸਲੋਅਲੀ।

'ਆਅਈ ਐਅਮ ਸੇਅਇੰਗ, ਹਾਅਓ... ਕੈਅਨ... ਆਅਈ... ਹੈਲਪ ਯੂ?' ਸੈਕਟਰੀ ਆਪਣੇ ਵਾਕ ਦੀਆਂ ਗਨੇਰੀਆਂ ਕੱਟਣ ਲੱਗੀ। 'ਲਾਈਕ... ਵ੍ਹਟ... ਕੈਅਨ ਆਅਈ... ਡੂ... ਫੋਅ ਯੂ?'

'ਆਈ... ਆਈ... ਆਈ ਵਾਂਟ ਟੂ... ਟੂ ਮੀਟ... ਡਾਕਟਰ ਮੋਜ਼ਜ਼।'

---

'ਯੂ ਨੋ', 'ਪਲੀਜ਼' ਤੇ 'ਆਈ ਮਿਨ' ਵਰਗੇ 'ਫਿਲਰ' ਉਦੋਂ ਮੇਰੀ ਜ਼ੁਬਾਨ 'ਤੇ ਹਾਲੇ ਅਸਵਾਰ ਨਹੀਂ ਸਨ ਹੋਏ, ਤੇ ਨਾ ਹੀ 'ਪਾਅਡਨ', 'ਐਕਸਕਿਊਜ਼ ਮੀ' ਅਤੇ 'ਓ ਯਾਅਅਅ' ਵਰਗੇ ਲਫ਼ਜ਼ਾਂ ਨੇ ਹਾਲੇ ਮੇਰੀ ਅੰਗਰੇਜ਼ੀ ਵਿਚ ਦਾਖ਼ਲਾ ਲਿਆ ਸੀ।

'ਯੂਮਿਨ ਅਨ ਅਪੋਂਟਮੰਟ?'

'ਯੈੱਸ, ਯੈੱਸ, ਅਪਔਇੰਟਮੈਂਟ!'

'ਆਅ ਯੂ ਅਨ ਐਅਅਕਟਿਵ ਪੇਅਸ਼ੰਟ ਅਵ ਡਾਕਟਾਅ ਮੋਜ਼ਜ਼?'

'ਐਕਟਿਵ? ਅ... ਅ... ਨੋ... ਨੋ... ਨੋਅ...।'

'ਸੋ ਯੂ ਆਅ ਅ ਨਿਊ ਪੇਅਸ਼ੰਟ?'

'ਯ... ਯੈ... ਯੈੱਸ, ਨਿਊ।'

ਇਸ ਦਿਨ ਦੀ ਗੱਲਬਾਤ ਤੋਂ ਬਾਅਦ ਫੋਨ ਦੀ ਘੰਟੀ ਜਦੋਂ ਵੀ ਖੜਕਦੀ, ਮੇਰੇ ਮੱਥੇ ਵਿਚ ਦਸੰਬਰ ਜਨਵਰੀ ਦੀ ਠਾਰੀ ਉਤਰ ਆਉਂਦੀ।



ਸੋਚਦਾ, ਕਿਤੇ ਕਿਸੇ ਗੋਰੇ/ਗੋਰੀ ਨਾਲ ਪੇਚਾ ਨਾ ਪੈ ਜਾਵੇ!

ਉਧਰ ਅਖਬਾਰ ਫਰੋਲਦਿਆਂ ਅਨੇਕਾਂ ਓਪਰੇ ਲਫ਼ਜ਼ ਮੇਰੀਆਂ ਅੱਖਾਂ ਨੂੰ ਡਿਕਸ਼ਨਰੀ ਵੱਲੀਂ ਝਾਕਣ ਲਾ ਦਿੰਦੇ।

ਥੋੜ੍ਹੇ ਦਿਨਾਂ ਬਾਅਦ ਅਖਬਾਰ ਖੋਲ੍ਹਣ ਸਾਰ ਮੈਂ ਖਬਰਾਂ ਤੇ ਘਰਾਂ ਦੀਆਂ ਤਸਵੀਰਾਂ ਵਾਲੇ ਸਫ਼ਿਆਂ ਉਪਰ ਦੀ ਛਾਲ ਮਾਰ ਕੇ ਸਿੱਧਾ ਤੀਸਰੇ ਸੈਕਸ਼ਨ ਵਿਚ ਉਤਰਨ ਲੱਗਾ। ਇਸ ਸੈਕਸ਼ਨ ਵਿਚੋਂ 'ਹੈਲਪ ਵਾਂਟਡ' ਦੀਆਂ ਪੰਜ ਪੰਜ ਦਸ ਦਸ ਸਤਰਾਂ ਦੇ ਇਸ਼ਤਿਹਾਰਾਂ ਦੀ ਭੀੜ ਮੇਰੇ ਮੱਥੇ ਵਿਚ ਜੁੜਨ ਲਗਦੀ। ਬਹੁਤੇ ਇਸ਼ਤਿਹਾਰਾਂ ਵਿਚ 'ਜਨਰਲ ਲੇਬਰ' ਦੀਆਂ ਢਾਣੀਆਂ ਮੈਨੂੰ ਆਪਣੇ ਨਾਲ ਰਲਣ ਲਈ ਇਸ਼ਾਰੇ ਕਰ ਰਹੀਆਂ ਹੁੰਦੀਆਂ। ਮੈਨੂੰ ਇੰਜ ਲਗਦਾ, ਜਿਵੇਂ ਉਹ ਕਹਿ ਰਹੀਆਂ ਹੋਣ: ਉਏ ਭਲੇਮਾਣਸਾ! ਆਪਣੀਆਂ ਡਿਗਰੀਆਂ ਸ਼ਿਗਰੀਆਂ ਨੂੰ ਹੈਂਗਰਾਂ 'ਤੇ ਟੰਗ ਕੇ ਕਲਾਜ਼ਿਟ ਵਿਚ ਲਟਕਾ ਦੇ! ਦਸਵੀਂ ਜਮਾਤ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਰੱਖ ਆਪਣੀਆਂ ਜੇਬਾਂ ਵਿਚ ਤੇ ਸੇਫ਼ਟੀ ਬੂਟ ਤੇ ਸੇਫ਼ਟੀ ਐਨਕਾਂ ਖਰੀਦ ਕਿਸੇ ਵੱਡੇ ਸਟੋਰ ਵਿਚ ਜਾ ਕੇ।

ਕਈਆਂ ਇਸ਼ਤਿਹਾਰਾਂ ਵਿਚ ਫ਼ਰਨੀਚਰ ਫੈਕਟਰੀਆਂ ਲਈ ਤਜਰਬੇਕਾਰ ਵਰਕਰਾਂ ਦੀ ਲੋੜ 'ਕੜਿਕ ਕੜਿਕ' ਕਰਦੀ, ਜਾਂ ਫਿਰ 'ਬਰਿੱਕ ਲੇਅਰਾਂ' ਦੀ ਮੰਗ ਇੱਟਾਂ ਵਾਂਙ ਚਿਣੀ ਹੁੰਦੀ। ਇਸ਼ਤਿਹਾਰ ਮੈਨੂੰ ਪੁਛਦੇ, ਪੰਜ ਸਾਲ ਦਾ ਤਜਰਬਾ ਹੈ ਤੈਨੂੰ 'ਬਰਿੱਕ ਲੇਅਇੰਗ' ਦਾ?... ਵਿਰਲੇ ਵਿਰਲੇ ਇਸ਼ਹਿਤਾਰਾਂ ਵਿਚ ਲਿਖਿਆ ਹੁੰਦਾ!

ਇਕ ਦਿਨ ਵੱਡੀ ਸਾਰੀ ਡੱਬੀ ਵਿਚ ਮੋਟੇ ਮੋਟੇ ਅੱਖਰ: ਘਰਾਂ ਦੀ ਉਸਾਰੀ ਕਰਨ ਵਾਲੀ ਕੰਪਨੀ ਨੂੰ 'ਡਰਾਈਵਾਲ ਇਨਸਟਾਲਰਾਂ', 'ਪਲੰਬਰਾਂ' ਅਤੇ 'ਅਲੈਕਟ੍ਰੀਸ਼ਨਾਂ' ਦੀ ਸਖਤ ਜ਼ਰੂਰਤ: ਪੰਜ ਸਾਲਾਂ ਦਾ ਤਜਰਬਾ ਜ਼ਰੂਰੀ।'

'ਇਹ 'ਡਰਾਈਵਾਲ' ਪਤਾ ਨੀ ਕੀ ਬਲਾਅ ਹੁੰਦੀ ਐ?' ਮੈਂ ਸੋਚਣ ਲੱਗਾ।

'ਮਿਗ ਵੈਲਡਰ! ਕੀ ਕਰਦੇ ਹੁੰਦੇ ਆ ਇਹ ਮਿਗ ਵੈਲਡਰ? ਆਹ 'ਬਰਿੱਕ ਲੇਅਰ' ਕਿਹੜੇ ਕਿੱਤੇ ਨੂੰ ਕਹਿੰਦੈ ਐ? 'ਫਰੇਮਰ', 'ਰੂਫ਼ਰ' ਤੇ ਅਪਹੋਲਸਟਰ! ਇਨ੍ਹਾਂ ਅਸਲੋਂ ਓਪਰੇ ਸ਼ਬਦਾਂ ਨੂੰ ਇਸ਼ਤਿਹਾਰਾਂ ਵਿਚ ਪੜ੍ਹਦਿਆਂ ਮੈਨੂੰ ਇੰਝ ਜਾਪਦਾ, ਜਿਵੇਂ ਅਖਬਾਰ ਮੈਨੂੰ ਕਿਸੇ ਓਪਰੀ ਭਾਸ਼ਾ ਵਿਚ ਗਾਲਾਂ ਕੱਢ ਰਿਹਾ ਹੋਵੇ।

ਫਿਰ ਕਿਸੇ ਨੇ ਰਛਪਾਲ ਦੇ ਕੰਨ ਵਿਚ ਫੂਕ ਮਾਰ ਦਿੱਤੀ: ਅਖੇ, ਏਥੇ 'ਰੁਜ਼ਗਾਰ ਮਹਿਕਮੇ' ਦੇ ਦਫ਼ਤਰ ਵਿਚ ਸਲਾਹਕਾਰ ਹੁੰਦੇ ਐ ਜਿਹੜੇ ਨਵੇਂ ਆਏ ਇੰਮੀਗਰੰਟਾਂ ਨੂੰ ਕੋਰਸਾਂ ਦੀ ਜਾਣਕਾਰੀ ਦਿੰਦੇ ਐ!

---

ਰੁਜ਼ਗਾਰ ਦਫ਼ਤਰ ਵਿਚ ਸਾਡੀਆਂ ਡਿਗਰੀਆਂ ਨੂੰ ਆਪਣੀਆਂ ਉਂਗਲਾਂ ਦੀ ਗੁਲਾਬੀਅਤ ਵਿਚ ਪਕੜ ਕੇ ਗਹੁ ਨਾਲ ਪੜ੍ਹ ਰਹੀ ਗੋਰੀ ਨੇ ਆਪਣੀ ਠੋਡੀ ਨੂੰ ਕਈ ਵਾਰ ਆਪਣੀ ਘੰਡੀ ਵੱਲ ਖਿੱਚਿਆ।

ਸੁਖਸਾਗਰ ਮੇਰੇ ਵੱਲੀਂ ਦੇਖ ਕੇ ਮੁਸਕਰਾਈ।

ਡਿਗਰੀਆਂ ਦੇ ਹਰਫ਼ਾਂ ਅਤੇ ਨੰਬਰਾਂ ਨੂੰ ਹੇਠੋਂ ਉਪਰੋਂ ਫਰੋਲਣ ਤੋਂ ਬਾਅਦ, ਗੋਰੀ ਕੁੜੀ ਨੇ ਡਿਗਰੀਆਂ ਨੂੰ ਸਾਡੇ ਹੱਥਾਂ ਵੱਲ ਵਧਾ ਦਿੱਤਾ।

'ਬਹੁਤ ਵਧੀਆ ਵਿਦਿਅਕ ਯੋਗਤਾ ਹੈ ਤੁਹਾਡੀ।' ਉਹ ਆਪਣੇ ਭਰਵੱਟਿਆਂ ਨੂੰ ਆਪਣੇ ਭੂਰੇ ਵਾਲਾਂ ਵੱਲ ਖਿਚਦਿਆਂ ਬੋਲੀ- 'ਨਾਨ-ਇੰਗਲਿਸ਼ ਦੇਸ਼ ਵਿਚ ਰਹਿ ਕੇ ਬਿਦੇਸ਼ੀ ਭਾਸ਼ਾ ਸਿੱਖਣਾ ਬੜਾ ਚੁਣੌਤੀਆਂ ਭਰਿਆ ਕਾਰਜ ਹੁੰਦਾ ਐ!'

ਮੇਰੇ ਬੁੱਲ੍ਹਾਂ ਵਿਚ ਹੋਣ ਲੱਗੀ ਝਰਨ ਝਰਨ ਕੰਨਾਂ ਵੱਲ ਵਧਣ ਲੱਗੀ।

'ਓ.ਕੇ.' ਗੋਰੀ ਕੁੜੀ ਨੇ ਆਪਣੀਆਂ ਨਜ਼ਰਾਂ ਵਾਰੀ ਵਾਰੀ ਮੇਰੇ ਤੇ ਸਾਗਰ ਵੱਲੀਂ ਘੁੰਮਾਈਆਂ। ਮੈਂ ਹੁਣ ਇਹ ਜਾਣਨਾ ਚਾਹਾਂਗੀ ਕਿ ਵ੍ਹਟ ਐਗਜ਼ੈਅਕਟਲੀ ਯੂ ਹੈਵ ਇਨ ਯੋਅ ਮਾਈਂਡ!'

'ਮਾਈ ਵਾਈਫ਼ ਐਂਡ ਮੀ... 'ਵ੍ਹਈ' ਹੈਵ ਗੁਡ ਐਜੂਕੇਸ਼ਨ ਫਰੌਮ ਇੰਡੀਆ... ਵਰ ਲੈਕਚਰਰਜ਼ ਇਨ ਇੰਡੀਆ, ਸੋ 'ਵ੍ਹਈ' ਵਾਂਟ... ਸਮ ਗੁਡ 'ਜੌਬ'... ਨੌਟ ਲੇਬਰ 'ਜੌਬ' ਇਨ ਫੈਕਟਰੀ।'

ਗੋਰੀ ਦਾ ਸਿਰ ਸੱਜੇ ਖੱਬੇ ਹਿੱਲਣ ਲਗਾ।

ਮੇਰੀ ਛਾਤੀ ਅੰਦਰਲੇ ਖੱਬੇ ਹਿੱਸੇ ਵਿਚ ਠੁੱਡੇ ਜਿਹੇ ਵੱਜਣ ਲੱਗੇ।

'ਪਰ ਕੈਨੇਡਾ ਵਿਚ... ਸਿਸਟਮ ਕੁਝ ਵੱਖਰਾ ਹੈ... ਮੇਰਾ ਮਤਲਬ ਆ... ਜਾਬ ਲੈਣ ਲਈ ਕੋਈ ਹੁਨਰ ਹੋਣਾ ਲਾਜ਼ਮੀ ਹੈ... ਕਈ ਆਪਸ਼ਨਜ਼ ਨੇ ਤੁਹਾਡੇ ਲਈ... ਨੰਬਰ ਇਕ: ਤੁਹਾਡਾ ਪਿਛੋਕੜ ਇੰਗਲਿਸ਼ ਟੀਚਿੰਗ ਦਾ ਹੈ, ਪਰ... ਏਥੇ ਸਕੂਲਾਂ ਵਿਚ ਟੀਚਰ ਬਣਨ ਲਈ ਤੁਹਾਨੂੰ ਬੀ.ਐਡ. ਦੀ ਡਿਗਰੀ ਹਾਸਲ ਕਰਨੀ ਪਵੇਗੀ... ਤੇ ਇਕ ਗੱਲ ਮਾਈਂਡ ਵਿਚ ਰੱਖਣੀ ਜ਼ਰੂਰੀ ਐ ਕਿ ਨਾਨ-ਇੰਗਲਿਸ਼ ਮੁਲਕਾਂ ਵਿਚੋਂ ਆਏ ਅਵਾਸੀਆਂ ਦਾ... ਅੰਗਰੇਜ਼ੀ ਦਾ ਉਚਾਰਨਅਅ.. ਯੂ ਨੋਅ! ਇਸ ਲਈ ਟੀਚਿੰਗ ਲਾਈਨ ਵਿਚ ਕਾਮਯਾਬ ਹੋਣ ਲਈ ਉਚਾਰਨ ਸੁਧਾਰਨਾ ਬਹੁਤ ਬਹੁਤ ਜ਼ਰੂਰੀ ਹੋਵੇਗਾ... ਨੰਬਰ ਦੋ: ਅਗਰ ਸਾਇੰਸ ਦਾ ਪਿਛੋਕੜ ਹੁੰਦਾ, ਤਾਂ ਹੋਰ ਬਥੇਰੇ ਰਸਤੇ ਸਨ... ਜੇ ਤੁਹਾਡੀ ਵਿਦਿਅਕ ਯੋਗਤਾ ਸਿਰਫ਼ ਹਾਈ ਸਕੂਲ ਹੀ ਹੁੰਦੀ, ਤਾਂ ਕਾਫ਼ੀ ਸਾਰੇ 'ਟਰੇਡਜ਼ ਵੱਲ ਵੀ ਜਾਇਆ ਜਾ ਸਕਦਾ ਸੀ... ਪਲੰਮਿੰਗ ਤੇ ਵੈਲਡਿੰਗ ਵਗੈਰਾ ਦੀ ਟ੍ਰੇਨਿੰਗ ਵੀ ਲਈ ਜਾ ਸਕਦੀ ਸੀ... ਪਰ ਇਹ ਸਭ ਕੁਝ ਤੁਹਾਨੂੰ 'ਕਮਿਊਨਿਟੀ ਕਾਲਜ' ਵਿਚ ਹੀ ਸਿੱਖਣਾ ਪੈਣਾ ਹੈ, ਤੇ ਕਮਿਊਨਿਟੀ ਕਾਲਜ ਦੀਆਂ ਫੀਸਾਂ... ਯੂ ਨੋ ਵ੍ਹਟ ਆਈ ਮੀਨ...।'

ਰੁਜ਼ਗਾਰ ਦਫ਼ਤਰ ਵਿਚੋਂ ਨਿਕਲ ਕੇ ਅਸੀਂ ਸੜਕ ਉਪਰ ਆਏ। ਮੈਂ ਇਕ ਦਮ ਰੁਕਿਆ, ਖੱਬੇ ਹੱਥ ਛਾਤੀ ਉਪਰਲੀ ਜੇਬ ਨੂੰ ਤੇ ਫਿਰ ਪੈਂਟਾਂ ਦੀਆਂ ਪਾਕਟਾਂ ਟਟੋਲਣ ਲੱਗਾ।

'ਕੀ ਲਭਦੇ ਓਂ?' ਸੁਖਸਾਗਰ ਬੋਲੀ।

ਮੈਂ ਸਾਗਰ ਨੂੰ ਕਿਹਾ, 'ਮੈਨੂੰ ਲਗਦੈ, ਜਿਵੇਂ ਰੁਜ਼ਗਾਰ ਦਫ਼ਤਰ ਵਿਚ ਆਪਾਂ ਕੁਛ ਭੁੱਲ ਆਏ ਹੋਈਏ!'

ਸੁਖਸਾਗਰ ਵਾਰੀ ਵਾਰੀ ਆਪਣੇ ਪਰਸ ਵੱਲੀਂ ਤੇ ਹੱਥ ਵਿਚ ਫੜੇ ਲਫ਼ਾਫ਼ੇ ਵੱਲੀਂ ਦੇਖਣ ਲੱਗੀ।

'ਆਪਾਂ ਆਹ ਡਿਗਰੀਆਂ ਈ ਲਿਆਏ ਸੀ ਘਰੋਂ, ਤੇ ਇਹ ਹੈਗੀਆਂ ਨੇ ਐਸ ਲਫ਼ਾਫ਼ੇ ਵਿਚ!'


'ਡਿਗਰੀਆਂ!' ਮੈਂ ਬੁੜਬੁੜਾਇਆ'- ਹਾਂ, ਹਾਂ ! ਸ਼ਾਇਦ ਡਿਗਰੀਆਂ!'

ਮੈਨੂੰ ਜਾਪਿਆ ਡਿਗਰੀਆਂ ਉਪਰਲੇ ਅੱਖਰ ਤੇ ਨੰਬਰ ਤਾਂ ਗੋਰੀ ਕੁੜੀ ਦੇ ਡੈਸਕ ਉਪਰ ਹੀ ਝੜ ਗਏ ਸਨ!

---

ਬੱਸ ਵਿਚ ਬੈਠਿਆਂ, 6 ਅਰਬਨਡੇਲ ਕੋਰਟ ਦਾ ਵੀਹ ਕੁ ਮਿੰਟ ਦਾ ਸਫ਼ਰ ਮੈਨੂੰ ਬਹੁਤ ਲਮਕ ਗਿਆ ਜਾਪਿਆ। ਖਿੜਕੀ ਤੋਂ ਬਾਹਰ ਦੌੜਦੀਆਂ ਕਾਰਾਂ, ਦਰਖਤਾਂ ਦੀ ਉਦਾਸੀ ਤੋਂ ਗਿਰ ਰਹੇ ਪੱਤਿਆਂ ਨੂੰ ਆਪਣੀ ਹਵਾ ਨਾਲ ਘੜੀਸਦੀਆਂ ਹੋਈਆਂ ਕਾਰਾਂ!

'ਹਰੇ ਕਚੂਰ ਪੱਤੇ ਜਦੋਂ ਆਪਣੇ ਦਰਖਤ ਨਾਲੋਂ ਟੁੱਟ ਕੇ ਧਰਤੀ ਉਪਰ ਡਿੱਗ ਪੈਂਦੇ ਹਨ, ਤਾਂ ਉਨ੍ਹਾਂ ਵਿਚ ਜਾਨ ਨਹੀਂ ਰਹਿੰਦੀ।' ਮੈਂ ਸੋਚਣ



ਬਾਪੂ ਕਰਨੈਲ ਸਿੰਘ ਪਾਰਸ

ਲੱਗਾ- 'ਸੁੱਕ ਜਾਂਦੇ ਨੇ ਇਹ, ਹਲਕੀ ਜਿਹੀ ਹਵਾ ਹੀ ਉਡਾ ਕੇ ਲੈ ਜਾਂਦੀ ਹੈ ਦਰਖਤ ਤੋਂ ਟੁੱਟੇ ਪੱਤਿਆਂ ਨੂੰ! ਤੇਜ਼ ਰਫ਼ਤਾਰ ਕਾਰਾਂ ਇਨ੍ਹਾਂ ਨੂੰ ਮਿੱਧ ਸੁੱਟਦੀਆਂ ਨੇ, ਫਿਰ ਹੌਲੀ ਹੌਲੀ ਇਹ ਮਿੱਟੀ ਬਣ ਜਾਂਦੇ ਨੇ।'

ਮੇਰੀਆਂ ਸੋਚਾਂ ਵਿਚ ਸਾਡੀਆਂ ਡਿਗਰੀਆਂ ਘੁੰਮ ਰਹੀਆਂ ਸਨ: ਅਪਣੀਆਂ ਜੜ੍ਹਾਂ ਤੋਂ ਬਹੁਤ ਦੂਰ ਆ ਡਿੱਗੀਆਂ ਡਿਗਰੀਆਂ! ਪਤਝੜ ਦੇ ਝੰਬੇ ਦਰਖ਼ਤਾਂ ਵਾਂਗ ਰੁੰਡ-ਮਰੁੰਡ ਜਿਨ੍ਹਾਂ ਉਪਰਲੇ ਹਰਫ਼ ਪਤਝੜ ਦੇ ਪੱਤਿਆਂ ਵਾਂਗ ਕਿਰ ਗਏ ਸਨ, ਤੇ ਹਵਾ ਨਾਲ ਧਰਤੀ ਉਤੇ ਇਧਰ ਉਧਰ ਘੜੀਸੇ ਜਾ ਰਹੇ ਸਨ, ਝੜੇ ਹੋਏ ਪੱਤਿਆਂ ਦੇ ਨਾਲ ਨਾਲ !

ਸੁਖਸਾਗਰ ਮੇਰੇ ਖੱਬੇ ਹੱਥ ਅੱਖਾਂ ਮੀਟੀ ਬੈਠੀ ਸੀ, ਸ਼ਾਇਦ ਰੁਜ਼ਗਾਰ ਦਫ਼ਤਰ ਵਿਚ ਟੱਕਰੀ ਗੁੰਗੀ ਪਤਝੜ ਨਾਲ ਬਹਿਸ ਰਹੀ ਹੋਵੇ !

## ਇਕਬਾਲ ਰਾਮੂਵਾਲੀਏ ਦੀਆਂ ਕੁਝ ਕਵਿਤਾਵਾਂ

### ਬੰਦੂਕ

ਤੁਹਾਡੇ ਮੈਗਜ਼ੀਨ 'ਚੋਂ
ਕਾਰਤੂਸ ਮੁੱਕ ਗਏ ਨੇ
ਤੇ ਦੂਰ ਦੂਰ ਤੀਕਰ
ਸਾਰੇ ਦੇ ਸਾਰੇ ਸਾਹ ਸੁੱਕ ਗਏ ਨੇ।

ਘੜੀ ਕੁ ਤੀਕਰ ਮੁੱਕ ਜਾਵੇਗੀ
ਮੇਰੀ ਦੇਹੀ 'ਚੋਂ ਵੀ
ਸਾਹਾਂ ਦੀ ਆਵਾਜਾਈ
ਤੁਸੀਂ ਹੁਣ ਆਪਣੀਆਂ
ਹਿੱਟ ਲਿਸਟਾਂ ਵਿਚਾਰੋ
ਤੇ ਮੈਨੂੰ
ਮਹਿਬੂਬ ਵੱਲ ਅਰੰਭਿਆ
ਖਤ ਪੂਰਾ ਕਰਨ ਦਿਓ।

### ਉਹ ਯੁੱਧ ਨਹੀਂ ਸੀ
*(ਸੁਰਿੰਦਰ ਧੰਜਲ ਦੇ ਨਾਂ)*

ਤਾਰੀਖ ਤਾਂ ਸ਼ਾਇਦ
ਉਸ ਨੂੰ ਵੀ ਯੁੱਧ ਹੀ ਕਹਿ ਦੇਵੇ
ਜੋ ਬੰਦਿਆਂ ਨੇ ਨਹੀਂ
ਪਰਛਾਵਿਆਂ ਨੇ ਲੜਿਆ ਹੈ
ਉਹ ਪਰਛਾਵੇਂ ਹੀ ਸਨ
ਜੋ ਬੀੜ ਦੇ ਫੈਲਾਅ ਨੂੰ ਸਾਂਭਣ ਲਈ
ਮੁੱਠੀਆਂ ਢੂੰਡਦੇ ਰਹੇ
ਤੇ ਵੇਦਾਂ ਦੀ ਡੂੰਘਾਈ ਸਾਂਭਣ ਲਈ
ਹੱਥਾਂ ਦੀਆਂ ਲਕੀਰਾਂ
ਉਹ ਪਰਛਾਵੇਂ ਹੀ ਸਨ।

ਉਹ ਪਰਛਾਵੇਂ ਹੀ ਸਨ
ਜਿਨ੍ਹਾਂ
ਗ੍ਰੰਥਾਂ ਦੇ ਵਰਕਿਆਂ ਦੀਆਂ
ਛੁਰੀਆਂ ਬਣਾ ਲਈਆਂ
ਬਾਣੀ ਦੇ ਅਰਥ ਛਿੱਲਣ ਲਈ
ਤੇ ਸਲੋਕਾਂ ਦੇ ਕੱਦ ਛਾਂਗਣ ਲਈ।
ਉਹ ਬੱਸ ਪਰਛਾਵੇਂ ਹੀ ਸਨ।

### ਇਕ ਨਦੀ

ਇਕ ਨਦੀ
ਹੁਣ ਖੂਨ ਦੀ ਵੀ ਵਗਦੀ ਹੈ
ਜਿਹਦੇ ਵਿਚ
ਮੰਦਿਰ ਦਾ ਕਲਸ ਵੀ ਡੁੱਬਿਆ ਹੈ
ਤੇ ਗੁਰਦੁਆਰੇ ਦਾ ਗੁੰਬਦ ਵੀ
ਸਿਰਫ ਕੁਰਸੀਆਂ ਤਰਦੀਆਂ ਨੇ
ਜਾਂ ਚੋਣ ਨਿਸ਼ਾਨਾਂ ਨਾਲ ਲਿਬੜੇ
ਕਾਗਜ਼ਾਂ ਦੀਆਂ ਕਿਸ਼ਤੀਆਂ।
ਉਹ ਯੁੱਧ ਨਹੀਂ ਸੀ
ਜੋ ਗ੍ਰੰਥਾਂ ਦੀਆਂ
ਜਿਲਦਾਂ ਨਾਲ ਲੜਿਆ ਗਿਆ
ਉਹ ਯੁੱਧ ਨਹੀਂ ਸੀ
ਜੋ ਸਾੜ੍ਹੀ ਦੀ
ਛਾਂ ਹੇਠ ਪਾਲਿਆ ਗਿਆ
ਉਹ ਯੁੱਧ ਨਹੀਂ ਸੀ
ਜੋ ਸੰਦੂਕੜੀਆਂ ਲਈ
ਚੋਗੇ ਦੇ ਤੌਰ 'ਤੇ ਖਿਲਾਰਿਆ ਗਿਆ
ਉਹ
ਜੋ ਯੁੱਧ ਦੀ ਤੌਹੀਨ ਸੀ, ਮਿੱਤਰੋ
ਤੇ ਹਥਿਆਰਾਂ ਦੀ ਬੇਅਦਬੀ
ਤਾਰੀਖ ਤਾਂ ਸ਼ਾਇਦ
ਉਸ ਨੂੰ ਵੀ ਯੁੱਧ ਹੀ ਕਹਿ ਦੇਵੇ।

### ਗੁਸਤਾਖ ਸੁਆਲ

ਆਓ
ਮਾਰਕਸੀ ਮੰਦਿਰ, ਲੈਨਿਨੀ ਮਸਜਿਦ
ਤੇ ਮਾਓ ਦੁਆਰੇ ਚੱਲੀਏ
ਤੇ ਮੈਨੀਫੈਸਟੋ ਦੇ ਗ੍ਰੰਥੀਆਂ ਨੂੰ
ਸੀਸ ਨਿਵਾਈਏ।

ਆਓ ਕਿ ਪਰੋਲੇਤਾਰੀ ਰਾਗੀਆਂ ਤੋਂ
ਕਾਮਰੇਡੀ ਜਨਮ ਸਾਖੀਆਂ ਦੀ
ਕਥਾ ਸੁਣ ਸੁਣ ਕੇ ਝੂੰਮੀਏ।

ਆਓ ਕਿ ਗੈਰ ਹਾਜ਼ਰ ਗਾਤਰਿਆਂ 'ਚੋਂ
ਹਥੌੜੇ ਧੂਹੀਏ
ਤੇ ਆਪਣੇ ਹੀ ਮੱਥਿਆਂ ਨੂੰ
ਠੀਕਰੀ ਠੀਕਰੀ ਕਰੀਏ।

ਆਓ ਕਿ ਲਾਲ ਝੰਡੇ ਵਿਚਲੀ
ਜੰਗਾਲ ਚੁਕੀ ਦਾਤੀ ਨਾਲ
ਹਰ ਹਿਲਦੇ ਜੁਲਦੇ ਸੁਆਲ ਨੂੰ
ਛਾਂਗ ਸੁੱਟੀਏ।

ਸੁਆਲ
ਬੜੇ ਹੀ ਗੁਸਤਾਖ ਹੋ ਗਏ ਨੇ
ਹੁਣ ਉਹ ਪੁੱਛਣ ਲੱਗ ਪਏ ਨੇ
ਕਿ ਦਾਤੀ ਹਥੌੜੇ ਦਾ ਮੁਹਾਂਦਰਾ
ਸਲੀਬ ਵਰਗਾ ਕਦੋਂ ਤੋਂ ਹੋ ਗਿਆ ਹੈ।
ਕਿ ਮਾਰਕਸ ਦੇ ਚਿਹਰੇ 'ਚ
ਈਸਾ ਕਿਉਂ ਉਭਰ ਆਇਆ ਹੈ।

ਸੁਆਲ
ਹੁਣ ਪੀਕਿੰਗ ਦੇ ਚੁਰਸਤਿਆਂ ਨੂੰ
ਪੁੱਛਦੇ ਨੇ
'ਲਾਲ ਕਿਤਾਬ' ਦੀਆਂ ਜਿਲਦਾਂ ਹੇਠਾਂ
ਦਰੜੇ ਗਏ ਵਿਦਿਆਰਥੀ
'ਲਾਲ ਕਿਤਾਬ' ਦੇ ਕਿਹੜੇ ਅਧਿਆਏ 'ਚ
ਦਫਨਾਏ ਜਾਣਗੇ।

ਸੁਆਲ
ਹੁਣ ਫੁੱਟਪਾਥਾਂ ਨੂੰ ਪੁੱਛਦੇ ਨੇ
ਕਿ ਰੇੜ੍ਹੀਆਂ, ਖੋਖਿਆਂ
ਤੇ ਰਿਕਸ਼ਿਆਂ ਸਮੇਤ
ਪੀਕਿੰਗ 'ਚ ਹਾਲੇ ਵੀ ਕਲਕੱਤਾ ਜੀਂਦਾ ਏ
ਕਿਹੜੀ ਅਫੀਮ ਦੇ ਆਸਰੇ।
ਸੁਆਲ ਬੜੇ ਹੀ ਗੁਸਤਾਖ ਹੋ ਗਏ ਨੇ
ਉਹ ਹਰ ਤਖਤ ਉਤੇ ਝੂਲਦੇ ਹਰ ਝੰਡੇ 'ਚ
ਨਹੁੰਦਰਾਂ ਪਛਾਣ ਲੈਂਦੇ ਨੇ।

ਉਹ ਪੁੱਛਦੇ ਨੇ
ਕਿ ਕੰਬੋਡੀਆ ਦੀਆਂ ਲਾਲ ਰਗਾਂ 'ਚ ਵੀ
ਈਦੀ ਅਮੀਨ ਤੇ ਖੁਮੈਨੀ ਦੇ ਭੂਤ
ਕਿਉਂ ਹਵਾਂਕਦੇ ਨੇ
ਕਿ ਵੀਅਤਨਾਮ ਦੇ ਸੁਰਖ ਜਾਂਘੀਏ ਉਤੇ
ਹੋ ਚੀ ਮਿਨ੍ਹ ਦੀਆਂ
ਚੀਖਾਂ ਕਿਉਂ ਰੀਂਗਦੀਆਂ ਨੇ।

ਇਸ ਲਈ ਆਓ
ਲੈਨਿਨੀ ਮਸਜਿਦਾਂ 'ਚ
ਕਾਮਰੇਡੀ ਨਮਾਜ਼ਾਂ ਪੜ੍ਹੀਏ
ਤੇ ਪਰੋਲੇਤਾਰੀ ਰਾਗੀਆਂ ਤੋਂ
ਕਾਮਰੇਡੀ ਜਨਮ ਸਾਖੀਆਂ ਦੀ
ਕਥਾ ਸੁਣ ਸੁਣ ਝੂੰਮੀਏ।

### ਲਾਸ਼ਾਂ

ਲਾਸ਼ਾਂ ਨਾਲ ਭਰਿਆ ਹੈ
ਹਰ ਕਾਲਮ ਖਬਰਾਂ ਦਾ।
ਥੋੜ੍ਹਾ ਹੀ ਫਰਕ ਹੁਣ ਤਾਂ
ਅਖਬਾਰ ਤੇ ਕਬਰਾਂ ਦਾ।

ਜੋ ਵਤਨ 'ਚ ਬਲਦੀ ਏ
ਮੇਰੀ ਕਲਮ ਨੂੰ ਤਲਦੀ ਏ।
ਜੜ ਵਿਚ ਜੇ ਜਗੇ ਜੁਗਨੂੰ
ਸਿਵਾ ਬਣ ਜਾਏ ਲਗਰਾਂ ਦਾ।

ਅਖਬਾਰ ਪੜ੍ਹਨ ਲਗਦੀ
ਐਨਕ ਵੀ ਸੜਨ ਲਗਦੀ।
ਖਬਰਾਂ ਵਿਚ ਵਾਹ ਪੈਂਦਾ
ਸਿਵਿਆਂ ਨਾਲ ਨਜ਼ਰਾਂ ਦਾ।

ਬਸ ਚੀਖ ਪੁਕਾਰਾਂ ਨੇ
ਜਾਂ ਚੁੱਪ ਦੀਵਾਰਾਂ ਨੇ।
ਨਗਰਾਂ ਵਾਂਗੂੰ ਵੱਸਣਾ
ਗੁੰਮ ਹੋਇਆ ਨਗਰਾਂ ਦਾ।

### ਘਰ

ਵੱਡੇ ਵੱਡੇ ਘਰਾਂ ਵਿਚ
ਨਿੱਕੇ ਨਿੱਕੇ ਲੋਕ ਨੇ।
ਬਤਖਾਂ ਦੇ ਆਂਡਿਆਂ 'ਚ
ਕੀੜੀਆਂ ਦੇ ਬੋਟ ਨੇ।

ਘਰਾਂ ਵਿਚ ਰਹਿੰਦੀਆਂ ਨੇ
ਮੂਰਤਾਂ ਸਜਾਵਟਾਂ।
ਬੇਅਰਾਮ ਸੋਫਿਆਂ 'ਤੇ
ਸੁੱਤੀਆਂ ਥਕਾਵਟਾਂ।
ਮਾਲਕੀ ਘਰਾਂ ਦੀ ਵਿਚੋਂ
ਮਾਲਕ ਅਲੋਪ ਨੇ।
ਬਤਖਾਂ ਦੇ ਆਂਡਿਆਂ 'ਚ
ਕੀੜੀਆਂ ਦੇ ਬੋਟ ਨੇ।

# ਪੰਜਾਬ ਦੇ ਪਿੰਡਾਂ-ਸ਼ਹਿਰਾਂ ਦੇ ਨਾਂਵਾਂ ਦਾ ਪਿਛੋਕੜ

**ਡੋਗਰ ਪਰਿਵਾਰ ਮੂਲ ਵਿਚ ਅੰਮ੍ਰਿਤਸਰ ਨੇੜਲੇ ਪਿੰਡ ਵੱਲਾ ਵੇਰਕਾ ਤੋਂ ਹੈ ਤੇ ਅੱਜ ਕਲ ਸਿਆਲਕੋਟ ਦੇ ਇਕ ਪਿੰਡ ਵਿਚ ਆਬਾਦ ਹੈ। ਮੁਸਤਫਾ ਡੋਗਰ ਹੁਣ ਇੰਗਲੈਂਡ ਦੇ ਮਾਨਚੈਸਟਰ ਸ਼ਹਿਰ ਦਾ ਵਾਸੀ ਹੈ ਤੇ ਤਵਾਰੀਖ ਵਿਚ ਉਸ ਦੀ ਡੂੰਘੀ ਦਿਲਚਸਪੀ ਹੈ। ਹਾਲਾਂਕਿ ਉਸ ਦਾ ਕਿੱਤਾ ਫਾਈਨੈਂਸ ਨਾਲ ਸਬੰਧਤ ਹੈ ਅਤੇ ਉਸ ਨੇ ਰਸਮੀ ਤੌਰ 'ਤੇ ਇਤਿਹਾਸ ਦੀ ਕੋਈ ਵੀ ਡਿਗਰੀ ਆਦਿ ਵੀ ਨਹੀਂ ਕੀਤੀ। ਉਂਜ ਉਸ ਦੀ ਪੰਜਾਬੀ ਸਭਿਆਚਾਰ ਉਤੇ ਬੜੀ ਪੀਡੀ ਪਕੜ ਹੈ, ਦੂਜੇ ਲਫਜ਼ਾਂ ਵਿਚ ਉਹ ਪੰਜਾਬ ਦੇ ਜ਼ੱਰੇ ਜ਼ੱਰੇ ਤੋਂ ਵਾਕਿਫ ਹੈ। ਪਿਛਲੇ ਲੇਖ ਵਿਚ ਉਸ ਨੇ ਅਣਵੰਡੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਲੋਕਾਂ ਦੀਆਂ ਜਾਤਾਂ-ਗੋਤਾਂ ਦਾ ਵੇਰਵਾ ਬੜੇ ਦਿਲਚਸਪ ਅੰਦਾਜ਼ ਵਿਚ ਆਖ ਸੁਣਾਇਆ ਸੀ। ਹਥਲੇ ਲੇਖ ਵਿਚ ਜਨਾਬ ਡੋਗਰ ਨੇ ਪੰਜਾਬ ਦੇ ਪਿੰਡਾਂ-ਸ਼ਹਿਰਾਂ ਦੇ ਨਾਂਵਾਂ ਦਾ ਪਿਛੋਕੜ ਤਲਾਸ਼ਣ ਦਾ ਯਤਨ ਕੀਤਾ ਹੈ। -ਸੰਪਾਦਕ**

ਪੰਜਾਬ ਦੇ ਹਜਾਰਾਂ ਪਿੰਡ-ਸ਼ਹਿਰ ਅਜਿਹੇ ਨੇ ਜਿਨ੍ਹਾਂ ਦੇ ਨਾਂ ਨਾਲ ਵਾਲਾ, ਵਾਲੇ, ਜਾਂ ਵਾਲ ਲਗਦਾ ਹੈ ਜਿਵੇਂ ਗੁਜਰਾਂਵਾਲਾ, ਬੁਰੇਵਾਲਾ, ਸਾਹੀਵਾਲ, ਨਾਰੋਵਾਲ, ਜਫਰਵਾਲ, ਚੂਚਕਵਾਲ, ਅੰਬਾਲਾ, ਪਟਿਆਲਾ, ਹਰੂਵਾਲ, ਹਰਚੋਵਾਲ, ਨਾਰੰਗਵਾਲ।

ਇਥੇ ਵਾਲਾ, ਵਾਲ, ਵਾਲੀ, ਵਾਲੇ ਥਾਂ ਹੈ ਭਾਵ ਆਮ ਨਾਉਂ ਤੇ ਫਿਰ ਉਸ ਦੇ ਨਾਲ ਖਾਸ ਨਾਉਂ (ਪਰਾਪਰ ਨਾਊਨ) ਲੱਗਾ ਹੈ ਕਿ ਕਿਹੜਾ ਵਾਲਾ ਜਾਂ ਵਾਲੀ। ਸੋ, ਤਰਤੀਬਵਾਰ ਖਾਸ ਨਾਉਂ ਹਨ-ਗੁੱਜਰ, ਬੁਰੇ, ਸਾਹੀ, ਜਫਰ, ਨਾਰੋ, ਚੂਚਕ, (ਮਾਂ) ਅੰਬਾ, ਪੱਟਾ, ਹਰੂ, ਹਰਚੋ, ਜਫਰ, ਚੂਚਕ, ਨਾਰੰਗ ਆਦਿ।



ਸਾਡੇ ਖਿਆਲ ਮੁਤਾਬਕ ਇਸ 'ਵਾਲਾ' ਲਫਜ਼ ਦੀ ਜੜ੍ਹ ਫਾਰਸੀ ਲਫਜ਼ 'ਦਾਰ' ਵਿਚ ਹੈ, ਜਿਵੇਂ ਖੁਸ਼ਬੂਦਾਰ, ਮਜੇਦਾਰ, ਹਵਾਦਾਰ, ਰੰਗਦਾਰ, ਸਰਦਾਰ। ਹਾਲਾਂਕਿ ਪੰਜਾਬ ਵਿਚ ਅਨੇਕਾਂ

**ਗੁਲਾਮ ਮੁਸਤਫਾ ਡੋਗਰ**
ਫੋਨ: 0044-7878132209
email: kotroy@hotmail.co.uk
**ਅਨੁਵਾਦ: ਅਹਿਸਾਨ ਬਾਜਵਾ**

ਅਲਫਾਜ਼ ਮੂਲ ਫਾਰਸੀ ਦੇ ਹੀ ਵਰਤੇ ਜਾਂਦੇ ਹਨ ਪਰ ਪੰਜਾਬੀ ਲਹਿਜੇ ਵਿਚ ਜਦੋਂ ਅਸੀਂ ਨਾਂ ਰਖਦੇ ਹਾਂ ਤਾਂ ਵਾਲਾ, ਵਾਲੀ, ਵਾਲ, ਵਾਲੇ ਲਾ ਲੈਨੇ ਆਂ। (ਮਜੇਵਾਲਾ, ਖੁਸ਼ਬੂ ਵਾਲਾ, ਹਵਾ ਵਾਲਾ, ਰੰਗਾਂ ਵਾਲਾ) ਜਿਥੇ ਲੋਧੀ ਆਏ ਤਾਂ ਸ਼ਹਿਰ ਬਣ ਗਿਆ ਲੋਧੀਆਣਾ, ਲੋਧੀ ਵਾਲਾ ਜਾਂ ਲੁਧਿਆਣਾ। ਭੱਟੀਆਂ ਦਾ ਇਲਾਕਾ ਕਹਾਉਂਦਾ ਸੀ, ਭਟਿਆਣਾ ਤੇ ਫਿਰ ਸ਼ਹਿਰ ਬਣਿਆ ਭੱਟੀਆਂ ਵਾਲਾ ਜਾਂ ਸਿਧਾ ਹੀ ਭਟਿੰਡਾ ਜਾਂ ਬਟਿੰਡਾ (ਬਠਿੰਡਾ)।

ਕੁਝ ਹੋਰ ਨਾਂਵਾਂ ਦੀ ਵੀ ਜੜ੍ਹ ਫੋਲ ਲਈਏ।

**ਅਟਾਰੀ:** ਸਾਡਾ ਖਿਆਲ ਹੈ ਕਿ ਹਿੰਦੁਸਤਾਨ-ਪਾਕਿਸਤਾਨ ਵਿਚ ਅਟਾਰੀ ਨਾਂ ਦੇ ਜੋ ਪਿੰਡ, ਥਾਂਵਾਂ ਆਉਂਦੀਆਂ ਹਨ, ਉਹਦਾ ਕਾਰਨ ਇਹ ਹੈ ਕਿ ਕਿਸੇ ਵੇਲੇ ਉਥੇ ਕੋਈ ਉਚੀ ਇਮਾਰਤ ਹੋਵੇਗੀ, ਜਿਸ 'ਤੇ ਚੁਬਾਰਾ ਰਿਹਾ ਹੋਵੇਗਾ। ਸੋ, ਅਮੀਰ ਚੁਬਾਰਾ ਹੀ ਅਟਾਰੀ ਕਹਾਉਂਦਾ ਸੀ। ਅਟਾਰੀ ਨਾਂ ਦੇ ਵੀ ਅਨੇਕਾਂ ਪਿੰਡ ਹਨ ਪੰਜਾਬ ਵਿਚ। ਇਥੋਂ ਤਕ ਕਿ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੇ ਕੁਝ ਪਿੰਡ ਅਟਾਰੀ ਨਾਂ ਦੇ ਹਨ ਪਰ ਉਥੇ ਉਨ੍ਹਾਂ ਨੂੰ ਅਟਰੀਆ ਕਿਹਾ ਜਾਂਦਾ ਹੈ।

**ਮਾੜੀ:** ਕਿਸੇ ਅਮੀਰ ਬੰਦੇ ਦੇ ਮਹਿਲ ਨੁਮਾ ਮਕਾਨ ਨੂੰ ਮਾੜੀ ਕਿਹਾ ਜਾਂਦਾ ਸੀ। ਅਜਿਹੀ ਰਿਹਾਇਸ਼ 'ਤੇ ਬਾਅਦ ਵਿਚ ਜੋ ਪਿੰਡ ਬਣਿਆ, ਉਹ ਮਾੜੀ ਕਹਾਇਆ। ਮਾੜੀ ਮੇਘਾ, ਮਾੜੀ ਪੰਨੂਆਂ। ਸੋ, ਇਥੇ ਮਾੜੀ ਨਾਉਂ ਹੈ ਤੇ ਮੇਘਾ ਜਾਂ ਪੰਨੂਆਂ ਖਾਸ ਨਾਉਂ ਹੈ। ਪਰ ਕਿਤੇ ਕਿਤੇ ਕਿਸੇ ਮਸ਼ਹੂਰ ਬੰਦੇ ਦੀ ਸਮਾਧ ਜਾਂ ਮੜ੍ਹੀ ਨੇੜੇ ਜੋ ਪਿੰਡ ਬੱਝਾ, ਉਹ ਮੜੀ ਕਹਾਇਆ ਜਿਵੇਂ ਸ਼ਹਿਰ ਜੰਮੂ ਲਾਗੇ ਮੜੀ ਕਸਬਾ ਹੈ। ਸੋ, ਮਾੜੀ ਤੇ ਮੜੀ ਵਖਰੇ ਵਖਰੇ ਹਨ।

**ਢੋਲ, ਢੋਲਾ ਜਾਂ ਢੋਲਨ:** ਪੰਜਾਬੀ ਵਿਚ ਮਾਹੀ, ਪ੍ਰੇਮੀ ਜਾਂ ਮਹਿਬੂਬ ਨੂੰ ਢੋਲਾ ਕਿਹਾ ਜਾਂਦਾ ਸੀ। (ਢੋਲ ਯਾਨਿ ਸਾਡੀ ਗਲੀ ਆਈ ਤੇਰੀ ਮਿਹਰਬਾਨੀ) ਇਹੋ ਕਾਰਨ ਹੈ, ਪੰਜਾਬ ਵਿਚ ਅਨੇਕਾਂ ਪਿੰਡਾਂ ਦੇ ਨਾਂਵਾਂ ਨਾਲ ਢੋਲ ਲਗਦਾ ਹੈ। ਜਿਵੇਂ ਅੰਮ੍ਰਿਤਸਰ ਜਿਲ੍ਹੇ ਦਾ ਪਿੰਡ ਗੋਲਾ ਢੋਲਾ। ਢੋਲਨ ਨਾਰੋਵਾਲ।

**ਬੱਸੀ:** ਇਸ ਲਫਜ਼ ਦਾ ਸਰੋਤ ਬਸਤੀ ਹੈ। ਬਸਤੀ ਲਫਜ਼ ਦਾ ਮੂਲ ਬਸਤ ਹੈ। ਬਸਤ ਲਫਜ਼ ਫਾਰਸੀ ਮੂਲ ਦਾ ਹੈ ਜਿਹਦਾ ਮਤਲਬ ਹੈ, ਆਬਾਦ ਹੋਣਾ। ਅੰਗਰੇਜ਼ੀ ਦਾ ਲਫਜ਼ ਹੈ, ਕਾਲੋਨੀ। ਬੱਸੀ ਸਿਕੰਦਰ ਖਾਂ, ਬੱਸੀ ਡੋਗਰਾਂ, ਬੱਸੀ ਗੋਜਰਾਂ, ਬੱਸੀ ਪਠਾਣਾਂ। ਇਥੇ ਬੱਸੀ ਆਮ ਨਾਉਂ ਹੈ ਤੇ ਬਾਕੀ ਖਾਸ ਨਾਉਂ ਹਨ। ਬਸਤ ਲਫਜ਼ ਫਾਰਸੀ ਦਾ ਹੈ ਜਿਹਦਾ ਮਤਲਬ 'ਆਬਾਦ ਹੋਣਾ' ਹੈ ਪਰ ਹਕੂਮਤ ਤਹਿਤ।

**ਢਿੱਲਮ/ਢਿੱਲਵਾਂ/ਕਾਹਲਵਾਂ:** ਇਸ ਨਾਂ ਦੇ ਪਿੰਡ ਜੱਟਾਂ ਦੀਆਂ ਗੋਤਾਂ ਤੋਂ ਹਨ। ਗੁਜਰਾਂਵਾਲੇ ਨਾਲ ਦਾ ਪਿੰਡ ਢਿੱਲਮ ਤੇ ਕਪੂਰਥਲੇ ਦਾ ਮਸ਼ਹੂਰ ਪਿੰਡ ਢਿੱਲਵਾਂ। ਸੋ, ਢਿੱਲੋਂ ਤੋਂ ਢਿੱਲਵਾਂ ਤੇ ਕਾਹਲੋਂ ਤੋਂ ਕਾਹਲਵਾਂ। ਇਸੇ ਤਰ੍ਹਾਂ ਜੱਟਾਂ ਤੇ ਖੱਤਰੀਆਂ ਦੀਆਂ ਕਈ ਹੋਰ ਗੋਤਾਂ 'ਤੇ ਵੀ ਪਿੰਡ ਸ਼ਹਿਰ ਆਬਾਦ ਹਨ ਜਿਵੇਂ ਲੁਧਿਆਣੇ ਦਾ ਖੰਨਾ, ਗੁਰਦਾਸਪੁਰ ਦਾ ਧਵਾਣ ਦਸੌਂਦਰ, ਜਲੰਧਰ ਦਾ ਸਰ੍ਹੀ ਸਰੀਨ ਗੋਤ ਤੋਂ, ਫਰੀਦਕੋਟ ਦਾ ਚੋਪੜਾ, ਜਲੰਧਰ ਦਾ ਰੰਧਾਵਾ ਮਸੰਦਾਂ। ਇਹ ਜਰੂਰੀ ਨਹੀਂ ਕਿ ਢਿੱਲਵਾਂ ਪਿੰਡ ਵਿਚ ਢਿੱਲੋਂ ਗੋਤ ਦੇ ਜੱਟ ਵਸਦੇ ਹੋਣ। ਤਵਾਰੀਖ ਵਿਚ ਅਕਸਰ ਹੁੰਦਾ ਵੇਖੀਦਾ ਹੈ ਕਿ ਲੋਕਾਂ ਕੋਲੋਂ ਮਾਮਲਾ ਨਾ ਦਿੱਤਾ ਗਿਆ ਤਾਂ ਪਿੰਡ ਛੱਡ ਕੇ ਦੌੜ ਗਏ ਜਾਂ ਕੋਈ ਦੁਸ਼ਮਣੀ ਆਦਿ ਕਰਕੇ ਪਿੰਡ ਛੱਡਣਾ ਪੈ ਗਿਆ। ਪਰ ਉਥੇ ਆਬਾਦੀ ਕਾਇਮ ਰਹਿੰਦੀ ਸੀ ਤੇ ਹੋਰ ਲੋਕ ਆ ਵਸਦੇ ਸਨ। ਬਾਕੀ ਦੀਆਂ ਬਰਾਦਰੀਆਂ ਅਮੂਮਨ ਉਥੇ ਹੀ ਆਬਾਦ ਰਹਿੰਦੀਆਂ ਸਨ, ਪਿੰਡ ਬਚਿਆ ਰਹਿੰਦਾ ਸੀ ਤੇ ਕੋਈ ਹੋਰ ਕਾਸ਼ਤਕਾਰ ਆ ਵਸਦੇ ਸਨ। ਪਿੰਡ ਦਾ ਨਾਂ ਪਹਿਲਾਂ ਵਾਲਾ ਹੀ ਰਹਿੰਦਾ ਸੀ।

**ਹਿਸਾਰ:** ਇਹ ਤੁਰਕੀ ਜ਼ਬਾਨ ਦਾ ਲਫਜ਼ ਹੈ ਜਿਹਦਾ ਮਤਲਬ ਹੈ, ਘੇਰਾ ਜਾਂ ਵਲਗਣ ਜਾਂ ਕਿਲਾ। ਭਾਰਤੀ ਹਰਿਆਣੇ ਵਾਲੇ ਹਿਸਾਰ ਤੋਂ ਇਲਾਵਾ ਪਾਕਿਸਤਾਨ ਦੇ ਪਖਤੂਨਵਾ ਵਿਚ ਵੀ ਹਿਸਾਰ ਨਾਂ ਦੇ ਕਸਬੇ ਆਉਂਦੇ ਹਨ, ਜਿਵੇਂ ਕਿਲਾ ਬਾਲਾ (ਉਚਾ) ਹਿਸਾਰ, ਕਿਲਾ ਹਿਸਾਰ ਜੀਰੀ (ਨੀਵਾਂ)।

**ਥੇਹ ਤੇ ਥੇੜ੍ਹੀ:** ਉਚੇ ਥੇਹ 'ਤੇ ਆਬਾਦ ਹੋਣ ਵਾਲੇ ਪਿੰਡਾਂ ਦੇ ਨਾਂਵਾਂ ਦੇ ਨਾਲ ਵੀ ਥੇਹ ਆਉਂਦਾ ਹੈ। ਥੇਹ ਜਾਂ ਉਚੀ ਥਾਂ 'ਤੇ ਪਿੰਡ ਨੂੰ ਇਸ ਕਰਕੇ ਆਬਾਦ ਕੀਤਾ ਜਾਂਦਾ ਸੀ ਕਿ ਹੜ੍ਹਾਂ ਤੋਂ ਬਚਿਆ ਰਹੇ। ਜੇ ਥੇਹ 'ਤੇ ਛੋਟਾ ਪਿੰਡ ਆਬਾਦ ਹੋਇਆ ਜਾਂ ਥੇਹ ਛੋਟਾ ਜਿਹਾ ਸੀ ਤਾਂ ਪਿੰਡ ਦੇ ਨਾਂ ਨਾਲ ਥੇੜ੍ਹੀ ਲਗਦਾ। ਥੇਹ ਦਾ ਨਿਮਾਣਾ ਭਾਵ




ਡਿਮਿਨਿਊਟਿਵ ਨਾਊਨ (ਜਿਵੇਂ ਪਿੰਡ ਅਤੇ ਪਿੰਡੀ ਜਾਂ ਪੰਡੋਰੀ)। ਪਸਰੂਰ ਲਾਗੇ ਮੇਰੇ ਪਿੰਡ ਦੇ ਕੋਲ ਹੀ ਪਿੰਡ ਹੈ, ਥੇਹ ਪੰਨਵਾਂ ਜਿਥੋਂ ਦੇ ਗਿੱਲ ਜੱਟ ਅੱਜ ਕਲ ਸੁਣੀਂਦਾ ਹੈ, ਦਸੂਹਾ ਮੁਕੇਰੀਆਂ ਜਾ ਕੇ ਆਬਾਦ ਹਨ। ਗੁਜਰਾਂਵਾਲਾ ਲਾਗਲੇ ਪਿੰਡ ਹਨ-ਥੇੜ੍ਹੀ ਸਾਂਸੀਆਂ ਤੇ ਥੇੜ੍ਹੀ ਗਿੱਲਾਂ। ਬੁੱਢਾ ਥੇਹ, ਅੰਮ੍ਰਿਤਸਰ।

ਕਈ ਪਿੰਡਾਂ ਦੇ ਨਾਂ ਰਾਹ ਤੋਂ ਵੀ ਰੱਖੇ ਗਏ। ਜੇ ਦੋ ਮੁਖ ਰਾਹਾਂ 'ਤੇ ਹੋਵੇ ਤਾਂ ਦੋਰਾਹਾ (ਲੁਧਿਆਣਾ ਜਿਲ੍ਹਾ), ਸਤਰਾਹ (ਸਿਆਲਕੋਟ) ਜਿਥੇ ਸੱਤ ਵੱਖ ਵੱਖ ਸ਼ਹਿਰਾਂ ਦੇ ਰਾਹ ਇਕ ਦੂਸਰੇ ਨੂੰ ਮਿਲਦੇ ਹਨ: ਗੁਜਰਾਂਵਾਲਾ, ਡਸਕਾ, ਸਿਆਲਕੋਟ, ਪਸਰੂਰ, ਨਾਰੋਵਾਲ, ਸੌੜੀਆਂ (ਅਜਨਾਲੇ ਲਾਗੇ ਲਗਭਗ ਖਤਮ ਹੋ ਚੁਕਾ ਸ਼ਹਿਰ), ਨਾਰੰਗ ਮੰਡੀ (ਲਾਹੌਰ ਵਲ) ਸਤਰਾਹ ਸੰਧੂ ਜੱਟਾਂ ਦਾ ਕੇਂਦਰ ਸੀ, ਇਨ੍ਹਾਂ ਦੇ ਵਡੇਰੇ ਕਾਲਾ ਪੀਰ ਦੀ ਜਗ੍ਹਾ ਵੀ ਇਥੇ ਹੀ ਬਣੀ ਹੋਈ ਹੈ।

**ਸੁਹਾਵਾ:** ਜਿਵੇਂ ਰੰਗਾਂ ਦੇ ਨਾਂ 'ਤੇ ਲੋਕਾਂ ਦੇ ਨਾਂ ਆਮ ਸਨ, ਕੁਦਰਤੀ ਹੈ ਕਿ ਪਿੰਡਾਂ ਦੇ ਨਾਂ ਵੀ ਰੰਗਾਂ ਦੇ ਨਾਂ ਹੇਠ ਆ ਜਾਣਗੇ। ਸੂਹਾ ਰੰਗ ਮਤਲਬ ਗੂੜ੍ਹਾ ਲਾਲ ਸੁਰਖ। ਸੋ ਫਿਰ ਸੂਹੇ ਵਾਲਾ ਜਿਹੜਾ ਪਿੰਡ ਬਣਿਆ ਉਹਦਾ ਨਾਂ ਹੋ ਗਿਆ, ਸੁਹਾਵਾ। ਸੁਹਾਵਾ, ਅੰਮ੍ਰਿਤਸਰ। ਸੁਹਾਵੀਆਂ ਸਰੰਗੀਆਂ ਨੇੜੇ ਪਸਰੂਰ, ਸਿਆਲਕੋਟ। ਹੈਰਾਨੀ ਦੀ ਗੱਲ ਇਹ ਹੈ ਕਿ ਸੁਹਾਵੇ ਨਾਂ ਦੇ ਪਿੰਡ ਸ਼ਹਿਰ ਨਿਰਾ ਪੰਜਾਬ ਹੀ ਨਹੀਂ, ਪੂਰੇ ਉਤਰੀ ਭਾਰਤ ਵਿਚ ਮਿਲਦੇ ਹਨ। ਕਾਲੇ ਤੋਂ ਬਹੁਤ ਪਿੰਡ ਹਨ। ਕਾਲਾ (ਅਫਗਾਨਾ) ਗੁਰਦਾਸਪੁਰ ਦਾ ਮਸ਼ਹੂਰ ਪਿੰਡ ਹੈ। ਬੂਰੇ ਰੰਗ ਵਾਲੇ ਬੰਦੇ ਜਾਂ ਜਨਾਨੀਆਂ ਦੇ ਨਾਂ 'ਤੇ ਬੱਝੇ ਪਿੰਡ ਹਨ-ਕੱਕੀ, ਕੱਕੇ, ਕੱਕੇਕੇ। ਇਸ ਨਾਂ ਦੇ ਅਨੇਕਾਂ ਪਿੰਡ ਨੇ।

**ਚਵਿੰਡਾ:** ਇਸ ਨਾਂ ਦੇ ਵੀ ਕਈ ਪਿੰਡ ਤੇ ਸ਼ਹਿਰ ਦੋਹਾਂ ਪੰਜਾਬਾਂ ਵਿਚ ਮਿਲਦੇ ਹਨ। ਵਜ੍ਹਾ ਹੈ ਕਿ ਪੁਰਾਣੇ ਜਮਾਨੇ ਵਿਚ ਹਿੰਦੂ ਲੋਕ ਚਮੁੰਡਾ ਜਾਂ ਚਵਿੰਡਾ ਨਾਂ ਦੀ ਦੇਵੀ ਦੀ ਪੂਜਾ ਕਰਦੇ ਸਨ। ਇਸ ਦੇਵੀ ਦੇ ਜਿਥੇ ਜਿਥੇ ਮਸ਼ਹੂਰ ਮੰਦਿਰ ਬਣ ਗਏ ਤੇ ਉਸ ਉਪਰੰਤ ਜੋ ਬਸਤੀ ਬਣੀ, ਉਹ ਚਵਿੰਡਾ ਹੀ ਕਹਾਈ। ਚਵਿੰਡਾ, ਸਿਆਲਕੋਟ; ਚਵਿੰਡਾ, ਲਾਹੌਰ; ਚਵਿੰਡਾ ਦੇਵੀ, ਅੰਮ੍ਰਿਤਸਰ; ਚਵਿੰਡਾ ਖੇਮਕਰਨ, ਅੰਮ੍ਰਿਤਸਰ; ਚਵਿੰਡਾ ਖੁਰਦ ਤੇ ਕਲਾਂ, ਅਜਨਾਲੇ ਲਾਗੇ, ਅੰਮ੍ਰਿਤਸਰ ਅਤੇ ਚਵਿੰਡਾ, ਜਲੰਧਰ।

**ਬੰਨ:** ਇਹ ਫਾਰਸੀ ਲਫਜ਼ ਬੰਦ ਤੋਂ ਨਿਕਲਿਆ ਹੈ ਜਿਹਦਾ ਮਤਲਬ ਹੈ, ਰੁਕਾਵਟ। ਖੇਤਾਂ ਦੀ ਹੱਦਬੰਦੀ ਵਾਲਾ ਬੰਨਾ ਵੀ ਇਸ ਤੋਂ ਬਣਿਆ। ਘਰਾਂ ਦੀ ਬੰਨੀ ਤੇ ਬਨੇਰਾ ਵੀ ਇਸੇ ਤੋਂ ਹੀ ਨਿਕਲਦੇ ਹਨ। ਤਹਿਸੀਲ ਪਸਰੂਰ ਵਿਚ ਇਕ ਪਿੰਡ ਹੈ, ਬੰਨ ਬਾਜਵਾ। ਮੰਨਿਆ ਜਾਂਦਾ ਹੈ ਕਿ ਬਾਜਵਾ ਜੱਟਾਂ ਦਾ ਇਹ ਪੱਛਮ ਵਲ ਆਖਰੀ ਪਿੰਡ ਹੈ। ਸਿਆਲਕੋਟ ਇਲਾਕੇ ਵਿਚ ਬਾਜਵਿਆਂ ਦੇ ਕਰੀਬ ਸੌ ਪਿੰਡ ਹਨ। ਇਹ ਆਖਰੀ ਪਿੰਡ ਹੋਣ ਕਰਕੇ ਬੰਨ ਕਹਾਇਆ।

**ਅੱਟਕ:** ਜਿਵੇਂ ਆਪਾਂ ਜਾਣਦੇ ਹਾਂ ਕਿ ਹਿੰਦੁਸਤਾਨ 'ਤੇ ਬਹੁਤੇ ਹਮਲੇ ਪੱਛਮ ਵਲੋਂ ਹੀ ਹੋਏ ਹਨ। ਹਮਲਾਵਰ ਜਦੋਂ ਇਸ ਉਪ ਮਹਾਂਦੀਪ ਵਿਚ ਦਾਖਲ ਹੁੰਦਾ ਸੀ ਤਾਂ ਉਸ ਵਾਸਤੇ ਪਹਿਲੀ ਰੁਕਾਵਟ ਪੈਂਦੀ ਸੀ, ਦਰਿਆ ਸਿੰਧ। ਇਹੋ ਕਾਰਨ ਹੈ ਇਸ ਇਲਾਕੇ ਵਿਚ ਦਰਿਆ ਸਿੰਧ ਦਾ ਨਾਂ ਅਟਕ ਪੈ ਗਿਆ। ਅੱਟਕ ਮਤਲਬ ਰੁਕਾਵਟ। ਇਸ 'ਤੇ ਫਿਰ ਜੋ ਸ਼ਹਿਰ ਆਬਾਦ ਹੋਇਆ, ਉਹ ਵੀ ਅੱਟਕ ਨਾਮ ਨਾਲ ਹੀ ਮਸ਼ਹੂਰ ਹੋਇਆ।

**ਕੱਸੀਆਂ:** ਪਿਛੇ ਜਿਹੇ ਮੈਨੂੰ ਚੜ੍ਹਦੇ ਪੰਜਾਬ ਤੋਂ ਇਕ ਸਿੱਖ ਦਾ ਫੋਨ ਆਇਆ ਕਿ ਸਾਡੇ ਪਿੰਡ ਦਾ ਨਾਂ ਕੱਸੀਆਂ ਹੈ, ਇਹਦਾ ਕੀ ਮਤਲਬ ਹੋਇਆ? ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ ਕਿਉਂਕਿ ਕੱਸੀਆਂ ਲਫਜ਼ ਤਾਂ ਪੋਠੋਹਾਰ ਇਲਾਕੇ ਦਾ ਹੈ। ਉਥੇ ਛੋਟੀ ਨਦੀ ਨੂੰ ਕੱਸੀ ਆਖਦੇ ਨੇ। ਉਧਰ ਪਿੰਡਾਂ ਦੇ ਨਾਂ ਵੀ ਕੱਸੀਆਂ 'ਤੇ ਹਨ। ਜਿਵੇਂ ਕੱਸੀਆਂ ਖੈਬਰ ਪਖਤੂਨਵਾ, ਕੱਸੀਆਂ ਐਬਟਾਬਾਦ, ਕੱਸੀਆਂ ਮੁਜ਼ੱਫਰਾਬਾਦ। ਸੋ, ਮੈਂ ਉਸ ਸਿੱਖ ਭਰਾ ਨੂੰ ਕਿਹਾ, ਭਾਈ ਤੁਹਾਡਾ ਪਿੰਡ ਕਿਸੇ ਪੋਠੋਹਾਰੀ ਬੰਦੇ ਨੇ ਆਬਾਦ ਕੀਤਾ ਸੀ।

**ਮਾਜਰਾ:** ਜਮੀਨ ਕਾਸ਼ਤ ਕਰਨ ਦੇ ਦੋ ਤਰੀਕੇ ਸਨ-ਖੁਦ ਕਾਸ਼ਤ ਤੇ ਮਜਰੂਹਾ ਕਾਸ਼ਤ। ਜਿਥੇ ਮਜਾਰੇ ਕਾਸ਼ਤ ਕਰਦੇ ਸਨ, ਉਹ ਮਜਰੂਹਾ ਕਹਾਉਂਦੀ ਸੀ। ਸੋ, ਮਜਰੂਹਾ ਤੋਂ ਵਿਗੜ ਕੇ ਬਣ ਗਿਆ, ਮਾਜਰਾ। ਜਿਥੇ ਜਮੀਨਾਂ ਦੇ ਮਾਲਕ ਵਿਹਲੇ ਸਨ, ਜੋ ਇਕ ਵਪਾਰੀ ਕੌਮ ਹੁੰਦੀ ਸੀ। ਉਹ ਅਮੂਮਨ ਮਜਾਰਿਆਂ ਰਾਹੀਂ ਖੇਤੀ ਕਰਵਾਉਂਦੇ ਸਨ। ਮਜਾਰੇ ਅਮੂਮਨ ਪੈਲੀਆਂ ਵਿਚ ਹੀ ਛੰਨਾਂ ਜਾਂ ਘਰ ਬਣਾ ਲੈਂਦੇ ਸਨ। ਵਕਤ ਪਾ ਕੇ ਪਿੰਡ ਬੱਝ ਜਾਂਦਾ ਸੀ ਤੇ ਕਈ ਕਾਰਨਾਂ ਕਰਕੇ ਉਹੋ ਮੁਜਾਰੇ ਹੀ ਫਿਰ ਮਾਲਕ ਵੀ ਬਣ ਜਾਂਦੇ ਸਨ। ਸੋ, ਮਜਾਰਿਆਂ ਦਾ ਡੇਰਾ ਜੋ ਬਾਅਦ ਵਿਚ ਪਿੰਡ ਦੀ ਸ਼ਕਲ ਅਖਤਿਆਰ ਕਰ ਗਿਆ, ਉਹ ਮਾਜਰਾ ਕਹਾਇਆ। ਇਸ ਨਾਂ 'ਤੇ ਪੂਰੇ ਪਾਕਿਸਤਾਨ ਤੇ




ਉਤਰੀ ਭਾਰਤ ਵਿਚ ਕਈ ਪਿੰਡ ਤੇ ਸ਼ਹਿਰ ਹਨ। ਇਸ ਦੀ ਮਿਸਾਲ ਦੇਣ ਦੀ ਸ਼ਾਇਦ ਜਰੂਰਤ ਹੀ ਨਹੀਂ। ਬੰਗਾ, ਜਿਲ੍ਹਾ ਜਲੰਧਰ (ਅੱਜ ਕਲ ਨਵਾਂ ਸ਼ਹਿਰ) ਲਾਗੇ ਪਿੰਡ ਪੈਂਦੇ ਹਨ ਜਿਨ੍ਹਾਂ ਦੇ ਨਾਂ ਅਜੇ ਵੀ ਸਾਫ ਤੌਰ 'ਤੇ ਮਜਾਰਿਆਂ ਵਾਲੇ ਹਨ-ਭਰੋ ਮਜਾਰਾ, ਲਾਲੋ ਮਜਾਰਾ, ਟੁੱਟੋ ਮਜਾਰਾ। ਇਸੇ ਤਰ੍ਹਾਂ ਹਨ-ਮਜਾਰਾ ਮੁਹਾਲੀ, ਮਜਾਰਾ ਅਨੰਦਪੁਰ ਲਾਗੇ, ਮਨੀ ਮਾਜਰਾ।

ਠੱਠਾ ਪੰਜਾਬੀ ਲਫਜ਼ ਠੱਠ ਤੋਂ ਨਿਕਲਿਆ ਹੈ, ਜਿਹਦਾ ਮਤਲਬ ਕਿਸੇ ਜਗ੍ਹਾ ਲੋਕਾਂ ਦਾ ਹਜੂਮ ਜਾਂ ਇਕੱਠ। ਜੇ ਕਿਤੇ ਕਿਸੇ ਕਾਰਨ ਲੋਕ ਅਕਸਮਾਤ ਹੀ ਕਿਤੇ ਆ ਬਹਿਣ ਤਾਂ ਉਸ ਆਬਾਦੀ ਨੂੰ ਠੱਠਾ ਜਾਂ ਠੱਟਾ ਕਹਿ ਦਿੱਤਾ ਜਾਂਦਾ ਸੀ। ਇਹੋ ਕਾਰਨ ਹੈ ਕਿ ਪੰਜਾਬ ਵਿਚ ਅਨੇਕਾਂ ਪਿੰਡ ਇਸ ਨਾਂ ਤੋਂ ਹੈਨ, ਜਿਵੇਂ ਪਿੰਡ ਤੋਂ ਪੰਡੋਰੀ ਤੇ ਕੋਟ ਤੋਂ ਕੋਟਲੀ। ਇਸੇ ਤਰ੍ਹਾਂ ਠੱਠੇ ਤੋਂ ਠੱਠੀ ਬਣ ਜਾਂਦੀ ਹੈ। ਹਿੰਦੂ ਧਰਮ ਦੇ ਜਾਤ ਵੰਡ ਅਸੂਲ ਮੁਤਾਬਕ ਅਛੂਤ ਲੋਕਾਂ ਨੂੰ ਪਿੰਡਾਂ ਵਿਚ ਨਹੀਂ ਸੀ ਰਹਿਣ ਦਿੱਤਾ ਜਾਂਦਾ, ਇਸ ਕਰਕੇ ਉਨ੍ਹਾਂ ਦੀ ਪਿੰਡੋਂ ਬਾਹਰ ਜੋ ਆਬਾਦੀ ਹੁੰਦੀ ਸੀ, ਉਹਨੂੰ ਅਮੂਮਨ ਠੱਠੀ ਕਹਿ ਦਿੱਤਾ ਜਾਂਦਾ ਸੀ।

**ਕਿਸੇ ਘਟਨਾ ਜਾਂ ਵਾਕਿਆ ਦੇ ਨਾਂ 'ਤੇ ਆਬਾਦ ਹੋਏ ਪਿੰਡ:** ਮਿਸਾਲ ਦੇ ਤੌਰ 'ਤੇ ਪਿੰਡ ਹੈ, ਦਾਤੀ ਵਾਲਾ ਖੂਹ ਜਿਸ ਬਾਬਤ ਕਹਾਣੀ ਮਸ਼ਹੂਰ ਹੈ ਕਿ ਇਕ ਜੱਟ ਨੇ ਦਾਤਰੀ ਖਰੀਦਣ ਵਾਸਤੇ ਬਾਣੀਏ ਕੋਲੋਂ ਕਰਜਾ ਲਿਆ ਪਰ ਮੋੜ ਨਾ ਸਕਿਆ। ਵਿਆਜ 'ਤੇ ਵਿਆਜ ਪੈਂਦਾ ਰਿਹਾ ਅਤੇ ਅਖੀਰ ਖੂਹ ਸਮੇਤ ਜਮੀਨ ਕੁਰਕ ਹੋ ਗਈ। ਖੂਹ 'ਤੇ ਆਬਾਦੀ ਸੀ, ਜਿਸ ਦਾ ਨਾਂ ਫਿਰ ਦਾਤੀ ਵਾਲਾ ਖੂਹ ਮਸ਼ਹੂਰ ਹੋ ਗਿਆ, ਜੋ ਵਕਤ ਪਾ ਕੇ ਪਿੰਡ ਦਾ ਰੂਪ ਧਾਰਨ ਕਰ ਗਈ।

**ਬਾਹਰਲੇ ਮੁਲਕਾਂ ਦੇ ਸ਼ਹਿਰਾਂ ਦੇ ਨਾਂਵਾਂ 'ਤੇ ਪਿੰਡ-ਸ਼ਹਿਰ:** ਭਾਰਤੀ ਉਪ ਮਹਾਂਦੀਪ ਦੀ ਬਹੁਤ ਜਮੀਨ ਬੇਆਬਾਦ ਸੀ ਜਿਸ ਕਰਕੇ ਬਾਹਰੋਂ ਲੋਕ ਆ ਆ ਕੇ ਇਥੇ ਵੱਸੇ। ਪਹਿਲਾਂ ਪਹਿਲ ਇਥੇ ਆਰੀਆ ਲੋਕ ਆਏ। ਫਿਰ ਪਹਾੜ ਤੇ ਪੱਛਮ ਤੋਂ ਤਾਂ ਲਗਾਤਾਰ ਇਥੇ ਹਿਜਰਤ ਹੁੰਦੀ ਹੀ ਰਹੀ। ਕਿਤੇ ਕਿਤੇ ਤਾਂ ਲੋਕਾਂ ਨੇ ਆਪਣੇ ਪਿਛਲੇ ਸ਼ਹਿਰ ਇਲਾਕੇ ਦੇ ਨਾਂ 'ਤੇ ਹੀ ਪਿੰਡ ਵਸਾ ਦਿਤੇ। ਕੁਝ ਇਕ ਮਿਸਾਲਾਂ ਹਨ:

**ਕਾਲਾ ਖਤਾਈ:** ਕਾਰਾ ਤੁਰਕੀ ਜ਼ਬਾਨ ਦਾ ਲਫਜ਼ ਹੈ, ਕਾਰਾ ਜਿਸ ਤੋਂ ਵਿਗੜ ਕੇ ਬਣ ਗਿਆ, ਕਾਲਾ। ਲਾਹੌਰ ਤੋਂ ਨਾਰੋਵਾਲ ਨੂੰ ਜਾਓ ਤਾਂ ਪਹਿਲਾ ਸਟੇਸ਼ਨ ਹੈ, ਸ੍ਰੀ ਰਾਮ ਚੰਦ ਤੇ ਅਗਲਾ ਸਟੇਸ਼ਨ ਹੈ, ਕਾਲਾ ਖਤਾਈ। ਸ਼ਾਇਦ ਹੀ ਪਾਠਕਾਂ ਨੂੰ ਅਹਿਸਾਸ ਹੋਵੇਗਾ ਕਿ ਕਾਲਾ ਖਤਾਈ ਦੇ ਨਾਂ 'ਤੇ ਕਿਸੇ ਵੇਲੇ ਉਤਰ ਪੱਛਮ ਵਿਚ ਇਕ ਬਹੁਤ ਵੱਡੀ ਸਲਤਨਤ ਹੁੰਦੀ ਸੀ, ਐਡੀ ਵੱਡੀ ਕਿ ਅੱਜ ਦੇ 5-6 ਵੱਡੇ ਮੁਲਕ ਉਸ ਦਾ ਹਿੱਸਾ ਸਨ। ਉਸ ਵਿਚ ਸ਼ਾਮਲ ਸਨ-ਉਜ਼ਬੇਕਿਸਤਾਨ, ਤੁਰਕਮੇਨਿਸਤਾਨ, ਕਜ਼ਾਕਿਸਤਾਨ ਤੇ ਰੂਸ ਅਤੇ ਚੀਨ ਦੇ ਵੀ ਕੁਝ ਇਲਾਕੇ। ਇਹ ਸਲਤਨਤ 1124 ਈ. ਤੋਂ ਲੈ ਕੇ ਸਾਲ 1218 ਤਕ ਕਾਇਮ ਰਹੀ। ਇਸ ਦਾ ਨਾਂ ਸੀ, ਕਾਰਾ ਖੈਟਾਨ। ਇਹ ਮੂਲ ਰੂਪ ਵਿਚ ਮੰਗੋਲ ਤੁਰਕ ਸਨ। ਅੱਜ ਵੀ ਤੁਰਕ ਲੋਕ ਕਾਲੇ ਨੂੰ ਕਾਰਾ ਹੀ ਕਹਿੰਦੇ ਹਨ। ਸੋ, ਇਹ ਪਿੰਡ ਉਸੇ ਸਲਤਨਤ ਦੇ ਨਾਂ 'ਤੇ ਹੀ ਪਿਆ। ਇਸ ਨਾਂ ਤੋਂ ਜ਼ਾਹਰ ਹੈ ਕਿ ਹਿੰਦੁਸਤਾਨ ਵਿਚ ਕਿੱਥੋਂ ਕਿੱਥੋਂ ਲੋਕ ਆ ਕੇ ਵੱਸੇ। ਇਸ ਸਲਤਨਤ ਨੂੰ ਖੈਤਾਨ ਤੋਂ ਖਤਾਈ ਨਾਂ ਮੁਸਲਮਾਨ ਇਤਿਹਾਸਕਾਰਾਂ ਨੇ ਦਿੱਤਾ ਸੀ, ਯਾਨਿ ਖੈਤਾਈ ਵਾਲੇ ਲੋਕ।

ਇਸੇ ਤਰ੍ਹਾਂ ਸਾਡੇ ਇਕ ਸਿੱਖ ਦੋਸਤ ਨੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਿਹੜੀ ਜੱਟਾਂ ਵਿਚ ਛੀਨਾ ਗੋਤ ਹੈ, ਉਹ ਅਸਲ ਵਿਚ ਚੀਨੀ ਲੋਕ ਹਨ ਜੋ 2000 ਸਾਲ ਪਹਿਲਾਂ ਚੀਨ ਤੋਂ ਆਏ। ਸੋ, ਹੋ ਸਕਦਾ ਹੈ ਜੋ ਖੈਤਾਨ ਲੋਕ ਆਏ, ਉਨ੍ਹਾਂ ਦੇ ਨਾਂ 'ਤੇ ਹੀ ਪਿੰਡ ਬੱਝਾ ਜੋ ਅੱਜ ਸ਼ਹਿਰ ਦਾ ਰੂਪ ਧਾਰ ਚੁਕਾ ਹੈ।

**ਗੋਤਾ:** ਗੋਤਾ ਸਿਰਾਜ ਨਾਰੋਵਾਲ ਨੇੜਲਾ ਪਿੰਡ ਹੈ। ਸੀਰੀਆ ਵਿਚ ਇਕ ਸ਼ਹਿਰ ਗੋਤਾ ਹੈ ਤੇ ਹੋ ਸਕਦਾ ਹੈ ਕਿ ਉਥੋਂ ਕੋਈ ਸ਼ਖਸ ਆਇਆ ਹੋਵੇ ਤੇ ਉਹਦੇ ਕਰਕੇ ਜਿਹੜਾ ਪਿੰਡ ਵਸਿਆ, ਗੋਤਾ ਕਹਾਇਆ। ਸੋ, ਸਾਮ ਸੀਰੀਆਂ ਤੋਂ ਕੋਈ ਸਿਰਾਜ ਨਾਂ ਦਾ ਬੰਦਾ ਉਠ ਕੇ ਆਇਆ ਹੋਵੇਗਾ ਤੇ ਜਿਹਨੇ ਪਿੰਡ ਬੰਨ੍ਹਿਆ, ਗੋਤਾ ਸਿਰਾਜ।

**ਸਿਰਫ ਏਨਾ ਹੀ ਨਹੀਂ, ਪੰਜਾਬ ਵਾਲੀਆਂ ਅਨੇਕਾਂ ਜਾਤਾਂ ਬਰਾਦਰੀਆਂ ਸਿੰਧ ਵਿਚ ਵੀ ਵਸਦੀਆਂ ਹਨ। ਜੇ ਤੁਸੀਂ ਗੌਰ ਕਰੋਗੇ ਤਾਂ ਪਤਾ ਲੱਗੇਗਾ ਕਿ ਇਹ ਤਾਂ ਪੰਜਾਬੀ ਲੋਕ ਹੀ ਹਨ। ਜਿਵੇਂ ਇਕ ਸਾਡੀ ਗੋਤ ਹੈ, ਸਮਰਾ ਜਾਂ ਸੁਮਰਾ ਅਤੇ ਸਿੰਧ ਵਿਚ ਇਹੋ ਲੋਕ ਸੁਮਰੋ ਕਹਾਉਂਦੇ ਨੇ। ਜੁਨੇਜਾ ਸਿੰਧ ਵਿਚ ਜੁਨੇਜੋ ਹੋ ਜਾਂਦਾ ਹੈ ਤੇ ਭੁਟਾ ਹੋ ਜਾਂਦਾ ਹੈ ਭੁੱਟੋ। ਭੁੱਟੋ ਨੂੰ ਤਾਂ ਸਾਰੇ ਜਾਣਦੇ ਹੀ ਹਾਂ-ਜੁਲਫਕਾਰ ਭੁੱਟੋ ਤੇ ਬੇਨਜ਼ੀਰ ਭੁੱਟੋ। ਮੁਹੰਮਦ ਖਾਂ ਜੁਨੇਜੋ ਵੀ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਰਿਹਾ ਹੈ। ਮੀਆਂ ਮੁਹੰਮਦ ਬਖਸ਼ ਸੁਮਰੋ ਪਾਕਿਸਤਾਨ ਦਾ ਵੱਡਾ ਵਜੀਰ ਰਿਹਾ ਹੈ।**

**ਖੀਵਾ ਜਾਂ ਖੀਵੀ ਜਾਂ ਖੀਵਾਂ:** ਉਜ਼ਬੇਕਿਸਤਾਨ ਵਿਚ ਇਕ ਬਹੁਤ ਹੀ ਮਸ਼ਹੂਰ ਤੇ ਤਜਾਰਤੀ ਸ਼ਹਿਰ ਹੈ ਜੋ ਤਵਾਰੀਖ ਵਿਚ ਵਾਧੂ ਮਸ਼ਹੂਰ ਸੀ। ਜਿਵੇਂ ਬਲਖ ਬੁਖਾਰਾ ਨਾਂਵ ਆਉਂਦੇ ਹਨ। ਹੋਰ ਤਾਂ ਹੋਰ ਲੋਕਾਂ ਆਪਣੇ ਬੱਚਿਆਂ ਦੇ ਨਾਂ ਵੀ ਉਹਦੇ 'ਤੇ ਰੱਖਣੇ ਸ਼ੁਰੂ ਕਰ ਦਿੱਤੇ ਜੋ ਅੱਜ ਤਕ ਜਾਰੀ ਹਨ। ਖੀਵਾ ਅਮੀਰ ਤਜਾਰਤੀ ਸ਼ਹਿਰ ਹੋਣ ਕਰਕੇ ਸਾਡੇ ਹਿੰਦੁਸਤਾਨੀਆਂ ਲਈ ਇਹ ਖੁਸ਼ੀ ਜਾਂ ਅਮੀਰੀ ਦਾ ਚਿੰਨ/ਪ੍ਰਤੀਕ ਬਣ ਗਿਆ। ਬੰਦੇ ਦਾ ਨਾਂ ਖੀਵਾ ਤੇ ਜਨਾਨੀ ਹੋ ਗਈ, ਖੀਵਾਂ। ਜਿਵੇਂ ਜਿਉਣਾ ਤੇ ਜੀਵਾਂ। ਤੇ ਇਧਰ ਤਾਂ ਪਿੰਡਾਂ ਥਾਂਵਾਂ ਦੇ ਨਾਂ ਵੀ ਖੀਵਾ ਪੈਣੇ ਸ਼ੁਰੂ ਹੋ ਗਏ। ਮਿਰਜੇ ਜੱਟ ਦੇ ਪਿੰਡ ਦਾ ਨਾਂ ਖੀਵਾ ਹੈ। ਇਸੇ ਤਰ੍ਹਾਂ

(ਅਗਲੇ ਸਫੇ 'ਤੇ ਜਾਰੀ)

ਖੁਰਾਸਾਨ ਤੋਂ ਪਰਤੇ ਵਪਾਰੀ ਖੁਰਾਨੇ ਅਖਵਾਏ। ਸੋ, ਜੇ ਗਹੁ ਨਾਲ ਵਾਚੀਏ ਤਾਂ ਇਹ ਨਾਂ ਸਾਡੀ ਤਵਾਰੀਖ ਵੱਲ ਵੀ ਇਸ਼ਾਰਾ ਕਰ ਰਹੇ ਹੁੰਦੇ ਨੇ।

**ਬੂਬਕ:** ਨਾਰੋਵਾਲ ਦੇ ਲਾਗੇ ਕੁਝ ਪਿੰਡ ਹਨ, ਜਿਨ੍ਹਾਂ ਨੂੰ ਬੂਬਕਾਂ ਕਿਹਾ ਜਾਂਦਾ ਹੈ, ਮਤਲਬ ਬੂਬਕ ਦਾ ਬਹੁਵਚਨ। ਬੂਬਕ ਲਫਜ਼ ਵਿਚ ਬਾਬਕ ਦਾ ਵਿਗਾੜ ਹੈ। ਬਾਬਕ ਨਾਂ ਦਾ ਮੁਗਲ ਦਰਬਾਰ ਵਿਚ ਅਹੁਦਾ ਹੁੰਦਾ ਸੀ। ਸੋ, ਬਾਬਕ ਅਫਸਰ ਨੇ ਜੋ ਪਿੰਡ ਵਸਾਇਆ, ਉਹ ਬਾਬਕ ਤੋਂ ਬੂਬਕ ਬਣ ਗਿਆ। ਪਾਕਿਸਤਾਨ ਦਾ ਇਕ ਵਜੀਰ ਅੱਜ ਵੀ ਆਪਣੇ ਨਾਂ ਨਾਲ ਬਾਬਕ ਲਿਖਦਾ ਹੈ। ਗੁਜਰਾਤ ਦੀ ਜੂਨਾਗੜ੍ਹ ਰਿਆਸਤ ਦੇ ਜੋ ਯੂਸਫਜ਼ਾਈ ਪਠਾਣ ਹੁਕਮਰਾਨ ਸਨ, ਉਹ ਵੀ ਕਿਸੇ ਵੇਲੇ ਮੁਗਲ ਦਰਬਾਰ ਵਿਚ ਬਾਬਕ ਸਨ। ਪਰ ਗੁਜਰਾਤੀ ਲੋਕਾਂ ਦੀ ਬੋਲਚਾਲ ਵਿਚ ਬਾਬਕ ਬਾਬੀ ਬਣ ਗਏ ਜਿਵੇਂ ਅਸਾਂ ਪੰਜਾਬੀਆਂ ਨੇ ਬਾਬਕ ਦਾ ਬੂਬਕ ਬਣਾ ਦਿੱਤਾ। ਫਿਲਮ ਇੰਡਸਟਰੀ ਦੀ ਮਸ਼ਹੂਰ ਹੀਰੋਇਨ ਪਰਵੀਨ ਬਾਬੀ ਅਸਲ ਵਿਚ ਪਰਵੀਨ ਬਾਬਕ ਹੀ ਸੀ।

**ਮੜ੍ਹ ਜਾਂ ਮੜ੍ਹੀ:** ਜਿਵੇਂ ਸਾਡੇ ਦਫਨਾਉਣ 'ਤੇ ਕਬਰ ਬਣਦੀ ਹੈ, ਉਸੇ ਤਰ੍ਹਾਂ ਹਿੰਦੂ ਦੀ ਲਾਸ਼ ਨੂੰ ਸਾੜਨ ਬਾਅਦ ਜੋ ਯਾਦਗਾਰੀ ਥਾਂ ਬਣਾਇਆ ਜਾਂਦਾ ਹੈ, ਉਸ ਨੂੰ ਮੜ੍ਹ ਜਾਂ ਮੜ੍ਹੀ ਕਹਿੰਦੇ ਹਨ। ਫਿਰ ਉਥੇ ਬਸਤੀ ਬਣ ਜਾਂਦੀ ਯਾਨਿ ਮੜ੍ਹ ਮਾਂਗਾ ਬਾਜਵਾ ਪਸਰੂਰ; ਮੜ੍ਹ ਬਲੋਚਾਂ ਫੈਸਲਾਬਾਦ। ਜਿਵੇਂ ਮੜ੍ਹੀ ਮਹਾਰਾਜਾ ਰਣਜੀਤ ਸਿੰਘ, ਮੜ੍ਹੀ ਕਰਤਾਰਪੁਰ ਜਲੰਧਰ, ਗੁੱਗਾ ਮੜ੍ਹੀ ਖਰੜ।

**ਓਠੀਆਂ:** ਕਰਮ ਸਿੰਘ ਸੰਧੂ ਸ਼ੁਕਰਚੱਕੀਆ ਮਿਸਲ ਦਾ ਮਸ਼ਹੂਰ ਜਥੇਦਾਰ ਸੀ। ਉਹਦਾ ਪਿੰਡ ਓਠੀਆਂ ਸਿਆਲਕੋਟ ਦੀ ਤਹਿਸੀਲ ਡਸਕਾ ਵਿਚ ਹੈ। ਇਸ ਪਿੰਡ ਵਿਚ ਅੱਜ ਵੀ ਮੁਸਲਮਾਨਾਂ ਦੀ ਗੋਤ ਓਠੀ ਹੈ, ਜਿੱਥੋਂ ਦੇ ਵਸਨੀਕ ਉਠਾਂ ਵਾਲੇ ਸਨ। ਉਠ ਵਾਲਿਆਂ ਤੋਂ ਓਠੀਆਂ ਕਹਾਏ। ਕਿਤੇ ਕਿਤੇ ਓਠੀਆਂ ਤੋਂ ਬਣ ਗਿਆ, ਹੋਠੀਆਂ। ਇਸ ਨਾਂ ਦੇ ਵੀ ਕਈ ਪਿੰਡ ਦੋਹਾਂ ਪੰਜਾਬਾਂ ਵਿਚ ਆਬਾਦ ਨੇ। ਓਠੀਆਂ ਅਜਨਾਲਾ, ਓਠੀਆਂ ਬਟਾਲਾ। ਖੈਰ, ਮੈਨੂੰ ਇਹ ਨਹੀਂ ਪਤਾ ਕਿ ਚੜ੍ਹਦੇ ਪੰਜਾਬ ਦੇ ਓਠੀਆਂ ਪਿੰਡਾਂ ਦੇ ਲੋਕ ਸੰਧੂ ਹਨ ਜਾਂ ਕੋਈ ਹੋਰ ਗੋਤ। ਮੈਨੂੰ ਲਗਦਾ ਹੈ ਕਿ ਅਠਵਾਲ ਤੇ ਅਟਵਾਲ ਗੋਤ ਵੀ ਉਠਾਂ ਵਾਲੇ ਲਫਜ਼ ਨਾਲ ਹੀ ਸਬੰਧਤ ਹਨ।

**ਟਿੱਬਾ ਟਿਬੀ:** ਉਚੀ ਥਾਂ 'ਤੇ ਆਬਾਦ ਵੱਡੀ ਬਸਤੀ ਬਣ ਜਾਂਦੀ-ਟਿੱਬਾ ਤੇ ਜੇ ਟਿੱਬਾ ਰਕਬਾ 'ਚ ਜਰਾ ਛੋਟਾ ਹੋਵੇ ਤਾਂ ਟਿੱਬੀ। ਲਾਹੌਰ ਦਾ ਟਿੱਬੀ ਇਲਾਕਾ ਤੇ ਮਸ਼ਹੂਰ ਠਾਣਾ ਟਿੱਬੀ।

**ਬਹਿਕ:** ਬਹਿਣ ਜਾਂ ਬਹਿਣੀ ਤੋਂ ਬਹਿਕ। ਜੇ ਕਿਸੇ ਕਿਸਾਨ ਦੀ ਜਮੀਨ ਪਿੰਡ ਤੋਂ ਹਟਵੀਂ ਹੁੰਦੀ ਸੀ ਤਾਂ ਉਹ ਵਾਢੀਆਂ ਮੌਕੇ ਆਪਣਾ ਆਰਜੀ ਘਰ ਹੀ ਖੇਤਾਂ ਵਿਚ ਲੈ ਜਾਂਦੇ ਸਨ। ਉਸ ਡੇਰੇ ਨੂੰ ਪੰਜਾਬ ਦੇ ਕੁਝ ਇਲਾਕਿਆਂ ਵਿਚ ਬਹਿਕ ਕਿਹਾ ਜਾਂਦਾ ਹੈ। ਬਹਿਕ ਗੁਜਰਾਂ, ਫਿਰੋਜ਼ਪੁਰ।

ਦਰੱਖਤਾਂ ਦੇ ਨਾਂ 'ਤੇ ਅਮੂਮਨ ਪਿੰਡਾਂ ਦੇ ਨਾਂ ਮਿਲਦੇ ਹਨ-ਪਿਪਲੀ, ਅੰਬਵਾਲੀ, ਪਿੱਪਲਾਂ, ਜੰਡ, ਟਾਹਲੀ, ਸ਼ਰੀਂਹ, ਕਿੱਕਰ ਆਦਿ। ਪੱਛਮੀ ਪੰਜਾਬ ਦੇ ਜ਼ਿਲਾ ਮੀਆਂਵਾਲੀ ਵਿਚ ਸ਼ਹਿਰ ਹੈ, ਪਿੱਪਲਾਂ। ਖੂਹ ਦੇ ਨਾਂ 'ਤੇ ਵੀ ਬਹੁਤ ਪਿੰਡ ਆਬਾਦ ਹਨ-ਚਿੱਟੀ ਖੂਹੀ, ਲਾਲ ਖੂਹ, ਕਰਮੀ ਵਾਲੀ ਖੂਹੀ। ਪੌੜੀਆਂ ਵਾਲੇ ਖੂਹ ਲਾਗੇ ਜੇ ਪਿੰਡ ਬੱਝ ਗਿਆ ਤਾਂ ਉਹ ਬਉਲੀ ਨਾਂ ਤੋਂ ਹੀ ਮਸ਼ਹੂਰ ਹੋਇਆ। ਬਉਲੀ ਆਸਾ ਸਿੰਘ (ਸਿਆਲਕੋਟ), ਬਉਲੀ ਇੰਦਰਜੀਤ (ਬਟਾਲਾ)।

**ਕੁਝ ਸਿੰਧ ਦੇ ਹਵਾਲੇ ਨਾਲ ਵੀ:** ਪਿਛੇ ਅਸੀਂ 'ਕੋਟ' ਨਾਂ ਦੇ ਸ਼ਹਿਰਾਂ-ਪਿੰਡਾਂ ਬਾਰੇ ਦਸ ਆਏ ਹਾਂ। ਇਸ ਦੇ ਨਾਲ ਹੀ ਦਸਣਾ ਬਣਦਾ ਹੈ ਕਿ ਸਿੰਧ ਵਿਚ ਤਾਂ ਬਹੁਤੇ ਪਿੰਡਾਂ ਨੂੰ ਗੋਠ ਹੀ ਕਿਹਾ ਜਾਂਦਾ ਹੈ। ਸਾਡੇ ਅੰਦਾਜ਼ੇ ਮੁਤਾਬਕ ਇਹ ਵੀ ਕੋਟ ਦਾ ਹੀ ਵਿਗਾੜ ਹੈ। ਸਿੰਧੀ ਤੇ ਪੰਜਾਬੀ ਬਹੁਤ ਕੁਝ ਮਿਲਦੀ ਜੁਲਦੀ ਹੀ ਹੈ। ਫਿਰ ਸਿੰਧ ਵਿਚ ਜਾਓ ਤੇ ਉਥੇ ਬਹੁਤ ਸਾਰੇ ਪਿੰਡਾਂ-ਸ਼ਹਿਰਾਂ ਦੇ ਨਾਂ ਨਾਲ ਟਾਂਡੋ ਲਗਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਹ ਵੀ ਪੰਜਾਬੀ ਦੇ ਲਫਜ਼ ਟਾਂਡੇ ਤੋਂ ਹੀ ਵਿਗੜਿਆ ਹੈ। ਸਿੰਧੀ ਦੇ ਬੋਲਣ ਲਹਿਜੇ ਵਿਚ ਅਮੂਮਨ ਕੰਨੇ ਦੀ ਥਾਂ ਹੋੜਾ ਲਾ ਦਿੰਦੇ ਨੇ, ਇਸ ਕਰਕੇ ਟਾਂਡਾ ਬਣ ਜਾਂਦਾ ਹੈ, ਟਾਂਡੋ।

ਸਿਰਫ ਏਨਾ ਹੀ ਨਹੀਂ, ਪੰਜਾਬ ਵਾਲੀਆਂ ਅਨੇਕਾਂ ਜਾਤਾਂ ਬਰਾਦਰੀਆਂ ਸਿੰਧ ਵਿਚ ਵੀ ਵਸਦੀਆਂ ਹਨ। ਜੇ ਤੁਸੀਂ ਗੌਰ ਕਰੋਗੇ ਤਾਂ ਪਤਾ ਲੱਗੇਗਾ ਕਿ ਇਹ ਤਾਂ ਪੰਜਾਬੀ ਲੋਕ ਹੀ ਹਨ। ਜਿਵੇਂ ਇਕ ਸਾਡੀ ਗੋਤ ਹੈ, ਸਮਰਾ ਜਾਂ ਸੁਮਰਾ ਅਤੇ ਸਿੰਧ ਵਿਚ ਇਹੋ ਲੋਕ ਸੂਮਰੋ ਕਹਾਉਂਦੇ ਨੇ। ਜੁਨੇਜਾ ਸਿੰਧ ਵਿਚ ਜੁਨੇਜੋ ਹੋ ਜਾਂਦਾ ਹੈ ਤੇ ਭੁਟਾ ਹੋ ਜਾਂਦਾ ਹੈ ਭੁੱਟੋ। ਭੁੱਟੋ ਨੂੰ ਤਾਂ ਸਾਰੇ ਜਾਣਦੇ ਹੀ ਹਾਂ-ਜੁਲਫਕਾਰ ਭੁੱਟੋ ਤੇ ਬੇਨਜ਼ੀਰ ਭੁੱਟੋ। ਮੁਹੰਮਦ ਖਾਂ ਜੁਨੇਜੋ ਵੀ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਰਿਹਾ ਹੈ। ਮੀਆਂ ਮੁਹੰਮਦ ਬਖਸ਼ ਸੂਮਰੋ ਪਾਕਿਸਤਾਨ ਦਾ ਵੱਡਾ ਵਜ਼ੀਰ ਰਿਹਾ ਹੈ। ਇਹ ਮਿਸਾਲਾਂ ਤਾਂ ਸਿੰਧ ਦੇ ਮਸ਼ਹੂਰ ਸਿਆਸਤਦਾਨਾਂ ਦੀਆਂ ਹੀ ਹਨ, ਜੇ ਬਾਕੀ ਦੀਆਂ ਗੋਤਾਂ 'ਤੇ ਖੋਜ ਕਰੋਗੇ ਤਾਂ ਅਨੇਕਾਂ ਪੰਜਾਬ ਨਾਲ ਆ ਜੁੜਨੀਆਂ ਨੇ।

**ਜਾਨਵਰਾਂ ਦੇ ਨਾਂਵਾਂ 'ਤੇ:** ਕਾਂਵਾਂਵਾਲੀ, ਬੋਤੇ, ਕੁੱਕੜਾਂਵਾਲੀ, ਕੁੱਤਿਆਂਵਾਲੀ, ਭਾਗੀ ਬਾਂਦਰ।

**ਮੱਤਾ:** ਪੁਰਾਣੀ ਪੰਜਾਬੀ ਵਿਚ ਮਸਤ ਹੋਏ ਨੂੰ ਮੱਤਾ ਕਿਹਾ ਜਾਂਦਾ ਸੀ। ਇਹ ਅਮੂਮਨ ਨਾਂਗੇ ਸਾਧੂਆਂ ਬਾਰੇ ਲਫਜ਼ ਵਰਤਿਆ ਜਾਂਦਾ ਸੀ ਜੋ ਅਕਸਰ ਨਸ਼ੇ ਵਾਲੀਆਂ ਚੀਜਾਂ ਦਾ ਸੇਵਨ ਕਰਕੇ ਸਮਾਜ ਦੇ ਅਸੂਲਾਂ ਨੂੰ ਤੋੜਦਿਆਂ ਮਸਤੀ ਦੇ ਆਲਮ ਵਿਚ ਵਿਖਾਵਾ ਕਰਦੇ ਸਨ। ਅੰਦਾਜ਼ਾ ਹੈ ਕਿ ਇਨ੍ਹਾਂ ਦੇ ਡੇਰਿਆਂ ਦੇ ਨੇੜੇ ਜੋ ਪਿੰਡ ਵੱਸੇ, ਉਹ ਮੱਤਾ ਕਹਾਏ। ਮੱਤੇ ਦੇ ਨਾਂ 'ਤੇ ਅਨੇਕਾਂ ਪਿੰਡ ਥਾਂਵਾਂ ਹਨ। ਕਈ ਖਿਆਲਾਂ ਮੁਤਾਬਿਕ ਮੱਤਾ, ਮੱਤ ਭਾਵ ਅਕਲ ਤੋਂ ਲਿਆ ਜਾਂਦਾ ਹੈ। ਸਿਆਣੇ ਬੰਦਿਆਂ ਨੂੰ ਮੱਤਾ ਕਿਹਾ ਜਾਂਦਾ ਸੀ: ਮੱਤਵਾਲਾ, ਮੱਤੜ।

**ਨਾਂਵਾਂ ਦਾ ਵਿਗਾੜ:** ਸਾਡੇ ਨਿਰੋਲ ਪੇਂਡੂ ਲਹਿਜੇ ਵਿਚ ਕਈ ਥਾਂਈਂ ਲੋਕੀਂ 'ਜ' ਵਾਲਾ ਉਚਾਰਨ ਬੋਲਣ ਤੋਂ ਪ੍ਰਹੇਜ਼ ਕਰਦੇ ਹਨ, ਇਹੋ ਕਾਰਨ ਹੈ ਕਿ ਪੇਂਡੂ ਜ਼ੁੱਫਰਵਾਲ ਨੂੰ ਡੱਫਰਵਾਲ ਤੇ ਮੁਜੱਫਰਪੁਰ ਨੂੰ ਮਡੱਫਰਪੁਰ ਬੋਲਦੇ ਹਨ। ਅਨੇਕਾਂ ਨਾਂ ਹੋਰ ਵੀ ਹੋਣਗੇ ਜਿਨ੍ਹਾਂ ਦਾ ਵਿਗੜਿਆ ਹੋਇਆ ਰੂਪ ਹੀ ਸਾਡੇ ਤਕ ਪਹੁੰਚਿਆ ਹੈ।

ਸਿਆਲਕੋਟ ਜ਼ਿਲ੍ਹੇ ਵਿਚ ਹੀ ਪਿੰਡ ਹੈ, ਅਰਕੀ ਤੇ ਨਾਲ ਹੀ ਪਿੰਡ ਸ਼ਜ਼ਾਦਾ ਹੈ। ਹੁਣ ਜੇ ਤੁਸੀਂ ਤਵਾਰੀਖ ਵੇਖੋ ਤਾਂ ਪਤਾ ਲਗਦਾ ਹੈ ਕਿ ਤੁਗਲਕ ਖਾਨਦਾਨ ਦਾ ਇਕ ਸ਼ਹਿਜ਼ਾਦਾ ਸੀ, ਅਰਕਲੀ। ਸੋ, ਹੋ ਸਕਦਾ ਹੈ ਅਰਕੀ ਅਰਕਲੀ ਤੋਂ ਹੋਵੇ। ਸ਼ਜ਼ਾਦਾ ਤਾਂ ਸਾਫ ਤੌਰ 'ਤੇ ਸ਼ਹਿਜ਼ਾਦੇ ਤੋਂ ਹੀ ਹੈ।

**ਡੋਗਰਾਇ:** ਇਸ ਨਾਂ ਤੋਂ ਅਨੇਕਾਂ ਪਿੰਡ ਹਨ। ਖੋਜ ਕਰਨ 'ਤੇ ਪਤਾ ਲਗਦਾ ਹੈ ਕਿ ਇਹ ਡੋਗਰੇ ਲੋਕਾਂ ਦੇ ਵਸਾਏ ਹੋਏ ਪਿੰਡ ਹਨ ਜੋ ਡੁੱਗਰ ਤੋਂ ਉਠ ਕੇ ਆਏ। 1965 ਦੀ ਜੰਗ ਮੌਕੇ ਦੋ ਖਾਸ ਪਿੰਡਾਂ ਦਾ ਰੇਡੀਓ 'ਤੇ ਬੜਾ ਜ਼ਿਕਰ ਆਇਆ ਕਰਦਾ ਸੀ। ਡੋਗਰਾਇ ਕਲਾਂ ਤੇ ਡੋਗਰਾਇ ਖੁਰਦ ਜੋ ਲਾਹੌਰ ਲਾਗਲੇ ਦੋ ਪਿੰਡ ਹਨ। ਡੋਗਰਾਇ 'ਤੇ ਕਦੀ ਭਾਰਤੀ ਫੌਜ ਦਾ ਕਬਜਾ ਹੋ ਜਾਂਦਾ ਤੇ ਕਦੀ ਪਾਕਿਸਤਾਨੀ ਫੌਜ ਦਾ। ਇਸ ਤਰ੍ਹਾਂ ਹੀ ਦੋ ਪਿੰਡ ਸਿਆਲਕੋਟ ਸ਼ਹਿਰ ਦੇ ਕੋਲ ਹਨ। ਅੱਜ ਸਿਆਲਕੋਟ ਦਾ ਜਿਥੇ ਸਿਵਲ ਹਸਪਤਾਲ ਹੈ, ਉਥੇ ਕਿਸੇ ਵੇਲੇ 12 ਬਰਾਦਰੀਆਂ ਦੇ ਵਖਰੇ ਵੱਖਰੇ ਖੂਹ ਹੁੰਦੇ ਸਨ। ਇਨ੍ਹਾਂ ਵਿਚ ਇਕ ਖੂਹ ਹੈ, ਚਾ ਡੋਗਰਿਆਂ। ਇਹ ਸਾਰੇ ਜੰਮੂ ਦੇ ਡੋਗਰੇ ਸਨ, ਜਿਨ੍ਹਾਂ ਆ ਪਿੰਡ ਵਸਾਏ।

**ਹੁਸ਼ਿਆਰਪੁਰ:** ਚੜ੍ਹਦੇ ਪੰਜਾਬ ਦਾ ਮਸ਼ਹੂਰ ਜਿਲ੍ਹਾ ਹੈ। ਹੁਸ਼ਿਆਰ ਅਰਬੀ ਜ਼ਬਾਨ ਦਾ ਲਫਜ਼ ਹੈ। ਕੁਝ ਹੀ ਅਰਸਾ ਪਹਿਲਾਂ ਇਰਾਕ ਦਾ ਇਕ ਮਸ਼ਹੂਰ ਵਜ਼ੀਰ ਸੀ, ਹੁਸ਼ਿਆਰ ਜ਼ਿਬਾਰੀ। ਇਹਦਾ ਮਤਲਬ ਇਹ ਕਿ ਸ਼ਹਿਰ ਕਿਸੇ ਮੁਸਲਮਾਨ ਦਾ ਹੀ ਵਸਾਇਆ ਹੋਇਆ ਹੈ।

**ਤਲਵਾੜਾ:** ਇਹ ਵੀ ਬਿਲਕੁਲ ਉਸੇ ਤਰ੍ਹਾਂ ਲਫਜ਼ ਬਣਿਆ ਜਿਵੇਂ ਤਲਵੰਡੀ। 'ਤਲ' ਅਸਲ ਵਿਚ ਉਤਲ ਦਾ ਛੋਟਾ ਰੂਪ ਹੈ। ਫਿਰੋਜ਼ਪੁਰ ਤੇ ਕਸੂਰ ਵਿਚ ਹਾਲੇ ਵੀ ਬਹੁਤ ਪਿੰਡ ਹਨ ਜੋ ਉਤਾਰ ਤੇ ਹਥਾੜ ਮਤਲਬ ਇਕ ਦਰਿਆ ਉਤਲੇ ਪਾਸੇ ਤੇ ਹੇਠਲੇ ਪਾਸੇ। ਬਿਲਕੁਲ ਇਸੇ ਤਰ੍ਹਾਂ ਹੀ ਫਿਰ ਤਲਵਾੜਾ ਤੇ ਤਲਵੰਡੀ ਬਣਦੇ ਹਨ। ਤਲਵਾੜਾ ਅਸਲ ਵਿਚ ਲਫਜ਼ ਉਤਲਵਾਲਾ ਸੀ, ਜੋ ਦੋ ਲਫਜ਼ਾਂ ਨਾਲ ਮਿਲ ਕੇ ਬਣਿਆ-ਉਤਲ ਤੇ ਵਾਲਾ।

**ਸੱਚੀ ਗੱਲ ਇਹ ਹੈ ਕਿ ਅਸੀਂ ਪੰਜਾਬੀ ਲੋਕ ਲੱਸੀ ਪੀ ਕੇ ਅਕਸਰ ਸੁਸਤ ਹੋ ਜਾਂਦੇ ਹਾਂ ਤੇ ਅਮੂਮਨ ਆਪਣੇ ਅੰਵਾਣਿਆਂ ਦੇ ਨਾਂ ਵੀ ਛੋਟੇ ਕਰ ਲੈਨੇ ਆਂ। ਸੋ, ਅੱਗੇ ਤੋਂ ਜਿਸ ਪਿੰਡ, ਜਿਸ ਸ਼ਹਿਰ, ਗਲੀ-ਮੁਹੱਲੇ ਜਾਓ ਥੋੜ੍ਹਾ ਜਿਹਾ ਠਹਿਰ ਜਾਣਾ, ਰੁਕ ਜਾਣਾ, ਜ਼ਰਾ ਸੋਚਣਾ ਪਿੰਡ ਦਾ ਨਾਂ ਉਸ ਦੀ ਤਵਾਰੀਖ ਦੱਸ ਰਿਹਾ ਹੋਵੇਗਾ। ਬੱਸ ਜ਼ਰਾ ਪੜ੍ਹਨ ਦੀ ਖੇਚਲ ਕਰਨਾ। ਜੇ ਨਾਂ ਦੀ ਕਹਾਣੀ ਸਮਝ ਨਾ ਲੱਗੇ ਤਾਂ ਮੈਨੂੰ ਫੋਨ ਕਰ ਲੈਣਾ।**

ਲਗਭਗ ਪੂਰੇ ਬਰ੍ਹੇ ਸਗੀਰ (ਭਾਰਤੀ ਉਪ ਮਹਾਂਦੀਪ) ਭਾਵ ਕਸ਼ਮੀਰ ਦੇ ਹਿੰਦਵਾੜਾ ਤੇ ਹਲਵਾੜਾ। ਪੰਜਾਬ ਦੇ ਫਗਵਾੜਾ ਤੱਕ ਤੇ ਕਰਾਚੀ ਦੇ ਬੰਗਾਲੀ ਪਾੜਾ ਤੱਕ ਅਤੇ ਬੰਗਾਲ ਦੇ ਨਕਸਲਵਾੜੀ ਤੱਕ ਇਸ ਨਾਂ ਵਾਲੇ ਸ਼ਹਿਰ, ਪਿੰਡ ਜਾਂ ਬਸਤੀਆ ਆਬਾਦ ਹਨ। ਨਾਂਵਾਂ ਦਾ ਸਿਰਫ ਥੋੜ੍ਹਾ ਬਹੁਤ ਫਰਕ ਪੈਂਦਾ ਹੈ, ਜਿਵੇਂ ਬਾੜਾ, ਪਾੜਾ ਤੇ ਵਾੜਾ। ਵਾੜਾ ਵਾੜ ਤੋਂ ਬਣਦਾ ਹੈ। ਜਦੋਂ ਕਿਸੇ ਥਾਂ ਦੀ ਆਪਾਂ ਛਾਪਿਆਂ ਨਾਲ ਘੇਰਾਬੰਦੀ ਕਰ ਦਿੰਦੇ ਹਾਂ ਤਾਂ ਉਹ ਵਲਗਣ ਵਾੜਾ ਕਹਾਉਂਦੀ ਹੈ। ਇਸੇ ਤਰ੍ਹਾਂ ਫੱਗੂ ਜਾਂ ਫੱਗਣ ਨੇ ਇਕ ਵਲਗਣ ਵਲੀ ਸੀ ਜਿਥੋਂ ਦੀ ਆਬਾਦੀ ਵਕਤ ਪਾ ਕੇ ਫੱਗੂ-ਵਾੜਾ ਜਾਂ ਫਗਵਾੜਾ ਕਹਾਈ। ਵਾੜੇ ਨਾਂ ਵਾਲੇ ਹਰ ਪਿੰਡ-ਸ਼ਹਿਰ ਦੀ ਇਹੋ ਕਹਾਣੀ ਹੈ। ਬੰਗਾਲੀ ਪਾੜਾ ਬੰਬੇ। ਇਹੋ ਪਾੜੇ ਫਿਰ ਕਰਾਚੀ ਵਿਚ ਵੀ ਹੈਗੇ ਤੇ ਬੰਗਾਲ-ਬਿਹਾਰ ਦੀ ਨਕਸਲਵਾੜੀ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ। ਸੋ, ਪੂਰੇ ਉਪ ਮਹਾਂਦੀਪ ਵਿਚ ਚਲਦਾ ਹੈ ਇਹ ਨਾਂ।

ਜਦੋਂ ਕਿਸਾਨ ਹਲ ਵਾਹ ਰਿਹਾ ਹੋਵੇ ਤਾਂ ਨੁੱਕਰ 'ਤੇ ਅਮੂਮਨ ਮੋੜਦੇ ਵਕਤ ਦੋਹਾਂ ਸਿਆੜਾਂ ਵਿਚ ਜੋ ਖਾਲੀ ਜਗ੍ਹਾ ਰਹਿ ਜਾਂਦੀ, ਉਸ ਵਕਤ ਫਿਰ ਕਿਸਾਨ ਢੱਗਿਆਂ ਨੂੰ ਕਹਿੰਦਾ ਹੈ, ਪਾੜਾ ਪਾੜਾ ਪਾੜਾ। ਮਤਲਬ ਉਹ ਬਲਦਾਂ ਨੂੰ ਦੱਸ ਰਿਹਾ ਹੁੰਦਾ ਹੈ ਕਿ ਵਿਚ ਖਾਲੀ ਥਾਂ ਰਹਿ ਗਈ ਹੈ, ਭਈ ਇਸ ਤਰ੍ਹਾਂ ਨਾ ਕਰੋ। ਸਿਆੜ ਸਿਆੜ ਨਾਲ ਮਿਲ ਕੇ ਰਹੇ।

ਕਰਾਚੀ ਤੇ ਬੰਬੇ ਦੇ ਸਲੱਮ ਇਲਾਕਿਆਂ ਨੂੰ ਵੀ ਇਸੇ ਤਰ੍ਹਾਂ ਪਾੜਾ ਕਿਹਾ ਜਾਂਦਾ ਹੈ। ਪੰਜਾਬ ਵਿਚ ਖਰਬੂਜ਼ਿਆਂ ਤੇ ਹਦਵਾਣਿਆਂ ਨੂੰ ਚੋਰਾਂ ਤੇ ਗਿੱਦੜਾਂ ਤੋਂ ਬਚਾਉਣ ਖਾਤਰ ਜਿਹੜੀ ਘੇਰਾਬੰਦੀ ਦੀ ਵਾੜ ਦਿੱਤੀ ਜਾਂਦੀ ਹੈ, ਉਸ ਵਲੀ ਹੋਈ ਥਾਂ ਨੂੰ ਵਾੜਾ ਕਿਹਾ ਜਾਂਦਾ ਹੈ। ਜਦੋਂ ਖਰਬੂਜੇ ਮੁੱਕ ਜਾਣ ਜਾਂ ਮੌਸਮ ਬਦਲ ਜਾਵੇ ਜਾਂ ਹੋਰ ਰਾਖੀ ਕਰਨੀ ਜਦੋਂ ਫਜ਼ੂਲ ਹੋ ਜਾਵੇ ਤਾਂ ਕਿਸਾਨ ਵਾੜਾ ਖੋਲ੍ਹ ਦਿੰਦਾ ਹੈ। ਉਦੋਂ ਕਿਹਾ ਜਾਂਦਾ ਹੈ, ਵਾੜਾ ਉਜੜ ਗਿਆ। ਪੰਜਾਬ ਵਿਚ ਇਕ ਮੁਹਾਵਰਾ ਹੈ, 'ਖਾਲਾ ਜੀ ਦਾ ਵਾੜਾ।' ਮਤਲਬ ਜਿਥੇ ਇਨਸਾਨ ਨੂੰ ਪੂਰੀ ਖੁੱਲ੍ਹ ਹੋਵੇ।

ਜੇ ਤੁਸੀਂ ਅਜੇ ਵੀ ਮੇਰੇ ਨਾਲ ਸਹਿਮਤ ਨਹੀ ਹੋ ਤਾਂ ਮੈਂ ਤੁਹਾਡੇ ਘਰ ਤੋਂ ਹੀ ਮਿਸਾਲ ਦਿੰਦਾ ਹਾਂ। ਪੰਜਾਬ ਦੇ ਪਿੰਡਾਂ ਵਿਚ ਤੁਹਾਡੇ ਘਰ ਦੇ ਪਿਛੇ ਜਿਹੜੀ ਥਾਂ ਹੁੰਦੀ ਹੈ, ਉਹਨੂੰ ਕੀ ਕਹਿੰਦੇ ਹੋ? ਜੀ ਹਾਂ, ਤੁਸੀਂ ਨਹੀਂ ਕਦੀ ਸੋਚਿਆ ਹੋਣਾ। ਉਹਨੂੰ ਪਛਵਾੜਾ ਕਹੀਦਾ ਹੈ। ਕੀ ਤੁਹਾਨੂੰ ਅਹਿਸਾਸ ਨਹੀਂ ਹੋ ਰਿਹਾ ਕਿ ਉਸ ਲਈ ਅਸਲ ਲਫਜ਼ ਹੋਵੇਗਾ ਪਿਛਲਾਵਾੜਾ। ਜੀ ਹਾਂ, ਲਫਜ਼ ਤਾਂ ਇਹੋ ਸੀ ਪਰ ਅਸੀਂ ਉਹਨੂੰ ਛੋਟਾ ਕਰ ਦਿੱਤਾ ਹੈ ਤੇ ਪਿਛਲਵਾੜੇ ਤੋਂ ਬਣ ਗਿਆ, ਪਛਵਾੜਾ। ਚਲੋ, ਹੁਣ ਤੁਹਾਡੇ ਘਰ ਦੇ ਅਗਲੇ ਪਾਸੇ ਚੱਲੀਏ। ਸੋ, ਅਗਲੇ ਪਾਸੇ ਜਿਹੜੀ ਥਾਂ ਹੈ, ਉਹਨੂੰ ਕੀ ਕਹਿੰਦੇ ਹੋ? ਭਾਈ ਇਹਨੂੰ ਤੁਸੀਂ ਵਿਹੜਾ ਕਹਿੰਦੇ ਹੋ। ਕੀ ਕਦੀ ਸੋਚਿਆ ਜੇ ਕਿ ਇਹ ਅਸਲ ਵਿਚ ਅਗਲਾਵਾੜਾ ਸੀ, ਸੋ ਅਸੀਂ ਪੰਜਾਬੀਆਂ ਨੇ ਇਹ ਵੀ ਛੋਟਾ ਕਰ ਲਿਆ ਤੇ ਅਗਲਾ ਲਾਹ ਦਿਤਾ ਤੇ ਵਾੜਾ ਤੋਂ ਬਣਾ ਦਿਤਾ, ਵਿਹੜਾ।

ਸੱਚੀ ਗੱਲ ਇਹ ਹੈ ਕਿ ਅਸੀਂ ਪੰਜਾਬੀ ਲੋਕ ਲੱਸੀ ਪੀ ਕੇ ਅਕਸਰ ਸੁਸਤ ਹੋ ਜਾਂਦੇ ਹਾਂ ਤੇ ਅਮੂਮਨ ਆਪਣੇ ਅੰਵਾਣਿਆਂ ਦੇ ਨਾਂ ਵੀ ਛੋਟੇ ਕਰ ਲੈਨੇ ਆਂ। ਸੋ, ਅੱਗੇ ਤੋਂ ਜਿਸ ਪਿੰਡ, ਜਿਸ ਸ਼ਹਿਰ, ਗਲੀ-ਮੁਹੱਲੇ ਜਾਓ ਥੋੜ੍ਹਾ ਜਿਹਾ ਠਹਿਰ ਜਾਣਾ, ਰੁਕ ਜਾਣਾ, ਜ਼ਰਾ ਸੋਚਣਾ ਪਿੰਡ ਦਾ ਨਾਂ ਉਸ ਦੀ ਤਵਾਰੀਖ ਦੱਸ ਰਿਹਾ ਹੋਵੇਗਾ। ਬੱਸ ਜ਼ਰਾ ਪੜ੍ਹਨ ਦੀ ਖੇਚਲ ਕਰਨਾ। ਜੇ ਨਾਂ ਦੀ ਕਹਾਣੀ ਸਮਝ ਨਾ ਲੱਗੇ ਤਾਂ ਮੈਨੂੰ ਫੋਨ ਕਰ ਲੈਣਾ।

1947 ਦੀ ਹਿਜਰਤ ਨੇ ਲੋਕਾਂ ਨੂੰ ਪਿੰਡਾਂ ਦਾ ਪਿਛੋਕੜ ਭੁਲਾ ਦਿੱਤਾ। 1947 ਦੀ ਹਿਜਰਤ ਮੌਕੇ ਲੋਕੀਂ ਆਪਣੇ ਜੱਦੀ ਪਿੰਡ ਛੱਡਣ ਵਾਸਤੇ ਮਜਬੂਰ ਹੋ ਗਏ। ਉਨ੍ਹਾਂ ਨੂੰ ਤਾਂ ਪਤਾ ਸੀ ਕਿ ਪਿੰਡ ਦਾ ਇਤਿਹਾਸ ਤੇ ਪਿਛੋਕੜ ਕੀ ਹੈ ਤੇ ਪਿੰਡ ਦੇ ਨਾਂ ਤੋਂ ਕੀ ਮੁਰਾਦ ਹੈ? ਪਰ 1947 ਤੋਂ ਬਾਅਦ ਜਿਥੇ ਜਿਥੇ ਸ਼ਰਨਾਰਥੀ ਆ ਵਸੇ, ਉਨ੍ਹਾਂ ਨੂੰ ਬੇਗਾਨੇ ਪਿੰਡ ਦੇ ਪਿਛੋਕੜ ਦਾ ਕੀ ਪਤਾ! ਮੇਰੇ ਪਿੰਡ ਦੇ ਕੋਲ ਹੀ ਬਲੱਗਣ ਨਾਂ ਦਾ ਪਿੰਡ ਹੈ। ਮੈਂ ਹੈਰਾਨ ਹੋ ਗਿਆ ਕਿ ਇੰਡੀਆ ਦੀ ਕਬੱਡੀ ਟੀਮ ਵਿਚ ਇਕ ਬਲੱਗਣ ਨਾਂ ਦਾ ਖਿਡਾਰੀ ਵੀ ਸੀ। ਫਿਰ ਮੈਨੂੰ ਲੋਕਾਂ ਦੱਸਿਆ ਕਿ ਬਲੱਗਣ ਤਾਂ ਜੱਟਾਂ ਦੀ ਗੋਤ ਹੈ। ਨਾਲ ਹੀ ਪਿੰਡ ਅਲਕੜੇ ਹੈ ਤੇ ਫਿਰ ਹੌਲੀ ਹੌਲੀ ਪਤਾ ਲੱਗਾ ਕਿ ਅਲਕੜੇ ਵੀ ਜੱਟਾਂ ਦੀ ਗੋਤ ਹੀ ਹੈ। ਵੇਰਕੇ (ਅੰਮ੍ਰਿਤਸਰ) ਦੇ ਰਹਿਣ ਵਾਲੇ ਮੌਜੂਦਾ ਲੋਕਾਂ ਨੂੰ ਕੀ ਪਤਾ ਕਿ ਵੇਰਕਾ ਮੁਸਲਮਾਨ ਡੋਗਰਾਂ ਦੀ ਗੋਤ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਦਸੂਹਾ ਦਾ ਪਿੰਡ ਗੰਗੀਆਂ ਵੀ ਡੋਗਰਾਂ ਦੀ ਗੋਤ ਗੰਗੀ 'ਤੇ ਹੈ। ਇਹ ਲੋਕ ਮੂਲ ਵਿਚ ਅੰਮ੍ਰਿਤਸਰ ਦੇ ਪਿੰਡ ਪੱਬਾਰਾਲੀ ਤੋਂ ਉਠ ਕੇ ਗੰਗੀਆਂ ਗਏ ਸਨ। ਇਸੇ ਤਰ੍ਹਾਂ ਦਸੂਹਾ-ਹਾਜੀਪੁਰ ਰੋਡ 'ਤੇ ਪਿੰਡ ਭਾਗੜਾਂ ਵੀ ਡੋਗਰਾਂ ਦੀ ਗੋਤ ਭਾਗੜ 'ਤੇ ਹੈ। ਨੇੜੇ ਹੀ ਦੋ ਪਿੰਡ ਹਨ-ਗੱਗ ਜਲੋ ਤੇ ਗੱਗ ਸੁਲਤਾਨ। ਇਹ ਪਿੰਡ ਵੀ ਡੋਗਰਾਂ ਦੀ ਗੋਤ ਗੱਗ 'ਤੇ ਕਾਇਮ ਨੇ। ਫਿਰ ਪਿੰਡ ਤੋਇ ਮਾਖੋਵਾਲ ਵੀ ਡੋਗਰਾਂ ਦੀ ਤੋਇ ਗੋਤ 'ਤੇ ਹੈ। ਜ਼ਿਲ੍ਹਾ ਫਿਰੋਜ਼ਪੁਰ ਦੇ ਮੱਤੜ ਨਾਂ ਦੇ ਜਿੰਨੇ ਪਿੰਡ ਹਨ, ਸਭ ਡੋਗਰਾਂ ਦੀ ਗੋਤ ਮੱਤਲ 'ਤੇ ਕਾਇਮ ਹਨ-ਮਸਲਨ ਗੱਟੀ ਮੱਤੜ, ਮੱਤੜ ਹਥਾੜ ਤੇ ਮੱਤੜ ਉਥਾੜ। ਇਸੇ ਤਰ੍ਹਾਂ ਫਿਰੋਜ਼ਪੁਰ ਦੇ ਫੇਮੇ ਕੇ, ਕਰੀ ਕੇ, ਬਦਰੂ ਕੇ, ਪੰਜੇ ਕੇ, ਖੈਰੇ ਕੇ-ਸਭ ਡੋਗਰ ਕਬੀਲੇ ਦੀਆਂ ਗੋਤਾਂ 'ਤੇ ਆਬਾਦ ਨੇ।

**ਪਿੰਡ ਬੱਝਣਾ:** ਖੁਸ਼ਕਿਸਮਤੀ ਨਾਲ 1855 ਈ. ਵਿਚ ਇਕ ਅੰਗਰੇਜ਼ ਅਫਸਰ ਬ੍ਰੈਂਡਰਥ ਵਲੋਂ ਪਿੰਡ ਬੱਝਣ ਦਾ ਸਾਰਾ ਤਰੀਕਾ ਵਿਸਥਾਰ ਨਾਲ ਬਿਆਨ ਕੀਤਾ ਮਿਲਦਾ ਹੈ। ਉਸ ਨੇ ਲਿਖਿਆ ਹੈ ਕਿ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਲਗਭਗ ਉਨ੍ਹਾਂ ਦਿਨਾਂ ਵਿਚ ਹੀ ਬੱਝੇ ਸਨ। ਬ੍ਰੈਂਡਰਥ ਲਿਖਦਾ ਹੈ, ਜ਼ਿਲ੍ਹੇ ਦਾ ਕੋਈ ਪਿੰਡ 50-60 ਸਾਲ ਤੋਂ ਵੱਧ ਪੁਰਾਣਾ ਨਹੀਂ ਹੈ। ਇਸ ਦਾ ਮਤਲਬ ਹੋਇਆ ਕਿ ਫਿਰੋਜ਼ਪੁਰ ਦੇ ਸਾਰੇ ਪਿੰਡ 1800 ਈ. ਤੋਂ ਬਾਅਦ ਹੀ ਬੱਝੇ ਹਨ।

ਬ੍ਰੈਂਡਰਥ ਲਿਖਦਾ ਹੈ, ਫਿਰੋਜ਼ਪੁਰ ਜ਼ਿਲ੍ਹੇ ਵਿਚ ਰਾਜਪੂਤ ਤੇ ਡੋਗਰ ਜੋਰ-ਜਬਰਦਸਤੀ ਰਕਬੇ 'ਤੇ ਕਬਜ਼ਾ ਕਰ ਕੇ ਵਸਨੀਕਾਂ ਨੂੰ ਭਜਾ ਦਿੰਦੇ ਸਨ। ਪਰ ਜੱਟ ਤੈਅ ਸ਼ੁਦਾ ਤਰੀਕੇ ਨਾਲ ਪਿੰਡ ਬੰਨਦੇ ਹਨ। ਜਦੋਂ ਕਿਸੇ ਪਿੰਡ ਦੀ ਆਬਾਦੀ ਵਧਣ 'ਤੇ ਜਮੀਨ ਘੱਟ ਪੈ ਜਾਂਦੀ ਸੀ, ਜੱਟ ਲੋਕ ਖਾਲੀ ਜਮੀਨ ਲੱਭ ਕੇ ਪਿੰਡ ਬੰਨਣ ਦਾ ਕੰਮ ਸ਼ੁਰੂ ਕਰਦੇ ਸਨ। ਜਮੀਨ ਤੈਅ ਕਰਨ ਤੋਂ ਬਾਅਦ ਜੱਟ ਲੋਕ ਸਰਕਾਰੀ ਦਫਤਰ ਨੂੰ ਇਤਲਾਹ ਦਿੰਦੇ ਸਨ ਕਿ ਉਨ੍ਹਾਂ ਦਾ ਇਰਾਦਾ ਪਿੰਡ ਬੰਨਣ ਦਾ ਹੈ। ਉਨ੍ਹੀਂ ਦਿਨੀਂ ਇਕ 'ਕਾਰਦਾਰ' ਨਾਂ ਦਾ ਸਰਕਾਰੀ ਅਹੁਦਾ ਹੁੰਦਾ ਸੀ। ਕਾਰਦਾਰ ਫਿਰ ਉਸ ਹਲਕੇ ਦਾ ਦੌਰਾ ਕਰਦਾ ਤੇ ਪਿੰਡ ਬੰਨਣ ਦੀ ਇਜਾਜ਼ਤ ਦਿੰਦਾ। ਉਪਰੰਤ ਉਹ ਜਮੀਨ ਦੇ ਜਰਖੇਜ਼ ਹੋਣ ਆਦਿ ਦਾ ਅੰਦਾਜ਼ਾ ਲਾਉਂਦਾ। ਜਮੀਨ ਦੀ ਹਾਲਤ ਵੇਖ ਕੇ ਫਿਰ ਕਾਰਦਾਰ ਤੈਅ ਕਰਦਾ ਕਿ ਪਹਿਲੇ ਪੰਜ ਸਾਲ ਕਿੰਨਾ ਮਾਮਲਾ ਜੱਟ ਨੂੰ ਦੇਣਾ ਪਵੇਗਾ। ਜੇ ਜਮੀਨ ਜ਼ਿਆਦਾ ਸੰਘਣਾ ਜੰਗਲ ਹੋਵੇ ਜਾਂ ਫਿਰ ਥਾਂ ਜ਼ਿਆਦਾ ਹੀ ਉਚੀ-ਨੀਵੀਂ ਹੋਵੇ ਤਾਂ ਪਹਿਲੇ ਕੁਝ ਸਾਲ ਮਾਮਲੇ ਤੋਂ ਮੁਆਫੀ ਵੀ ਮਿਲ ਜਾਂਦੀ ਸੀ। ਕਈ ਵਾਰੀ ਕਈ ਜੱਟਾਂ ਨੂੰ ਸਰਕਾਰ ਇਨਾਮ ਵਜੋਂ ਵੀ ਕੋਈ ਰਕਬਾ ਅਲਾਟ ਕਰ ਦਿੰਦੀ ਸੀ ਤੇ ਉਨ੍ਹਾਂ ਨੂੰ ਵੀ ਸ਼ੁਰੂ ਦੇ ਕੁਝ ਸਾਲ ਮਾਮਲੇ ਤੋਂ ਮਾਫੀ ਹੁੰਦੀ ਸੀ। ਮਾਫੀ ਦੇ ਸਮੇਂ ਤੋਂ ਬਾਅਦ ਪੈਦਾਵਾਰ ਦਾ ਤੀਸਰਾ ਜਾਂ ਚੌਥਾ ਹਿੱਸਾ ਮਾਮਲਾ ਲੱਗਦਾ ਸੀ।

ਉਸ ਤੋਂ ਬਾਅਦ ਪਿੰਡ ਬੰਨਣ ਦੀ ਰਸਮ ਹੁੰਦੀ ਸੀ। ਰਸਮ ਵਿਚ ਨੇੜੇ-ਤੇੜੇ ਦੇ ਹੋਰ ਪਿੰਡਾਂ ਦੇ ਮੁਹਤਬਰ ਲੋਕਾਂ ਨੂੰ ਵੀ ਸੱਦਿਆ ਜਾਂਦਾ ਸੀ। ਪਿੰਡ ਬੱਝਣ ਵਾਲੀ ਥਾਂ ਦੇ ਚੜ੍ਹਦੇ ਬੰਨੇ ਮੋਹੜੀ ਗੱਡੀ ਜਾਂਦੀ ਸੀ। ਮੋਹੜੀ ਗੱਡ ਕੇ ਪਿੰਡ ਬੰਨਣ ਦਾ ਜ਼ਿਕਰ ਇਸ ਤੋਂ ਵੀ ਪੁਰਾਣੇ ਇਤਿਹਾਸਕ ਦਸਤਾਵੇਜ਼ਾਂ ਵਿਚ ਮਿਲਦਾ ਹੈ। ਕੋਈ 8 ਤੋਂ 10 ਫੁਟ ਲੰਮੀ ਮੋਹੜੀ ਅਮੂਮਨ ਕਿਸੇ ਦਰਖਤ ਦਾ ਤਣਾ ਹੁੰਦਾ ਸੀ। ਇਹਨੂੰ 3-4 ਫੁੱਟ ਡੂੰਘਾ ਜਮੀਨ 'ਚ ਗੱਡਿਆ ਜਾਂਦਾ ਸੀ। ਪੁੱਟੇ ਟੋਏ ਵਿਚ ਗੁੜ, ਚਾਵਲ, ਲਾਲ ਕੱਪੜਾ ਹੇਠਾਂ ਰੱਖਿਆ ਜਾਂਦਾ ਸੀ। ਕਈ ਵਾਰ ਅਜਿਹਾ ਵੀ ਹੁੰਦਾ ਕਿ ਮੋਹੜੀ ਦੀਆਂ ਜੜ੍ਹਾਂ ਲੱਗ ਜਾਂਦੀਆਂ ਤੇ ਹਰਾ ਭਰਾ ਰੁੱਖ ਬਣ ਜਾਂਦਾ। ਜੜ੍ਹ ਲੱਗਣ ਨੂੰ ਸ਼ੁਭ ਗਿਣਿਆ ਜਾਂਦਾ ਸੀ। ਪੂਰਾ ਪਿੰਡ ਇਸ ਮੋਹੜੀ ਰੁਖ ਦਾ ਆਦਰ ਸਤਿਕਾਰ ਕਰਦਾ ਤੇ ਇਹਨੂੰ ਹਰਗਿਜ਼ ਨਹੀਂ ਸੀ ਵੱਢਿਆ ਜਾਂਦਾ। ਰਸਮ ਮੌਕੇ ਮਠਿਆਈ ਵੰਡੀ ਜਾਂਦੀ ਸੀ।

ਪਿੰਡ ਲਈ ਫਿਰ ਖੂਹ ਪੁਟਿਆ ਜਾਂਦਾ ਸੀ। ਪਾਣੀ ਦੇ ਪੱਧਰ ਦਾ ਉਚਾ ਜਾਂ ਨੀਵਾਂ ਹੋਣਾ ਵੀ ਪਿੰਡ ਦੇ ਭਵਿਖ ਬਾਰੇ ਇਸ਼ਾਰਾ ਸਮਝਿਆ ਜਾਂਦਾ ਸੀ।

ਕਿਸੇ ਵੀ ਥੇਹ ਜਾਂ ਬੇਆਬਾਦ ਹੋ ਚੁਕੇ ਪਿੰਡ ਦੇ ਲਾਗੇ ਨਵਾਂ ਪਿੰਡ ਨਹੀਂ ਸੀ ਬੰਨਿਆ ਜਾਂਦਾ। ਬੇਚਰਾਗ ਹੋਏ ਪਿੰਡ ਨੂੰ ਅਮੂਮਨ ਲੋਕ ਕਲਿਹਣਾ ਮੰਨਦੇ ਸਨ ਤੇ ਉਥੇ ਨਵਾਂ ਪਿੰਡ ਬੰਨਣ ਤੋਂ ਪ੍ਰਹੇਜ਼ ਕੀਤਾ ਜਾਂਦਾ ਸੀ।




**ਤਰਫੈਣ:** ਫਿਰ ਜਮੀਨ ਨੂੰ ਆਪਸ ਵਿਚ ਵੰਡਣ ਦਾ ਸਮਾਂ ਆਉਂਦਾ ਸੀ। ਵੰਡ ਆਪਸੀ ਸਹਿਮਤੀ ਨਾਲ ਕੀਤੀ ਜਾਂਦੀ ਸੀ ਤਾਂ ਕਿ ਹਰ ਕੋਈ ਰਾਜੀ ਹੋਵੇ। ਕਿਹੜੀ ਤਰਫ ਕਿਹੜੇ ਪਰਿਵਾਰ ਨੂੰ ਮਿਲੇਗੀ, ਤੈਅ ਹੋ ਜਾਂਦਾ ਸੀ। ਤਰਫੈਣ ਦਾ ਮਤਲਬ ਤਰਫ (ਫਾਰਸੀ)। ਇਸ ਵਿਚ ਬਰਾਬਰ ਬਰਾਬਰ ਵੰਡਣ ਦਾ ਅਸੂਲ ਨਹੀਂ ਸੀ ਹੁੰਦਾ। ਜਿਹਦੇ ਕੋਲ ਜੋਆਂ ਜਾਂ ਜੋਗਾਂ (ਬਲਦਾਂ ਦੀਆਂ ਜੋੜੀਆਂ) ਵੱਧ ਹੋਣ ਉਹਨੂੰ ਵੱਧ ਜਮੀਨ ਦਿੱਤੀ ਜਾਂਦੀ ਸੀ। ਔਸਤ ਜਰਖੇਜ਼ ਜਮੀਨ ਮਿਸਾਲ ਦੇ ਤੌਰ 'ਤੇ ਫਿਰੋਜ਼ਪੁਰ ਇਲਾਕੇ ਵਿਚ ਇਕ ਜੋਗ ਪਿਛੇ ਤਕਰੀਬਨ 15 ਕਿਲੇ ਮਿਲਦੇ ਸਨ। ਕੰਮੀਆਂ ਨੂੰ ਕਿੰਨਾ ਥਾਂ ਦੇਣਾ ਹੈ, ਉਹ ਵੀ ਅਸੂਲ ਹੁੰਦਾ ਸੀ। ਤਰਫੈਣ ਨੂੰ ਫਿਰ ਅੱਗੇ ਵੰਡਿਆ ਜਾਂਦਾ ਸੀ, ਜਿਨ੍ਹਾਂ ਨੂੰ ਪੱਤੀਆਂ ਕਿਹਾ ਜਾਂਦਾ ਸੀ। ਪੱਤੀਆਂ ਤੈਅ ਕਰਨ ਬਾਅਦ ਫਿਰ ਅੱਗੇ ਵੰਡ ਕਰਕੇ ਲੜੀਆਂ ਬਣਾਈਆਂ ਜਾਂਦੀਆਂ ਸਨ। ਇਹ ਸ਼ਬਦਾਵਲੀ ਅੱਜ ਵੀ ਪਟਵਾਰੀ ਵਰਤਦੇ ਹਨ। ਤਰਫੈਣ ਵੱਡਾ ਖਾਨਦਾਨ ਤੇ ਅਗਲੀ ਵੰਡ ਪੱਤੀ ਤੇ ਫਿਰ ਲੜੀ। ਲੰਬੜਦਾਰ ਪੱਤੀ ਦਾ ਹੁੰਦਾ ਸੀ।

**ਲਗਾਨ:** 1793 ਈ. ਦੇ ਲਾਰਡ ਕਾਰਨਵੈਲਿਸ ਦੇ ਸੈਟਲਮੈਂਟ ਭਾਵ ਜਮੀਨੀ ਸੁਧਾਰ ਤੋਂ ਪਹਿਲਾਂ ਲਗਾਨ ਜਿਣਸ ਦੇ ਰੂਪ ਵਿਚ ਹੀ ਦਿੱਤਾ ਜਾਂਦਾ ਸੀ। ਹਾਂ, ਕਦੀ ਕਦੀ ਖੜੀ ਖਲੋਤੀ ਫਸਲ ਵੇਚ ਦਿੱਤੀ ਜਾਂਦੀ ਸੀ ਤੇ ਉਸ ਕੇਸ ਵਿਚ ਨਕਦ ਲਗਾਨ ਹੁੰਦਾ ਸੀ। ਲਗਾਨ ਦਾ 70% ਸਰਕਾਰ ਨੂੰ ਜਾਂਦਾ ਤੇ ਬਾਕੀ ਦੇ 30% ਰੈਵੇਨਿਊ ਕਰਿੰਦਿਆਂ ਨੂੰ ਜਾਂਦੇ ਜਿਵੇਂ ਪਟਵਾਰੀ (3.5%), ਲੰਬੜਦਾਰ (5%), ਚੌਕੀਦਾਰ, ਪਿੰਡ ਦਾ ਸਾਂਝਾ ਖਰਚਾ ਆਦਿ। ਲਗਾਨ ਤੋਂ ਇਲਾਵਾ ਅਨਾਜ ਵਿਚ ਕੰਮੀਆਂ ਦਾ ਹਿੱਸਾ ਵੀ ਤੈਅ ਹੁੰਦਾ ਸੀ।

**ਵਿਰਾਸਤ ਦੀ ਤਕਸੀਮ:** ਇਸ ਦੇ ਦੋ ਕਾਇਦੇ ਪ੍ਰਚਲਿਤ ਸਨ-ਇਕ ਪੱਗ ਵੰਡ ਤੇ ਦੂਸਰੀ ਚੂੰਡਾ ਵੰਡ। ਪੱਗ ਵੰਡ ਅਸੂਲ ਤਹਿਤ ਵੱਖ ਵੱਖ ਮਾਂਵਾਂ ਦੇ ਜਿੰਨੇ ਮੁੰਡੇ ਹੁੰਦੇ ਸਨ, ਉਨ੍ਹਾਂ ਨੂੰ ਬਰਾਬਰ ਬਰਾਬਰ ਹਿੱਸਾ ਮਿਲਦਾ ਸੀ। ਚੂੰਡਾ ਵੰਡ ਮੁਤਾਬਿਕ ਮਾਂਵਾਂ ਨੂੰ ਬਰਾਬਰ ਦਾ ਹਿੱਸਾ। ਮਤਲਬ ਜੇ ਕਿਸੇ ਮਾਂ ਦਾ ਇਕ ਮੁੰਡਾ ਤਾਂ ਉਹਨੂੰ ਦੂਸਰੀ ਦੇ ਬਰਾਬਰ ਹਿੱਸਾ, ਜਿਹਦੇ ਚਾਰ ਮੁੰਡੇ ਹੋਣ। ਮਤਲਬ ਇਕੱਲੇ ਮੁੰਡੇ ਨੂੰ ਹੀ ਚਾਰ ਦੇ ਬਰਾਬਰ ਹਿਸਾ।



# ਸ਼ਾਹ ਆਲਮ ਕੈਂਪ ਦੀਆਂ ਰੂਹਾਂ

ਹਿੰਦੀ ਕਹਾਣੀ

**ਅਸਗਰ ਵਜਾਹਤ**
**ਅਨੁਵਾਦ: ਕੇਹਰ ਸ਼ਰੀਫ**

ਸ਼ਾਹ ਆਲਮ ਕੈਂਪ ਵਿਚ ਦਿਨ ਤਾਂ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ ਜਾਂਦੇ ਹਨ ਪਰ ਰਾਤਾਂ ਕਿਆਮਤ ਦੀਆਂ ਹੁੰਦੀਆਂ ਹਨ। ਹਫੜਾ ਦਫੜੀ ਦਾ ਆਲਮ ਇਹ ਕਿ ਅੱਲ੍ਹਾ ਬਚਾਵੇ। ਇੰਨੀਆਂ ਆਵਾਜ਼ਾਂ ਹੁੰਦੀਆਂ ਹਨ ਕਿ ਕੰਨ ਪਈ ਆਵਾਜ਼ ਵੀ ਸੁਣਾਈ ਨਹੀਂ ਦਿੰਦੀ। ਚੀਕ ਪੁਕਾਰ, ਰੌਲਾ-ਰੱਪਾ, ਰੋਣਾ-ਪਿੱਟਣਾ, ਆਹਾਂ-ਸਿਸਕੀਆਂ!

ਰਾਤੀਂ ਰੂਹਾਂ ਆਪਣੇ ਬਾਲ-ਬੱਚੇ ਨੂੰ ਮਿਲਣ ਆਉਂਦੀਆਂ ਹਨ, ਸਿਰ 'ਤੇ ਹੱਥ ਫੇਰਦੀਆਂ ਹਨ, ਉਨ੍ਹਾਂ ਦੀਆਂ ਸੁੰਨੀਆਂ ਅੱਖਾਂ ਵਿਚ ਸੁੰਨੀਆਂ ਅੱਖਾਂ ਪਾ ਕੇ ਕੁਝ ਕਹਿੰਦੀਆਂ ਹਨ। ਬੱਚਿਆਂ ਨੂੰ ਛਾਤੀ ਨਾਲ ਲਾਉਂਦੀਆਂ ਹਨ। ਜਿਉਂਦੇ ਸਾੜੇ ਜਾਣ ਤੋਂ ਪਹਿਲਾਂ ਉਨ੍ਹਾਂ ਦੀਆਂ ਜੋ ਸੀਨਾਂ ਪਾੜਵੀਆਂ ਚੀਕਾਂ ਨਿਕਲੀਆਂ ਸਨ, ਉਹ ਪਿਛੋਕੜ ਵਿਚ ਗੂੰਜਦੀਆਂ ਰਹਿੰਦੀਆਂ ਹਨ।

ਸਾਰਾ ਕੈਂਪ ਜਦੋਂ ਸੌਂ ਜਾਂਦਾ ਹੈ ਤਾਂ ਬੱਚੇ ਜਾਗਦੇ ਹਨ। ਉਨ੍ਹਾਂ ਨੂੰ ਉਡੀਕ ਰਹਿੰਦੀ ਹੈ, ਆਪਣੀ ਮਾਂ ਨੂੰ ਦੇਖਣ ਦੀ, ਅੱਬਾ ਨਾਲ ਖਾਣਾ ਖਾਣ ਦੀ।

"ਕਿਵੇਂ ਹੋ ਸਿਰਾਜ?" ਅੰਮਾਂ ਦੀ ਰੂਹ ਨੇ ਸਿਰਾਜ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ।

"ਤੁਸੀਂ ਕਿਵੇਂ ਹੋ ਅੰਮਾ?"

ਮਾਂ ਖੁਸ਼ ਨਜ਼ਰ ਆ ਰਹੀ ਸੀ, ਕਹਿਣ ਲੱਗੀ, "ਸਿਰਾਜ ਹੁਣ ਮੈਂ ਰੂਹ ਹਾਂ, ਮੈਨੂੰ ਕੋਈ ਜਾਲ ਨਹੀਂ ਸਕਦਾ।"

"ਅੰਮਾ, ਮੈਂ ਵੀ ਤੁਹਾਡੇ ਵਾਂਗ ਹੋ ਸਕਦਾਂ?"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਇਕ ਔਰਤ ਦੀ ਘਾਬਰੀ ਰੂਹ ਪਹੁੰਚੀ ਜੋ ਆਪਣੇ ਬੱਚੇ ਨੂੰ ਲੱਭ ਰਹੀ ਸੀ। ਬੱਚਾ ਨਾ ਉਸ ਦੁਨੀਆਂ ਵਿਚ ਸੀ, ਨਾ ਹੀ ਉਹ ਕੈਂਪ ਵਿਚ ਸੀ। ਬੱਚੇ ਦੀ ਮਾਂ ਦਾ ਕਾਲਜਾ ਫਟਿਆ ਜਾ ਰਿਹਾ ਸੀ। ਦੂਜੀਆਂ ਔਰਤਾਂ ਦੀਆਂ ਰੂਹਾਂ ਵੀ ਇਸ ਔਰਤ ਨਾਲ ਬੱਚੇ ਨੂੰ ਢੂੰਡਣ ਲੱਗੀਆਂ। ਉਨ੍ਹਾਂ ਨੇ ਇਕੱਠੀਆਂ ਹੋ ਕੇ ਸਾਰਾ ਕੈਂਪ ਛਾਣ ਮਾਰਿਆ, ਮੁਹੱਲੇ ਗਈਆਂ, ਘਰ ਧੂੰਆਂ ਧੂੰਆਂ ਹੋਏ ਜਲ ਰਹੇ ਸਨ। ਕਿਉਂਕਿ ਉਹ ਰੂਹਾਂ ਸਨ ਇਸ ਕਰਕੇ ਜਲਦੇ ਮਕਾਨਾਂ ਅੰਦਰ ਚਲੀਆਂ ਗਈਆਂ। ਕੋਨਾ ਕੋਨਾ ਛਾਣ ਮਾਰਿਆ ਪਰ ਬੱਚਾ ਨਾ ਲੱਭਾ।

ਆਖਰ ਸਭ ਔਰਤਾਂ ਦੀਆਂ ਰੂਹਾਂ ਫਸਾਦੀਆਂ ਕੋਲ ਗਈਆਂ। ਉਹ ਭਲਕ ਲਈ ਪੈਟਰੋਲ ਬੰਬ ਬਣਾ ਰਹੇ ਸਨ, ਬੰਦੂਕਾਂ ਸਾਫ ਕਰ ਰਹੇ ਸਨ, ਹਥਿਆਰ ਚਮਕਾ ਰਹੇ ਸਨ।

ਬੱਚੇ ਦੀ ਮਾਂ ਨੇ ਆਪਣੇ ਬੱਚੇ ਬਾਰੇ ਪੁੱਛਿਆ ਤਾਂ ਉਹ ਹੱਸਣ ਲੱਗੇ ਤੇ ਬੋਲੇ, "ਸੁਣ ਪਾਗਲ ਔਰਤ ਜਦੋਂ ਦਸ ਦਸ, ਵੀਹ ਵੀਹ ਲੋਕਾਂ ਨੂੰ ਇਕੱਠੇ ਸਾੜਿਆ ਜਾਂਦਾ ਹੈ ਤਾਂ ਇਕ ਬੱਚੇ ਦਾ ਹਿਸਾਬ ਕੌਣ ਰੱਖਦਾ ਹੈ? ਪਿਆ ਹੋਣੈ ਕਿਸੇ ਸੁਆਹ ਦੇ ਢੇਰ ਵਿਚ।"

ਮਾਂ ਨੇ ਕਿਹਾ, "ਨਹੀਂ, ਨਹੀਂ ਮੈਂ ਤਾਂ ਹਰ ਥਾਂ ਦੇਖ ਲਿਆ ਹੈ, ਕਿਧਰੇ ਨਹੀਂ ਮਿਲਿਆ।" ਕਿਸੇ ਦੰਗਾਕਾਰੀ ਨੇ ਕਿਹਾ, "ਉਏ, ਇਹ ਕਿਧਰੇ ਉਸ ਬੱਚੇ ਦੀ ਮਾਂ ਤਾਂ ਨਹੀਂ ਜਿਹਨੂੰ ਅਸੀਂ ਤ੍ਰਿਸ਼ੂਲ ਉਤੇ ਟੰਗ ਆਏ ਸਾਂ।"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਬਾਅਦ ਰੂਹਾਂ ਆਉਂਦੀਆਂ ਹਨ। ਰੂਹਾਂ ਆਪਣੇ ਬੱਚਿਆਂ ਲਈ ਸਵਰਗ ਤੋਂ ਖਾਣਾ, ਪਾਣੀ ਤੇ ਦਵਾਈਆਂ ਲਿਆਉਂਦੀਆਂ ਹਨ। ਇਹੋ ਕਾਰਨ ਹੈ ਕਿ ਸ਼ਾਹ ਆਲਮ ਕੈਂਪ ਵਿਚ ਨਾ ਤਾਂ ਕੋਈ ਬੱਚਾ ਭੁੱਖਾ, ਨੰਗਾ ਰਹਿੰਦਾ ਹੈ, ਨਾ ਹੀ ਬੀਮਾਰ। ਇਸੇ ਕਾਰਨ ਸ਼ਾਹ ਆਲਮ ਕੈਂਪ ਮਸ਼ਹੂਰ ਹੋ ਗਿਆ ਹੈ। ਦੂਰ-ਦੂਰ ਤੱਕ ਮੁਲਕਾਂ ਵਿਚ ਉਸ ਦਾ ਨਾਮ ਹੈ। ਦਿੱਲੀ ਤੋਂ ਇਕ ਵੱਡਾ ਨੇਤਾ ਜਦੋਂ ਸ਼ਾਹ ਆਲਮ ਕੈਂਪ ਦੇ ਦੌਰੇ 'ਤੇ ਗਿਆ ਤਾਂ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਾ, "ਇਹ ਤਾਂ ਬਹੁਤ ਵਧੀਆ ਥਾਂ ਹੈ। ਇੱਥੇ ਤਾਂ ਦੇਸ਼ ਦੇ ਸਾਰੇ ਮੁਸਲਮਾਨ ਬੱਚਿਆਂ ਨੂੰ ਪਹੁੰਚਾ ਦੇਣਾ ਚਾਹੀਦਾ ਹੈ।"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਬਾਅਦ ਰੂਹਾਂ ਆਉਂਦੀਆਂ ਹਨ। ਰਾਤ ਭਰ ਬੱਚਿਆਂ ਨਾਲ ਰਹਿੰਦੀਆਂ ਹਨ, ਉਨ੍ਹਾਂ ਨੂੰ ਰੂਹ ਨਾਲ ਦੇਖਦੀਆਂ ਹਨ, ਉਨ੍ਹਾਂ ਦੇ ਭਵਿੱਖ ਬਾਰੇ ਸੋਚਦੀਆਂ ਹਨ ਤੇ ਗੱਲਬਾਤ ਕਰਦੀਆਂ ਹਨ। "ਸਿਰਾਜ ਹੁਣ ਤੂੰ ਘਰ ਚਲਾ ਜਾਹ।" ਮਾਂ ਦੀ ਰੂਹ ਨੇ ਸਿਰਾਜ ਨੂੰ ਕਿਹਾ।

"ਘਰ?" ਸਿਰਾਜ ਸਹਿਮ ਗਿਆ। ਉਹਦੇ ਚਿਹਰੇ 'ਤੇ ਮੌਤ ਦੇ ਪਰਛਾਵੇਂ ਨੱਚਣ ਲੱਗੇ।

"ਹਾਂ, ਇੱਥੇ ਕਦੋਂ ਤੱਕ ਰਵੇਂਗਾ? ਮੈਂ ਹਰ ਰੋਜ਼ ਰਾਤ ਨੂੰ ਤੇਰੇ ਕੋਲ ਆਇਆ ਕਰਾਂਗੀ।"

"ਨਹੀਂ, ਮੈਂ ਘਰ ਨਹੀਂ ਜਾਵਾਂਗਾ, ਕਦੀ ਨਹੀਂ, ਕਦੀ...।"

ਧੂਆਂ, ਅੱਗ, ਚੀਕਾਂ, ਰੌਲਾ...।

"ਅੰਮਾ, ਮੈਂ ਤੇਰੇ ਤੇ ਅੱਬੂ ਨਾਲ ਰਹਾਂਗਾ।"

"ਤੂੰ ਸਾਡੇ ਨਾਲ ਕਿਵੇਂ ਰਹਿ ਸਕਦਾ ਏਂ ਸਿੱਕੂ?"

"ਭਾਈ ਜਾਨ ਤੇ ਭੈਣ ਵੀ ਰਹਿੰਦੇ ਹਨ ਨਾ ਤੁਹਾਡੇ ਨਾਲ!"

"ਉਨ੍ਹਾਂ ਨੂੰ ਵੀ ਸਾਡੇ ਨਾਲ ਹੀ ਜਲਾ ਦਿੱਤਾ ਗਿਆ ਸੀ ਨਾ।"

"ਫੇਰ! ਫੇਰ ਤਾਂ ਮੈਂ ਘਰ ਚਲਾ ਜਾਵਾਂਗਾ ਅੰਮਾ।"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਇਕ ਬੱਚੇ ਦੀ ਰੂਹ ਆਉਂਦੀ ਹੈ, ਬੱਚਾ ਰਾਤ ਵੇਲੇ ਚਮਕਦੇ ਟਟਹਿਣੇ ਵਰਗਾ ਲਗਦਾ ਹੈ। ਇੱਧਰ ਉਧਰ ਉਡਦਾ ਤੇ ਕੈਂਪ ਵਿਚ ਦੌੜਾ ਫਿਰਦਾ ਹੈ, ਉਛਲਦਾ-ਕੁੱਦਦਾ ਤੇ ਸ਼ਰਾਰਤਾਂ ਕਰਦਾ ਹੈ, ਤੁਤਲਾਉਂਦਾ ਨਹੀਂ, ਸਾਫ ਸਾਫ ਬੋਲਦਾ ਹੈ, ਮਾਂ ਦੇ ਕੱਪੜਿਆਂ ਨਾਲ ਲਿਪਟਿਆ ਰਹਿੰਦਾ ਹੈ, ਬਾਪ ਦੀ ਉਂਗਲ ਫੜੀ ਰੱਖਦਾ ਹੈ।

ਸ਼ਾਹ ਆਲਮ ਕੈਂਪ ਦੇ ਦੂਜੇ ਬੱਚਿਆਂ ਤੋਂ ਵੱਖਰਾ ਇਹ ਬੱਚਾ ਬਹੁਤ ਖੁਸ਼ ਰਹਿੰਦਾ ਹੈ।

"ਤੂੰ ਇੰਨਾ ਖੁਸ਼ ਕਿਉਂ ਰਹਿੰਦਾ ਏਂ ਬੱਚੇ?"

"ਤੁਹਾਨੂੰ ਨਹੀਂ ਪਤਾ, ਇਹ ਤਾਂ ਸਭ ਜਾਣਦੇ ਹਨ।"

"ਕੀ?"

"ਇਹ ਹੀ ਕਿ ਮੈਂ ਸਬੂਤ ਹਾਂ।"

"ਸਬੂਤ? ਕਾਹਦਾ ਸਬੂਤ?"


"ਬਹਾਦਰੀ ਦਾ ਸਬੂਤ ਹਾਂ।"

"ਕਿਹਦੀ ਬਹਾਦਰੀ ਦਾ ਸਬੂਤ ਐਂ?"

"ਉਨ੍ਹਾਂ ਦੀ, ਜਿਨ੍ਹਾਂ ਨੇ ਮੇਰੀ ਮਾਂ ਦਾ ਪੇਟ ਚੀਰ ਕੇ ਮੈਨੂੰ ਕੱਢਿਆ ਸੀ ਅਤੇ ਮੇਰੇ ਦੋ ਟੁਕੜੇ ਕਰ ਦਿੱਤੇ ਸਨ।"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਰੂਹਾਂ ਆਉਂਦੀਆਂ ਹਨ। ਇਕ ਮੁੰਡੇ ਕੋਲ ਉਹਦੀ ਮਾਂ ਦੀ ਰੂਹ ਆਈ। ਮੁੰਡਾ ਦੇਖ ਕੇ ਹੈਰਾਨ ਹੋ ਗਿਆ।



"ਮਾਂ ਤੂੰ ਅੱਜ ਇੰਨੀ ਖੁਸ਼ ਕਿਉਂ ਏਂ?"

"ਸਿਰਾਜ ਮੈਂ ਅੱਜ ਤੇਰੇ ਦਾਦੇ ਨੂੰ ਮਿਲੀ ਸਾਂ। ਉਨ੍ਹਾਂ ਮੈਨੂੰ ਆਪਣੇ ਅੱਬਾ ਨਾਲ ਮਿਲਾਇਆ। ਉਨ੍ਹਾਂ ਆਪਣੇ ਦਾਦੇ ਨਾਲ, ਨਕੜ ਦਾਦਾ, ਤੇਰੇ ਨਕੜ ਦਾਦੇ ਨੂੰ ਮੈਂ ਮਿਲੀ।" ਮਾਂ ਦੀ ਆਵਾਜ਼ ਵਿਚੋਂ ਖੁਸ਼ੀ ਫੁੱਟ ਰਹੀ ਸੀ। "ਸਿਰਾਜ ਤੇਰੇ ਨਕੜ ਦਾਦਾ ਹਿੰਦੂ ਸਨ, ਹਿੰਦੂ...ਸਮਝਿਆ? ਸਿਰਾਜ ਇਹ ਗੱਲ ਸਾਰਿਆਂ ਨੂੰ ਦੱਸ ਦੇਵੀਂ।"

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਰੂਹਾਂ ਆਉਂਦੀਆਂ ਹਨ। ਇਕ ਭੈਣ ਦੀ ਰੂਹ ਆਈ। ਰੂਹ ਆਪਣੇ ਭਰਾ ਨੂੰ ਲੱਭ ਰਹੀ ਸੀ। ਉਸ ਦਾ ਭਰਾ ਉਸ ਨੂੰ ਪੌੜੀਆਂ 'ਤੇ ਬੈਠਾ ਦਿਸਿਆ। ਭੈਣ ਦੀ ਰੂਹ ਖੁਸ਼ ਹੋਈ। ਉਹ ਨੱਠ ਕੇ ਭਰਾ ਕੋਲ ਪਹੁੰਚੀ ਅਤੇ ਬੋਲੀ, "ਵੀਰਾ।" ਭਰਾ ਨੇ ਸੁਣ ਕੇ ਵੀ ਅਨਸੁਣਿਆ ਕਰ ਦਿੱਤਾ। ਉਹ ਪੱਥਰ ਦੀ ਮੂਰਤੀ ਬਣਿਆ ਬੈਠਾ ਰਿਹਾ।

ਭੈਣ ਨੇ ਫਿਰ ਕਿਹਾ, "ਸੁਣ ਵੀਰਿਆ।" ਭਰਾ ਨੇ ਫਿਰ ਨਾ ਸੁਣਿਆ ਤੇ ਨਾ ਭੈਣ ਵਲ ਦੇਖਿਆ ਹੀ।

"ਤੂੰ ਮੇਰੀ ਗੱਲ ਕਿਉਂ ਨਹੀਂ ਸੁਣਦਾ ਵੀਰਿਆ?" ਭੈਣ ਨੇ ਜੋਰ ਨਾਲ ਕਿਹਾ ਤਾਂ ਭਰਾ ਦਾ ਚਿਹਰਾ ਅੱਗ ਵਾਂਗ ਲਾਲ ਸੁਰਖ ਹੋ ਗਿਆ ਤੇ ਅੱਖਾਂ ਉਬਲਣ ਲੱਗੀਆਂ। ਉਹ ਇਕ ਦਮ ਉਠਿਆ ਤੇ ਭੈਣ ਨੂੰ ਬੁਰੀ ਤਰ੍ਹਾਂ ਕੁੱਟਣ ਲੱਗਾ। ਲੋਕ ਇਕੱਠੇ ਹੋ ਗਏ। ਕਿਸੇ ਨੇ ਕੁੜੀ ਤੋਂ ਪੁੱਛਿਆ ਕਿ ਉਹਨੇ ਅਜਿਹਾ ਕੀ ਕਹਿ ਦਿੱਤਾ ਕਿ ਭਰਾ ਉਹਨੂੰ ਕੁੱਟਣ ਹੀ ਲੱਗ ਪਿਆ?

"ਮੈਂ ਤਾਂ ਸਿਰਫ ਇਹਨੂੰ ਵੀਰਾ ਕਹਿ ਕੇ ਬੁਲਾਇਆ ਹੀ ਹੈ।"

ਇਕ ਬਜ਼ੁਰਗ ਕਹਿਣ ਲੱਗਾ, "ਨਹੀਂ ਸਲੀਮਾ ਨਹੀਂ, ਤੂੰ ਇੰਨੀ ਵੱਡੀ ਗਲਤੀ ਕਿਉਂ ਕੀਤੀ? ਬਜ਼ੁਰਗ ਫੁੱਟ ਫੁੱਟ ਕੇ ਰੋਣ ਲੱਗਾ ਅਤੇ ਭਰਾ ਆਪਣਾ ਸਿਰ ਪਿੱਟਣ ਲੱਗਾ।

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਰੂਹਾਂ ਆਉਂਦੀਆਂ ਹਨ। ਇਕ ਦਿਨ ਹੋਰ ਰੂਹਾਂ ਦੇ ਨਾਲ ਇਕ ਬੁੱਢੇ ਦੀ ਰੂਹ ਵੀ ਸ਼ਾਹ ਆਲਮ ਕੈਂਪ ਵਿਚ ਆ ਗਈ। ਬੁੱਢਾ ਨੰਗੇ ਪਿੰਡੇ ਸੀ, ਉਚੀ ਧੋਤੀ ਬੰਨੀ ਹੋਈ ਸੀ। ਪੈਰਾਂ ਵਿਚ ਚੱਪਲਾਂ ਤੇ ਹੱਥ ਵਿਚ ਇਕ ਬਾਂਸ ਦਾ ਡੰਡਾ ਸੀ। ਧੋਤੀ ਵਿਚ ਉਹਨੇ ਕਿਧਰੇ ਘੜੀ ਬੰਨੀ ਹੋਈ ਸੀ। ਰੂਹਾਂ ਨੇ ਬੁੱਢੇ ਨੂੰ ਪੁੱਛਿਆ, "ਤੁਹਾਡਾ ਵੀ ਕੋਈ ਰਿਸ਼ਤੇਦਾਰ ਕੈਂਪ ਵਿਚ ਹੈ?"

ਬੁੱਢੇ ਨੇ ਕਿਹਾ, "ਨਹੀਂ ਅਤੇ ਹਾਂ।"

ਰੂਹਾਂ ਨੇ ਬੁੱਢੇ ਨੂੰ ਪਾਗਲ ਸਮਝ ਕੇ ਛੱਡ ਦਿੱਤਾ ਅਤੇ ਕੈਂਪ ਦਾ ਗੇੜਾ ਲਾਉਣ ਲੱਗੀਆਂ।

ਕਿਸੇ ਨੇ ਬੁੱਢੇ ਨੂੰ ਪੁੱਛਿਆ, "ਬਾਬਾ ਤੁਸੀਂ ਕਿਸ ਨੂੰ ਲੱਭ ਰਹੇ ਹੋ?" ਬੁੱਢੇ ਬੋਲਿਆ, "ਅਜਿਹੇ ਲੋਕਾਂ ਨੂੰ ਜੋ ਮੇਰਾ ਕਤਲ ਕਰ ਸਕਣ।"

"ਕਿਉਂ?"

"ਅੱਜ ਤੋਂ ਪੰਜਾਹ ਸਾਲ ਪਹਿਲਾਂ ਮੈਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਹੁਣ ਮੈਂ ਚਾਹੁੰਦਾ ਹਾਂ, ਦੰਗਾਕਾਰੀ ਮੈਨੂੰ ਜਿਉਂਦੇ ਨੂੰ ਸਾੜ ਕੇ ਮਾਰ ਦੇਣ।"

"ਤੁਸੀਂ ਇਹ ਕਿਉਂ ਕਰਨਾ ਚਾਹੁੰਦੇ ਹੋ ਬਾਬਾ?"

"ਸਿਰਫ ਇਹ ਦੱਸਣ ਲਈ ਕਿ ਨਾ ਤਾਂ ਉਨ੍ਹਾਂ ਵਲੋਂ ਗੋਲੀ ਮਾਰਿਆਂ ਹੀ ਮੈਂ ਮਰਿਆ ਸੀ ਅਤੇ ਨਾ ਹੀ ਜਿਉਂਦੇ ਸਾੜ ਦੇਣ ਨਾਲ ਮੈਂ ਮਰਾਂਗਾ।"

---

ਸ਼ਾਹ ਆਲਮ ਕੈਂਪ ਵਿਚ ਇਕ ਰੂਹ ਤੋਂ ਕਿਸੇ ਨੇ ਪੁੱਛਿਆ, "ਤੇਰੇ ਮਾਂ-ਬਾਪ ਹਨ?"

"ਮਾਰ ਦਿੱਤਾ ਸਾਰਿਆਂ ਨੂੰ।"

"ਭੈਣ-ਭਰਾ?"

"ਨਹੀਂ ਹੈ।"

"ਕੋਈ ਹੈ?"

"ਨਹੀਂ।"

"ਇੱਥੇ ਅਰਾਮ ਨਾਲ ਹੋ?"

"ਹਾਂ, ਹਾਂ।"

"ਖਾਣਾ-ਪੀਣਾ ਮਿਲਦਾ ਹੈ?"

"ਹਾਂ, ਮਿਲਦਾ ਹੈ?"

"ਕੱਪੜੇ-ਲੱਤੇ ਹਨ?"

"ਹਾਂ, ਹੈਨ।"

"ਕੁਝ ਚਾਹੀਦਾ ਤਾਂ ਨਹੀਂ?"

"ਕੁਝ ਨਹੀਂ।"

"ਕੁਝ ਨਹੀਂ?"

"ਕੁਝ ਨਹੀਂ।"

ਨੇਤਾ ਜੀ ਖੁਸ਼ ਹੋ ਗਏ। ਸੋਚਿਆ ਮੁੰਡਾ ਸਮਝਦਾਰ ਹੈ। ਮੁਸਲਮਾਨਾਂ ਜਿਹਾ ਨਹੀਂ।

---

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਪਿਛੋਂ ਰੂਹਾਂ ਆਉਂਦੀਆਂ ਹਨ। ਇਕ ਦਿਨ ਰੂਹਾਂ ਨਾਲ ਸ਼ੈਤਾਨ ਦੀ ਰੂਹ ਵੀ ਆ ਗਈ। ਇਧਰ ਉਧਰ ਦੇਖ ਕੇ ਬੜਾ ਸ਼ਰਮਿੰਦਾ ਤੇ ਪ੍ਰੇਸ਼ਾਨ ਹੋਇਆ। ਲੋਕਾਂ ਨਾਲ ਅੱਖਾਂ ਨਹੀਂ ਮਿਲਾ ਰਿਹਾ ਸੀ। ਕੰਨੀ ਕਤਰਾ ਰਿਹਾ ਸੀ। ਰਸਤਾ ਬਦਲ ਲੈਂਦਾ ਸੀ। ਗਰਦਨ ਝੁਕਾ ਕੇ ਤੇਜੀ ਨਾਲ ਉਧਰ ਮੁੜ ਜਾਂਦਾ ਜਿੱਧਰ ਲੋਕ ਨਾ ਹੁੰਦੇ। ਅਖੀਰ ਲੋਕਾਂ ਉਹਨੂੰ ਫੜ੍ਹ ਹੀ ਲਿਆ। ਉਹ ਅਸਲੋਂ ਸ਼ਰਮਿੰਦਾ ਹੋ ਕੇ ਕਹਿਣ ਲੱਗਾ, "ਹੁਣ ਜੋ ਕੁਝ ਹੋਇਆ ਹੈ ਇਸ ਵਿਚ ਮੇਰਾ ਕੋਈ ਹੱਥ ਨਹੀਂ। ਅੱਲ੍ਹਾ ਦੀ ਕਸਮ ਮੇਰਾ ਕੋਈ ਹੱਥ ਨਹੀਂ।"

ਲੋਕਾਂ ਕਿਹਾ, "ਹਾਂ-ਹਾਂ ਅਸੀਂ ਜਾਣਦੇ ਹਾਂ ਕਿ ਤੂੰ ਤਾਂ ਇਵੇਂ ਕਰ ਹੀ ਨਹੀਂ ਸਕਦਾ। ਆਖਰ ਤੇਰਾ ਵੀ ਕੋਈ ਸਟੈਂਡਰਡ ਹੈ।"

ਸ਼ੈਤਾਨ ਠੰਢਾ ਸਾਹ ਲੈ ਕੇ ਕਹਿਣ ਲੱਗਾ, "ਚਲੋ ਦਿਲ ਤੋਂ ਇਕ ਬੋਝ ਲੱਥ ਗਿਆ, ਤੁਸੀਂ ਸੱਚ ਜਾਣਦੇ ਹੋ।"

ਲੋਕਾਂ ਕਿਹਾ, "ਕੁਝ ਦਿਨ ਪਹਿਲਾਂ ਅੱਲ੍ਹਾ ਮੀਆਂ ਵੀ ਆਏ ਸਨ ਅਤੇ ਇਹੋ ਕਹਿ ਰਹੇ ਸਨ।"

## ਕਾਵਿ-ਜਗਤ

### ਕੀ ਕਰੀਏ?

ਉਜੜੇ ਹੋਏ ਜਜ਼ਬਾਤਾਂ ਦਾ ਕੀ ਕਰੀਏ
ਵਿਗੜੇ ਹੋਏ ਹਾਲਾਤਾਂ ਦਾ ਕੀ ਕਰੀਏ?
ਸਾਡੇ ਹਿੱਸੇ ਆਈਆਂ ਕਾਲੀਆਂ ਰਾਤਾਂ
ਚੰਨ ਚਾਨਣੀਆਂ ਰਾਤਾਂ ਦਾ ਕੀ ਕਰੀਏ?
ਸਾਨੂੰ ਸਿਖਰ ਦੁਪਹਿਰੇ ਖਾਈ ਜਾਵਣ
ਕੂਲ ਕੂਲ ਪ੍ਰਭਾਤਾਂ ਦਾ ਕੀ ਕਰੀਏ?
ਸਾਰੀ ਉਮਰਾ ਤਰਸ ਤਰਸ ਕੇ ਗੁਜਰੀ
ਹੁਣ ਮਿਲੀਆਂ ਸੌਗਾਤਾਂ ਦਾ ਕੀ ਕਰੀਏ?

ਵੱਸਦੇ ਰੱਸਦੇ ਘਰ ਨੇ ਖੰਡਰ ਹੋ ਗਏ
ਖਾਲੀ ਪਈਆਂ ਸਬਾਤਾਂ ਦਾ ਕੀ ਕਰੀਏ?
ਕਰਮਾਂ ਦੀ ਖੇਤੀ ਤਾਂ ਸਾਰੀ ਸੁਕ ਗਈ
ਬੇਮੌਸਮ ਬਰਸਾਤਾਂ ਦਾ ਕੀ ਕਰੀਏ?
ਸਾਡੇ ਮੱਥੇ ਦੀਆਂ ਲਕੀਰਾਂ ਖਾਲੀ ਨੇ
ਤੇਰੀਆਂ ਕਲਮ ਦਵਾਤਾਂ ਦਾ ਕੀ ਕਰੀਏ?
ਹੋ ਗਈ ਏ 'ਸੁਰਜੀਤ' ਨਰਕ ਜਿਹੀ ਦੁਨੀਆਂ
ਧਰਮਾਂ, ਜਾਤਾਂ-ਪਾਤਾਂ ਦਾ ਕੀ ਕਰੀਏ?

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਗੰਗੂ

'ਗੰਗੂ' ਕੋਈ ਇਨਸਾਨ ਨਹੀਂ ਹੁੰਦਾ,
'ਗੰਗੂ' ਤਾਂ ਇਕ ਸੋਚ ਹੁੰਦੀ ਹੈ।
ਅਕ੍ਰਿਤਘਣਾਂ ਦੇ ਲੋਭੀ ਮਨ ਦੀ,
ਸਭ ਤੋਂ ਗੰਦੀ ਲੋਚ ਹੁੰਦੀ ਹੈ।
ਇਸ ਧਰਤੀ ਦੇ ਹਰ ਖਿੱਤੇ 'ਤੇ,
ਲੱਖਾਂ ਹੀ ਅੱਜ 'ਗੰਗੂ' ਵੱਸਦੇ।
ਜਿਨ੍ਹਾਂ ਕਾਰਣ ਖਲਕਤ ਇੱਥੇ,
ਹਰ ਪੱਧਰ 'ਤੇ ਨੋਚ ਹੁੰਦੀ ਹੈ।
ਲਾਲਚ ਦੇ ਵਿਚ ਅੰਨਾ ਹੋ ਕੇ,
ਬੰਦਾ ਜਦ 'ਗੰਗੂ' ਬਣ ਜਾਂਦਾ।
ਦੇਰ-ਸਵੇਰੇ ਆਖਿਰ ਨੂੰ ਤਾਂ,
ਪੱਟੀ ਉਸ ਦੀ ਪੋਚ ਹੁੰਦੀ ਹੈ।
ਦੁਸ਼ਮਣ ਲੱਖ ਜਮਾਨਾ ਹੋਵੇ,
ਪੂਰੀ ਕੌਮ ਨਾ 'ਗੰਗੂ' ਹੁੰਦੀ।
ਜੇਕਰ ਏਦਾਂ ਜਾਪੇ ਤਾਂ ਫਿਰ,
ਮਨ ਦੇ ਪੈਰੀਂ ਮੋਚ ਹੁੰਦੀ ਹੈ।
ਸਭ ਦੇ ਨਾਲੋਂ ਗਿਰੀ ਘਨਾਉਣੀ,
'ਗੰਗੂ' ਤਾਂ ਹੁਣ ਗਾਲ ਬਣ ਗਈ।
ਮਨ ਵਿਚ 'ਗੰਗੂ' ਜੇ ਵੜ ਜਾਵੇ,
ਫਿਰ ਨਾ ਇੱਜਤ ਬੋਚ ਹੁੰਦੀ ਹੈ।
ਅੰਦਰ 'ਗੰਗੂ' ਪਾਲ ਆਪਦੇ,
ਬਾਹਰਲੇ ਨਾਲ ਲੜਨਾ ਚਾਹੇ।
ਤਾਹੀਓਂ 'ਗੰਗੂਬਾਦ' 'ਤੇ ਭੋਰਾ,
ਆਉਂਦੀ ਨਹੀਂ ਖਰੋਚ ਹੁੰਦੀ ਹੈ।

*-ਗੁਰਮੀਤ ਸਿੰਘ ਬਰਸਾਲ*

---

### ਦੇਸ਼ ਅੰਦਰ?

ਸਾਡਾ ਸ਼ੌਕ ਦੁਖੀਆਂ ਦਾ ਭਲਾ ਕਰਨਾ,
ਸੁਖੀ ਵੱਸਣ ਜੋ ਦੁਖੀ ਦੇ ਦੇਸ਼ ਅੰਦਰ।
ਐਪਰ ਜਨਤਾ ਦੇ ਸੇਵਕ ਨਾ ਬਣਨ ਹਾਕਮ,
ਗੈਰ-ਹਾਜ਼ਰ ਹੀ ਰਹਿੰਦੇ ਨੇ ਦੇਸ਼ ਅੰਦਰ।
ਕਾਮ, ਕਰੋਧ, ਮੋਹ, ਲੋਭ, ਹੰਕਾਰ ਕਾਰਨ,
ਫਸਦੇ ਹਾਕਮ ਨੇਤਾ ਨਿੱਤ ਦੇਸ਼ ਅੰਦਰ।
ਨੀਂਹ ਪੱਥਰਾਂ ਦੀ ਖਿੰਡੀ ਰੇਤ 'ਗਿੱਲਾ',
ਝਾੜੂ ਕਰੂ ਸਫਾਈ ਭਾਵੇਂ ਦੇਸ਼ ਅੰਦਰ।

*-ਜੁਗਰਾਜ ਸਿੰਘ ਸ਼ਾਰਲਟ*
*ਫੋਨ: 704-257-6693*

### ਰੱਬਾ ਜਿਵੇਂ ਤੂੰ ਚਾਹੁੰਦਾ ਏਂ

ਰੱਬਾ ਜਿਵੇਂ ਤੂੰ ਚਾਹੁੰਦਾ ਏਂ
ਉਵੇਂ ਨਾ ਇਹ ਜਗ ਕਰਦਾ।
ਭੁੱਲ ਕੇ ਤੇਰੇ ਅਸੂਲਾਂ ਨੂੰ
ਲਾਲਾ ਹੱਟੀ 'ਤੇ ਠੱਗ ਕਰਦਾ।

ਕੁੱਖਾਂ ਦੇ ਵਿਚ ਮਾਰ ਧੀਆਂ ਨੂੰ
ਮਾਂਵਾਂ ਦਾ ਜੰਮਣਾ ਬੰਦ ਕਰ'ਤਾ।
ਸਾਇੰਸ ਨੇ ਵੀ ਵੇਖੋ ਯਾਰੋ
ਰੰਗ ਕੁਦਰਤ ਦਾ ਭੰਗ ਕਰ'ਤਾ।
ਧਰਤੀ ਮਾਂ ਨੂੰ ਬਚਾਵਣ ਦੇ ਲਈ
ਹੁਣ ਕਾਹਤੋਂ ਝੂਠਾ ਯੱਗ ਕਰਦਾ।

ਰਾਮ ਨਾਮ ਨੂੰ ਅੱਲਾ ਬਣਾ ਦੋ
ਮੰਦਿਰ ਦੀ ਥਾਂ ਮਸਜਿਦ ਢਾਹ ਦੋ।
ਭੁੱਖਿਆਂ ਨੂੰ ਨਾ ਮਿਲਦੀ ਰੋਟੀ
ਰੱਜਿਆਂ ਲਈ ਤੁਸੀਂ ਲੰਗਰ ਲਾ ਦੋ।
ਗਰੀਬਾਂ ਦੇ ਵਿਚ ਵੱਸਦਾ ਸੀ ਜੋ
ਸੋਨੇ ਦਾ ਉਹ ਰੱਬ ਕਰ'ਤਾ।

ਹਿੰਦੂ, ਮੁਸਲਿਮ, ਸਿੱਖ, ਇਸਾਈ
ਤੂੰ ਕਹਿੰਦਾ ਸਭ ਹੁੰਦੇ ਭਾਈ।
ਪਰ ਹਿੰਦੂਆਂ ਨੇ ਹਿੰਦ ਵੰਡ ਲਿਆ
ਮੁਸਲਮਾਨਾਂ ਵੰਡ ਲਈ ਖੁਦਾਈ।
'ਜਹਾਦ' ਦੇ ਨਾਂ 'ਤੇ ਪਾਪ ਕਮਾ ਕੇ
ਮੱਕੇ ਵਿਚ ਬੈਠਾ ਹੱਜ ਕਰਦਾ।

ਐ ਖੁਦਾ ਮੇਰੀ ਸੁਣ ਲਾ ਗੁਜਾਰਿਸ਼
ਬਣ ਚੁਕੇ ਹਾਂ ਅਸੀਂ ਲਾਵਾਰਿਸ।
ਕਰਕੇ ਮੁਆਫ ਗੁਨਾਹ ਸਾਡੇ
ਕਰਦੇ ਤੂੰ ਖੁਸ਼ੀਆਂ ਦੀ ਬਾਰਿਸ਼।
'ਪ੍ਰੀਤ' ਮੰਗਦਾ ਰਹਿਮਤ ਤੇਰੀ
ਬਸ ਤੈਨੂੰ ਮਿਲਣ ਦੀ ਹੱਠ ਕਰਦਾ।
ਰੱਬਾ ਜਿਵੇਂ ਤੂੰ ਚਾਹੁੰਦਾ ਏਂ
ਉਵੇਂ ਨਾ ਇਹ ਜਗ ਕਰਦਾ।

*-ਕਿਰਨਪ੍ਰੀਤ ਸਿੰਘ*
*ਫੋਨ: 91-95650-06068*

# ਬਜ਼ੁਰਗਾਂ ਦਾ ਸਤਿਕਾਰ ਕਰੋ

## ਸਿੰਮਦੇ ਸ਼ਬਦ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀ ਮਮਤਾ ਅਤੇ ਉਸ ਦੇ ਤੁਰ ਜਾਣ ਉਪਰੰਤ ਪੈਦਾ ਹੋਏ ਖਲਾਅ ਦੀ ਗੱਲ ਕੀਤੀ ਸੀ। ਉਨ੍ਹਾਂ ਦੇ ਸ਼ਬਦਾਂ ਵਿਚੋਂ ਅਜਿਹਾ ਦਰਦ ਉਭਰਦਾ ਹੈ ਕਿ ਸ਼ਬਦ ਸਿੰਮਦੇ ਮਹਿਸੂਸ ਹੁੰਦੇ ਹਨ। ਮਾਂ ਦੇ ਤੁਰ ਜਾਣ ਪਿਛੋਂ ਮੁੜ ਮੁੜ ਕੰਨਾਂ ਵਿਚ ਬੋਲ ਗੂੰਜਦੇ ਹਨ, ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਜ਼ੁਰਗਾਂ ਦਾ ਆਦਰ ਮਾਣ ਕਰਨ ਦੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਬੱਚੇ ਜਦ ਬਜ਼ੁਰਗਾਂ ਦੇ ਚਾਅ ਮਨਾਉਂਦੇ ਨੇ ਤਾਂ ਮਾਪਿਆਂ ਦੀ ਉਮਰ ਵਧ ਜਾਂਦੀ ਏ ਅਤੇ ਉਨ੍ਹਾਂ ਦੇ ਸਾਹਾਂ ਵਿਚ ਰਵਾਨਗੀ ਤੇ ਜਿਉਣ ਦਾ ਚਾਅ ਮਿਉਂਦਾ ਨਹੀਂ। ਉਨ੍ਹਾਂ ਲਈ ਜਿਉਣਾ ਇਕ ਮੇਲਾ। ਉਨ੍ਹਾਂ ਆਖਿਆ ਕਿ ਮਾਪਿਆਂ ਨੂੰ ਧਨ ਨਹੀਂ, ਢਾਰਸ ਦੀ ਲੋੜ। ਦੌਲਤ ਨਹੀਂ, ਲਾਡ ਲੋੜੀਂਦੇ ਨੇ। ਉਹ ਤਾਂ ਦਰਿਆ ਕੰਢੇ ਰੁੱਖੜਾ ਨੇ ਅਤੇ ਉਨ੍ਹਾਂ ਦੀ ਖੈਰੀਅਤ ਮੰਗਦਿਆਂ ਦਰਅਸਲ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਹੱਥੋਂ ਆਪਣੀ ਹੀ ਖੈਰ ਮੰਗ ਰਹੇ ਹੁੰਦੇ ਹਾਂ।...ਬਜ਼ੁਰਗਾਂ ਦੀ ਬੇਇਜ਼ਤੀ, ਨਾ-ਮੁਆਫੀਯੋਗ ਗੁਨਾਹ, ਨਾ ਬਖਸ਼ਿਆ ਜਾਣ ਵਾਲਾ ਪਾਪ। ਉਨ੍ਹਾਂ ਦੀ ਬੇਹੁਰਮਤੀ ਵਿਚ ਸਾਡੀ ਨੀਚਤਾ, ਜੱਗ-ਜ਼ਾਹਰ। ਯਾਦ ਰੱਖਣਾ, ਬਜ਼ੁਰਗਾਂ ਨੇ ਸਦਾ ਬੈਠੇ ਨਹੀਂ ਰਹਿਣਾ ਅਤੇ ਅਸੀਂ ਵੀ ਜੱਗ-ਸਰਾਏ 'ਚ ਇਕ ਮੁਸਾਫਰ। -ਸੰਪਾਦਕ***

ਕਦੇ ਕਦੇ ਫੁੱਲਾਂ ਦਾ ਗੁਲਦਸਤਾ, ਕਾਰਡ ਅਤੇ ਕੇਕ ਤੱਕ ਸੀਮਤ ਕਰ ਦਿਤੇ ਗਏ ਮਾਪੇ ਬਜ਼ੁਰਗ ਅਵਸਥਾ 'ਚ ਬੱਚਿਆਂ ਲਈ ਬੋਝ ਬਣ ਜਾਂਦੇ ਨੇ। ਸੁੰਗੜ ਜਾਂਦੀਆਂ ਨੇ ਕਿਸਮਤ ਦੀਆਂ ਰੇਖਾਵਾਂ ਅਤੇ ਸਾਹਾਂ ਵਿਚ ਉਗ ਆਉਂਦੀ ਏ ਨਾ-ਜਿਉਣ ਦੀ ਤਮੰਨਾ।

ਮਾਪੇ, ਬੱਚਿਆਂ ਨੂੰ ਪਾਲਣ ਹਿੱਤ ਆਪਣਾ ਸਭ ਕੁਝ ਦਾਅ 'ਤੇ ਲਾਉਂਦੇ। ਉਨ੍ਹਾਂ ਲਈ ਔਲਾਦ ਦੀ ਖੁਸ਼ੀ ਸਭ ਤੋਂ ਅਹਿਮ। ਲਾਡਲਿਆਂ ਦੀ ਕਾਮਯਾਬੀ, ਉਨ੍ਹਾਂ ਦੇ ਜੀਵਨ ਦਾ ਮਕਸਦ। ਮੰਜ਼ਲਾਂ ਵੰਨੀ ਵਧ ਰਹੇ ਨਿੱਕੇ ਨਿੱਕੇ ਕਦਮ, ਉਨ੍ਹਾਂ ਲਈ ਠੰਢਕ ਦਾ ਅਹਿਸਾਸ। ਜੀਵਨ ਦੇ ਸੁੱਚਮ 'ਚ ਢਲਣ ਲਈ ਯਤਨਸ਼ੀਲ, ਨਵੀਂ ਨਸਲ ਦੀਆਂ ਤਕਦੀਰਾਂ ਅਤੇ ਤਦਬੀਰਾਂ।

'ਕੇਰਾਂ ਬੁੱਢੜੇ ਮਾਂ-ਬਾਪ ਦੇ ਦੋ ਪੁੱਤ ਅਤੇ ਇਕ ਧੀ ਉਚੇ ਅਹੁਦਿਆਂ ਦੀ ਸ਼ੋਭਾ। ਮਾਪਿਆਂ ਦੀ ਮਿਹਨਤ ਨੂੰ ਲੱਗਿਆ ਫਲ। ਆਪਣੇ ਵਿਆਹ ਦੀ ਚਾਲੀਵੀਂ ਵਰ੍ਹੇ-ਗੰਢ ਮਨਾਉਣ ਲਈ ਸਭ ਤਿਆਰੀਆਂ ਅਤੇ ਇਨ੍ਹਾਂ ਵਿਚ ਸ਼ਮੂਲੀਅਤ ਲਈ ਬੱਚਿਆਂ ਨੂੰ ਵੇਲੇ ਸਿਰ ਆਉਣ ਲਈ ਉਚੇਚ। ਆਖਰੀ ਵਕਤ 'ਤੇ ਵੱਡਾ ਪੁੱਤ ਘਰ ਆ ਕੇ ਬਾਪੂ ਨੂੰ ਕਹਿੰਦਾ ਏ ਕਿ ਅੱਜ ਬਹੁਤ ਸਾਰੀਆਂ ਮੀਟਿੰਗਾਂ ਕਰਨੀਆਂ ਪਈਆਂ। ਮੰਤਰੀ ਨੇ ਕੱਲ ਨੂੰ ਜੋ ਆਉਣਾ ਏ, ਇਸ ਲਈ ਤੁਹਾਡੇ ਲਈ ਤੋਹਫਾ ਲੈਣ ਲਈ ਬਾਜ਼ਾਰ ਨਹੀਂ ਜਾ ਹੋਇਆ। ਦੂਜਾ ਡਾਕਟਰ ਪੁੱਤ ਆਉਂਦੇ ਸਾਰ ਬਹਾਨਾ ਬਣਾਉਂਦਾ ਏ ਕਿ ਅੱਜ ਐਮਰਜੈਂਸੀ ਵਿਚ ਹਾਰਟ ਦਾ ਮਰੀਜ ਆ ਗਿਆ, ਉਸ ਨੂੰ ਅਟੈਂਡ ਕਰਦਿਆਂ ਹੀ ਬਹੁਤ ਲੇਟ ਹੋ ਗਿਆ। ਇਸ ਲਈ ਤੁਹਾਡੇ ਵਿਆਹ ਦੀ ਵਰ੍ਹੇ-ਗੰਢ 'ਤੇ ਤੁਹਾਡੇ ਲਈ ਕੋਈ ਵਧੀਆ ਜਿਹੀ ਸੌਗਾਤ ਲੈਣ ਲਈ ਸਮਾਂ ਹੀ ਨਹੀਂ ਮਿਲਿਆ।

ਵਿਆਹ ਦੀ ਵਰ੍ਹੇ-ਗੰਢ ਦੇ ਜਸ਼ਨਾਂ ਦੀ ਸ਼ੁਰੂਆਤ ਤੋਂ ਜਰਾ ਕੁ ਪਹਿਲਾਂ ਧੀ ਆ ਜਾਂਦੀ ਏ ਅਤੇ ਆਪਣਾ ਰੋਣਾ ਲੈ ਕੇ ਬਹਿ ਜਾਂਦੀ ਏ ਕਿ ਮੈਨੂੰ ਫੀਲਡ ਵਿਚ ਇੰਸਪੈਕਸ਼ਨ 'ਤੇ ਜਾਣਾ ਪਿਆ। ਇਸ ਲਈ ਮੈਂ ਸੁਗਾਤ ਲਿਆ ਹੀ ਨਹੀਂ ਸਕੀ।

ਬਾਪ ਦਾ ਮਨ ਤਿੜਕ ਜਾਂਦਾ ਏ ਅਤੇ ਉਹ ਆਪਣੇ ਬੱਚਿਆਂ ਨੂੰ ਮੁਖਾਤਬ ਹੋ ਕੇ ਕਹਿੰਦਾ ਹੈ ਕਿ ਮੈਂ ਤੁਹਾਨੂੰ ਅੱਜ ਇਕ ਭੇਤ ਦੱਸਣਾ ਏ। ਮੇਰਾ ਅਤੇ ਤੁਹਾਡੀ ਮਾਂ ਦਾ ਪਿਛਲੇ 40 ਸਾਲਾਂ ਤੋਂ ਬਹੁਤ ਪਿਆਰ ਹੈ। ਪਰ ਅੱਜ ਮੈਨੂੰ ਪਤਾ ਲੱਗਾ ਹੈ ਕਿ ਸਾਡਾ ਤਾਂ ਹੁਣ ਤੱਕ ਵਿਆਹ ਹੀ ਨਹੀਂ ਹੋਇਆ। ਬੱਚੇ ਭੁਚੱਕੇ ਰਹਿ ਜਾਂਦੇ ਨੇ ਤਾਂ ਬਾਪ ਕਹਿੰਦਾ ਏ, ਹਾਂ ਸਾਡਾ ਵਿਆਹ ਨਹੀਂ ਹੋਇਆ ਅਤੇ ਇਸ ਲਈ ਤੁਸੀਂ ਸਾਰੇ ਹਰਾਮ ਦੀ ਔਲਾਦ ਹੋ। ਕਮੀਨੇ ਹਰਾਮਜ਼ਾਦੇ।

ਇਹ ਸਾਡੇ ਸਮਿਆਂ ਦਾ ਸੱਚ ਏ ਅਤੇ ਅਸੀਂ ਅਕਸਰ ਹੀ ਅਜਿਹੇ ਸੱਚ ਦੇ ਰੂਬਰੂ ਹੁੰਦੇ ਹਾਂ।

ਬਜ਼ੁਰਗਾਂ ਨੂੰ ਫਾਲਤੂ ਵਸਤ ਸਮਝ ਕੇ ਘਰ ਦੀ ਬੇ-ਆਬਾਦ ਨੁੱਕਰ ਦਾ ਭਾਗ ਬਣਾਉਣ ਵਾਲੀ ਔਲਾਦ, ਆਪਣੀ ਔਲਾਦ ਲਈ ਕੀ ਦੇ ਰਹੀ ਏ, ਕਿਸੇ ਨੂੰ ਦਸਣ ਜਾਂ ਸਮਝਾਉਣ ਦੀ ਲੋੜ ਨਹੀਂ। ਨਵੀਂ ਔਲਾਦ ਆਪਣੇ ਆਪ ਹੀ ਸਭ ਕੁਝ ਸਮਝ ਜਾਵੇਗੀ।

ਬਜ਼ੁਰਗਾਂ ਪ੍ਰਤੀ ਅਣਗਹਿਲੀ ਇਕ ਮਹਾਂ ਪਾਪ, ਸਮਿਆਂ ਦੀ ਕੁੱਖ ਦਾ ਸੰਤਾਪ, ਸਾਹੀਂ-ਤਰੁੱਠੀ ਮਨੁੱਖੀ ਜਾਤ ਅਤੇ ਆਪਣੇ ਕੁਕਰਮਾਂ ਦੀ ਨਿਸ ਦਿਨ ਭਰ ਰਹੀ ਪਰਾਤ।

ਬੱਚੇ ਜਦ ਬਜ਼ੁਰਗਾਂ ਦੇ ਚਾਅ ਮਨਾਉਂਦੇ ਨੇ ਤਾਂ ਮਾਪਿਆਂ ਦੀ ਉਮਰ ਵਧ ਜਾਂਦੀ ਏ ਅਤੇ ਉਨ੍ਹਾਂ ਦੇ ਸਾਹਾਂ ਵਿਚ ਰਵਾਨਗੀ ਤੇ ਜਿਉਣ ਦਾ ਚਾਅ ਮਿਉਂਦਾ ਨਹੀਂ। ਉਨ੍ਹਾਂ ਲਈ ਜਿਉਣਾ ਇਕ ਮੇਲਾ।

ਮਾਪਿਆਂ ਨੂੰ ਧਨ ਨਹੀਂ, ਢਾਰਸ ਦੀ ਲੋੜ। ਦੌਲਤ ਨਹੀਂ, ਲਾਡ ਲੋੜੀਂਦੇ ਨੇ। ਉਹ ਤਾਂ ਦਰਿਆ ਕੰਢੇ ਰੁੱਖੜਾ ਨੇ ਅਤੇ ਉਨ੍ਹਾਂ ਦੀ ਖੈਰੀਅਤ ਮੰਗਦਿਆਂ ਦਰਅਸਲ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਹੱਥੋਂ ਆਪਣੀ ਹੀ ਖੈਰ ਮੰਗ ਰਹੇ ਹੁੰਦੇ ਹਾਂ।

***ਧੀ ਪਰਦੇਸ ਵਿਚ ਰਹਿੰਦੀ ਏ। ਆਪਣੇ ਮਾਪਿਆਂ ਦਾ ਜਨਮ ਦਿਨ ਹੋਵੇ ਜਾਂ ਉਨ੍ਹਾਂ ਦੇ ਵਿਆਹ ਦੀ ਵਰ੍ਹੇ-ਗੰਢ ਹੋਵੇ, ਆਪਣੇ ਬਚਪਨੇ ਘਰ 'ਚ ਪਹਿਲੀ ਦਸਤਕ ਉਸ ਦੇ ਕੇਕ ਅਤੇ ਫੁੱਲਾਂ ਦੇ ਗੁਲਦਸਤੇ ਦੀ ਹੁੰਦੀ ਏ। ਘਰ ਵਿਚ ਰਹਿਣ ਵਾਲਿਆਂ ਨੂੰ ਭਾਵੇਂ ਯਾਦ ਰਹੇ ਜਾਂ ਨਾ ਰਹੇ, ਪਰ ਧੀ ਨੂੰ ਸਭ ਕੁਝ ਯਾਦ ਰਹਿੰਦਾ ਏ। ਧੀ ਦੇ ਇਹ ਦਿਲੀ-ਚਾਅ ਹੀ ਮਾਪਿਆਂ ਲਈ ਯੁੱਗ ਜਿਉਣ ਦਾ ਆਹਰ, ਸੁਖਾਵੇਂ ਸਫਰ ਦਾ ਆਧਾਰ ਅਤੇ ਢਲਦੇ ਦੁਪਹਿਰ ਵਿਚ ਜਿਉਣ-ਖੁਮਾਰ।***

ਯਾਦ ਰੱਖਣਾ, ਜੋ ਅਸੀਂ ਆਪਣੇ ਮਾਪਿਆਂ ਨਾਲ ਕਰਦੇ ਹਾਂ, ਸਾਡੇ ਬੱਚੇ ਦੇਖਦੇ ਨੇ ਅਤੇ ਸਾਨੂੰ ਇਸ ਤੋਂ ਬਦਤਰ ਵਤੀਰੇ ਲਈ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ। ਸਾਡੇ 'ਤੇ ਇਹੋ ਜਿਹਾ ਵਕਤ ਤਾਂ ਜਰੂਰ ਹੀ ਆਵੇਗਾ।

ਧੀ ਪਰਦੇਸ ਵਿਚ ਰਹਿੰਦੀ ਏ। ਆਪਣੇ ਮਾਪਿਆਂ ਦਾ ਜਨਮ ਦਿਨ ਹੋਵੇ ਜਾਂ ਉਨ੍ਹਾਂ ਦੇ ਵਿਆਹ ਦੀ ਵਰ੍ਹੇ-ਗੰਢ ਹੋਵੇ, ਆਪਣੇ ਬਚਪਨੇ ਘਰ 'ਚ ਪਹਿਲੀ ਦਸਤਕ ਉਸ ਦੇ ਕੇਕ ਅਤੇ ਫੁੱਲਾਂ ਦੇ ਗੁਲਦਸਤੇ ਦੀ ਹੁੰਦੀ ਏ। ਘਰ ਵਿਚ ਰਹਿਣ ਵਾਲਿਆਂ ਨੂੰ ਭਾਵੇਂ ਯਾਦ ਰਹੇ ਜਾਂ ਨਾ ਰਹੇ, ਪਰ ਧੀ ਨੂੰ ਸਭ ਕੁਝ ਯਾਦ ਰਹਿੰਦਾ ਏ। ਧੀ ਦੇ ਇਹ ਦਿਲੀ-ਚਾਅ ਹੀ ਮਾਪਿਆਂ ਲਈ ਯੁੱਗ ਜਿਉਣ ਦਾ ਆਹਰ, ਸੁਖਾਵੇਂ ਸਫਰ ਦਾ ਆਧਾਰ ਅਤੇ ਢਲਦੇ ਦੁਪਹਿਰ ਵਿਚ ਜਿਉਣ-ਖੁਮਾਰ।

ਤੋਹਫਿਆਂ, ਨਿਸ਼ਾਨੀਆਂ ਅਤੇ ਪਿਆਰ-ਸਤਿਕਾਰ ਚਿੰਨ੍ਹਾਂ ਨੂੰ ਦੌਲਤ ਦੇ ਤਰਾਜੂ ਵਿਚ ਤੋਲਣ ਵਾਲੇ, ਅਹਿਸਾਸ ਵਿਹੂਣੇ ਲੋਕ, ਚਲਦੇ-ਫਿਰਦੇ ਰੋਬੋਟ, ਧਨ ਇਕੱਤਰ ਕਰਨ ਦੀ ਹੋੜ ਵਿਚ ਗਲਤਾਨ ਕਲਪੁਰਜੇ। ਇਹ ਹੁੰਦੇ ਨੇ ਕਿਸੇ ਦਾ ਦਿਲ-ਦਰਵਾਜਾ, ਮਨ ਦੇ ਗੁੰਬਦ 'ਤੇ ਜਗਮਗ ਜਗਦਾ ਚਿਰਾਗ, ਭਾਵਨਾਵਾਂ ਦਾ ਵਹਿੰਦਾ ਦਰਿਆ, ਸ਼ੁਭ ਕਾਮਨਾਵਾਂ ਦੀ ਵਹਿੰਗੀ, ਸੁੱਚੇ ਚਾਵਾਂ ਦੀ ਨਿਰਮਲ ਕੱਸੀ, ਮੋਹਵੰਤੇ ਬੋਲਾਂ 'ਚੋਂ ਝਰਦਾ ਪਿਆਰ ਅਤੇ ਰਿਮਝਿਮ ਬਰਸਦਾ ਸਤਿਕਾਰ।

ਹੈਪੀ ਫਾਦਰ'ਜ਼ ਅਤੇ ਮਦਰ'ਜ਼ ਡੇਅ ਤੱਕ ਸੀਮਤ ਹੋ ਕੇ ਰਹਿ ਗਏ ਮਾਪਿਆਂ ਦੇ ਚੇਤਿਆਂ ਵਿਚੋਂ ਖੁਰ ਜਾਂਦੇ ਨੇ ਪੋਤੇ-ਪੋਤੀਆਂ ਦੇ ਲਾਡਲੇ ਬੋਲ, ਮਸੋਸੇ ਜਾਂਦੇ ਨੇ ਮਾਸੂਮੀਅਤ ਨਾਲ ਲਬਰੇਜ ਕਲੋਲ, ਦੂਰ ਤੁਰ ਜਾਂਦੀ ਏ ਰੁੱਸ ਕੇ ਰਾਜੇ-ਰਾਣੀਆਂ ਦੀਆਂ ਕਹਾਣੀਆਂ ਦੀ ਰੁੱਤ, ਫਿਸ ਪੈਂਦੀ ਏ ਗੋਦ ਵਿਚ ਅਲਸਾਈ ਹੋਈ ਬੱਚੜੀ ਦੇ ਚਿਹਰੇ ਦੀ ਬਚਪਨੀ ਤੇ ਲੋਰੀ ਅਤੇ ਐਨਕਾਂ ਥੀਂ ਨਿਹਾਰਦੀ ਨਿਗਾਹ ਵਿਚ ਉਗ ਆਉਂਦਾ ਏ ਝਉਲਿਆਂ ਦਾ ਵਿਸਥਾਰ।

ਖਾਲੀ ਘਰਾਂ ਅਤੇ ਸੁੰਨੇ ਕਮਰਿਆਂ ਵਿਚ ਚੁੱਪ ਦੀ ਜੂਨੇ ਪਏ ਬਜ਼ੁਰਗਾਂ ਦੀ ਟੇਕ, ਜਦ ਦਰਾਂ ਵਿਚ ਉਗਣ ਵਾਲੀ ਦਸਤਕ ਅਤੇ ਮਧਮ ਪੈੜਚਾਲ ਵਿਚੋਂ ਆਪਣੀ ਹੋਂਦ ਨਿਹਾਰਨ ਲੱਗ ਪਵੇ ਤਾਂ ਉਨ੍ਹਾਂ ਦੇ ਸਾਹਾਂ ਦੀ ਪੂੰਜੀ ਮੁੱਕਣ ਕਿਨਾਰੇ ਹੁੰਦੀ ਏ। ਉਹ ਤਾਂ ਇਸ ਜਹਾਨ ਤੋਂ ਰੁਖਸਤਗੀ ਦਾ ਬਹਾਨਾ ਢੂੰਡਣ ਵਿਚ ਹੀ ਆਪਣੀ ਬਿਹਤਰੀ ਕਿਆਸਣ ਲੱਗ ਪੈਂਦੇ ਨੇ।

ਬਜ਼ੁਰਗ ਸਿਆਣਪਾਂ ਦਾ ਭੰਡਾਰ, ਜੀਵਨ ਦੀਆਂ ਕੌੜੀਆਂ ਸੱਚਾਈਆਂ ਦਾ ਅੰਬਾਰ, ਹੱਡੀਂ ਹੰਢਾਈਆਂ ਤਕਲੀਫਾਂ ਦਾ ਵਰਣਨ, ਮਾਣੀਆਂ ਖੁਸ਼ੀਆਂ ਦਾ ਧੜਕਦਾ ਸੰਸਾਰ, ਦੁੱਖਾਂ-ਸੁੱਖਾਂ 'ਚ ਵਿਗਸਦਾ ਪਰਿਵਾਰ ਅਤੇ ਕੁੜਿੱਤਣਾਂ ਤੇ ਮਿਠਾਸਾਂ ਘੁੱਗ ਵਸੇਂਦਾ ਪਾਰਾਵਾਰ।

ਮਾਪੇ ਸਾਡੀ ਹੋਂਦ ਦੀ ਧਰਾਤਲ, ਸਾਡੇ ਸੁਪਨਿਆਂ ਦੇ ਚਸ਼ਮਦੀਦ ਗਵਾਹ, ਸਾਡੀਆਂ ਮੰਜ਼ਲਾਂ 'ਤੇ ਅਪੜਨ ਦੀ ਲਾਲਸਾ, ਸਾਡੇ ਦੀਦਿਆਂ ਵਿਚ ਝਲਕਦੇ ਦਿਸਹੱਦਿਆਂ ਦੀ ਨਿਸ਼ਾਨਦੇਹੀ, ਸਾਡੀ ਪ੍ਰਾਪਤੀ ਵਿਚਲੇ ਸੁਖਨ ਦੀ ਅਸੀਸ ਅਤੇ ਸਾਡੀਆਂ ਦੁਸ਼ਵਾਰੀਆਂ, ਮੁਸ਼ਕਿਲਾਂ, ਝੰਜਟਾਂ ਅਤੇ ਔਕੜਾਂ ਦੀ ਨਵਿਰਤੀ ਲਈ ਅਰਦਾਸ। ਮਾਪਿਆਂ ਤੋਂ ਬਿਨਾ ਤਾਂ ਅਸੀਂ ਆਪਣੀ ਹੋਂਦ ਦਾ ਕਿਆਸ ਹੀ ਨਹੀਂ ਸਕਦੇ।

ਬਜ਼ੁਰਗਾਂ ਦੀ ਬੇਇਜ਼ਤੀ, ਨਾ-ਮੁਆਫੀਯੋਗ ਗੁਨਾਹ, ਨਾ ਬਖਸ਼ਿਆ ਜਾਣ ਵਾਲਾ ਪਾਪ। ਉਨ੍ਹਾਂ ਦੀ ਬੇਹੁਰਮਤੀ ਵਿਚ ਸਾਡੀ ਨੀਚਤਾ, ਜੱਗ-ਜ਼ਾਹਰ। ਯਾਦ ਰੱਖਣਾ, ਬਜ਼ੁਰਗਾਂ ਨੇ ਸਦਾ ਬੈਠੇ ਨਹੀਂ ਰਹਿਣਾ ਅਤੇ ਅਸੀਂ ਵੀ ਜੱਗ-ਸਰਾਏ 'ਚ ਇਕ ਮੁਸਾਫਰ।

ਮਿਹਨਤ, ਮੁਸ਼ੱਕਤ, ਮੁੜ੍ਹਕੇ ਨਾਲ ਆਪਣੇ ਪਰਿਵਾਰ ਲਈ ਨਵੀਆਂ ਬੁਲੰਦੀਆਂ ਛੋਹਣ ਵਾਲੇ ਹੱਥ, ਜਦ ਆਪਣਿਆਂ ਸਾਹਵੇਂ ਰਹਿਮ ਦੀ ਭੀਖ ਮੰਗਦੇ ਨੇ ਤਾਂ ਸਮੇਂ ਦੀ ਅੱਖ ਵਿਚ ਉਤਰ ਆਈ ਕਰੂਣਾ, ਅੰਬਰ ਦੀ ਗਹਿਰ ਬਣ ਜਾਂਦੀ ਏ। 'ਕੇਰਾਂ ਨਸ਼ਿਆਂ ਅਤੇ ਕੁਸੰਗਤ ਦੀ ਲਾਹਨਤ ਵਿਚ



ਫਸਿਆ ਨੌਜਵਾਨ, ਆਪਣੇ ਬਾਪ ਸਾਹਵੇਂ ਪਿਸਤੌਲ ਤਾਣ ਕੇ ਕਹਿੰਦਾ ਏ ਕਿ ਸਾਰੀ ਜ਼ਮੀਨ ਮੇਰੇ ਨਾਮ ਲਵਾ ਦੇਹ। ਆਪਣੇ ਸਾਹਾਂ ਤੋਂ ਪਿਆਰੀ ਜ਼ਮੀਨ ਦੇ ਵਿੱਕ ਜਾਣ ਦੇ ਡਰੋਂ, ਜ਼ਮੀਨ ਨੂੰ ਆਪਣੇ ਫਰਜੰਦ ਦੀ ਥਾਂ ਆਪਣੇ ਪੋਤੇ ਦੇ ਨਾਮ ਲਵਾਉਣ ਵਾਲੇ ਬਾਪ ਦਾ ਤਰਲਾ ਕਿ ਮੇਰੀ ਪਿੱਠ ਵਿਚ ਗੋਲੀ ਮਾਰੀਂ, ਕਮ-ਸ-ਕਮ ਮੈਂ ਇਹ ਤਾਂ ਦੇਖ ਨਾ ਸਕਾਂ ਕਿ ਮੇਰਾ ਪੁੱਤ ਮੈਨੂੰ ਗੋਲੀ ਮਾਰ ਰਿਹਾ ਏ। ਇਹ ਵਰਤਾਰਾ ਬਹੁਤ ਸਾਰੇ ਪ੍ਰਸ਼ਨ ਅਜੋਕੀ ਸਮਾਜਿਕ ਵਿਵਸਥਾ ਦੇ ਨਾਮ ਕਰਦਾ ਏ, ਭਿਆਨਕ ਉਲਝਣਾਂ ਦੀ ਤਾਣੀ ਫੈਲਾਉਂਦਾ ਏ ਜਿਸ ਵਿਚ ਸਾਡਾ ਸਮਾਜਿਕ ਤਾਣਾ-ਬਾਣਾ ਢਹਿ-ਢੇਰੀ ਹੋਣ ਹੀ ਵਾਲਾ ਏ। ਆਪਣੇ ਅੰਦਰੋਂ ਅਜਿਹੇ ਪ੍ਰਸ਼ਨਾਂ ਦੇ ਉਤਰ ਭਾਲਣ ਦੀ ਕੋਸ਼ਿਸ਼ ਕਰਨਾ। ਬੜਾ ਭਿਆਨਕ ਹੁੰਦਾ ਏ ਅਜਿਹੀ ਕਰੂਰਤਾ ਦੇ ਰੂ-ਬ-ਰੂ ਹੋਣਾ।

ਬਜ਼ੁਰਗਾਂ ਦੀਆਂ ਕਬਰਾਂ 'ਤੇ ਅਕੀਦਤ ਕਰਨਾ, ਉਨ੍ਹਾਂ ਨੂੰ ਫੁੱਲ ਭੇਟ ਕਰਨਾ, ਉਨ੍ਹਾਂ ਦੀਆਂ ਅਸਥੀਆਂ ਨੂੰ ਨਤਮਸਤਕ ਹੋਣਾ, ਉਨ੍ਹਾਂ ਦੀ ਯਾਦ ਮਨਾਉਣਾ, ਉਨ੍ਹਾਂ ਦੀਆਂ ਤਸਵੀਰਾਂ ਨੂੰ ਘਰਾਂ ਦੀਆਂ ਕੰਧਾਂ 'ਤੇ ਲਾਉਣਾ ਅਤੇ ਆਪਣੀ ਨਵੀਂ ਪੀੜ੍ਹੀ ਨੂੰ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਾਉਣਾ, ਸ਼ੁਭ ਕਰਮਨ, ਨੇਕ-ਬਖਤਗੀ, ਚੰਗੇ ਖਿਆਲਾਂ ਦੀ ਜਿਉਣ-ਗਾਥਾ, ਬਿਹਤਰ ਅਮਲਾਂ ਦੀ ਕਰਮਯੋਗਤਾ, ਸੁਚਾਰੂ ਭਾਵਾਂ ਦੀ ਪਰਵਾਜ਼ ਅਤੇ ਜੀਵਨ ਦਾ ਸਥਾਈ ਅੰਦਾਜ਼।

ਜਦ ਅਸੀਂ ਬਜ਼ੁਰਗਾਂ ਨੂੰ ਘਰਾਂ ਦੀਆਂ ਦਹਿਲੀਜਾਂ ਵਿਚੋਂ ਬਾਹਰ ਧੱਕ ਦਿੰਦੇ ਹਾਂ ਤਾਂ ਦਾਦਾ-ਦਾਦੀ, ਨਾਨਾ-ਨਾਨੀ ਆਦਿ ਰਿਸ਼ਤੇ ਸਾਡੀ ਬੋਲਬਾਣੀ ਵਿਚੋਂ ਸਦਾ ਲਈ ਰੁਖਸਤ ਹੋ ਜਾਂਦੇ ਨੇ। ਫਿਰ ਰਿਸ਼ਤਿਆਂ ਦੀ ਰੁੱਸਣ-ਰੁੱਤ ਦਾ ਕਹਿਰ ਸਾਨੂੰ ਹੀ ਸਹਿਣਾ ਪੈਣਾ ਏ।

ਬਜ਼ੁਰਗ, ਯੁੱਗਾਂ ਜੇਡੀ ਇਬਾਦਤ, ਉਮਰਾਂ ਲੰਮੇਰੀ ਅਕੀਦਤ, ਸੁੱਚੀ ਅਰਦਾਸ, ਸਰਬਤ ਦੇ ਭਲੇ ਲਈ ਅਸੀਸ, ਨਰੋਈ ਸੋਚ, ਸਦਭਾਵਨਾ, ਨੇਕ ਕਰਮ-ਲੀਨਤਾ ਅਤੇ ਉਸਾਰੂ ਬਿਰਤੀ ਦਾ ਸਿਰਲੇਖ। ਲੋੜ ਏ, ਅਸੀਂ ਉਨ੍ਹਾਂ ਦੀਆਂ ਭਾਵਨਾਵਾਂ ਦਾ ਬਿਰਤਾਂਤ ਬਣੀਏ, ਉਨ੍ਹਾਂ ਦੇ ਸੁਪਨਿਆਂ ਦੀ ਇਬਾਰਤ ਸਿਰਜੀਏ, ਉਨ੍ਹਾਂ ਦੀਆਂ ਤਮੰਨਾਵਾਂ ਦਾ ਅਕੀਦਾ ਉਗਾਈਏ ਅਤੇ ਬਜ਼ੁਰਗੀ ਰੋਲ-ਮਾਡਲਾਂ ਨੂੰ ਆਪਣੀ ਸੋਚ ਦਾ ਧੁਰਾ ਬਣਾਈਏ।

ਬਜ਼ੁਰਗਾਂ ਦਾ ਸਤਿਕਾਰ ਕਰਨ ਵਾਲੀਆਂ ਨਸਲਾਂ, ਆਪਣੇ ਸਤਿਕਾਰ ਦੀਆਂ ਆਪ ਹੀ ਪਾਤਰ, ਕਰਨੀ ਤੇ ਕਥਨੀ ਵਿਚ ਮਿਟਿਆ ਅੰਤਰ, ਸਰੋਕਾਰਾਂ ਦੀ ਸਰ-ਜ਼ਮੀਨ 'ਤੇ ਉਗੀ ਫੁੱਲਾਂ ਦੀ ਫਸਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁੱਖਦ-ਸੁਨੇਹਾ।

---

## ਢੋਲਾ ਰੁੱਸ ਕੇ ਨਾ ਜਾ!

ਵੇ ਨ ਰੁੱਸ ਕੇ ਰੁੱਸ ਕੇ ਜਾਹ ਢੋਲਾ,
ਅਵੇ, ਹੱਸਨਾ ਹੱਸਨਾ ਆ ਢੋਲਾ!
ਮੁੜ ਆ, ਮੁੜ ਆ, ਮੁੜ ਆ ਢੋਲਾ!
ਗਲ ਲਾ, ਗਲ ਲਾ, ਗਲ ਲਾ ਢੋਲਾ!
ਮੂੰਹ ਦੱਸ ਨਾ ਕੰਡ ਦਿਖਾ ਢੋਲਾ,
ਕੰਡ ਦੱਸ ਨ ਕੰਡ ਲੁਕਾ ਢੋਲਾ!
ਲੜ ਲਾਈ ਦੀ ਲਾਜ ਨਿਬਾਹ ਢੋਲਾ
ਭੁੱਲਾਂ ਸਾਡੀਆਂ ਨਾਹ ਤਕਾ ਢੋਲਾ!
ਦਿਲ ਖੱਸ ਕੇ ਨੱਸ ਨ ਜਾਹ ਢੋਲਾ,
ਖਿੱਧੂ ਵਾਂਙ ਨ ਏ ਬੁੜ੍ਹਕਾ ਢੋਲਾ;
ਤੇਰਾ ਮਾਲ ਏ ਹੋ ਚੁਕਾ ਢੋਲਾ,
ਅਪਣਾ ਮਾਲ ਨ ਆਪ ਵੰਞਾ ਢੋਲਾ!
ਸਾਡਾ ਵਸਲ ਦਾ ਚਾ ਅਮਾ ਢੋਲਾ,
ਸਜਰੇ ਚਾ ਨੂੰ ਦਾਗ਼ ਨ ਲਾ ਢੋਲਾ!
ਹੱਥ ਜੋੜਕੇ ਰਹੀਆਂ ਮਨਾ ਢੋਲਾ,
ਗਲ ਪੱਲੜੂ ਤੇ ਮੂੰਹ ਘਾ ਢੋਲਾ!
ਮੁੜ ਆ, ਮੁੜ ਆ, ਮੁੜ ਆ ਢੋਲਾ,
ਸਾਨੂੰ ਸੱਟ ਕੇ ਪਰੇ ਨ ਜਾ ਢੋਲਾ!
ਬਰਦੀ ਤੇਰੀਆਂ, ਰੁਠ ਨ ਜਾ ਢੋਲਾ,
ਬਾਂਦੀ ਤੇਰੀਆਂ, ਤਰੁੱਠ ਕੇ ਆ ਢੋਲਾ!
ਫੜਿਆ ਪੱਲੜੂ ਨ ਛੁਡਾ ਢੋਲਾ,
ਪਾਇਆ ਵਾਸਤਾ ਮੰਨ ਮਨਾ ਢੋਲਾ!
ਕਮਲੀ ਰਮਲੀ ਦੇ ਸੁਹਣਿਆਂ! ਆ ਢੋਲਾ,
ਹੋ ਜੁਦਾ ਨ, ਅਪਣੀ ਬਣਾ ਢੋਲਾ!

*-ਭਾਈ ਵੀਰ ਸਿੰਘ*

---

## ਰਿਸ਼ਤੇ

ਇਹ ਰਿਸ਼ਤੇ ਬੇਕਾਰ ਨੇ ਰਿਸ਼ਤੇ
ਦੋ ਧਾਰੀ ਤਲਵਾਰ ਨੇ ਰਿਸ਼ਤੇ।
ਅੰਦਰੋ ਅੰਦਰੀ ਜੜ੍ਹਾਂ ਨੇ ਵੱਢਦੇ
ਬਾਹਰੋਂ ਕਰਦੇ ਪਿਆਰ ਨੇ ਰਿਸ਼ਤੇ।
ਹੱਥ ਜੋੜ ਸਿਰ ਨੀਵਾਂ ਕਰ ਕੇ
ਕਰਦੇ ਮਿੱਤਰ ਮਾਰ ਨੇ ਰਿਸ਼ਤੇ।
ਘਰ ਦੇ ਅੰਦਰ ਆ ਵੜਦੇ ਨੇ
ਤੋੜ ਦਿੰਦੇ ਪਰਿਵਾਰ ਨੇ ਰਿਸ਼ਤੇ।
ਲੁਟ ਪੁਟ ਕੇ ਵੀ ਭੰਡੀਆਂ ਕਰਦੇ
ਬੇਈਮਾਨ ਗੱਦਾਰ ਨੇ ਰਿਸ਼ਤੇ।
ਬੇੜੀਆਂ ਦੇ ਵਿਚ ਵੱਟੇ ਪਾ ਕੇ
ਸੁਟਦੇ ਵਿਚ ਮੰਝਧਾਰ ਨੇ ਰਿਸ਼ਤੇ।
ਗੁਰੂ ਪੀਰ ਅਵਤਾਰਾਂ ਤਾਈਂ
ਕੱਢਦੇ ਘਰ ਤੋਂ ਬਾਹਰ ਨੇ ਰਿਸ਼ਤੇ।
ਨਾਲ ਕਿਸੇ ਦੇ ਕਦੀ ਨਾ ਨਿਭਦੇ
ਇਹ 'ਸੁਰਜੀਤ' ਮੱਕਾਰ ਨੇ ਰਿਸ਼ਤੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਜ਼ਿੰਦਗੀ 'ਚ...

ਜੋ ਤੂੰ ਸੁਪਨੇ 'ਚ ਸੋਚਣੋਂ ਵੀ ਡਰਦਾ,
ਉਹ ਹਾਲਾਤ ਜਿਉਣਾ ਵੀ ਪੈ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।
ਜਿਸ ਬੂਟੇ ਨੂੰ ਤੂੰ ਖੂਨ ਨਾਲ ਸਿੰਜਿਆ,
ਉਹ ਤੈਨੂੰ ਛਾਂ ਦੇਣ ਤੋਂ
ਇਨਕਾਰੀ ਵੀ ਹੋ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

ਕੰਡਾ ਇੱਕ ਚੁਭਿਆ ਤੂੰ ਬਹੁਤ ਡਰਿਆ,
ਕੰਡਿਆਂ ਦੇ ਵਿਚ ਤੇਰਾ
ਆਲ੍ਹਣਾ ਵੀ ਹੋ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

ਜਰੂਰੀ ਨਹੀਂ ਤੇਰੇ ਸਿੰਜੇ ਬੂਟੇ ਨੂੰ
ਗੁਲਾਬ ਦੇ ਫੁੱਲ ਹੀ ਲੱਗਣ,
ਵਖਤਾਂ ਦੇ ਫੇਰ ਵਿਚ
ਉਹ ਝਾੜੀ ਵੀ ਬਣ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

ਤੇਰੇ ਲਾਏ ਚੰਦਨ ਦਾ ਜਰੂਰੀ ਨਹੀਂ
ਤੂੰ ਇਤਰ ਹੀ ਵਰਤੇਂ,
ਉਹ ਤੇਰੇ ਸਿਵੇ ਦੀ
ਲੱਕੜ ਵੀ ਬਣ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

ਕਦੇ ਇਕ ਬੀਜ
ਜੋ ਤੂੰ ਸੀ ਚਲਾ ਕੇ ਮਾਰਿਆ,
ਉਹ ਇਕ ਦਿਨ ਲਹਿਲਹਾਉਂਦਾ
ਦਰਖਤ ਵੀ ਬਣ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

ਤੂੰ ਹੌਸਲਾ ਨਾ ਹਾਰੀਂ
ਵੇਖੀਂ ਰੰਗ ਕਰਤਾਰ ਦੇ,
ਕੋਬਰੇ ਦਾ ਜ਼ਹਿਰ
ਦਵਾਈ ਵੀ ਬਣ ਸਕਦੈ,
ਜ਼ਿੰਦਗੀ 'ਚ ਕੁਝ ਵੀ ਹੋ ਸਕਦੈ।

*-ਸ਼ਮਿੰਦਰ ਕੌਰ*

shaminderbrar83@gmail.com



# ਆਇਸ਼ਾ ਅਖਤਰ ਦਾ ਅਫਸਾਨਾ

ਅਮਰੀਕਾ ਵਿਚ ਜੰਮੀ-ਪਲੀ ਆਇਸ਼ਾ ਲੀਨੀਆ ਅਖਤਰ ਅੱਜ ਕੱਲ੍ਹ ਪਾਕਿਸਤਾਨ ਦੀ ਫਿਲਮ ਸਨਅਤ ਨਾਲ ਜੁੜੀ ਹੋਈ ਹੈ। ਉਹ ਆਪਣੇ ਸੁਹੱਪਣ ਅਤੇ ਲਿਆਕਤ ਦੇ ਸਿਰ ਉਤੇ ਮਾਡਲਿੰਗ ਦੀ ਦੁਨੀਆ ਵਿਚ ਛਾਈ ਹੋਈ ਹੈ। ਉਸ ਦਾ ਜਨਮ 1989 ਵਿਚ ਹੋਇਆ ਸੀ ਅਤੇ ਆਪਣੇ ਕਰੀਅਰ ਲਈ ਉਹ ਪਾਕਿਸਤਾਨ ਪਹੁੰਚ ਗਈ। ਉਸ ਨੇ ਪਾਕਿਸਤਾਨ ਦੀ ਨਾਗਰਿਕਤਾ ਵੀ ਹਾਸਲ ਕਰ ਲਈ ਹੋਈ ਹੈ।

ਆਇਸ਼ਾ ਅਖਤਰ ਨੇ ਆਪਣਾ ਡੇਰਾ ਇਸਲਾਮਾਬਾਦ ਵਿਚ ਲਾਇਆ ਹੋਇਆ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਅਲੀ ਜ਼ਫਰ ਦੇ ਗੀਤ 'ਜੀਅ ਢੂੰਡਤਾ ਹੈ' ਦੀ ਵੀਡੀਓ ਨਾਲ ਕੀਤੀ ਸੀ। ਬਾਅਦ ਵਿਚ ਉਸ ਨੇ ਫਿਲਮ 'ਸਲੈਕਿਸਤਾਨ' ਵਿਚ ਕੰਮ ਕੀਤਾ ਹੈ। ਉਸ ਨੂੰ ਲਿਖਣ-ਪੜ੍ਹਨ ਦਾ ਬੜਾ ਅਵੱਲਾ ਸ਼ੌਕ ਹੈ। ਉਹਦਾ ਵਿਆਹ ਸ਼ਹਿਬਾਜ਼ ਹਮੀਦ ਸ਼ਿਗਰੀ ਨਾਲ ਹੋਇਆ ਹੋਇਆ ਹੈ ਜੋ ਪੇਸ਼ੇ ਵਜੋਂ ਫਿਲਮਸਾਜ਼ ਹੈ। ਦੋਵੇਂ ਬਚਪਨ ਦੇ ਸਾਥੀ ਹਨ।

ਆਇਸ਼ਾ ਅਖਤਰ ਨੂੰ ਪਿਆਨੋ ਨਾਲ ਬਹੁਤ ਪਿਆਰ ਹੈ। ਉਹ ਸਦਾ ਹੀ ਇਹ ਚਾਹੁੰਦੀ ਸੀ ਕਿ ਉਹ ਫਿਲਮਾਂ ਲਈ ਸੰਗੀਤ ਤਿਆਰ ਕਰੇ, ਸੁਰਾਂ ਛੇੜੇ, ਪਰ ਇਸ ਖੇਤਰ ਵਿਚ ਉਸ ਨੂੰ ਢੰਗ ਨਾਲ ਮੌਕਾ ਨਹੀਂ ਮਿਲਿਆ ਅਤੇ ਉਸ ਦਾ ਧਿਆਨ ਮਾਡਲਿੰਗ ਵੱਲ ਹੋ ਗਿਆ। ਮਾਡਲਿੰਗ ਤੋਂ ਇਲਾਵਾ ਉਹ ਕ੍ਰਿਕਟ ਕੁਮੈਂਟਰੀ ਵੀ ਖੂਬ ਕਰ ਲੈਂਦੀ ਹੈ। ਉਹਨੇ ਕਈ ਮੈਚਾਂ ਲਈ ਰੇਡੀਓ 'ਤੇ ਕੁਮੈਂਟਰੀ ਵੀ ਕੀਤੀ ਹੈ। ਹੁਣ ਉਹਦੀ ਤਮੰਨਾ ਹੈ ਕਿ ਉਹ ਖੁਦ ਕੋਈ ਫਿਲਮ ਬਣਾਵੇ। ***-ਕੀਰਤ ਕਾਸ਼ਣੀ***

# ਆਲੀਆ ਤੇ ਮੇਘਨਾ 'ਰਾਜ਼ੀ'



ਆਲੀਆ ਭੱਟ

ਅਦਾਕਾਰਾ ਆਲੀਆ ਭੱਟ ਹੁਣ ਮੇਘਨਾ ਗੁਲਜ਼ਾਰ ਦੀ ਅਗਲੀ ਫਿਲਮ 'ਰਾਜ਼ੀ' ਵਿਚ ਕਸ਼ਮੀਰੀ ਕੁੜੀ ਦਾ ਕਿਰਦਾਰ ਨਿਭਾਏਗੀ। 'ਉੜਤਾ ਪੰਜਾਬ' ਵਿਚ ਆਲੀਆ ਨੇ ਬਿਹਾਰੀ ਕੁੜੀ ਦਾ ਜ਼ੋਰਦਾਰ ਕਿਰਦਾਰ ਅਦਾ ਕੀਤਾ ਸੀ। 'ਰਾਜ਼ੀ' ਵਿਚ ਉਸ ਦੀ ਜੋੜੀ ਵਿੱਕੀ ਕੌਸ਼ਲ ਨਾਲ ਬਣੇਗੀ ਜੋ ਪਿਛੇ ਜਿਹੇ ਆਈ ਆਪਣੀ ਫਿਲਮ 'ਮਸਾਨ' ਨਾਲ ਚਰਚਾ ਵਿਚ ਆਇਆ ਸੀ। 'ਰਾਜ਼ੀ' ਦੀ ਕਹਾਣੀ ਕਸ਼ਮੀਰੀ ਕੁੜੀ ਦੁਆਲੇ ਘੁੰਮਦੀ ਹੈ ਜਿਸ ਦਾ ਵਿਆਹ ਪਾਕਿਸਤਾਨੀ ਫੌਜ ਦੇ ਅਫਸਰ ਨਾਲ ਹੋ ਜਾਂਦਾ ਹੈ। ਇਹ ਫਿਲਮ ਹਰਿੰਦਰ ਸਿੱਕਾ ਦੇ ਨਾਵਲ 'ਕਾਲਿੰਗ ਸਹਿਮਤ' ਉਤੇ ਆਧਾਰਤ ਹੈ। ਇਸ ਕਹਾਣੀ ਵਿਚ ਅਜਿਹੀ ਜਾਸੂਸ ਕੁੜੀ ਦੀ ਕਥਾ ਪਰੋਈ ਹੋਈ ਹੈ ਜੋ ਅਮਨ-ਸ਼ਾਂਤੀ ਖਾਤਰ ਖੁਦ ਅਤੇ ਆਪਣੇ ਪਰਿਵਾਰ ਨੂੰ ਮੁਲਕ ਤੋਂ ਕੁਰਬਾਨ ਕਰ ਦਿੰਦੀ ਹੈ। ਮੇਘਨਾ ਗੁਲਜ਼ਾਰ ਲਈ ਇਹ ਪ੍ਰੋਜੈਕਟ ਬੜਾ ਅਹਿਮ ਹੈ। ਉਸ ਦੀ ਪਿਛਲੀ ਫਿਲਮ 'ਤਲਵਾਰ' ਕਾਫੀ ਚਰਚਿਤ ਰਹੀ ਸੀ ਜੋ ਦਿੱਲੀ ਦੇ ਦੋਹਰੇ ਕਤਲ ਕੇਸ ਉਤੇ ਆਧਾਰਤ ਸੀ। ਇਹ ਫਿਲਮ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਵੀ ਦਿਖਾਈ ਗਈ ਸੀ। ਪਹਿਲਾਂ ਇਸ ਫਿਲਮ ਦਾ ਨਾਂ 'ਨੋਇਡਾ' ਰੱਖਿਆ ਗਿਆ ਸੀ, ਪਰ ਬਾਅਦ ਵਿਚ ਬਦਲ ਦਿੱਤਾ ਗਿਆ। ਇਸ ਤੋਂ ਪਹਿਲਾਂ ਮੇਘਨਾ 'ਫਿਲਹਾਲ' (2002), 'ਜਸਟ ਮੈਰਿਡ' (2007), 'ਦਸ ਕਹਾਨੀਆਂ' (2007) ਫਿਲਮਾਂ ਬਣਾ ਚੁੱਕੀ ਹੈ, ਪਰ ਉਸ ਦੀ ਪਛਾਣ ਅਜੇ ਵੀ ਗੁਲਜ਼ਾਰ ਦੀ ਕੁੜੀ ਵਜੋਂ ਹੀ ਹੋ ਰਹੀ ਹੈ। ਫਿਲਮ ਸਨਅਤ ਵਿਚ ਉਹ ਆਪਣੀ ਛਾਪ ਛੱਡਣ ਵਿਚ ਅਸਫ਼ਲ ਰਹੀ ਹੈ। ਗੁਲਜ਼ਾਰ ਦੇ ਨੇੜਲੇ ਵਿਸ਼ਾਲ ਭਾਰਦਵਾਜ ਨੇ ਉਸ ਦੇ ਕਰੀਅਰ ਨੂੰ ਠੁੰਮਣਾ ਦੇਣ ਲਈ ਹੀ ਫਿਲਮ 'ਤਲਵਾਰ' ਦੀ ਪਟਕਥਾ ਲਿਖੀ ਸੀ। ਹੁਣ ਦੇਖਣਾ ਇਹ ਹੈ ਕਿ 'ਰਾਜ਼ੀ' ਨਾਲ ਮੇਘਨਾ ਗੁਲਜ਼ਾਰ ਆਪਣੇ ਕਰੀਅਰ ਨੂੰ ਕਿੰਨਾ ਕੁ ਅੱਗੇ ਲੈ ਕੇ ਜਾਂਦੀ ਹੈ ਅਤੇ ਆਪਣੇ ਪਿਤਾ ਦੇ ਪ੍ਰਛਾਵੇਂ ਤੋਂ ਕਿੰਨਾ ਕੁ ਦੂਰ ਜਾ ਕੇ ਖਲੋਂਦੀ ਹੈ। ਆਲੀਆ ਭੱਟ ਦਾ ਕਰੀਅਰ ਅੱਜ ਕੱਲ੍ਹ ਖੂਬ ਚਮਕ ਰਿਹਾ ਹੈ। 'ਸ਼ਾਨਦਾਰ' ਦੀ ਅਸਫਲਤਾ ਤੋਂ ਬਾਅਦ ਉਸ ਨੇ 'ਕਪੂਰ ਐਂਡ ਸਨਜ਼', 'ਉੜਤਾ ਪੰਜਾਬ', 'ਡੀਅਰ ਜ਼ਿੰਦਗੀ' ਅਤੇ 'ਬਦਰੀਨਾਥ ਕੀ ਦੁਲਨੀਆ' ਨਾਲ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਹੁਣ ਉਹ ਫਿਲਮ 'ਡਰੈਗਨ' ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ। ਇਸ ਫਿਲਮ ਵਿਚ ਆਲੀਆ ਭੱਟ ਤੋਂ ਇਲਾਵਾ ਰਣਬੀਰ ਕਪੂਰ ਅਤੇ ਅੱਯਾਨ ਮੁਖਰਜੀ ਦੇ ਮੁਖ ਕਿਰਦਾਰ ਹਨ। ਵਿੱਕੀ ਕੌਸ਼ਲ ਅੱਜ ਕੱਲ੍ਹ ਦੋ ਫਿਲਮਾਂ ਵਿਚ ਰੁਝਿਆ ਹੋਇਆ ਹੈ- 'ਮਨਮਰਜ਼ੀਆਂ' ਵਿਚ ਉਹ ਭੂਮੀ ਪੜਨੇਕਰ ਤੇ ਆਯੂਸ਼ਮਾਨ ਖੁਰਾਨਾ ਨਾਲ ਕੰਮ ਕਰ ਰਿਹਾ ਹੈ। ਇਹ ਫਿਲਮ ਪੰਜਾਬ ਦੀ ਪਿੱਠ ਭੂਮੀ ਵਿਚ ਬਣਾਈ ਜਾ ਰਹੀ ਹੈ ਅਤੇ ਤਕਰੀਬਨ ਸਾਰੇ ਕਿਰਦਾਰ ਪੰਜਾਬੀ ਹਨ।

***-ਗੁਰਜੰਟ ਸਿੰਘ***



ਮੇਘਨਾ ਗੁਲਜ਼ਾਰ

ਮੇਘਨਾ ਗੁਲਜ਼ਾਰ



ਵਿੱਕੀ ਕੌਸ਼ਲ


# ਸਲਮਾਨ ਖਾਨ ਦਾ ਅਰਸ਼ ਤੇ ਫਰਸ਼

**ਜਗਜੀਤ ਸਿੰਘ ਸੇਖੋਂ**


ਸਲਮਾਨ ਖਾਨ ਦੀ ਨਵੀਂ ਫਿਲਮ 'ਟਿਊਬਲਾਈਟ' ਉਸ ਤਰ੍ਹਾਂ ਨਹੀਂ ਚਮਕ ਸਕੀ ਜਿਸ ਤਰ੍ਹਾਂ ਇਸ ਤੋਂ ਆਸ ਕੀਤੀ ਜਾ ਰਹੀ ਸੀ। ਪਹਿਲੇ ਦਿਨ ਇਸ ਫਿਲਮ ਨੇ 20 ਕਰੋੜ ਦੇ ਕਰੀਬ ਰੁਪਏ ਕਮਾਏ ਜੋ ਫਿਲਮ ਬਣਾਉਣ ਵਾਲਿਆਂ ਦੀ ਆਸ ਨਾਲੋਂ ਕਿਤੇ ਘੱਟ ਸਨ। ਦੂਜੇ ਅਤੇ ਤੀਜੇ ਦਿਨ ਵੀ ਇਹੀ ਹਾਲ ਰਿਹਾ। ਤਿੰਨ ਦਿਨਾਂ ਵਿਚ 100 ਕਰੋੜ ਕਮਾਉਣੇ ਬੱਸ ਸੁਪਨਾ ਹੀ ਰਹਿ ਗਿਆ। ਇਸ ਫਿਲਮ ਨੂੰ ਕੁਝ ਫਿਲਮ ਆਲੋਚਕਾਂ ਅਤੇ ਦਰਸ਼ਕਾਂ ਨੇ ਰੱਦ ਹੀ ਕਰ ਸੁੱਟਿਆ ਹੈ; ਹਾਲਾਂਕਿ ਫਿਲਮ ਦੇ ਹੱਕ ਵਿਚ ਵੀ ਕੁਝ ਆਲੋਚਕਾਂ ਨੇ ਲਿਖਿਆ ਹੈ। ਨੁਕਤਾਚੀਨੀ ਕਰਨ ਵਾਲਿਆਂ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਹੈ ਕਿ ਇਹ ਫਿਲਮ ਸਿਰਫ਼ ਸਲਮਾਨ ਖਾਨ ਦੇ ਨਾਂ 'ਤੇ ਹੀ ਕਮਾਈ ਕਰ ਰਹੀ ਹੈ। ਇਸ ਫਿਲਮ ਵਿਚ ਸਲਮਾਨ ਖਾਨ ਦੀ ਅਦਾਕਾਰੀ ਕਿਸੇ ਵੀ ਕੰਮ ਦੀ ਨਹੀਂ।

ਫਿਲਮ ਵਿਚ ਮੁਖ ਨਾਇਕ ਸਲਮਾਨ ਖਾਨ ਨੂੰ ਭੋਲਾ-ਭਾਲਾ ਦਿਖਾਇਆ ਗਿਆ ਹੈ, ਪਰ ਸਲਮਾਨ ਖਾਨ ਇਸ ਕਿਰਦਾਰ ਵਿਚ ਜਾਨ ਫੂਕਣ ਵਿਚ ਅਸਫਲ ਰਿਹਾ ਹੈ। ਉਂਜ ਵੀ ਜਦੋਂ 50 ਸਾਲਾਂ ਦਾ ਸਲਮਾਨ 20 ਸਾਲ ਦੇ ਮੁੰਡੇ ਦਾ ਕਿਰਦਾਰ ਨਿਭਾਏਗਾ ਤਾਂ ਇਸ ਤਰ੍ਹਾਂ ਹੀ ਹੋਣਾ ਸੀ। ਇਸ ਫਿਲਮ ਦੀ ਕਹਾਣੀ 1962 ਵਾਲੀ ਚੀਨ ਤੇ ਭਾਰਤ ਜੰਗ ਦੁਆਲੇ ਬੁਣੀ ਗਈ ਹੈ। ਉਂਜ ਇਹ ਫਿਲਮ ਪਹਿਲਾਂ ਬਣੀ ਹਾਲੀਵੁੱਡ ਫਿਲਮ 'ਲਿਟਲ ਬੁਆਏ' ਦੀ ਹੀ ਕਾਪੀ ਹੈ। 'ਲਿਟਲ ਬੁਆਏ' 2015 ਵਿਚ ਬਣਾਈ ਗਈ ਸੀ ਅਤੇ ਇਸ ਦੀ ਕਹਾਣੀ ਅੱਠ ਸਾਲ ਦੇ ਮੁੰਡੇ 'ਤੇ ਆਧਾਰਤ ਹੈ। 'ਟਿਊਬਲਾਈਟ' ਵਿਚ ਵੀ ਮੁੰਡੇ ਵਾਲਾ ਕਿਰਦਾਰ ਪਾਇਆ ਗਿਆ ਹੈ, ਪਰ ਮੁਖ ਕਹਾਣੀ ਸਲਮਾਨ ਖਾਨ ਵਾਲੇ ਕਿਰਦਾਰ ਦੁਆਲੇ ਹੀ ਘੁੰਮਦੀ ਹੈ। ਫਿਲਮ ਦੀ ਘੱਟ ਕਮਾਈ ਤੋਂ ਸਲਮਾਨ ਖਾਨ ਔਖਾ ਤਾਂ ਹੋਇਆ ਹੈ, ਪਰ ਉਸ ਨੇ ਸਬਰ ਦਾ ਘੁੱਟ ਭਰਦਿਆਂ ਇਹੀ ਕਿਹਾ ਹੈ ਕਿ ਫਿਲਮ ਨੇ ਉਸ ਦੀ ਆਸ ਤੋਂ ਵੱਧ ਕਮਾਈ ਕੀਤੀ ਹੈ। ਵਾਪਰਕ ਨੁਕਤੇ ਤੋਂ ਕਿਹਾ ਜਾ ਰਿਹਾ ਹੈ ਕਿ ਇਹ ਫਿਲਮ 300 ਕਰੋੜ ਰੁਪਏ ਦੇ ਕਰੀਬ ਕਮਾਈ ਕਰ ਸਕੇਗੀ, ਜਦਕਿ ਇਸ ਦਾ ਬਜਟ 100 ਕਰੋੜ ਰੁਪਏ ਦਾ ਸੀ। ਉਂਜ ਵੀ 'ਬਾਹੂਬਲੀ' ਅਤੇ 'ਦੰਗਲ' ਵਰਗੀਆਂ ਫਿਲਮਾਂ ਜਦੋਂ 2000 ਕਰੋੜ ਰੁਪਏ ਤੱਕ ਦੀ ਕਮਾਈ ਕਰ ਚੁੱਕੀਆਂ ਹਨ ਤਾਂ ਸਲਮਾਨ ਖ਼ਾਨ ਦੀ ਫਿਲਮ ਦੀ ਇੰਨੀ ਘੱਟ ਕਮਾਈ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤਾਂ ਇਸ ਫਿਲਮ ਨਾਲ ਸਲਮਾਨ ਖਾਨ ਦੀ ਅਦਾਕਾਰੀ ਉਤੇ ਵੀ ਸਵਾਲ ਖੜ੍ਹਾ ਹੋ ਗਿਆ ਹੈ। ਉਹ ਆਪਣੇ ਕਿਰਦਾਰ ਨਾਲ ਨਿਆਂ ਨਹੀਂ ਕਰ ਸਕਿਆ ਹੈ।











*(ਖੱਬਿਓਂ): ਸਲਮਾਨ ਖਾਨ ਤੇ ਚੀਨੀ ਅਦਾਕਾਰਾ ਜ਼ੂ ਜ਼ੂ, ਫਿਲਮ 'ਟਿਊਬਲਾਈਟ' ਅਤੇ 'ਲਿਟਲ ਬੁਆਏ' ਦੇ ਪੋਸਟਰ।*

# ਸਾਧੂ, ਮੰਦਿਰ ਅਤੇ ਸ਼ੇਰ


*ਇਤਿਹਾਸ ਅਤੇ ਮਿਥਿਹਾਸ ਨੂੰ ਆਧਾਰ ਬਣਾ ਕੇ ਕਮਾਲ ਦੇ ਨਾਵਲ ਅਤੇ ਕਹਾਣੀਆਂ ਦੀ ਰਚਨਾ ਕਰਨ ਵਾਲਾ ਜਿਊੜਾ ਮਨਮੋਹਨ ਬਾਵਾ ਘੁਮੱਕੜ ਵੀ ਹੈ। ਵੱਖ ਵੱਖ ਥਾਂਵਾਂ ਉਸ ਨੇ ਪੈਦਲ, ਸਾਈਕਲ ਉਤੇ ਜਾਂ ਹੋਰ ਸਾਧਨਾਂ ਰਾਹੀਂ ਗਾਹੀਆਂ ਹੋਈਆਂ ਹਨ। 'ਸਾਧੂ, ਮੰਦਿਰ ਅਤੇ ਸ਼ੇਰ' ਲੇਖ ਵਿਚ ਉਸ ਨੇ ਰਾਜਸਥਾਨ ਦੇ ਸ਼ਹਿਰ ਅਲਵਰ ਅਤੇ ਇਸ ਦੇ ਨੇੜਲੇ ਇਲਾਕੇ ਦੀ ਯਾਤਰਾ ਬਾਰੇ ਲਿਖਿਆ ਹੈ ਅਤੇ ਉਥੇ ਮਿਲੇ ਲੋਕਾਂ ਦਾ ਹਾਲ ਬਿਆਨ ਕੀਤਾ ਹੈ। ਉਸ ਦੀ ਇਹ ਰਚਨਾ ਵੀ ਕਿਸੇ ਕਹਾਣੀ ਤੋਂ ਘੱਟ ਨਹੀਂ, ਸਗੋਂ ਕਹਾਣੀ ਵਿਚਲਾ ਸਾਧ ਪਾਤਰ ਮੱਲੋ-ਮੱਲੀ ਧਿਆਨ ਖਿੱਚਦਾ ਹੈ। -ਸੰਪਾਦਕ*



*ਅਲਵਰ ਦੇ ਨੀਮਰਾਣਾ ਤਿਜਾਰਾ ਕਿਲ੍ਹੇ ਦਾ ਅਦਭੁਤ ਨਜ਼ਾਰਾ।*

ਦਿੱਲੀ ਤੋਂ 150 ਕਿਲੋਮੀਟਰ ਦੀ ਦੂਰੀ 'ਤੇ ਦਿੱਲੀ-ਜੈਪੁਰ ਵਾਲੀ ਪੁਰਾਣੀ ਸੜਕ ਉਤੇ ਅਲਵਰ ਉਸ ਵੇਲੇ ਪ੍ਰਾਚੀਨ ਨੁਹਾਰ ਵਾਲਾ ਛੋਟਾ ਜਿਹਾ ਸ਼ਹਿਰ ਹੋਇਆ ਕਰਦਾ ਸੀ, ਜਿਵੇਂ ਨਵੀਂ ਸਭਿਅਤਾ ਦਾ ਇਸ 'ਤੇ ਕੋਈ ਅਸਰ ਨਾ ਹੋਇਆ ਹੋਵੇ। ਮੈਂ ਗੁਰਦੁਆਰੇ ਵਿਚ ਆਪਣਾ ਸਮਾਨ ਰੱਖ ਕੇ ਅਲਵਰ ਦੀ ਸੈਰ ਕਰਨ ਨਿਕਲ ਪਿਆ ਅਤੇ ਬਾਜ਼ਾਰਾਂ ਵਿਚ ਝਾਕਦੇ ਛੱਜਿਆਂ, ਰੰਗ-ਬਰੰਗੇ ਕੱਪੜੇ ਪਾਈ ਰਾਜਸਥਾਨੀ ਤੀਵੀਆਂ-ਆਦਮੀਆਂ ਅਤੇ ਭਾਂਤ-ਭਾਂਤ ਦੀਆਂ ਵਸਤੂਆਂ ਵਿਕਦੀਆਂ ਵੇਖਦਾ ਰਿਹਾ।

ਅਗਲੀ ਸਵੇਰ ਉਠ ਕੇ ਮੈਂ ਆਪਣੇ ਪਿੱਠੂ ਵਿਚ ਸਮਾਨ ਬੰਨ੍ਹਿਆਂ ਅਤੇ ਗੁਰਦੁਆਰੇ ਦੇ ਭਾਈ ਤੋਂ 'ਆਟੇ ਪਾੜੇ ਦੇ ਮੰਦਰ' ਵੱਲ ਜਾਣ ਵਾਲੇ ਰਸਤੇ ਬਾਰੇ ਪੁੱਛਿਆ। ਦੋ ਕੁ ਵਰ੍ਹੇ



ਮਨਮੋਹਨ ਬਾਵਾ

ਪਹਿਲਾਂ ਹਰਿਦੁਆਰ ਤੋਂ ਬਦਰੀਨਾਥ ਜਾਣ ਵਾਲੇ ਪੈਦਲ ਮਾਰਗ 'ਤੇ ਤੁਰਦਿਆਂ ਮੇਰੀ ਜਾਣ-ਪਛਾਣ ਇਕ ਸਾਧੂ ਨਾਲ ਹੋ ਗਈ ਸੀ। ਲੰਮਾ ਕੱਦ, ਪਤਲਾ ਚੁਸਤ ਸਰੀਰ, ਉਮਰ ਸੱਤਰ ਕੁ ਸਾਲ, ਮੋਢਿਆਂ ਤੋਂ ਥੱਲੇ ਤੱਕ ਲਮਕਦੇ ਵਾਲ ਅਤੇ ਗਿੱਠ ਕੁ ਲੰਮੀ ਚਿੱਟੀ ਦਾਹੜੀ। ਜੋ ਇਕ ਹੋਰ ਵਿਸ਼ੇਸ਼ਤਾ ਸੀ ਉਸ ਵਿਚ, ਉਹ ਸੀ ਉਸ ਦੇ ਹੱਥ ਵਿਚ ਫੜਿਆ ਹੋਇਆ ਟਕੂਆ। ਇਹ ਜਾਣਨ ਵਿਚ ਵੀ ਮੈਨੂੰ ਕੋਈ ਦੇਰ ਨਹੀਂ ਸੀ ਲੱਗੀ ਕਿ ਉਹ ਸਿੱਖ ਸਾਧ ਹੈ। ਵਿਛੜਨ ਲੱਗਿਆਂ ਉਸ ਮੈਨੂੰ ਆਖਿਆ ਕਿ ਮੈਂ ਉਸ ਦੇ ਅਲਵਰ ਦੇ ਡੇਰੇ 'ਤੇ ਜ਼ਰੂਰ ਆਵਾਂ।

ਭਾਈ ਜੀ ਉਸ ਸਿੱਖ ਸਾਧ ਨੂੰ ਜਾਣਦੇ ਸਨ ਅਤੇ ਮੈਂ ਉਸ ਤੋਂ ਆਟੇ ਪਾੜੇ ਦੇ ਮੰਦਰ ਜਾਣ ਵਾਲਾ ਰਸਤਾ ਚੰਗੀ ਤਰ੍ਹਾਂ ਪੁੱਛ ਕੇ ਤੁਰ ਪਿਆ। ਅਲਵਰ ਦੀਆਂ ਗਲੀਆਂ, ਝੌਂਪੜੀਆਂ ਅਤੇ ਫੇਰ ਖੇਤਾਂ ਵਿਚੋਂ ਲੰਘਦੀ ਹੋਈ ਪਗਡੰਡੀ, ਪਥਰੀਲੀ ਘਾਟੀ ਵਿਚੋਂ ਹੋ ਕੇ ਲੰਘਣ ਲੱਗੀ। ਦੋਵੇਂ ਪਾਸੇ ਪਹਾੜ, ਇਸ ਦੀਆਂ ਢਲਾਣਾਂ ਕੰਢੇਦਾਰ ਝਾੜੀਆਂ ਨਾਲ ਢੱਕੀਆਂ ਹੋਈਆਂ, ਸੱਜੇ ਪਾਸੇ ਅਲਵਰ ਦੇ ਕਿਲ੍ਹੇ ਦੀ ਕੰਧ ਦਿਸ ਰਹੀ ਸੀ।

ਦੋ ਕੁ ਘੰਟੇ ਤੁਰਦੇ ਰਹਿਣ ਤੋਂ ਬਾਅਦ ਰੁੱਖਾਂ ਦੇ ਝੁੰਡ ਵਿਚਕਾਰ ਪੁਰਾਣਾ ਜਿਹਾ ਖੂਹ ਦਿਸਿਆ ਅਤੇ ਖੂਹ ਦੇ ਪਿੱਛੇ ਕਰ ਕੇ ਆਟੇ ਪਾੜੇ ਦਾ ਮੰਦਰ। ਮੰਦਰ ਦਾ ਦਰਵਾਜ਼ਾ ਅੱਧਾ ਕੁ ਖੁੱਲ੍ਹਾ ਸੀ। ਬੂਹਾ ਲੰਘਦਿਆਂ ਸੋਚ ਰਿਹਾ ਸਾਂ ਕਿ ਜੇ ਟਕੂਏ ਵਾਲਾ ਸਾਧ 'ਸੰਪੂਰਨ ਸਿੰਘ' ਨਾ ਮਿਲਿਆ ਤਾਂ ਕਿਤੇ ਮੁੜ ਦਸ ਕਿਲੋਮੀਟਰ ਵਾਪਸ ਨਾ ਜਾਣਾ ਪਵੇ! ਬੂਹਾ ਲੰਘਦਿਆਂ ਹੀ ਵਿਹੜਾ, ਵਿਚਕਾਰ ਜਿਹੇ ਧੂਣੀ, ਆਲੇ-ਦੁਆਲੇ ਦੋ-ਤਿੰਨ ਕੋਠੜੀਆਂ ਅਤੇ ਨਿੱਕਾ ਜਿਹਾ ਮੰਦਰ।

ਮੰਦਰ ਵਿਚ ਸੁੱਕਾ ਜਿਹਾ, ਕਾਲੇ ਰੰਗ ਦਾ ਸਾਧੂ ਧੂਣੀ ਅੱਗੇ ਬੈਠਾ ਸੀ। ਮੈਂ 'ਜੈ ਰਾਮ ਜੀ ਕੀ' ਕਹਿ ਕੇ ਉਸ ਨੂੰ ਸੰਪੂਰਨ ਸਿੰਘ ਬਾਰੇ ਪੁੱਛਿਆ।

"ਬਾਹਰ ਗਿਆ ਹੋਇਆ।" ਉਸ ਨੇ ਉਤਰ ਦਿੱਤਾ।

"ਕਦ ਆਵੇਗਾ?"

"ਕੁਝ ਪਤਾ ਨਹੀਂ, ਰਾਤ ਪੈਣ ਤੱਕ ਆ ਜਾਵੇ ਜਾਂ ਨਾ ਹੀ ਆਵੇ।"

ਮੈਂ ਆਪਣਾ ਸਮਾਨ ਵਰਾਂਡੇ ਜਿਹੇ ਵਿਚ ਰੱਖਿਆ। ਕੁਝ ਦੇਰ ਆਰਾਮ ਕੀਤਾ ਤੇ ਬਾਹਰ ਸੈਰ ਕਰਨ ਲਈ ਤੁਰ ਪਿਆ।

"ਕਿਧਰ ਜਾ ਰਹੇ?" ਸਾਧ ਨੇ ਪੁੱਛਿਆ।

"ਬਾਹਰ ਸੈਰ ਕਰਨ।"

"ਲਗਦਾ, ਪਹਿਲੀ ਵਾਰ ਆਏ ਹੋ।"

"ਹਾਂ, ਕਿਉਂ?"

"ਕੁਝ ਨਹੀਂ। ਬਸ ਜ਼ਰਾ ਕੁ ਅੱਗੇ ਜਾ ਕੇ ਰਾਜੇ ਦੀ ਸ਼ਿਕਾਰਗਾਹ ਸ਼ੁਰੂ ਹੋ ਜਾਂਦੀ ਹੈ। ਸ਼ਿਕਾਰਗਾਹ ਦਾ ਮਤਲਬ ਸਮਝਦੇ ਹੋ?"

"ਹਾਂ, ਸਮਝਦਾ ਹਾਂ।"

"ਠੀਕ ਏ ਫੇਰ।"

ਮੈਂ ਆਪਣੇ ਝੋਲੇ ਵਿਚ ਖੁਖਰੀ ਅਤੇ ਪਾਣੀ ਦੀ ਬੋਤਲ ਰੱਖ ਕੇ ਬਾਹਰ ਨਿਕਲ ਗਿਆ ਅਤੇ ਸ਼ਿਕਾਰਗਾਹ ਵੱਲ ਤੁਰ ਪਿਆ ਜਿਸ ਬਾਰੇ ਸਾਧ ਨੇ 'ਨਾ ਜਾਣ' ਦਾ ਸੰਕੇਤ ਕੀਤਾ ਸੀ। ਉਨ੍ਹੀਂ ਦਿਨੀਂ ਮੈਨੂੰ ਯਾਦ ਆ ਰਿਹਾ ਹੈ, ਕਿ ਮੈਂ ਮਾਨਸਿਕ ਤੌਰ 'ਤੇ ਕਾਫੀ ਦੁਖੀ ਸੀ; ਦੁਖੀ ਅਤੇ ਇਕੱਲਾ ਜਿਹਾ। ਜਦੋਂ ਵੀ ਮੇਰੀ ਮਾਨਸਿਕ ਅਵਸਥਾ ਇਸ ਤਰ੍ਹਾਂ ਦੀ ਹੁੰਦੀ ਸੀ ਤਾਂ ਮੈਂ ਕਿਸੇ ਇਸੇ ਤਰ੍ਹਾਂ ਦੇ ਨਿਰਜਨ ਜਿਹੇ ਇਲਾਕੇ ਵੱਲ ਤੁਰ ਪੈਂਦਾ ਸਾਂ। ਅਣਜਾਣ ਰਸਤਿਆਂ 'ਤੇ ਤੁਰਦਿਆਂ ਅਤੇ ਆਪਣੇ ਆਪ ਨੂੰ ਖਤਰਿਆਂ ਵਿਚ ਪਾ ਕੇ ਕੁਝ ਦੇਰ ਲਈ ਸਾਰੇ ਦੁੱਖ ਭੁੱਲ ਜਾਂਦੇ ਸਨ। ਐਡਵੈਂਚਰ ਕਰਨ ਦਾ ਇਹ ਕਰਮ ਵੀ ਖਾਲੀ ਮਨ ਨੂੰ ਭਰਨ ਵਿਚ ਸਹਾਈ ਹੁੰਦਾ ਸੀ। ਡਾਕੂ ਸ਼ੇਰ ਦਾ ਡਰ ਜਾਂ ਭੁੱਖ ਪਿਆਸ ਸਾਧਾਰਨ ਜਿਹੇ ਲੱਗਣ ਲੱਗਦੇ ਸਨ।

ਤਿੰਨ-ਚਾਰ ਘੰਟੇ ਇਧਰ ਉਧਰ ਘੁੰਮਣ ਤੋਂ ਬਾਅਦ ਮੰਦਰ ਵਿਚ ਵਾਪਸ ਆ ਗਿਆ। ਮੇਰੇ ਚੰਗੇ ਭਾਗ, ਕੁਝ ਦੇਰ ਬਾਅਦ ਹੀ ਟਕੂਏ ਵਾਲਾ ਸਾਧ ਸੰਪੂਰਨ ਸਿੰਘ ਵੀ ਆ ਗਿਆ। ਮੈਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਹਾਲ-ਚਾਲ ਪੁੱਛਣ ਤੋਂ ਬਾਅਦ ਪੁੱਛਿਆ, "ਬਾਹਰ ਕਿਥੇ ਗਿਆ ਸੀ?"

"ਐਵੇਂ ਸੈਰ ਕਰਨ, ਪਰ ਮੈਂ ਸ਼ਿਕਾਰਗਾਹ ਵੱਲ ਨਹੀਂ ਗਿਆ।" ਮੈਂ ਉਸ ਦਾ ਡਰ ਦੂਰ ਕਰਨ ਖਾਤਰ ਆਖਿਆ। ਉਹ ਰਤਾ ਕੁ ਹੱਸਿਆ ਤੇ ਬੋਲਿਆ, "ਸ਼ੇਰ ਇਹ ਨਹੀਂ ਵੇਖਿਆ ਕਰਦੇ ਕਿ ਸ਼ਿਕਾਰਗਾਹ ਦੀ ਸੀਮਾ ਕਿਥੇ ਖਤਮ ਹੁੰਦੀ ਹੈ।"

ਸੰਪੂਰਨ ਸਿੰਘ ਦੇ ਪਿਛਲੇ ਜੀਵਨ ਬਾਰੇ ਕੁਝ ਮੈਨੂੰ ਪਹਿਲਾਂ ਪਤਾ ਸੀ, ਕੁਝ ਉਸ ਨੇ ਹੁਣ ਦੱਸ ਦਿੱਤਾ: ਪਹਿਲੇ ਵਿਸ਼ਵ ਯੁੱਧ ਵਿਚ ਇਹ ਫੌਜ ਵਿਚ ਭਰਤੀ ਹੋ ਗਿਆ ਸੀ ਅਤੇ ਅਰਬ ਦੇਸ਼ਾਂ ਵਿਚ ਜਰਮਨ ਦੀਆਂ ਫੌਜਾਂ ਨਾਲ ਲੜਾਈ ਵਿਚ ਹਿੱਸਾ ਲੈਂਦਾ ਰਿਹਾ। ਜੰਗ ਖਤਮ ਹੋਣ ਤੋਂ ਬਾਅਦ ਉਹ ਆਪਣੇ ਬਾਕੀ ਫੌਜੀਆਂ ਨਾਲ ਬਸਰੇ ਤੋਂ ਪਾਣੀ ਦੇ ਜਹਾਜ਼ ਵਿਚ ਬੈਠ ਕੇ ਬੰਬਈ (ਹੁਣ ਮੁੰਬਈ) ਆਣ ਉਤਰਿਆ। ਉਨ੍ਹਾਂ ਦੀ ਪੰਜਾਬ ਜਾਣ ਵਾਲੀ ਸਪੈਸ਼ਲ ਗੱਡੀ ਦੇ ਜਾਣ ਨੂੰ ਹਾਲ ਦੋ ਤਿੰਨ ਦਿਨ ਬਾਕੀ ਸਨ।...

"ਇਕ ਸ਼ਾਮ ਮੈਂ ਬੰਬਈ ਦੇ ਸਮੁੰਦਰ ਕੰਢੇ ਸੈਰ ਕਰ ਰਿਹਾ ਸੀ।" ਉਹ ਦੱਸਣ ਲੱਗਾ- "ਮੈਂ ਇਕ ਇਕੱਲੀ ਤੀਵੀਂ ਨੂੰ ਰੇਤ ਵਿਚੋਂ ਨਿਕਲੀ ਚਟਾਨ ਉਤੇ ਬੈਠਿਆਂ ਵੇਖਿਆ। ਮੈਂ ਉਸ ਵੱਲ ਤੱਕਿਆ, ਪਰ ਉਸ ਨੇ ਨਜ਼ਰ ਚੁੱਕ ਕੇ ਮੇਰੇ ਵੱਲ ਨਹੀਂ ਤੱਕਿਆ। ਦੁੱਧ ਵਰਗੀ ਚਿੱਟੀ-ਗੋਰੀ ਇਹ ਕੋਈ ਪਾਰਸੀ ਤੀਵੀਂ ਸੀ। ਲੱਗਦਾ ਸੀ, ਜਿਵੇਂ ਬਹੁਤ ਦੁਖੀ ਹੋਵੇ। ਮੈਂ ਉਸ ਦੇ ਪਿੱਛੇ ਖੜ੍ਹਾ ਹੋ ਕੇ ਉਸ ਵੱਲ ਵੇਖਣ ਲੱਗਾ। ਅਚਾਨਕ ਉਹ ਉਠੀ ਅਤੇ ਸਮੁੰਦਰ ਵਿਚੋਂ ਉਠ ਰਹੀਆਂ ਲਹਿਰਾਂ ਵੱਲ ਦੌੜ ਪਈ। ਮੈਨੂੰ ਲੱਗਿਆ, ਜਿਵੇਂ ਉਹ ਖੁਦਕੁਸ਼ੀ ਕਰਨ ਦੀ ਨੀਅਤ ਨਾਲ ਦੌੜ ਰਹੀ ਹੈ। ਮੈਂ ਉਸ ਦੇ ਪਿੱਛੇ ਦੌੜਿਆ ਅਤੇ ਉਸ ਦੇ ਬਹੁਤ ਡੂੰਘੇ ਪਾਣੀ ਵਿਚ ਜਾਣ ਤੋਂ ਪਹਿਲਾਂ ਹੀ ਉਸ ਨੂੰ ਫੜ ਕੇ ਪਾਣੀ ਤੋਂ ਬਾਹਰ ਲੈ ਆਇਆ। ਬੱਸ ਉਹ ਇਕ ਟੱਕ ਮੇਰੇ ਵੱਲ ਵੇਖੀ ਜਾਏ। ਜੇ ਮੈਂ ਪੁੱਛਾਂ ਤਾਂ ਰੋਈ ਜਾਏ। ਮੇਰੇ ਬਹੁਤ ਪੁੱਛਣ ਤੋਂ ਉਸ ਨੇ ਦੱਸਿਆ ਕਿ ਉਹ ਸੱਚਮੁੱਚ ਮਰਨ ਦੀ ਨੀਅਤ ਨਾਲ ਆਈ ਸੀ ਅਤੇ ਕਿਸੇ ਵੀ ਹਾਲਤ ਵਿਚ ਘਰ ਵਾਪਸ ਨਹੀਂ ਜਾਵੇਗੀ। ਮੇਰੇ ਮਨ ਵਿਚ ਪਤਾ ਨਹੀਂ ਕੀ ਆਇਆ, ਕਿ ਮੈਂ ਉਸ ਨੂੰ ਪੁੱਛਿਆ- 'ਮੇਰੇ ਨਾਲ ਚਲੇਂਗੀ - ਪੰਜਾਬ?' ਉਸ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

*"ਸ਼ੇਰ ਇਹ ਨਹੀਂ ਵੇਖਦੇ ਕਿ ਸ਼ਿਕਾਰਗਾਹ ਦੀ ਸੀਮਾ ਕਿਥੇ ਖ਼ਤਮ ਹੁੰਦੀ ਹੈ।" ਸੰਪੂਰਨ ਸਿੰਘ ਦੀ ਆਖੀ ਗੱਲ ਮੈਨੂੰ ਯਾਦ ਆਉਣ ਲੱਗੀ। ਜੰਗਲੀ ਜਾਨਵਰਾਂ ਤੋਂ ਬਚਾਓ ਲਈ ਮੈਂ ਵਾਚ ਟਾਵਰ ਦੇ ਬੂਹੇ ਸਾਹਮਣੇ ਝਾੜੀਆਂ ਕੱਟ ਕੇ ਰੱਖ ਦਿੱਤੀਆਂ। ਕੁਝ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਅੱਗ ਬਾਲੀ, ਝੋਲੇ ਵਿਚੋਂ ਪੰਜੀਰੀ ਕੱਢ ਕੇ ਖਾਧੀ, ਪਾਣੀ ਪੀਤਾ, ਖੁਖਰੀ ਹੱਥ ਵਿਚ ਫੜੀ ਅਤੇ ਖੰਡਰ ਦੀ ਕੰਧ ਨਾਲ ਢਾਸਣਾ ਲੈ ਕੇ ਬੈਠ ਗਿਆ। ਕਾਫ਼ੀ ਰਾਤ ਗਏ ਤੱਕ ਜਾਗਦਿਆਂ ਜੰਗਲੀ ਜਾਨਵਰਾਂ ਦੀਆਂ ਆਵਾਜ਼ਾਂ ਸੁਣਦਾ ਜਿਹਾ। ਫੇਰ ਪਤਾ ਨਹੀਂ ਕਦੋਂ ਨੀਂਦ ਆ ਗਈ।*

ਮੈਂ ਉਸ ਨੂੰ ਘਰ ਲੈ ਆਇਆ। ਆਦਮਪੁਰ ਦੇ ਲਾਗੇ ਘਰ ਸੀ ਮੇਰਾ। ਦੋ ਵੱਡੇ ਭਰਾ ਭਰਜਾਈਆਂ, ਪਿੰਡ ਦੀਆਂ ਤੀਵੀਆਂ ਉਸ ਗੋਰੀ-ਚਿਟੀ ਪਾਰਸਣ ਨੂੰ ਹੱਥ ਲਾ-ਲਾ ਵੇਖਦੀਆਂ।... ਉਹ ਮਾੜੀ ਹੁੰਦੀ ਗਈ ਅਤੇ ਤਿੰਨ ਚਾਰ ਸਾਲ ਬਾਅਦ ਮਰ ਗਈ। ਮੈਨੂੰ ਉਸ ਦੇ ਮਰਨ ਦਾ ਬਹੁਤ ਗਮ ਹੋਇਆ। ਮਨ ਐਸਾ ਖਰਾਬ ਹੋਇਆ ਕਿ ਘਰ ਛੱਡ ਕੇ ਬਾਹਰ ਨਿਕਲ ਗਿਆ... ਉਸ ਤੋਂ ਬਾਅਦ ਕੁਝ ਵਰ੍ਹੇ ਕਿਸੇ ਟੋਲੀ ਨਾਲ ਮਿਲ ਕੇ ਡਕੈਤੀਆਂ ਕਰਦਾ ਰਿਹਾ, ਫੇਰ ਦਿੱਲੀ ਸਦਰ ਬਜ਼ਾਰ ਵਿਚ ਆ ਕੇ ਚੌਕੀਦਾਰੀ ਦਾ ਕੰਮ ਕਰਨ ਲੱਗਾ ਅਤੇ ਉਸ ਤੋਂ ਬਾਅਦ ਸਾਧ ਹੋ ਕੇ ਇਥੇ ਆ ਡੇਰਾ ਜਮਾਇਆ।"

ਅਗਲੀ ਸਵੇਰ ਮੈਂ ਆਪਣੇ ਪਿੱਠੂ ਵਿਚ ਕੁਝ ਖਾਣ ਪੀਣ ਅਤੇ ਪੇਂਟਿੰਗ ਕਰਨ ਦਾ ਸਮਾਨ ਪਾ ਕੇ ਬਾਹਰ ਨਿਕਲ ਗਿਆ। ਗਿਆਰਾਂ ਕੁ ਵਜੇ ਤੱਕ ਪੇਂਟਿੰਗ ਖਤਮ ਹੋ ਗਈ। ਪੇਂਟਿੰਗ ਕਰਦਿਆਂ ਮੈਂ ਇਕ ਆਦਮੀ ਨੂੰ ਪਹਾੜੀ ਵੱਲ ਚੜ੍ਹਦਿਆਂ ਵੇਖਿਆ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਸ ਪਹਾੜੀ ਨੂੰ ਪਾਰ ਕਰਨ ਤੋਂ ਬਾਅਦ ਬਹੁਤ ਵੱਡਾ ਸਰੋਵਰ ਆ ਜਾਂਦਾ ਹੈ। ਨਾਮ ਸਿਲੀਸਰ ਝੀਲ ਦੱਸਿਆ। ਇਹ ਵੀ ਦੱਸਿਆ ਕਿ ਜੇ ਉਥੋਂ ਸੜਕੋ-ਸੜਕੀ ਜਾਣ ਹੋਵੇ ਤਾਂ ਪੰਦਰਾਂ-ਵੀਹ ਕਿਲੋਮੀਟਰ ਪੈਂਦੀ ਹੈ। ਪੇਂਟਿੰਗ ਖਤਮ ਕਰਨ ਤੋਂ ਬਾਅਦ ਮੈਂ ਵੀ ਉਸ ਦੀ ਦੱਸੀ ਪਗਡੰਡੀ ਉਤੇ ਤੁਰ ਪਿਆ, ਪਰ ਪਹਾੜੀ ਦਾ ਉਪਰਲਾ ਸਿਰਾ ਜੋ ਥੱਲਿਓਂ ਬਹੁਤ ਨੇੜੇ ਲਗਦਾ ਸੀ, ਜਾਂ ਤਾਂ ਓਨਾ ਨੇੜੇ ਨਹੀਂ ਸੀ, ਜਾਂ ਮੈਂ ਕਿਸੇ ਗ਼ਲਤ ਰਸਤੇ ਪੈ ਗਿਆ ਸਾਂ। ਕੁਝ ਦੇਰ ਬਾਅਦ ਕੰਡਿਆਲੀਆਂ ਝਾੜੀਆਂ ਤੋਂ ਬਚਦਾ ਅਤੇ ਤਿਲਕਣੀਆਂ ਚਟਾਨਾਂ ਤੋਂ ਹੁੰਦਾ ਜਦ ਮੈਂ ਪਹਾੜ ਦੇ ਉਪਰਲੇ ਸਿਰੇ 'ਤੇ ਪਹੁੰਚਿਆ, ਤਦ ਤੱਕ ਸੂਰਜ ਕਾਫ਼ੀ ਥੱਲੇ ਚਲਾ ਗਿਆ ਸੀ।



*ਰਾਜਸਥਾਨ ਦੇ ਸ਼ਹਿਰ ਅਲਵਰ ਨੇੜੇ ਪੈਂਦੀ ਸਿਲੀਸਰ ਝੀਲ ਦੀ ਝਲਕ।*

ਉਪਰ ਖੜ੍ਹਾ ਹੋ ਕੇ ਪਹਾੜ ਦੀ ਦੂਜੀ ਦਿਸ਼ਾ ਵੱਲ ਤੱਕਿਆ ਤਾਂ ਸਿਲੀਸਰ ਝੀਲ ਖੁਸ਼ਕ ਜੰਗਲਾਂ ਅਤੇ ਪਹਾੜੀ ਢਲਾਣਾਂ ਵਿਚਕਾਰ ਚਾਂਦੀ ਵਾਂਗ ਚਮਕ ਰਹੀ ਸੀ। ਝੀਲ ਉਤੇ ਜਾਣ ਦਾ ਪ੍ਰੋਗਰਾਮ ਕਿਸੇ ਅਗਲੀ ਫੇਰੀ 'ਤੇ ਛੱਡ ਕੇ ਮੈਂ ਵਾਪਸ ਤੁਰ ਪਿਆ। ਹਾਲੇ ਥੋੜ੍ਹਾ ਜਿਹਾ ਹੀ ਤੁਰਿਆ ਸਾਂ ਕਿ ਮੈਨੂੰ ਲੱਗਿਆ ਜਿਵੇਂ ਅੱਗੇ ਕੋਈ ਵੱਡੇ ਆਕਾਰ ਦੇ ਜੰਗਲੀ ਜਾਨਵਰ ਖੜ੍ਹੇ ਹਨ, ਇਕ ਤੋਂ ਵੱਧ। ਜੰਗਲੀ ਸੂਰ ਸੀ, ਸ਼ੇਰ ਸੀ ਜਾਂ ਲੱਕੜਬੱਗਾ? ਮੈਂ ਕੁਝ ਨਹੀਂ ਜਾਣ ਸਕਿਆ, ਪਰ ਡਰ ਜ਼ਰੂਰ ਗਿਆ। ਕੁਝ ਦੇਰ ਚਟਾਨ ਪਿਛੇ ਲੁਕਿਆ ਬੈਠਾ ਰਿਹਾ, ਚੁੱਪ-ਚਾਪ। ਜਦ ਮੇਰੇ ਰਸਤੇ ਵਿਚ ਪੈਂਦੀਆਂ ਝਾੜੀਆਂ ਵਿਚ ਹਿਲਜੁਲ ਬੰਦ ਨਾ ਹੋਈ ਤਾਂ ਮੈਂ ਪਿਛਲੇ ਪੈਰੀਂ ਉਪਰ ਵੱਲ ਪਰਤ ਪਿਆ।

ਛੇਤੀ ਹੀ ਘੁਸਮੁਸਾ ਹੋ ਗਿਆ। ਹੁਣ ਥੱਲੇ ਵੱਲ ਜਾਣ ਦਾ ਮਤਲਬ ਸੀ, ਰਸਤੇ ਵਿਚ ਹੀ ਕਿਤੇ ਨਪੈ ਜਾਣਾ। ਜੇ ਜੰਗਲੀ ਜਾਨਵਰਾਂ ਦੀ 'ਖਟ-ਖਟ' ਨਾ ਹੁੰਦੀ ਤਾਂ ਸ਼ਾਇਦ ਤੁਰ ਹੀ ਪੈਂਦਾ, ਪਰ ਹੁਣ ਮੈਂ ਇਕ 'ਵਾਚ ਟਾਵਰ' ਦੇ ਖੰਡਰ ਵਿਚ ਰਾਤ ਬਿਤਾਉਣ ਵਿਚ ਹੀ ਆਪਣਾ ਭਲਾ ਸਮਝਿਆ। ਇਹ 'ਵਾਚ ਟਾਵਰ' ਮਕਬਰੇ ਦੇ ਆਕਾਰ ਦਾ ਸੀ, ਫਰਸ਼ ਤਕਰੀਬਨ ਅੱਠ ਫੁੱਟ ਲੰਮਾ ਅਤੇ ਇੰਨਾ ਹੀ ਚੌੜਾ, ਛੱਤ ਵੱਲ ਗੁੰਬਦ। ਅੰਦਰ ਜਾਣ ਵਾਲਾ ਰਸਤਾ ਛੋਟਾ ਜਿਹਾ।

"ਸ਼ੇਰ ਇਹ ਨਹੀਂ ਵੇਖਦੇ ਕਿ ਸ਼ਿਕਾਰਗਾਹ ਦੀ ਸੀਮਾ ਕਿਥੇ ਖ਼ਤਮ ਹੁੰਦੀ ਹੈ।" ਸੰਪੂਰਨ ਸਿੰਘ ਦੀ ਆਖੀ ਗੱਲ ਮੈਨੂੰ ਯਾਦ ਆਉਣ ਲੱਗੀ। ਜੰਗਲੀ ਜਾਨਵਰਾਂ ਤੋਂ ਬਚਾਓ ਲਈ ਮੈਂ ਵਾਚ ਟਾਵਰ ਦੇ ਬੂਹੇ ਸਾਹਮਣੇ ਝਾੜੀਆਂ ਕੱਟ ਕੇ ਰੱਖ ਦਿੱਤੀਆਂ। ਕੁਝ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਅੱਗ ਬਾਲੀ, ਝੋਲੇ ਵਿਚੋਂ ਪੰਜੀਰੀ ਕੱਢ ਕੇ ਖਾਧੀ, ਪਾਣੀ ਪੀਤਾ, ਖੁਖਰੀ ਹੱਥ ਵਿਚ ਫੜੀ ਅਤੇ ਖੰਡਰ ਦੀ ਕੰਧ ਨਾਲ ਢਾਸਣਾ ਲੈ ਕੇ ਬੈਠ ਗਿਆ। ਕਾਫ਼ੀ ਰਾਤ ਗਏ ਤੱਕ ਜਾਗਦਿਆਂ ਜੰਗਲੀ ਜਾਨਵਰਾਂ ਦੀਆਂ ਆਵਾਜ਼ਾਂ ਸੁਣਦਾ ਜਿਹਾ। ਫੇਰ ਪਤਾ ਨਹੀਂ ਕਦੋਂ ਨੀਂਦ ਆ ਗਈ।

ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਕਿਸੇ ਪੰਛੀ ਦੇ 'ਟਿਊਂ-ਟਿਊਂ' ਦੀ ਤਿੱਖੀ ਆਵਾਜ਼ ਨਾਲ ਜਾਗ ਖੁੱਲ੍ਹ ਗਈ। ਮੈਂ ਉਠਿਆ, ਰਾਤ ਦੇ ਡਰ ਅਤੇ ਜੰਗਲੀ ਜਾਨਵਰਾਂ ਦੇ ਸੁਫ਼ਨਿਆਂ ਬਾਰੇ ਸੋਚਦਿਆਂ ਆਕੜੀ ਲਈ ਅਤੇ ਬੂਟ ਪਾ ਕੇ ਥੱਲੇ ਵੱਲ ਤੁਰ ਪਿਆ। ਦੁਪਹਿਰ ਤੋਂ ਕੁਝ ਦੇਰ ਪਹਿਲਾਂ ਜਦ ਮੈਂ ਮੰਦਰ ਪਹੁੰਚਿਆ ਤਾਂ ਸੰਪੂਰਨ ਸਿੰਘ ਕਿਤੇ ਗਿਆ ਹੋਇਆ ਸੀ ਅਤੇ ਬਾਜਰੇ ਦੀਆਂ ਮੋਟੀਆਂ ਮੋਟੀਆਂ ਦੋ ਰੋਟੀਆਂ ਮੇਰੇ ਵਾਲੇ ਕਮਰੇ ਵਿਚ ਕੱਪੜੇ ਵਿਚ ਲਪੇਟੀਆਂ ਪਈਆਂ ਸਨ।

ਸਾਧ ਦੇ ਸ਼ਾਮੀਂ ਵਾਪਸ ਆਉਣ ਅਤੇ ਉਸ ਦੇ ਪੁੱਛਣ 'ਤੇ ਮੈਂ ਆਪਣੀ ਰਾਤ ਬਾਰੇ ਦੱਸਿਆ ਤਾਂ ਉਸ ਨੇ ਬਹੁਤ ਉਤਸੁਕਤਾ ਪ੍ਰਗਟ ਨਹੀਂ ਕੀਤੀ। ਰਾਤ ਕਾਫੀ ਦੇਰ ਤੱਕ ਅਸੀਂ ਦੋਵੇਂ ਗੱਲਾਂ ਕਰਦੇ ਰਹੇ।

ਅੱਧੀ ਕੁ ਰਾਤ ਵੇਲੇ ਮੰਦਰ ਦੇ ਦਰਵਾਜ਼ੇ 'ਤੇ ਖਟ ਖਟ ਹੋਈ, ਜਿਵੇਂ ਕੋਈ ਦਰਵਾਜ਼ੇ ਉਤੇ ਜ਼ੋਰ ਦੀ ਹੱਥ ਮਾਰ ਰਿਹਾ ਹੋਵੇ। ਨਾਲ ਹੀ ਕਿਸੇ ਦੇ ਪੈਰਾਂ ਅਤੇ ਸਾਹਾਂ ਦੀ ਆਵਾਜ਼, ਪਰ ਦਰਵਾਜ਼ਾ ਕਿਸੇ ਨੇ ਉਠ ਕੇ ਨਾ ਖੋਲ੍ਹਿਆ। ਕਾਫ਼ੀ ਦੇਰ ਆਵਾਜ਼ ਆਉਂਦੀ ਰਹੀ, ਫੇਰ ਬੰਦ ਹੋ ਗਈ। ਸਵੇਰੇ ਉਠ ਕੇ ਮੈਂ ਸੰਪੂਰਨ ਸਿੰਘ ਨੂੰ ਪੁੱਛਿਆ ਕਿ ਰਾਤੀਂ ਕੋਈ ਆ ਕੇ ਬੂਹਾ ਖੜਕਾਉਂਦਾ ਰਿਹਾ, ਤੁਸੀਂ ਖੋਲ੍ਹਿਆ ਕਿਉਂ ਨਹੀਂ? ਸਾਧ ਹੱਸਿਆ ਅਤੇ ਮੇਰਾ ਹੱਥ ਫੜ ਕੇ ਦਰਵਾਜ਼ੇ ਕੋਲ ਲੈ ਗਿਆ ਅਤੇ ਦਰਵਾਜ਼ੇ ਵੱਲ ਇਸ਼ਾਰਾ ਕਰਦਿਆਂ ਬੋਲਿਆ- "ਵੇਖ!"

"ਇਹ ਕੀ ਹੈ?" ਮੈਂ ਦਰਵਾਜ਼ੇ ਉਤੇ ਡੂੰਘੀਆਂ ਝਰੀਟਾਂ ਵੇਖਦਿਆਂ ਪੁੱਛਿਆ।

"ਇਹ ਸ਼ੇਰ ਦੇ ਨੌਂਹਾਂ ਦੇ ਨਿਸ਼ਾਨ ਹਨ। ਕਦੀ ਕਦੀ ਸ਼ੇਰ ਆਉਂਦਾ ਹੈ ਅਤੇ ਦਰਵਾਜ਼ੇ ਉਤੇ ਪੰਜੇ ਮਾਰਦਾ ਹੈ, ਜਿਵੇਂ ਦਰਵਾਜ਼ਾ ਖੋਲ੍ਹਣ ਲਈ ਕਹਿ ਰਿਹਾ ਹੋਵੇ। ਲੋਕੀਂ ਕਹਿੰਦੇ ਹਨ ਕਿ ਮੰਦਰ ਦੇ ਪਹਿਲੇ ਪੁਜਾਰੀ ਨੇ ਮਰਨ ਤੋਂ ਬਾਅਦ ਸ਼ੇਰ ਦਾ ਜਨਮ ਧਾਰ ਲਿਆ ਹੋਇਆ ਹੈ। ਮੈਂ ਵੀ ਇਸ ਨੂੰ ਕਈ ਵਾਰੀ ਵੇਖਿਆ ਹੈ। ਕਿਸੇ ਨੂੰ ਕੁਝ ਨਹੀਂ ਕਹਿੰਦਾ...।"

ਅੱਜ ਮੈਂ ਸੋਚਦਾ ਹਾਂ ਕਿ ਸੱਚਮੁੱਚ ਉਸ ਸ਼ੇਰ ਵਿਚ ਪੁਜਾਰੀ ਦੀ ਆਤਮਾ ਸੀ? ਜਾਂ ਉਸ ਪਾਰਸੀ ਤੀਵੀਂ ਦੀ...?

# ਸਿੱਖ ਸਪੋਰਟਸ ਐਸੋਸੀਏਸ਼ਨ (ਯੂ.ਐਸ.ਏ.)

SIKH SPORTS ASSOCIATION OF U.S.A.

## 11ਵੇਂ ਸਾਲਾਨਾ ਖੇਡ ਮੁਕਾਬਲੇ
## 22 ਤੇ 23 ਜੁਲਾਈ 2017

**James Logan High School: 1800 H. St. Union City, CA**

## ਕਬੱਡੀ, ਬਾਸਕਿਟਬਾਲ, ਹਾਕੀ, ਫਲੈਗ ਫੁੱਟਬਾਲ, ਸੌਕਰ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ















Hockey Tournament will be at
Shorty Garcia Field: 33940 7th St., Union City, CA

**Register your team: www.sikhsports.com**
**For more info, please call: 866-499-0032**

## ਆਪ ਸਭ ਨੂੰ ਖੇਡ ਮੇਲੇ ’ਚ ਸ਼ਾਮਲ ਹੋਣ ਦਾ ਸੱਦਾ